**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੇ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!!
CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜ਼ਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 35, August 30, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਉਪ ਚੋਣਾਂ ਦੇ ਨਤੀਜਿਆਂ ਨੇ ਨਵੀਂ ਸਫਬੰਦੀ ਲਈ ਰਾਹ ਖੋਲ੍ਹਿਆ

## ਕੈਪਟਨ ਦਾ ਹੱਥ ਫਿਰ ਉਪਰ, 'ਆਪ' ਆਪੋ-ਧਾਪੀ 'ਚ ਰੁਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਪਟਿਆਲਾ (ਸ਼ਹਿਰੀ) ਤੇ ਤਲਵੰਡੀ ਸਾਬੋ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿਚ ਭਾਵੇਂ ਕਾਂਗਰਸ ਤੇ ਅਕਾਲੀ ਦਲ ਵਿਚਾਲੇ ਮੈਚ ਡਰਾਅ ਰਿਹਾ ਪਰ ਇਨ੍ਹਾਂ ਚੋਣ ਨਤੀਜਿਆਂ ਦੇ ਆਧਾਰ 'ਤੇ ਭਵਿੱਖ ਦੇ ਸਿਆਸੀ ਦ੍ਰਿਸ਼ ਬਾਰੇ ਕਈ ਪੇਸ਼ੀਨਗੋਈਆਂ ਹੋਣ ਲੱਗ ਪਈਆਂ ਹਨ। ਪਟਿਆਲਾ ਵਿਚ ਕਾਂਗਰਸ ਦੀ ਉਮੀਦਵਾਰ ਪ੍ਰਨੀਤ ਕੌਰ ਨੇ ਅਕਾਲੀ ਦਲ ਦੇ ਭਗਵਾਨ ਦਾਸ ਜੁਨੇਜਾ ਨੂੰ 23282 ਵੋਟਾਂ ਦੇ ਫਰਕ ਨਾਲ ਹਰਾਇਆ ਹੈ ਜਦੋਂਕਿ ਤਲਵੰਡੀ ਸਾਬੋ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜੀਤ ਮਹਿੰਦਰ ਸਿੰਘ ਸਿੱਧੂ ਕਾਂਗਰਸ ਦੇ ਹਰਮਿੰਦਰ ਸਿੰਘ ਜੱਸੀ ਤੋਂ 46 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜੇਤੂ ਰਹੇ।

ਹੈਰਾਨੀ ਦੀ ਗੱਲ ਹੈ ਕਿ ਲੋਕ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਇਸ ਵਾਰ ਆਪਣੀਆਂ ਜ਼ਮਾਨਤਾਂ ਜ਼ਬਤ ਕਰਵਾ ਬੈਠੀ। ਪਟਿਆਲਾ ਹਲਕੇ ਤੋਂ ਚੋਣ ਲੜੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਅਦਾਲਤੀਵਾਲਾ ਨੂੰ ਸਿਰਫ਼ 5624 ਵੋਟਾਂ ਮਿਲੀਆਂ ਜਦੋਂਕਿ ਤਲਵੰਡੀ ਸਾਬੋ ਤੋਂ ਆਪ ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੂੰ 13899 ਵੋਟਾਂ ਮਿਲੀਆਂ ਹਨ। ਇਸੇ ਸਾਲ ਲੋਕ ਸਭਾ ਚੋਣਾਂ ਦੌਰਾਨ ਇਸ ਵਿਧਾਨ ਸਭਾ ਹਲਕੇ ਵਿਚ 'ਆਪ' ਨੂੰ 35 ਹਜ਼ਾਰ ਤੋਂ ਵੱਧ ਵੋਟਾਂ ਪੋਲ ਹੋਈਆਂ ਸਨ। ਇਸ ਤਰ੍ਹਾਂ ਚਾਰ ਮਹੀਨਿਆਂ ਵਿਚ ਹੀ 29950 ਵੋਟਾਂ ਦਾ ਵੱਡਾ ਵੋਟ ਬੈਂਕ 'ਆਪ' ਦੇ ਹੱਥੋਂ ਖਿਸਕ ਗਿਆ।

ਇਨ੍ਹਾਂ ਚੋਣਾਂ ਦਾ ਵਿਸ਼ਲੇਸ਼ਣ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਕਾਂਗਰਸ ਕੋਲ ਕੈਪਟਨ ਅਮਰਿੰਦਰ ਸਿੰਘ ਨੂੰ ਅੱਗੇ ਲਿਆਉਣ ਬਿਨਾਂ ਗੁਜ਼ਾਰਾ ਨਹੀਂ। ਕੈਪਟਨ ਅਮਰਿੰਦਰ ਸਿੰਘ ਨੇ ਇਸ ਵਾਰ ਪਟਿਆਲਾ ਵਿਚ ਹੀ ਮੋਰਚਾ ਸੰਭਾਲਿਆ ਸੀ ਅਤੇ ਤਲਵੰਡੀ ਸਾਬੋ ਹਲਕੇ ਦੀ ਵਾਗਡੋਰ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਸੌਂਪੀ ਗਈ ਸੀ। ਸ. ਬਾਜਵਾ ਨੇ ਹਲਕੇ ਵਿਚ ਦਿਨ-ਰਾਤ ਇਕ ਕੀਤਾ, ਫਿਰ ਵੀ ਅਕਾਲੀ ਉਮੀਦਵਾਰ ਰਿਕਾਰਡ ਫਰਕ ਨਾਲ ਜਿੱਤ ਗਿਆ। ਅਸਲ ਵਿਚ ਕੈਪਟਨ ਨੇ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਉਹ ਪਟਿਆਲਾ ਹਲਕੇ 'ਚੋਂ ਬਾਹਰ ਨਹੀਂ ਜਾਣਗੇ ਤੇ ਇਸ ਦਾ ਅਸਰ

(ਬਾਕੀ ਸਫਾ 6 'ਤੇ)





## ਨਰੇਂਦਰ ਮੋਦੀ ਲਹਿਰ ਨੂੰ ਹੁੱਝ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਤਿੰਨ ਮਹੀਨਿਆਂ ਮਗਰੋਂ ਹੀ ਦੇਸ਼ ਵਿਚ ਮੋਦੀ ਦੀ ਲਹਿਰ ਮੱਠੀ ਪੈਣ ਲੱਗੀ ਹੈ। ਇਸ ਦਾ ਸਪਸ਼ਟ ਸੁਨੇਹਾ ਦੇਸ਼ ਦੇ ਚਾਰ ਸੂਬਿਆਂ ਦੀਆਂ 18 ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਮਿਲਿਆ ਹੈ। ਭਾਜਪਾ ਨੂੰ ਸਭ ਤੋਂ ਵੱਡਾ ਝਟਕਾ ਬਿਹਾਰ ਵਿਚ ਲੱਗਾ ਜਿੱਥੇ ਉਸ ਨੂੰ 10 ਵਿਚੋਂ ਸਿਰਫ ਚਾਰ ਸੀਟਾਂ ਮਿਲੀਆਂ ਜਦੋਂਕਿ ਪਹਿਲਾਂ ਭਾਜਪਾ ਕੋਲ

(ਬਾਕੀ ਸਫਾ 6 'ਤੇ)


## ਵੱਖਰੀ ਹਰਿਆਣਾ ਕਮੇਟੀ ਦਾ ਮਾਮਲਾ ਲਟਕਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦਾ ਮਾਮਲਾ ਅਦਾਲਤੀ ਗੇੜ ਵਿਚ ਉਲਝ ਗਿਆ ਹੈ। ਕਮੇਟੀ ਦੇ ਗਠਨ ਵਿਰੁੱਧ ਪਾਈ ਗਈ ਪਟੀਸ਼ਨ ਦੀ ਅਗਲੀ ਸੁਣਵਾਈ 18 ਅਕਤੂਬਰ 'ਤੇ ਪੈ ਗਈ ਹੈ। ਇਸ ਮਾਮਲੇ ਦੀ ਸੁਣਵਾਈ ਦੌਰਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਇਕ ਦਰਖਾਸਤ ਦੇ ਕੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਕਿ ਇਸ ਮਾਮਲੇ ਵਿਚ ਉਨ੍ਹਾਂ ਨੂੰ ਵੀ ਧਿਰ ਬਣਾਇਆ ਜਾਵੇ। ਕਮੇਟੀ ਦੀ ਦਲੀਲ ਸੀ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੀ ਵੰਡ ਨਾਲ ਹੀ ਜੁੜਿਆ ਹੋਇਆ ਹੈ। ਇਸ ਕਰ ਕੇ ਅਦਾਲਤ ਨੂੰ ਸਿੱਧਾ ਕਮੇਟੀ ਦਾ ਪੱਖ ਵੀ ਸੁਣਨਾ ਚਾਹੀਦਾ ਹੈ ਜਦਕਿ ਮੌਜੂਦਾ ਪਟੀਸ਼ਨ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਭਜਨ ਸਿੰਘ ਵੱਲੋਂ ਨਿੱਜੀ ਤੌਰ 'ਤੇ ਪਾਈ ਗਈ ਹੈ।

ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਦਰਖਾਸਤ ਨੂੰ ਮਨਜ਼ੂਰ ਕਰਦਿਆਂ, ਹਰਿਆਣਾ ਕਮੇਟੀ ਨੂੰ ਇਸ ਬਾਬਤ ਆਪਣਾ ਜਵਾਬ ਚਾਰ ਹਫਤਿਆਂ ਵਿਚ ਦੇਣ ਦਾ ਨਿਰਦੇਸ਼ ਦਿੱਤਾ। ਉਪਰੰਤ ਮਾਮਲੇ ਦੀ ਸੁਣਵਾਈ 18 ਅਕਤੂਬਰ ਨੂੰ ਹੋਵੇਗੀ। ਅਦਾਲਤ ਨੇ ਇਸ ਦਰਮਿਆਨ ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ੇ ਦੀ ਸਥਿਤੀ ਜਿਉਂ ਦੀ ਤਿਉਂ ਰੱਖਣ ਦਾ ਆਪਣਾ ਪਿਛਲਾ ਆਦੇਸ਼ ਵੀ ਜਾਰੀ ਰੱਖਿਆ। ਹਰਿਆਣਾ ਸਰਕਾਰ ਦੀ ਮਿਆਦ 27 ਅਕਤੂਬਰ ਨੂੰ ਖਤਮ ਹੋਣ ਕਰ ਕੇ ਚੋਣ ਕਮਿਸ਼ਨ ਸੂਬੇ ਵਿਚ ਅਕਤੂਬਰ ਦੇ ਵਿਚਕਾਰ ਚੋਣਾਂ ਕਰਵਾਉਣਾ ਚਾਹੁੰਦਾ ਹੈ।

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com



Raja SWEETS & CATERING
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਂਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

COMING SOON

NEW LOCATION


GILL EXPRESS

MEMPHIS


Hwy I-40 Exit 280 Hwy I-55 Exit 4

Next To Pilot Travel Centers Truck Stop


REPAIR



TIRES




WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433




# ਸਟਾਕਟਨ ਦੀ ਸਿਆਸਤ ਵਿਚ ਉਭਰਦਾ ਸਿਤਾਰਾ ਅੰਮ੍ਰਿਤਪਾਲ 'ਰਿੱਕ' ਗਰੇਵਾਲ

ਸਮੁਚੇ ਪੰਜਾਬੀ ਭਾਈਚਾਰੇ, ਖਾਸ ਤੌਰ 'ਤੇ ਸਟਾਕਟਨ ਨਿਵਾਸੀਆਂ ਲਈ ਇਹ ਇੰਤਹਾ ਖੁਸ਼ੀ ਵਾਲੀ ਗੱਲ ਹੈ ਕਿ ਨਵੰਬਰ ਮਹੀਨੇ ਹੋ ਰਹੀਆਂ ਸਟਾਕਟਨ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਡਿਸਟ੍ਰਿਕਟ ਵੰਨ ਤੋਂ ਉਮੀਦਵਾਰ ਅੰਮ੍ਰਿਤਪਾਲ 'ਰਿੱਕ' ਗਰੇਵਾਲ ਚੋਣ ਲੜਨ ਜਾ ਰਿਹਾ ਹੈ।

ਇਸ ਇਲਾਕੇ ਵਿਚ ਰਹਿਣ ਵਾਲਿਆਂ ਲਈ ਉਹ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਸਟਾਕਟਨ ਵਿਚ ਹੀ ਉਹ ਪਲਿਆ, ਪੜ੍ਹਿਆ ਤੇ ਆਪਣੇ ਬਿਜਨਸ ਸਮੇਤ ਹਰ ਖੇਤਰ ਵਿਚ ਕਾਮਯਾਬੀ ਨਾਲ ਅੱਗੇ ਵਧਿਆ ਹੈ। ਉਸ ਨੇ ਸਟਾਕਟਨ ਦੇ ਫਰੈਂਕਲਿਨ ਹਾਈ ਸਕੂਲ ਤੋਂ ਗਰੈਜੂਏਸ਼ਨ ਅਤੇ ਡੈਲਟਾ ਕਾਲਜ ਤੋਂ ਬਿਜਨਸ ਅਕਾਊਂਟਿੰਗ ਦਾ ਕੋਰਸ ਕਰਨ ਤੋਂ ਬਾਅਦ ਸੈਕਰਾਮੈਂਟੋ ਸਟੇਟ ਯੂਨੀਵਰਸਟੀ ਵਿਚ ਇਕਨਾਮਿਕਸ ਦੀ ਉਚੇਰੀ ਸਿੱਖਿਆ ਲਈ ਕਦਮ ਰੱਖੇ। ਪੜ੍ਹਾਈ ਦੇ ਨਾਲ ਨਾਲ ਉਸ ਨੇ ਪਰਿਵਾਰਕ ਬਿਜਨਸ ਵਿਚ ਪੂਰੀ ਲਗਨ ਤੇ ਮਿਹਨਤ ਨਾਲ ਕੰਮ ਕੀਤਾ। ਇਸ ਦੀਆਂ ਘੁੰਡੀਆਂ ਨੂੰ ਸਮਝਣ ਤੇ ਘੋਖਣ-ਪੜਤਾਲਣ ਵਿਚ ਆਪਣੀ ਵਿਦਿਅਕ ਸੂਝ-ਬੂਝ ਦਾ ਪੂਰਾ ਲਾਹਾ ਖੱਟਿਆ। ਬਿਜਨਸ ਖੇਤਰ ਵਿਚ ਰਿੱਕ ਗਰੇਵਾਲ ਦੀਆਂ ਪ੍ਰਾਪਤੀਆਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਰਿੱਕ ਉਨ੍ਹਾਂ ਸ਼ਖਸੀਅਤਾਂ ਵਿਚੋਂ ਇਕ ਹੈ ਜੋ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਵਿਚੋਂ ਲੰਘਦੇ, ਇਸ ਨੂੰ ਨੇੜਿਓਂ ਹੋ ਕੇ ਹੰਢਾਉਂਦੇ, ਤਜ਼ਰਬੇ ਸਾਂਝੇ ਕਰਦੇ ਆਪਣੇ ਅੰਦਰ ਲੀਡਰਸ਼ਿਪ ਦੇ ਕੀਮਤੀ ਗੁਣਾਂ ਨੂੰ ਸੰਜੀਦਗੀ ਨਾਲ ਇਕੱਠੇ ਕਰਦੇ ਰਹਿੰਦੇ ਹਨ।

ਸਟਾਕਟਨ ਸ਼ਹਿਰ ਵਿਚ ਰਿੱਕ ਗਰੇਵਾਲ ਨੇ ਆਪਣੇ ਬਚਪਨ ਤੇ ਜਵਾਨੀ ਦੇ ਉਹ ਕੀਮਤੀ ਵਰ੍ਹੇ ਗੁਜ਼ਾਰੇ ਹਨ ਜਿਸ ਉਮਰੇ ਕਿਸੇ ਵਿਅਕਤੀ ਨੂੰ ਉਸ ਦੇ ਕਣ-ਕਣ ਨਾਲ ਪਿਆਰ ਹੋ ਜਾਂਦਾ ਹੈ। ਉਥੋਂ ਦਾ ਰਹਿਣ-ਸਹਿਣ ਉਸ ਦੇ ਖ਼ੂਨ ਵਿਚ ਰਚ ਜਾਂਦਾ ਹੈ। ਹਰ ਸ਼ੈਅ ਉਸ ਨੂੰ ਆਪਣੀ-ਆਪਣੀ ਲੱਗਣ ਲੱਗਦੀ ਹੈ। ਇਹੋ ਕਾਰਨ ਹੈ ਕਿ ਇਸ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ, ਖੁਸ਼ਹਾਲ ਤੇ ਆਰਥਿਕ ਉਨਤੀ ਦੇ ਰਸਤੇ 'ਤੇ ਲਿਜਾਣ ਲਈ ਉਹ ਨਿਰਸੰਦੇਹ ਹਰ ਮੌਕੇ 'ਤੇ ਤਿਆਰ-ਬਰ-ਤਿਆਰ ਰਹਿੰਦਾ ਹੈ। ਅਮਨ ਕਾਨੂੰਨ ਦੀ ਵਿਵਸਥਾ ਲਾਗੂ ਕਰਨ ਲਈ ਉਹ ਸਟਾਕਟਨ ਸ਼ਹਿਰ ਦੀ ਪੁਲਿਸ ਤੋਂ ਇਲਾਵਾ ਏ ਟੀ ਐਫ, ਡੀ ਈ ਏ, ਕੈਲ ਮੈਟ ਤੇ ਹੋਰ ਸੰਸਥਾਵਾਂ ਨੂੰ ਵਰ੍ਹਿਆਂ ਤੋਂ ਲਗਾਤਾਰ ਪੂਰਾ ਸਹਿਯੋਗ ਦੇ ਰਿਹਾ ਹੈ। ਸੈਨ ਵਕੀਨ ਕਾਊਂਟੀ ਦੇ ਸ਼ੈਰਿਫ ਡਿਪਾਰਟਮੈਂਟ ਨਾਲ ਇਹ 8 ਵਰ੍ਹਿਆਂ ਤੋਂ ਸਵੈ-ਇੱਛਤ ਤੌਰ 'ਤੇ ਪਾਇਲਟ ਦੀ ਸੇਵਾ ਨਿਭਾਉਂਦਾ ਆ ਰਿਹਾ ਹੈ। ਰਿੱਕ ਇਸ ਵੇਲੇ ਸਟਾਕਟਨ ਤੇ ਲੋਡਾਈ ਵਿਚਕਾਰ ਸਥਿਤ ਕਿੰਗਡਨ ਏਅਰਪੋਰਟ ਦਾ ਮਾਲਕ ਅਤੇ ਡੈਲਟਾ ਫਲਾਇੰਗ ਕਲੱਬ ਦਾ ਪ੍ਰੈਜ਼ੀਡੈਂਟ ਹੋਣ ਦੇ ਨਾਲ ਨਾਲ 'ਪਾਇਲਟ ਟਰੇਨਿੰਗ ਸਕੂਲ' ਵੀ ਚਲਾ ਰਿਹਾ ਹੈ।

ਰਿੱਕ ਗਰੇਵਾਲ ਲੋਕ ਭਲਾਈ ਕਾਰਜਾਂ ਨੂੰ ਸਮਰਪਿਤ 'ਹੋਪ' (H.O.P.E) ਨਾਮ ਦੀ ਨਾਨ ਪ੍ਰਾਫਿਟ ਸੰਸਥਾ ਦਾ ਵਾਈਸ ਚੇਅਰਮੈਨ ਵੀ ਹੈ। ਇਸ ਸੰਸਥਾ ਦਾ ਮੁੱਖ ਕਾਰਜ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿਚ ਫਸੇ ਨਾਗਰਿਕਾਂ ਦੀ ਉਂਗਲ ਫੜ ਕੇ ਉਨ੍ਹਾਂ ਨੂੰ ਚੰਗੇਰਾ ਜੀਵਨ ਜਿਉਣ ਦੇ ਰਾਹੇ ਪਾਉਣਾ ਹੈ।

ਰਿੱਕ ਗਰੇਵਾਲ ਦਾ ਜੀਵਨ ਇਕ ਸਾਧਾਰਣ ਪੰਜਾਬੀ ਪਰਿਵਾਰ ਨਾਲ ਜੁੜਿਆ ਹੋਇਆ ਹੈ। ਆਮ ਲੋਕਾਂ ਵਿਚ ਵਿਚਰਦਿਆਂ ਇਹਦੇ ਅੰਦਰ ਹਮਦਰਦੀ, ਪਿਆਰ, ਲੋਕ ਸੇਵਾ ਦੀ ਭਾਵਨਾ, ਬੋਲ-ਚਾਲ ਦੀ ਮਿਠਾਸ, ਦੂਸਰੇ ਦਾ ਮਾਣ-ਸਤਿਕਾਰ ਤੇ ਨਿਮਰਤਾ ਜਿਹੇ ਗੁਣ ਦੇਖੇ ਜਾ ਸਕਦੇ ਹਨ। ਇਥੋਂ ਦੇ ਸਕੂਲਾਂ-ਕਾਲਜਾਂ ਵਿਚ ਪੜ੍ਹ ਕੇ ਵੀ ਇਸ ਦੇ ਮਨ ਅੰਦਰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨਾਲ ਪਿਆਰ ਸਾਡੇ ਲਈ ਇਕ ਮਾਣ ਵਾਲੀ ਗੱਲ ਹੈ।

ਰਿੱਕ ਦਾ ਪੱਕਾ ਵਿਸਵਾਸ਼ ਹੈ ਕਿ ਜਦੋਂ ਲੋਕਾਂ ਕੋਲ ਰੁਜ਼ਗਾਰ ਦੇ ਵਧੀਆ ਸਾਧਨ ਪ੍ਰਾਪਤ ਹੋਣ, ਚੰਗੀਆਂ ਵਿਦਿਅਕ ਸਹੂਲਤਾਂ ਹੋਣ, ਲੋਕ ਹਰ ਤਰ੍ਹਾਂ ਦੇ ਭੇਦ ਭਾਵ ਤੋਂ ਉਪਰ ਉਠ ਕੇ ਆਪਸੀ ਸਹਿਚਾਰ ਦੀ ਭਾਵਨਾ ਨਾਲ ਜੁੜੇ ਹੋਣ, ਲੋੜ ਵੇਲੇ ਲੋਕ ਮਦਦ ਲਈ ਪੁਲਿਸ ਦਾ ਪੂਰਾ ਸਹਿਯੋਗ ਹੋਵੇ ਅਤੇ ਲੋਕੀਂ ਮੁਢਲੀਆਂ ਲੋੜਾਂ ਤੋਂ ਸੰਤੁਸ਼ਟ ਹੋਣ, ਤਾਂ ਫਿਰ ਜਨ ਜੀਵਨ ਆਪਣੇ ਆਪ ਖੁਸ਼ਹਾਲੀ ਦੇ ਰਾਹੇ ਤੁਰ ਪੈਂਦਾ ਹੈ। ਇਸ ਮਕਸਦ ਦੀ ਪ੍ਰਾਪਤੀ ਲਈ ਉਸ ਦਾ ਕਹਿਣਾ ਹੈ ਕਿ ਉਹ ਇਸ ਸ਼ਹਿਰ ਵਿਚ ਇੰਡਸਟਰੀ ਅਤੇ ਵਿਉਪਾਰ ਨੂੰ ਸੁਚਾਰੂ ਲੀਹਾਂ 'ਤੇ ਪਾਉਣ ਲਈ ਪੂਰਾ ਯਤਨ ਕਰੇਗਾ।


ਅੱਜ ਦੀਆਂ ਹਕੀਕਤਾਂ ਨੂੰ ਪਛਾਣਦਿਆਂ ਇਹ ਗੱਲ ਕਹਿਣੀ ਬਿਲਕੁਲ ਵਾਜ਼ਬ ਲਗਦੀ ਹੈ ਕਿ ਸਟਾਕਟਨ ਸ਼ਹਿਰ ਜਿਸ ਦੀ ਤਾਣੀ ਅੱਜ ਕਈ ਥਾਂਈਂ ਉਲਝੀ ਹੋਈ ਹੈ, ਨੂੰ ਸੰਵਾਰਨ ਲਈ ਰਿੱਕ ਗਰੇਵਾਲ ਵਰਗੇ ਆਰਥਿਕ ਅਤੇ ਸਿਆਸੀ ਪਿੜ੍ਹ ਵਿਚ ਹੰਢੇ-ਵਰਤੇ ਸੰਜੀਦਾ, ਹਿੰਮਤੀ ਅਤੇ ਅਗਾਂਹਵਧੂ ਵਿਚਾਰਾਂ ਵਾਲੇ ਨੌਜਵਾਨ ਦੀ ਅਤਿਅੰਤ ਜ਼ਰੂਰਤ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਸਮੇਂ ਦੀ ਕਦਰ ਨੂੰ ਪਛਾਣਦੇ ਹੋਏ, ਰਿੱਕ ਗਰੇਵਾਲ ਜੋ ਸਾਡੇ ਆਪਣੇ ਵਿਚੋਂ ਇਕ ਹੈ ਨੂੰ ਸਟਾਕਟਨ ਸਿਟੀ ਕੌਂਸਲ ਵਿਚ ਉਤਾਰਨ ਲਈ ਆਪਣੀ ਇਕ ਇਕ ਵੋਟ ਦਾ ਸਹੀ ਇਸਤੇਮਾਲ ਕਰੀਏ। ਸਾਡੇ ਸਾਰਿਆਂ ਦੇ ਸਹਿਯੋਗ ਦਾ ਸਹੀ ਹੱਕਦਾਰ ਹੈ ਰਿੱਕ ਗਰੇਵਾਲ।

*-ਹਰਜਿੰਦਰ ਪੰਧੇਰ, ਫੋਨ: 209-610 5055*

Advt.

# ਲੋਕ ਮਸਲੇ ਚੁੱਕਣ ਦੇ ਪੱਖ ਤੋਂ ਫਲਾਪ ਰਹੇ ਫਿਲਮੀ ਸਿਤਾਰੇ

## ਸੰਸਦ ਵਿਚ ਨਾਮਾਤਰ ਹੀ ਲਵਾਈ ਹਾਜ਼ਰੀ


ਹੇਮਾ ਮਾਲਿਨੀ


ਕਿਰਨ ਖੇਰ


ਪਰੇਸ਼ ਰਾਵਲ


ਵਿਨੋਦ ਖੰਨਾ

**ਚੰਡੀਗੜ੍ਹ:** ਸੰਸਦ ਵਿਚ ਲੋਕ ਮਸਲੇ ਚੁੱਕਣ ਪੱਖੋਂ 16ਵੀਂ ਲੋਕ ਸਭਾ ਲਈ ਚੁਣੇ ਫਿਲਮੀ ਸਿਤਾਰੇ ਫਲਾਪ ਹੀ ਰਹੇ। ਇਨ੍ਹਾਂ ਵਿਚੋਂ ਬਹੁਤਿਆਂ ਨੇ ਪਾਰਲੀਮੈਂਟ ਵਿਚ ਮੂੰਹ ਨਹੀਂ ਖੋਲ੍ਹਿਆ। ਕੁਝ ਫਿਲਮੀ ਸਿਤਾਰਿਆਂ ਨੇ ਬਹਿਸ ਵਿਚ ਹਿੱਸਾ ਲਿਆ ਤੇ ਕੁਝ ਨੇ ਹੀ ਸੁਆਲ ਪੁੱਛੇ ਹਨ। ਲੋਕ ਸਭਾ ਸਕੱਤਰੇਤ ਤੋਂ ਮਿਲੀ ਜਾਣਕਾਰੀ ਮੁਤਾਬਕ ਕਈ ਫਿਲਮੀ ਸਿਤਾਰੇ ਪਾਰਲੀਮੈਂਟ ਵਿਚ ਬਹੁਤਾ ਸਮਾਂ ਹਾਜ਼ਰ ਵੀ ਨਹੀਂ ਰਹੇ। ਸੋਲ੍ਹਵੀਂ ਲੋਕ ਸਭਾ ਵਿਚ 16 ਫਿਲਮੀ ਸਿਤਾਰੇ ਤੇ ਕਲਾਕਾਰ ਹਨ। ਮਿਲੀ ਵੇਰਵਿਆਂ ਮੁਤਾਬਕ ਉੱਤਰ ਪ੍ਰਦੇਸ਼ ਦੇ ਮਥੁਰਾ ਲੋਕ ਸਭਾ ਹਲਕੇ ਤੋਂ ਚੁਣੀ ਹੇਮਾ ਮਾਲਿਨੀ ਨੇ ਹੁਣ ਤੱਕ ਪਾਰਲੀਮੈਂਟ ਵਿਚ ਸਿਰਫ਼ ਦੋ ਦਿਨ ਹਾਜ਼ਰੀ ਭਰੀ ਹੈ। ਉਹ 25 ਦਿਨ ਗ਼ੈਰਹਾਜ਼ਰ ਰਹੀ ਹੈ।

ਉਸ ਨੇ ਦੋ ਦਿਨਾਂ ਦੌਰਾਨ ਨਾ ਕੋਈ ਸੁਆਲ ਪੁੱਛਿਆ ਤੇ ਨਾ ਹੀ ਕਿਸੇ ਬਹਿਸ ਵਿਚ ਹਿੱਸਾ ਲਿਆ। ਚੰਡੀਗੜ੍ਹ ਤੋਂ ਚੁਣੀ ਕਿਰਨ ਖੇਰ ਪਾਰਲੀਮੈਂਟ ਵਿਚ 27 ਦਿਨਾਂ ਵਿਚੋਂ 24 ਦਿਨ ਹਾਜ਼ਰ ਰਹੀ, ਪਰ ਉਸ ਨੇ ਬਜਟ ਸੈਸ਼ਨ ਦੌਰਾਨ ਇਕ ਵਾਰ ਬਹਿਸ ਵਿਚ ਹਿੱਸਾ ਲਿਆ ਤੇ ਕੋਈ ਸੁਆਲ ਨਹੀਂ ਪੁੱਛਿਆ। ਲੋਕ ਸਭਾ ਦਾ ਬਜਟ ਸੈਸ਼ਨ ਸੱਤ ਜੁਲਾਈ ਤੋਂ 14 ਅਗਸਤ ਤੱਕ ਚੱਲਿਆ ਹੈ। ਗੁਜਰਾਤ ਦੇ ਅਹਿਮਦਾਬਾਦ ਪੂਰਬੀ ਹਲਕੇ ਤੋਂ ਲੋਕ ਸਭਾ ਮੈਂਬਰ ਬਣੇ ਪਰੇਸ਼ ਰਾਵਲ ਨੇ ਬਹਿਸ ਵਿਚ ਹਿੱਸਾ ਲੈਣ ਜਾਂ ਸੁਆਲ ਪੁੱਛਣ ਤੋਂ ਟਾਲਾ ਹੀ ਵੱਟੀ ਰੱਖਿਆ। ਬਿਹਾਰ ਦੀ ਪਟਨਾ ਸਾਹਿਬ ਸੀਟ ਤੋਂ ਚੁਣੇ ਸ਼ਤਰੂਘਨ ਸਿਨਹਾ ਨੇ ਬਹਿਸ ਵਿਚ ਸ਼ਮੂਲੀਅਤ ਕੀਤੀ ਪਰ ਸੁਆਲ ਕੋਈ ਨਹੀਂ ਪੁੱਛਿਆ। ਉਨ੍ਹਾਂ ਦੀ ਸੰਸਦ ਵਿਚ ਹਾਜ਼ਰੀ 81 ਫੀਸਦੀ ਰਹੀ। ਪੰਜਾਬ ਦੇ ਗੁਰਦਾਸਪੁਰ ਹਲਕੇ ਤੋਂ ਸੰਸਦ ਮੈਂਬਰ ਵਿਨੋਦ ਖੰਨਾ ਨੇ ਬਜਟ ਸੈਸ਼ਨ ਦੌਰਾਨ ਕੋਈ ਸੁਆਲ ਨਹੀਂ ਪੁੱਛਿਆ ਤੇ ਨਾ ਹੀ ਬਹਿਸ ਵਿਚ ਹਿੱਸਾ ਲਿਆ। ਉਹ ਸੰਸਦ ਵਿਚੋਂ ਸਿਰਫ਼ ਇਕ ਦਿਨ ਹੀ ਗ਼ੈਰਹਾਜ਼ਰ ਰਹੇ। ਉਪਰੋਕਤ ਸਾਰੇ ਸੰਸਦ ਮੈਂਬਰ ਭਾਜਪਾ ਦੇ ਹਨ। ਸਭ ਤੋਂ ਵੱਧ ਫਿਲਮੀ ਸਿਤਾਰੇ ਪੱਛਮੀ ਬੰਗਾਲ ਵਿਚੋਂ ਹਨ, ਜਿਨ੍ਹਾਂ ਦੀ ਗਿਣਤੀ ਅੱਧੀ ਦਰਜਨ ਬਣਦੀ ਹੈ। ਇਹ ਸਾਰੇ ਫਿਲਮੀ ਸਿਤਾਰੇ ਤ੍ਰਿਣਮੂਲ ਕਾਂਗਰਸ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਮੁਨਮੁਨ ਸੇਨ ਹਨ। ਉਸ ਨੇ ਸੰਸਦ ਵਿਚ ਮੂੰਹ ਨਹੀਂ ਖੋਲ੍ਹਿਆ। ਉਂਜ, ਉਸ ਦੀ ਸੰਸਦ ਵਿਚ ਹਾਜ਼ਰੀ 74 ਫੀਸਦੀ ਰਹੀ ਹੈ।

ਪੱਛਮੀ ਬੰਗਾਲ ਵਿਚੋਂ ਚੁਣੀ ਕਲਾਕਾਰ ਅਰਪਿਤਾ ਘੋਸ਼ ਦੀ ਸੰਸਦ ਵਿਚ ਹਾਜ਼ਰੀ ਸਿਰਫ਼ 26 ਫੀਸਦੀ ਰਹੀ ਹੈ। ਇਸੇ ਰਾਜ ਵਿਚੋਂ ਭਾਜਪਾ ਦੀ ਟਿਕਟ 'ਤੇ ਚੁਣੇ ਗਏ ਫਿਲਮੀ ਗਾਇਕ ਬਾਬੁਲ ਸੁਪਰੀਓ ਦੀ ਸੰਸਦ ਵਿਚ ਹਾਜ਼ਰੀ 37 ਫੀਸਦੀ ਰਹੀ। ਇਨ੍ਹਾਂ ਦੋਵਾਂ ਨੇ ਸੰਸਦ ਵਿਚ ਮੂੰਹ ਨਹੀਂ ਖੋਲ੍ਹਿਆ। ਦਿੱਲੀ ਤੋਂ ਚੁਣੇ ਭਾਜਪਾ ਦੇ ਸੰਸਦ ਮੈਂਬਰ ਤੇ ਭੋਜਪੁਰੀ ਫਿਲਮਾਂ ਦੇ ਕਲਾਕਾਰ ਮਨੋਜ ਤਿਵਾੜੀ ਦੀ ਸੰਸਦ ਵਿਚ ਹਾਜ਼ਰੀ 81 ਫੀਸਦੀ ਰਹੀ ਹੈ ਪਰ ਉਨ੍ਹਾਂ ਕੋਈ ਸੁਆਲ ਨਹੀਂ ਪੁੱਛਿਆ ਹੈ। ਗੁਜਰਾਤ ਦੀ ਛੋਟਾ ਉਦੇਪੁਰ ਸੀਟ ਤੋਂ ਚੁਣੇ ਰਾਮ ਸਿੰਹੁ ਰਾਠਵਾ ਦੀ ਕਾਰਗੁਜ਼ਾਰੀ ਸਭ ਤੋਂ ਚੰਗੀ ਰਹੀ ਹੈ। ਉਸ ਨੇ 31 ਦਫ਼ਾ ਬਹਿਸ ਵਿਚ ਹਿੱਸਾ ਲਿਆ ਤੇ 30 ਸੁਆਲ ਪੁੱਛੇ। ਉਹ ਸਿਰਫ਼ ਇਕ ਦਿਨ ਸੰਸਦ ਵਿਚੋਂ ਗ਼ੈਰਹਾਜ਼ਰ ਹੋਏ। ਉਹ ਵੀ ਭਾਜਪਾ ਨਾਲ ਸਬੰਧਤ ਹਨ।

ਪੱਛਮੀ ਬੰਗਾਲ ਤੋਂ ਚੁਣੇ ਫਿਲਮੀ ਸਿਤਾਰੇ ਦੀਪਕ ਅਧਿਕਾਰੀ ਦੀ ਬਜਟ ਸੈਸ਼ਨ ਦੌਰਾਨ ਕਾਰਗੁਜ਼ਾਰੀ ਸਭ ਕਲਾਕਾਰਾਂ ਤੋਂ ਮਾੜੀ ਰਹੀ। ਉਹ ਸਿਰਫ਼ ਇਕ ਦਿਨ ਸੰਸਦ ਵਿਚ ਆਇਆ ਤੇ ਉਸ ਦਿਨ ਵੀ ਉਸ ਨੇ ਚੁੱਪ ਹੀ ਵੱਟੀ ਰੱਖੀ। ਦੂਸਰੀ ਤਰਫ਼ ਤੇਲਗੂ ਫਿਲਮਾਂ ਦੇ ਮੁਰਲੀ ਮੋਹਨ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ 96 ਫੀਸਦੀ ਰਹੀ ਤੇ ਉਹ ਸਿਫਰ ਕਾਲ ਦੌਰਾਨ ਕਾਫੀ ਸਰਗਰਮ ਰਹਿੰਦਾ ਰਿਹਾ।

## ਮਾਨ ਨੇ ਰੱਖਿਆ ਪੰਜਾਬੀਆਂ ਦਾ ਮਾਣ



ਪੰਜਾਬ ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਚੁਣੇ ਕਾਮੇਡੀ ਕਲਾਕਾਰ ਭਗਵੰਤ ਮਾਨ ਦੀ ਹਾਜ਼ਰੀ 66.66 ਫੀਸਦੀ ਰਹੀ ਹੈ। ਉਹ 27 ਦਿਨਾਂ ਵਿਚੋਂ 18 ਦਿਨ ਸੰਸਦ ਵਿਚ ਹਾਜ਼ਰ ਰਹੇ। ਉਨ੍ਹਾਂ ਨੇ ਚਾਰ ਲਿਖਤੀ ਸੁਆਲ ਪੁੱਛੇ। ਬਹਿਸਾਂ ਵਿਚ ਵੀ ਉਹ ਸਰਗਰਮ ਰਹੇ। ਪੰਜਾਬ ਦੇ ਸੰਸਦ ਮੈਂਬਰਾਂ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ ਦੇਖੀਏ ਤਾਂ ਕੈਪਟਨ ਅਮਰਿੰਦਰ ਸਿੰਘ ਸਿਰਫ਼ ਪੰਜ ਦਿਨ ਹਾਜ਼ਰ ਰਹੇ ਜਦੋਂਕਿ ਭਾਜਪਾ ਦੇ ਵਿਜੈ ਕੁਮਾਰ ਸਾਂਪਲਾ ਤੇ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਦੀ ਹਾਜ਼ਰੀ ਸੌ ਫੀਸਦੀ ਰਹੀ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਤੇ ਪ੍ਰੋ. ਸਾਧੂ ਸਿੰਘ ਬਜਟ ਸੈਸ਼ਨ ਵਿਚੋਂ ਬਾਰਾਂ ਬਾਰਾਂ ਦਿਨ ਗ਼ੈਰਹਾਜ਼ਰ ਰਹੇ। ਅਕਾਲੀ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ 11 ਦਿਨ ਗ਼ੈਰਹਾਜ਼ਰ ਰਹੇ ਜਦੋਂਕਿ 'ਆਪ' ਦੇ ਹਰਿੰਦਰ ਸਿੰਘ ਖ਼ਾਲਸਾ ਸਿਰਫ਼ ਇਕ ਦਿਨ ਗ਼ੈਰਹਾਜ਼ਰ ਰਹੇ।

# ਕੇਂਦਰੀ ਜੇਲ੍ਹ 'ਚ ਐਨ.ਆਰ.ਆਈ. ਹਵਾਲਾਤੀ ਦੀ ਮੌਤ

**ਗੁਰਦਾਸਪੁਰ:** ਕੇਂਦਰੀ ਜੇਲ੍ਹ ਗੁਰਦਾਸਪੁਰ ਦੇ ਇਕ ਐਨ.ਆਰ.ਆਈ. ਹਵਾਲਾਤੀ ਦੀ ਮੌਤ ਹੋ ਗਈ। ਮ੍ਰਿਤਕ ਦੇ ਵਾਰਸਾਂ ਨੇ ਜੇਲ੍ਹ ਪ੍ਰਸ਼ਾਸਨ 'ਤੇ ਇਲਾਜ ਵਿਚ ਲਾਪਰਵਾਹੀ ਵਰਤਣ ਦਾ ਦੋਸ਼ ਲਗਾਇਆ ਹੈ। ਮ੍ਰਿਤਕ ਪ੍ਰਭਜੋਤ ਸਿੰਘ (45) ਪੁੱਤਰ ਸਵਿੰਦਰ ਸਿੰਘ ਗੁਰਦਾਸਪੁਰ ਦੇ ਪਿੰਡ ਸਾਰਚੂਰ ਦਾ ਰਹਿਣ ਵਾਲਾ ਸੀ ਪਰ ਅਮਰੀਕਾ ਵਿਚ ਸੈਟ ਹੋ ਚੁੱਕਿਆ ਸੀ।

ਮਿਲੀ ਜਾਣਕਾਰੀ ਮੁਤਾਬਕ ਪ੍ਰਭਜੋਤ ਸਿੰਘ ਖ਼ਿਲਾਫ਼ ਅੱਠ ਨਵੰਬਰ 1988 ਨੂੰ ਪੁਲਿਸ ਥਾਣਾ ਡੇਰਾ ਬਾਬਾ ਨਾਨਕ ਵਿਖੇ ਧਾਰਾ 307/34 ਅਤੇ 3/4/5 ਟਾਡਾ ਤਹਿਤ ਕੇਸ ਦਰਜ ਕੀਤਾ ਗਿਆ ਸੀ ਪਰ ਪੁਲਿਸ ਵੱਲੋਂ ਸਮੇਂ ਸਿਰ ਚਾਲਾਨ ਨਾ ਪੇਸ਼ ਕੀਤੇ ਜਾਣ ਕਾਰਨ ਅਦਾਲਤ ਨੇ 26 ਸਤੰਬਰ 1989 ਨੂੰ ਕੇਸ ਖਾਰਜ ਕਰ ਦਿੱਤਾ ਸੀ ਜਿਸ ਉਪਰੰਤ ਉਹ ਅਮਰੀਕਾ ਚਲਾ ਗਿਆ ਸੀ। 14 ਦਸੰਬਰ 1994 ਨੂੰ ਉਸ ਦੇ ਵਾਪਸ ਆਉਣ 'ਤੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਅਦਾਲਤ ਵੱਲੋਂ 1995 ਵਿਚ ਕੇਸ ਨੂੰ ਖਾਰਜ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਉਹ ਮੁੜ ਅਮਰੀਕਾ ਚਲਾ ਗਿਆ।

ਇਸ ਪਿੱਛੋਂ ਪੁਲਿਸ ਨੇ ਪੁਰਾਣੇ ਟਾਡਾ ਕੇਸ ਤਹਿਤ ਅਦਾਲਤ ਵਿਚ ਚਾਲਾਨ ਪੇਸ਼ ਕਰ ਦਿੱਤਾ। 26 ਨਵੰਬਰ 2013 ਨੂੰ ਪ੍ਰਭਜੋਤ ਸਿੰਘ ਦੇ ਮੁੜ ਭਾਰਤ ਪਰਤਣ 'ਤੇ ਪੁਲਿਸ ਨੇ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਇਸ ਸਮੇਂ ਉਹ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚ ਬੰਦ ਸੀ। ਪ੍ਰਭਜੋਤ ਸਿੰਘ ਦੇ ਵਾਰਸਾਂ ਨੇ ਮੰਗ ਕੀਤੀ ਕਿ ਮਾਮਲੇ ਦੀ ਉਚ ਪਧਰੀ ਜਾਂਚ ਕੀਤੀ ਜਾਵੇ।

## ਪਾਣੀ ਦੀ ਵਾਰੀ ਪਿੱਛੇ ਚਾਚਾ ਭਤੀਜਾ ਕਤਲ

**ਬਰਨਾਲਾ:** ਪਿੰਡ ਠੀਕਰੀਵਾਲ ਵਿਖੇ ਝੋਨੇ ਦੀ ਫ਼ਸਲ ਨੂੰ ਪਾਣੀ ਲਾ ਰਹੇ ਚਾਚਾ-ਭਤੀਜਾ ਕੱਸੀ ਦੀ ਪਾਣੀ ਦੀ ਵਾਰੀ ਪਿੱਛੇ ਲੜ ਪਏ। ਗੁੱਸੇ ਵਿਚ ਆਏ ਭਤੀਜੇ ਨੇ ਆਪਣੇ ਚਾਚੇ 'ਤੇ ਕਹੀ ਨਾਲ ਹਮਲਾ ਕਰ ਦਿੱਤਾ ਤੇ ਚਾਚੇ ਨੇ ਆਪਣੀ ਲਾਇਸੰਸੀ 12 ਬੋਰ ਦੀ ਬੰਦੂਕ ਨਾਲ ਆਪਣੇ ਭਤੀਜੇ ਦੇ ਗੋਲੀ ਮਾਰ ਦਿੱਤੀ, ਜਿਸ ਵਿਚ ਦੋਵਾਂ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਜਗਸੀਰ ਸਿੰਘ ਜੱਗੀ (42) ਤੇ ਹਰਪ੍ਰੀਤ ਸਿੰਘ (22) ਭੋਲਾ ਵਾਸੀ ਠੀਕਰੀਵਾਲ ਆਪਸ ਵਿਚ ਚਾਚਾ-ਭਤੀਜਾ ਲੱਗਦੇ ਸਨ। ਘਟਨਾ ਵਾਲੇ ਦਿਨ ਦੋਵੇਂ ਆਪਣੇ ਖੇਤਾਂ ਵਿਚ ਝੋਨੇ ਦੀ ਫ਼ਸਲ ਨੂੰ ਪਾਣੀ ਲਾਉਣ ਗਏ ਸਨ ਕਿ ਵਾਰੀ ਪਿੱਛੇ ਝਗੜਾ ਹੋ ਗਿਆ। ਹਰਪ੍ਰੀਤ ਸਿੰਘ ਨੇ ਆਪਣੇ ਚਾਚਾ ਜਗਸੀਰ ਸਿੰਘ ਜੱਗੀ 'ਤੇ ਕਹੀ ਨਾਲ ਹਮਲਾ ਕਰ ਦਿੱਤਾ। ਜਗਸੀਰ ਸਿੰਘ ਨੇ ਆਪਣੀ ਲਾਇਸੰਸੀ ਬੰਦੂਕ ਨਾਲ ਆਪਣੇ ਭਤੀਜੇ ਹਰਪ੍ਰੀਤ ਸਿੰਘ ਦੇ ਗੋਲੀ ਮਾਰ ਦਿੱਤੀ।

# ਮਨਮੋਹਨ ਸਿੰਘ ਨੂੰ ਧੀ ਰਾਹੀਂ ਸੰਮਨ ਭੇਜਣ ਦੀ ਆਗਿਆ

**ਨਿਊ ਯਾਰਕ (ਬਿਊਰੋ):** ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖ਼ਿਲਾਫ਼ ਮਨੁੱਖੀ ਹੱਕਾਂ ਦੀ ਉਲੰਘਣਾ ਵਾਲੇ ਕੇਸ ਵਿਚ ਅਮਰੀਕੀ ਅਦਾਲਤ ਨੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੀ ਪਟੀਸ਼ਨ ਸਵੀਕਾਰ ਕਰਦਿਆਂ ਉਨ੍ਹਾਂ ਦੀ ਧੀ ਅੰਮ੍ਰਿਤ ਕੌਰ ਨੂੰ ਸੰਮਨ ਭੇਜਣ ਦੀ ਆਗਿਆ ਦੇ ਦਿੱਤੀ ਹੈ। ਅੰਮ੍ਰਿਤ ਕੌਰ ਅੱਜ ਕੱਲ੍ਹ ਅਮਰੀਕਾ ਦੀ ਪੱਕੀ ਵਸਨੀਕ ਹੈ।

ਐਸ.ਐਫ.ਜੇ. ਨੇ ਸੰਮਨ ਭੇਜਣ ਦੀ ਆਗਿਆ ਲੈਣ ਬਾਰੇ ਲੀਵ ਮੋਸ਼ਨ 18 ਅਗਸਤ ਨੂੰ ਫਾਈਲ ਕੀਤਾ ਸੀ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਡਾ. ਮਨਮੋਹਨ ਸਿੰਘ ਤੱਕ ਸੰਮਨ ਪੁੱਜਦੇ ਕਰਨ ਵਿਚ ਬਹੁਤ ਦਿੱਕਤ ਹੋ ਰਹੀ ਹੈ। ਅੰਮ੍ਰਿਤ ਕੌਰ ਕਿਉਂਕਿ ਮਨਮੋਹਨ ਸਿੰਘ ਦੀ ਧੀ ਹੈ ਅਤੇ ਅਮਰੀਕਾ ਵਿਚ ਆਮ ਜਾਣੀ ਜਾਂਦੀ ਹੈ, ਇਸ ਲਈ ਅੰਮ੍ਰਿਤ ਕੌਰ ਨੂੰ ਸੰਮਨ ਪਹੁੰਚਾਉਣ ਦਾ ਮਤਲਬ ਇਹ ਹੈ ਕਿ ਇਹ ਸੰਮਨ ਮਨਮੋਹਨ ਸਿੰਘ ਤੱਕ ਜ਼ਰੂਰ ਪਹੁੰਚਣਗੇ। ਚੇਤੇ ਰਹੇ ਕਿ ਅਦਾਲਤ ਨੇ ਬਤੌਰ ਸਾਬਕਾ ਪ੍ਰਧਾਨ ਮਨਮੋਹਨ ਸਿੰਘ ਖ਼ਿਲਾਫ਼ ਅਜਿਹੀ ਕਿਸੇ ਕਾਰਵਾਈ ਤੋਂ ਛੋਟ ਦੇ ਦਿੱਤੀ ਸੀ, ਪਰ ਕਿਹਾ ਸੀ ਕਿ ਬਤੌਰ ਵਿੱਤ ਮੰਤਰੀ ਉਨ੍ਹਾਂ ਖ਼ਿਲਾਫ਼ ਇਹ ਕਾਰਵਾਈ ਹੋ ਸਕਦੀ ਹੈ।

ਐਸ.ਐਫ.ਜੇ. ਦੇ ਮੈਂਬਰ ਅਤੇ ਅਮਰੀਕਾ ਦੇ ਵਸਨੀਕ ਇੰਦਰਜੀਤ ਸਿੰਘ ਨੇ 2013 ਵਿਚ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ 1990ਵਿਆਂ ਵਿਚ ਖਾੜਕੂਵਾਦ ਦੇ ਖ਼ਾਤਮੇ ਲਈ ਜਿਹੜੀਆਂ ਕਾਰਵਾਈਆਂ ਕੀਤੀਆਂ ਗਈਆਂ, ਉਸ ਲਈ ਫੰਡਾਂ ਦਾ ਪ੍ਰਬੰਧ, ਬਤੌਰ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਨੇ ਕੀਤਾ ਸੀ ਜਿਸ ਨਾਲ ਸੁਰੱਖਿਆ ਬਲਾਂ ਨੇ ਸਿੱਖਾਂ ਦਾ ਘਾਣ ਕੀਤਾ ਗਿਆ।

# ਪੁਲਿਸ ਕੈਟ ਗੁਰਮੀਤ ਪਿੰਕੀ ਜੇਲ੍ਹ ਵਿਚ ਵੀ ਮਾਣਦਾ ਸੀ ਮੌਜਾਂ

## ਪੇਸ਼ੀਆਂ ਦੇ ਨਾਂ ਉਤੇ ਵਾਰ-ਵਾਰ ਭੇਜਿਆ ਜਾਂਦਾ ਸੀ ਜੇਲ੍ਹ ਤੋਂ ਬਾਹਰ

**ਚੰਡੀਗੜ੍ਹ:** ਪੁਲਿਸ ਕੈਟ ਗੁਰਮੀਤ ਸਿੰਘ ਉਰਫ ਪਿੰਕੀ ਦੀ ਅਗਾਊਂ ਰਿਹਾਈ ਦਾ ਮਾਮਲਾ ਵਿਵਾਦਾਂ ਵਿਚ ਘਿਰਦਾ ਜਾ ਰਿਹਾ ਹੈ। ਕਤਲ ਕੇਸ ਵਿਚ ਸਜ਼ਾ ਕੱਟ ਰਹੇ ਪਿੰਕੀ ਦਾ ਜੇਲ੍ਹ ਵਿਚ ਵੀ ਅਫਸਰਸ਼ਾਹੀ ਨੇ ਰੱਜ ਕੇ ਸਾਥ ਦਿੱਤਾ ਤੇ ਕੇਂਦਰੀ ਜੇਲ੍ਹ ਪਟਿਆਲਾ ਵਿਚੋਂ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਅਦਾਲਤੀ ਪੇਸ਼ੀਆਂ ਦੇ ਨਾਂ ਹੇਠ ਉਸ ਨੂੰ ਵਾਰ-ਵਾਰ ਬਾਹਰ ਭੇਜਿਆ ਜਾਂਦਾ ਰਿਹਾ। ਉਸ ਨੇ ਕਿੰਨੀਆਂ ਹੀ ਰਾਤਾਂ ਉਕਤ ਕੇਂਦਰੀ ਜੇਲ੍ਹ ਤੋਂ ਬਾਹਰ ਗੁਜ਼ਾਰੀਆਂ ਹਨ। ਪਿੰਕੀ ਵੱਲੋਂ ਕਤਲ ਕੀਤੇ ਗਏ ਅਵਤਾਰ ਸਿੰਘ ਦੇ ਪਿਤਾ ਅਮਰੀਕ ਸਿੰਘ ਨੇ ਕੁਝ ਅਜਿਹੇ ਦਸਤਾਵੇਜ਼ ਹਾਸਲ ਕਰਨ ਦਾ ਦਾਅਵਾ ਕੀਤਾ ਹੈ।

ਦੱਸਣਯੋਗ ਹੈ ਪਿੰਕੀ ਨੇ ਲੁਧਿਆਣਾ ਦੇ ਘੁਮਾਰ ਮੰਡੀ ਦੇ ਇਲਾਕੇ ਮਾਇਆ ਨਗਰ ਵਿਚ ਸੱਤ ਜਨਵਰੀ 2001 ਨੂੰ ਅਵਤਾਰ ਸਿੰਘ ਗੋਲਾ ਦੀ ਹੱਤਿਆ ਕਰ ਦਿੱਤੀ ਸੀ ਤੇ ਇਸ ਦੋਸ਼ ਹੇਠ ਉਸ ਨੂੰ 14 ਸਾਲ ਦੀ ਸਜ਼ਾ ਸੁਣਾਈ ਗਈ ਪਰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੁਲਿਸ ਤੇ ਜ਼ਿਲ੍ਹਾ ਜਲੰਧਰ ਪੁਲਿਸ ਦੇ ਅਧਿਕਾਰਤ ਦਸਤਾਵੇਜ਼ਾਂ ਵਿਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਪਿੰਕੀ 19 ਅਕਤੂਬਰ 2007 ਨੂੰ ਕੇਂਦਰੀ ਜੇਲ੍ਹ ਲੁਧਿਆਣਾ ਤੋਂ ਤਬਦੀਲ ਹੋ ਕੇ ਪਟਿਆਲਾ ਜੇਲ੍ਹ ਲਿਆਂਦਾ ਗਿਆ, ਜਿਥੋਂ 23 ਅਕਤੂਬਰ 2007 ਤੋਂ ਲੈ ਕੇ 30 ਸਤੰਬਰ 2008 ਦਰਮਿਆਨ ਉਸ ਨੂੰ 38 ਵਾਰ ਅਦਾਲਤੀ ਪੇਸ਼ੀਆਂ ਦੇ ਸਿਲਸਿਲੇ ਵਿਚ ਪਟਿਆਲਾ ਜੇਲ੍ਹ ਵਿਚੋਂ ਬਾਹਰ ਲਿਜਾਇਆ ਗਿਆ ਤੇ ਜ਼ਿਆਦਾਤਰ ਵਾਰ ਉਹ ਅਗਲੇ ਦਿਨ ਹੀ ਵਾਪਸ ਕੇਂਦਰੀ ਜੇਲ੍ਹ ਪਟਿਆਲਾ ਪੁੱਜਾ।

ਇਨ੍ਹਾਂ ਵਿਚੋਂ 35 ਵਾਰ ਉਸ ਨੂੰ ਫਤਹਿਗੜ੍ਹ ਸਾਹਿਬ ਵਿਖੇ ਪੇਸ਼ੀ 'ਤੇ ਲਿਜਾਇਆ ਗਿਆ ਹੋਣ ਦਾ ਜੇਲ੍ਹ ਰਿਕਾਰਡ ਪ੍ਰਾਪਤ ਹੋਇਆ ਹੈ ਪਰ ਇਸ ਬਾਬਤ ਸੂਚਨਾ ਅਧਿਕਾਰ ਕਾਨੂੰਨ ਤਹਿਤ ਐਸ.ਐਸ.ਪੀ. ਫਤਹਿਗੜ੍ਹ ਸਾਹਿਬ ਕੋਲੋਂ ਜਾਣਕਾਰੀ ਮੁਤਾਬਕ ਪਿੰਕੀ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਅਦਾਲਤ ਫਤਹਿਗੜ੍ਹ ਸਾਹਿਬ ਵਿਖੇ ਪੇਸ਼ ਨਹੀਂ ਕੀਤਾ ਗਿਆ ਤੇ ਨਾ ਹੀ ਕਿਸੇ ਹੋਰ ਪੁਲਿਸ ਵੱਲੋਂ ਪੇਸ਼ੀ ਦੌਰਾਨ ਇਸ ਜ਼ਿਲ੍ਹੇ ਦੇ ਕਿਸੇ ਥਾਣੇ ਵਿਚ ਬਤੌਰ ਰਾਹਦਾਰੀ ਬੰਦ ਕੀਤਾ ਗਿਆ ਹੈ। ਇੰਨਾ ਹੀ ਨਹੀਂ ਐਸ.ਐਸ.ਪੀ ਦਫਤਰ ਜਲੰਧਰ ਤੋਂ ਵੀ ਪੱਤਰ ਨੰਬਰ 907/ ਡੀ.ਆਰ.ਟੀ.ਆਈ. ਰਾਹੀਂ ਇਸ ਬਾਰੇ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਕੈਦੀ ਗੁਰਮੀਤ ਸਿੰਘ ਪਿੰਕੀ ਦੀਆਂ ਪੇਸ਼ੀਆਂ ਤੇ ਇਸ ਦੇ ਰਾਤਰੀ ਠਹਿਰਾਅ ਬਾਰੇ ਪੁੱਛੇ ਸਵਾਲਾਂ ਬਾਰੇ ਜਾਣਕਾਰੀ ਪਟਿਆਲਾ ਪੁਲਿਸ ਤੋਂ ਪ੍ਰਾਪਤ ਕੀਤੀ ਜਾਵੇ, ਕਿਉਂਕਿ ਉਕਤ ਕੈਦੀ ਨੂੰ ਜਲੰਧਰ ਪੇਸ਼ੀ ਲਈ ਪਟਿਆਲਾ ਪੁਲਿਸ ਨੇ ਲਿਆਂਦਾ ਸੀ।

ਪੰਜਾਬ ਦੇ ਰਾਜਪਾਲ ਦੇ ਜਿਨ੍ਹਾਂ ਹੁਕਮਾਂ (ਨੰਬਰ 1/89/14-2ਜ7) ਮਿਤੀ 10 ਮਈ 2014 ਰਾਹੀਂ ਭਾਰਤੀ ਸੰਵਿਧਾਨ ਦੇ ਆਰਟੀਕਲ ਦੇ 161 ਅਧੀਨ ਉਸ ਦੀ ਸਜ਼ਾ ਦੇ ਅਣਭੁਗਤੇ ਭਾਗ ਦੀ ਮੁਆਫ਼ੀ ਤੇ ਸ਼ਰਤਾਂ ਸਹਿਤ ਰਿਹਾਈ ਦੀ ਸਹਿਮਤੀ ਪ੍ਰਗਟਾਈ ਗਈ ਹੈ, ਉਨ੍ਹਾਂ ਵਿਚ ਸਪੱਸ਼ਟ ਲਿਖਿਆ ਗਿਆ ਹੈ ਕਿ ਕੈਦੀ ਗੁਰਮੀਤ ਸਿੰਘ ਉਰਫ ਪਿੰਕੀ ਨੇ ਅਵਤਾਰ ਸਿੰਘ (ਪੁੱਤਰ ਅਮਰੀਕ ਸਿੰਘ) ਵਾਸੀ ਲੁਧਿਆਣਾ ਦਾ ਕਤਲ ਕੀਤਾ ਹੈ।

ਪੰਜਾਬ ਸਰਕਾਰ ਵੱਲੋਂ ਕਤਲ ਕੇਸਾਂ ਦੇ ਬਾਲਗ ਕੈਦੀਆਂ ਦੀ ਅਗਾਊਂ ਰਿਹਾਈ ਬਾਰੇ ਚਾਰ ਅਪ੍ਰੈਲ 2013 ਦੀ ਨੀਤੀ ਦੀਆਂ ਵਿਵਸਥਾਵਾਂ ਨੂੰ ਆਧਾਰ ਬਣਾਉਂਦਿਆਂ 'ਚੰਗੇ ਆਚਰਣ' ਦੇ ਆਧਾਰ 'ਤੇ ਪਿੰਕੀ ਨੂੰ ਰਿਹਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਪਰ ਕੇਂਦਰੀ ਜੇਲ੍ਹ ਪਟਿਆਲਾ ਤੋਂ ਹਾਸਲ ਉਕਤ ਆਰ.ਟੀ.ਆਈ. ਦੇ ਵੇਰਵੇ ਤੇ ਇਸ ਬਾਰੇ ਪਿੰਕੀ ਦੀਆਂ ਪੇਸ਼ੀਆਂ ਦੌਰਾਨ ਰਾਤਰੀ ਠਹਿਰਾਅ ਬਾਰੇ ਖੜ੍ਹੇ ਹੋਏ ਸ਼ੰਕਿਆਂ ਨੇ ਨਾ ਸਿਰਫ਼ ਪੰਜਾਬ ਸਰਕਾਰ ਵੱਲੋਂ ਉਸ ਦੇ ਚੰਗੇ ਆਚਰਣ ਬਾਰੇ ਦਾਅਵਿਆਂ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕੀਤਾ ਹੈ, ਬਲਕਿ ਜੇਲ੍ਹ ਸੁਧਾਰਾਂ ਤੇ ਕਤਲ ਕੇਸਾਂ ਦੇ ਕੈਦੀਆਂ ਦੀ ਅਗਾਊਂ ਰਿਹਾਈ ਬਾਰੇ ਪਿੰਕੀ ਦੇ ਕੇਸ ਨੂੰ ਆਧਾਰ ਬਣਾ ਕੇ ਹਾਈਕੋਰਟ ਵਿਚ ਚੁਣੌਤੀ ਦੇਣ ਵਾਲੇ ਐਡਵੋਕੇਟ ਐਚ.ਸੀ. ਅਰੋੜਾ ਨੇ ਇਸ ਨੂੰ ਇਕ ਸੰਵਿਧਾਨਕ ਕੁਤਾਹੀ ਕਰਾਰ ਦਿੰਦਿਆਂ ਇਹ ਵੀ ਸਵਾਲ ਚੁੱਕਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜਪਾਲ ਨੂੰ ਪਿੰਕੀ ਦੀ ਰਿਹਾਈ ਦੀ ਸਿਫ਼ਾਰਸ਼ ਤਹਿਤ ਜੇਕਰ ਉਕਤ ਤੱਥ ਛੁਪਾਏ ਗਏ ਹਨ ਤਾਂ ਇਹ ਰਾਜਪਾਲ ਨੂੰ ਗੁੰਮਰਾਹ ਕਰਨ ਦਾ ਵਿਸ਼ਾ ਹੋ ਸਕਦੇ ਹਨ।



## ਬਾਦਲ ਵੱਲੋਂ ਖਾਨਾਪੂਰਤੀ, ਫਾਈਲ ਮੰਗਵਾਈ


**ਲੁਧਿਆਣਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਨੇ ਪਿੰਕੀ ਦੀ ਰਿਹਾਈ ਬਾਰੇ ਫਾਈਲ ਮੰਗਵਾ ਲਈ ਹੈ। ਇਸ ਬਾਰੇ ਹੁਣ ਕੋਈ ਵੀ ਫ਼ੈਸਲਾ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੀਤਾ ਜਾਵੇਗਾ। ਜੇ ਰਿਹਾਈ ਬਾਰੇ ਕੋਈ ਗਲਤੀ ਹੋਈ ਹੈ ਤਾਂ ਉਸ ਨੂੰ ਜ਼ਰੂਰ ਸੁਧਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਵੀ ਕੈਦੀ ਦੀ ਸਜ਼ਾ ਮੁਆਫ਼ ਕਰਨ ਤੋਂ ਪਹਿਲਾਂ ਉਸ ਦੇ ਪਿੰਡ ਤੇ ਸ਼ਹਿਰ ਦੀ ਪੰਚਾਇਤ ਤੋਂ ਪੁੱਛਿਆ ਜਾਂਦਾ ਹੈ। ਇਸ ਮਗਰੋਂ ਜੇਲ੍ਹ ਸੁਪਰਡੈਂਟ ਆਪਣਾ ਪੱਖ ਰੱਖਦਾ ਹੈ।

ਇਸ ਤਰ੍ਹਾਂ ਇਹ ਫਾਈਲ ਏ.ਡੀ.ਜੀ.ਪੀ. (ਜੇਲ੍ਹ) ਤੇ ਡੀ.ਜੀ.ਪੀ. (ਜੇਲ੍ਹ) ਤੋਂ ਬਾਅਦ ਸਿੱਧਾ ਗਵਰਨਰ ਕੋਲ ਜਾਂਦੀ ਹੈ। ਪਿੰਕੀ ਦੀ ਫਾਈਲ ਵੀ ਸਾਰੇ ਅਧਿਕਾਰੀਆਂ ਕੋਲ ਗਈ ਸੀ ਪਰ ਰਿਹਾਈ ਪਿੱਛੋਂ ਵਿਵਾਦ ਖੜ੍ਹਾ ਹੋ ਜਾਣ ਕਾਰਨ ਉਨ੍ਹਾਂ ਮਾਮਲੇ ਦੀ ਪੜਤਾਲ ਖ਼ੁਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸੇ ਤਹਿਤ ਫਾਈਲ ਆਪਣੇ ਕੋਲ ਮੰਗਵਾਈ ਹੈ।

# ਬਾਬਾ ਫਰੀਦ ਦੇ ਆਗਮਨ ਪੁਰਬ ਸਬੰਧੀ ਸਮਾਗਮ 21 ਸਤੰਬਰ ਨੂੰ

**ਫਰੀਮਾਂਟ (ਬਿਊਰੋ):** ਫਰੀਦਕੋਟ ਅਤੇ ਆਸ ਪਾਸ ਦੀਆਂ ਸੰਗਤਾਂ ਵਲੋਂ ਲੰਘੇ ਐਤਵਾਰ ਬਾਬਾ ਫਰੀਦ ਦਾ ਆਗਮਨ ਪੁਰਬ ਮਨਾਉਣ ਸਬੰਧੀ ਇਕ ਮੀਟਿੰਗ ਹੋਈ। ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਬਾਬਾ ਫਰੀਦ ਦਾ ਆਗਮਨ ਪੁਰਬ 19 ਤੋਂ 21 ਸਤੰਬਰ ਤੱਕ ਗੁਰਦੁਆਰਾ ਫਰੀਮਾਂਟ ਵਿਖੇ ਮਨਾਇਆ ਜਾਵੇਗਾ। 19 ਸਤੰਬਰ ਨੂੰ ਅਖੰਡ ਪਾਠ ਦਾ ਅਰੰਭ ਹੋਵੇਗਾ ਅਤੇ 21 ਸਤੰਬਰ ਨੂੰ ਭੋਗ ਉਪਰੰਤ ਗੁਰਬਾਣੀ ਕਥਾ ਵਿਆਖਿਆ ਅਤੇ ਕੀਰਤਨ ਹੋਵੇਗਾ। ਆਗਮਨ ਪੁਰਬ ਸਬੰਧੀ ਅਗਲੀ ਮੀਟਿੰਗ 13 ਸਤੰਬਰ ਨੂੰ ਸ਼ਾਮ 7 ਵਜੇ ਗੁਰਦੁਆਰਾ ਫਰੀਮਾਂਟ ਵਿਖੇ ਰੱਖੀ ਗਈ ਹੈ।

ਮੀਟਿੰਗ ਵਿਚ ਬੱਚਿਆਂ ਦੀਆਂ ਖੇਡਾਂ ਅਤੇ ਕੀਰਤਨ ਤੋਂ ਇਲਾਵਾ ਬਾਬਾ ਫਰੀਦ ਦੀਆਂ ਸਿਖਿਆਵਾਂ, ਜੀਵਨ ਅਤੇ ਮਿਸ਼ਨ ਉਤੇ ਆਧਾਰਤ ਲੇਖ ਅਤੇ ਭਾਸ਼ਣ ਮੁਕਾਬਲੇ ਕਰਵਾਉਣ 'ਤੇ ਵੀ ਵਿਚਾਰ ਹੋਈ। ਨਵੀਂ ਪੀੜ੍ਹੀ ਨੂੰ ਸੱਭਿਆਚਾਰ ਅਤੇ ਵਿਰਾਸਤ ਨਾਲ ਜੋੜੀ ਰੱਖਣ ਲਈ ਹੋਰ ਉਪਰਾਲੇ ਕੀਤੇ ਜਾਣ 'ਤੇ ਵੀ ਚਰਚਾ ਹੋਈ ਤਾਂ ਜੋ ਉਨ੍ਹਾਂ ਵਿਚ ਸੇਵਾ ਭਾਵਨਾ ਬਚਪਨ 'ਚ ਹੀ ਪੈਦਾ ਹੋ ਸਕੇ। ਇਸ ਤੋਂ ਇਲਾਵਾ ਆਉਂਦੇ ਸਮੇਂ ਵਿਚ ਫਰੀਦਕੋਟ ਨਿਵਾਸੀਆਂ ਦਾ ਇਕ ਇਕੱਠ ਕਰਨ ਦੀ ਵੀ ਯੋਜਨਾ ਹੈ। ਫੇਸ ਬੁੱਕ ਉਪਰ ਵੀ 'ਬਾਬਾ ਫਰੀਦ ਆਗਮਨ ਪੁਰਬ' ਨਾਂ ਹੇਠ ਇੱਕ ਗਰੁਪ ਦੀ ਸਥਾਪਨਾ ਕੀਤੀ ਗਈ ਹੈ। ਸਮਾਗਮ ਸਬੰਧੀ ਹੋਰ ਜਾਣਕਾਰੀ ਵੈਬ ਸਾਈਟ www.babafrid.net ਤੋਂ ਲਾਈ ਜਾ



ਸਕਦੀ ਹੈ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੱਤਪਾਲ ਸਿੰਘ ਢਿੱਲਵਾਂ ਕਲਾਂ, ਸੁਖਵਿੰਦਰ ਸਿੰਘ ਕੋਟਕਪੂਰਾ, ਜਸਵੀਰ ਸਿੰਘ ਸੰਧੂ ਫਰੀਦਕੋਟ, ਸਨਦੀਪ ਸਿੰਘ ਸਮਾਘ, ਸੀਤਾ ਸਿੰਘ ਚਾਹਲ, ਤਰਸੇਮ ਸਿੰਘ ਭਲਵਾਨ ਅਤੇ ਡਾ. ਹਰਮਿੰਦਰ ਸਿੰਘ ਗਿੱਲ ਨੇ ਹਿੱਸਾ ਲਿਆ।

# ਤਖਤਾਂ ਦੇ ਜਥੇਦਾਰਾਂ 'ਤੇ ਸਿਆਸੀ ਪ੍ਰਭਾਵ ਦਾ ਮਾਮਲਾ ਮੁੜ ਭਖਿਆ

**ਅੰਮ੍ਰਿਤਸਰ:** ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਯੋਗਤਾ ਤੇ ਕਾਰਜ ਖੇਤਰ ਬਾਰੇ ਨਿਯਮਾਂਵਲੀ ਤਿਆਰ ਕਰਨ ਦਾ ਮਾਮਲਾ ਮੁੜ ਉਭਰਿਆ ਹੈ। ਸਿੱਖ ਜਥੇਬੰਦੀਆਂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਦੇ ਕਾਰਜ ਖੇਤਰ ਵਿਚ ਸਿਆਸੀ ਦਖ਼ਲਅੰਦਾਜ਼ੀ ਵਧਣ ਕਾਰਨ ਸੰਸਥਾ ਦੇ ਮਾਣ-ਸਨਮਾਨ ਨੂੰ ਢਾਹ ਲੱਗ ਰਹੀ ਹੈ। ਇਸ ਲਈ ਯੋਗ ਵਿਅਕਤੀਆਂ ਦੀ ਚੋਣ ਤੇ ਕਾਰਜ ਖੇਤਰ ਨਿਰਧਾਰਤ ਕਰਨ ਲਈ ਨਿਯਮਾਂਵਲੀ ਬਣਾਈ ਜਾਣੀ ਚਾਹੀਦੀ ਹੈ। ਇਹ ਮਾਮਲਾ ਸੰਨ 2000 ਵਿਚ ਪਹਿਲੀ ਵਾਰ ਉਭਰਿਆ ਸੀ ਜਦੋਂ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਵੱਲੋਂ ਗੁਣਾ (ਮੱਧ ਪ੍ਰਦੇਸ਼) ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਉਸ ਵੇਲੇ ਹੁਕਮਨਾਮਾ ਜਾਰੀ ਕਰਨ ਦੇ ਵਿਧੀ ਵਿਧਾਨ 'ਤੇ ਪ੍ਰਸ਼ਨ ਚਿੰਨ੍ਹ ਲੱਗਿਆ ਸੀ।

ਉਨ੍ਹਾਂ ਦੀ ਸੇਵਾਮੁਕਤੀ ਤੋਂ ਬਾਅਦ ਨਵੇਂ ਆਏ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਸਿੱਖ ਬੁੱਧੀਜੀਵੀਆਂ ਤੇ ਚਿੰਤਕਾਂ ਸਮੇਤ ਜਥੇਬੰਦੀਆਂ ਤੇ ਸੰਗਤ ਨਾਲ ਵਿਚਾਰ ਕਰਕੇ ਜਥੇਦਾਰਾਂ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਸੇਵਾਮੁਕਤੀ ਤੇ ਹੁਕਮਨਾਮਾ ਜਾਰੀ ਕਰਨ ਦੇ ਵਿਧੀ ਵਿਧਾਨ ਬਾਰੇ ਨਿਯਮਾਂਵਲੀ ਤਿਆਰ ਕਰੇ। ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਮਤਾ ਪਾਸ ਕਰਕੇ ਨਿਯਮਾਂਵਲੀ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਡੇਢ ਦਹਾਕਾ ਬੀਤਣ ਤੋਂ ਬਾਅਦ ਵੀ ਨਿਯਮਾਂਵਲੀ ਤਿਆਰ ਨਹੀਂ ਹੋ ਸਕੀ ਹੈ। ਸਿੱਖ ਜਥਬੰਦੀਆਂ ਨੇ ਆਪਣੇ ਪੱਧਰ 'ਤੇ ਯਤਨ ਕਰਕੇ ਨਿਯਮਾਂਵਲੀ ਤਿਆਰ ਕੀਤੀ ਹੈ। ਇਹ ਨਿਯਮਾਂਵਲੀ ਪਹਿਲਾਂ ਦਲ ਖ਼ਾਲਸਾ ਜਥੇਬੰਦੀ ਵੱਲੋਂ ਤਿਆਰ ਕੀਤੀ ਗਈ ਸੀ, ਜੋ ਉਨ੍ਹਾਂ ਨੇ ਅਗਲੀ ਕਾਰਵਾਈ ਵਾਸਤੇ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ। ਹੁਣ ਇਹ ਨਿਯਮਾਂਵਲੀ ਭਾਈ ਗੁਰਦਾਸ ਇੰਸਟੀਚਿਊਟ ਆਫ ਐਡਵਾਂਸ ਸਿੱਖ ਸਟੱਡੀਜ਼ ਦੇ ਡਾਇਰੈਕਟਰ ਹਰਸਿਮਰਨ ਸਿੰਘ ਵੱਲੋਂ ਤਿਆਰ ਕੀਤੀ ਗਈ ਹੈ। ਸੰਗਤ ਨੇ ਇਸ ਨਿਯਮਾਂਵਲੀ ਦਾ ਸਵਾਗਤ ਕੀਤਾ ਸੀ।

ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਜੋ ਵੀ ਫੈਸਲਾ ਕੀਤਾ ਜਾਵੇਗਾ, ਉਹ ਪ੍ਰਵਾਨ ਹੋਵੇਗਾ ਤੇ ਉਹ ਉਸ ਨੂੰ ਪੂਰਨ ਸਮਰਥਨ ਦੇਣਗੇ। ਭਾਈ ਹਰਸਿਮਰਨ ਸਿੰਘ ਵੱਲੋਂ ਤਿਆਰ ਕੀਤੀ ਗਈ ਨਿਯਮਾਂਵਲੀ ਵਿਚ ਜਥੇਦਾਰ ਦੀ ਯੋਗਤਾ, ਚੋਣ-ਨਿਯੁਕਤੀ, ਅਧਿਕਾਰ ਖੇਤਰ, ਕਾਰਜ ਖੇਤਰ, ਜ਼ਿੰਮੇਵਾਰੀਆਂ ਤੇ ਸੇਵਾਮੁਕਤੀ ਤੋਂ ਇਲਾਵਾ ਅਕਾਲ ਤਖ਼ਤ ਦਾ ਵੱਖਰਾ ਵਿੱਤੀ ਖਜ਼ਾਨਾ ਤੇ ਸਕੱਤਰੇਤ ਬਾਰੇ ਪ੍ਰਸਤਾਵਿਤ ਨਿਯਮ ਸ਼ਾਮਲ ਹਨ। ਅਕਾਲ ਤਖ਼ਤ ਦੇ ਸ਼ਕਤੀ ਸਰੋਤ ਦਾ ਪ੍ਰਸਤਾਵਿਤ ਢਾਂਚਾ ਵੀ ਤਿਆਰ ਕੀਤਾ ਗਿਆ ਹੈ।

ਪ੍ਰਸਤਾਵਿਤ ਨਿਯਮਾਂਵਲੀ ਵਿਚ ਸੁਝਾਅ ਦਿੱਤਾ ਗਿਆ ਹੈ ਕਿ ਜਥੇਦਾਰ ਦੀ ਚੋਣ ਤੇ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹੋਰ ਤਖ਼ਤ ਸਾਹਿਬਾਨ ਤੇ ਵਿਸ਼ਵ ਵਿਚ ਫੈਲੀਆਂ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ 'ਤੇ ਆਧਾਰਤ 51 ਮੈਂਬਰੀ ਖ਼ਾਲਸਾ ਸੰਗਤ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ, ਜੋ ਜਥੇਦਾਰ ਦੀ ਨਿਯੁਕਤੀ ਦੀ ਲੋੜ ਪੈਦਾ ਹੋਣ 'ਤੇ ਆਪਣੇ ਵਿਚੋਂ ਹੀ 15 ਮੈਂਬਰੀ ਕਮੇਟੀ ਕਾਇਮ ਕਰੇਗਾ।

ਇਸ ਕਮੇਟੀ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਜਾਂ ਚੋਣ ਕਰਨ ਦੀ ਜ਼ਿੰਮੇਵਾਰੀ ਦੀ ਰੂਪ ਰੇਖਾ ਦਾ ਵਿਸਥਾਰ ਕਰੇਗੀ। ਕਮੇਟੀ ਵਿਚੋਂ ਪੰਜ ਮੈਂਬਰੀ ਖੋਜ ਕਮੇਟੀ ਬਣਾਈ ਜਾਵੇਗੀ, ਜੋ ਜਥੇਦਾਰ ਦੀਆਂ ਯੋਗਤਾਵਾਂ ਅਨੁਸਾਰ ਅਜਿਹੇ ਵਿਅਕਤੀ ਦੀ ਖੋਜ ਲਈ ਜ਼ਿੰਮੇਵਾਰ ਹੋਵੇਗੀ। ਇਸ ਬਾਰੇ ਖ਼ਾਲਸਾ ਸੰਗਤ ਦੇ ਮੈਂਬਰਾਂ ਨੂੰ ਵੀ ਜਥੇਦਾਰ ਦੇ ਅਹੁਦੇ ਲਈ ਵਿਅਕਤੀ ਦਾ ਨਾਂ ਸੁਝਾਉਣ ਵਾਸਤੇ ਆਖਿਆ ਜਾਵੇਗਾ। ਖੋਜ ਕਮੇਟੀ ਆਪਣੀ ਰਿਪੋਰਟ 15 ਮੈਂਬਰੀ ਪੈਨਲ ਕੋਲ ਪੇਸ਼ ਕਰੇਗੀ। ਇਹ ਪੈਨਲ ਨਾਵਾਂ 'ਤੇ ਵਿਚਾਰ ਕਰਨ ਮਗਰੋਂ ਚੋਣ ਨੂੰ ਸਰਬਸੰਮਤੀ ਨਾਲ ਅੰਤਿਮ ਰੂਪ ਦੇਵੇਗਾ ਤੇ ਇਸ ਦੀ ਅੰਤਿਮ ਪ੍ਰਵਾਨਗੀ ਖ਼ਾਲਸਾ ਸੰਗਤ ਕੋਲੋਂ ਲਈ ਜਾਵੇਗੀ। ਜਥੇਦਾਰ ਦੀ ਨਿਯੁਕਤੀ ਸਮੇਂ ਉਸਦੀ ਘੱਟੋ ਘੱਟ ਉਮਰ 45 ਸਾਲ ਹੋਣੀ ਚਾਹੀਦੀ ਹੈ। ਉਸਦੀ ਨਿਯੁਕਤੀ ਪੰਜ ਸਾਲ ਲਈ ਹੋਵੇਗੀ ਪਰ ਉਸ ਦਾ ਸੇਵਾਕਾਲ 10 ਸਾਲ ਤੱਕ ਵਧਾਇਆ ਜਾ ਸਕੇਗਾ।


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ:

316-691-8300 ਜਾਂ 316-518-5382

31=4


## ਪੁੱਤਰ ਤੋਂ ਬਾਦ ਪਿਤਾ ਦਾ ਅਕਾਲ ਚਲਾਣਾ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਮਰਹੂਮ ਭਾਈ ਤਰਸੇਮ ਸਿੰਘ ਦੇ ਅਕਾਲ ਚਲਾਣੇ ਦਾ ਦੁੱਖ ਹਾਲੇ ਭੁੱਲਾ ਨਹੀਂ ਕਿ ਉਨ੍ਹਾਂ



ਦੇ ਪਿਤਾ ਭਾਈ ਦਰਸ਼ਨ ਸਿੰਘ ਵੀ ਅਕਾਲ ਚਲਾਣਾ ਕਰ ਗਏ। ਉਹ ਆਪਣੇ ਸਵਰਗੀ ਪੁੱਤਰ ਦਾ ਆਖਰੀ ਵਾਰ ਮੂੰਹ ਵੇਖਣ ਲਈ ਖਾਸ ਤੌਰ 'ਤੇ ਪੰਜਾਬ ਤੋਂ ਅਮਰੀਕਾ ਆਏ ਸਨ ਪਰ ਆਉਂਦਿਆਂ ਹੀ ਇਕ ਦਮ ਸਿਹਤ ਵਿਗੜ ਗਈ ਅਤੇ ਹਸਪਤਾਲ ਦਾਖਲ ਕਰਵਾਉਣਾ ਪਿਆ ਜਿਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਗਿਆਰਾਂ ਮਹੀਨਿਆਂ ਦੌਰਾਨ ਪਰਿਵਾਰ ਵਿਚ ਇਹ ਤੀਸਰੀ ਮੌਤ ਹੋਈ ਹੈ, ਜਿਸ ਨੇ ਪਰਿਵਾਰ, ਦੋਸਤਾਂ, ਮਿੱਤਰਾਂ ਤੇ ਭਾਈਚਾਰੇ ਨੂੰ ਡਾਢਾ ਸਦਮਾ ਪਹੁੰਚਾਇਆ ਹੈ।

ਭਾਈ ਦਰਸ਼ਨ ਸਿੰਘ ਦਾ ਸੰਸਕਾਰ ਹੇਵਰਡ ਦੇ ਚੈਪਲ ਆਫ ਚਾਈਮਜ਼ ਵਿਖੇ ਸ਼ੁੱਕਰਵਾਰ, 29 ਅਗਸਤ ਨੂੰ ਦੁਪਹਿਰ ਇਕ ਵਜੇ ਤੋਂ ਢਾਈ ਵਜੇ ਦਰਮਿਆਨ ਹੋਵੇਗਾ। ਉਪਰੰਤ ਤਿੰਨ ਵਜੇ ਅੰਤਮ ਅਰਦਾਸ ਤੇ ਕੀਰਤਨ ਸਮਾਗਮ ਗੁਰਦੁਆਰਾ ਫਰੀਮਾਂਟ ਵਿਚ ਹੋਣਗੇ। ਹੋਰ ਜਾਣਕਾਰੀ ਲਈ ਭਾਈ ਜਸਦੀਪ ਸਿੰਘ ਨਾਲ ਫੋਨ: 510-943-8655 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


ਤੰਦੂਰੀਏ ਕੁੱਕ ਤੇ ਡਿਸਵਾਸ਼ਰ ਦੀ

ਲੋੜ ਹੈ

ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਕੁੱਕ ਅਤੇ ਡਿਸਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ



ਸੰਪਰਕ ਕਰੋ

ਫੋਨ: 850-510-3466



LAW OFFICE OF NIRWAN & ASSOCIATES



Jagdip S. Nirwan

SACRAMENTO

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Hotel Staff Wanted

Hotel in N. Dakota looking for Housekeepers, Maintenance Person And Desk Clerk with Fluent English.

*Free accommodation will be provided. Good Pay.*

Call, Gill: 701-240-3220

ਹੋਟਲ ਸਟਾਫ ਦੀ ਲੋੜ

ਨਾਰਥ ਡਕੋਟਾ 'ਚ ਸਥਿਤ ਹੋਟਲ ਲਈ ਹਾਊਸਕੀਪਰ, ਦੇਖ-ਭਾਲ ਕਰਨ ਵਾਲੇ ਤੇ ਕਲਰਕ ਦੀ ਲੋੜ ਹੈ

ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ

ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ

ਕਾਲ ਕਰੋ, ਗਿੱਲ: 701-240-3220

32-35





Security Cameras
Special promotion
for limited time only

1000 TVL camera for the price of 700 TVL camera

Limit 4 for each customer only

*For more Details, Contact:*

Balbir S Sidhu-209-495-3905 (Cell)

Toll Free (888) 233-4566

DVRunlimited Inc. Fax-(209) 982-9133

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਰਿਆਣਾ ਗੁਰਦੁਆਰਾ ਕਮੇਟੀ ਵੱਲੋਂ ਹੁੱਡਾ ਦੀ ਹਮਾਇਤ ਦਾ ਐਲਾਨ



**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਸਰਕਾਰ ਖਾਸ ਤੌਰ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਵਿਧਾਨ ਸਭਾ ਚੋਣਾਂ ਵਿਚ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਕੁਰੂਕਸ਼ੇਤਰ ਦੇ ਡੇਰਾ ਕਾਰ ਸੇਵਾ ਵਿਚ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕੀਤਾ ਗਿਆ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਨੇ ਪਾਸ ਕੀਤੇ ਮਤੇ ਵਿਚ ਕਿਹਾ ਹੈ ਕਿ ਮੁੱਖ ਮੰਤਰੀ ਹੁੱਡਾ ਨੇ ਹਰਿਆਣਾ ਦੇ ਸਿੱਖਾਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਨੂੰ ਪੂਰਾ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ ਹੈ, ਇਸ ਕਰਕੇ ਸੂਬੇ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਹਰਿਆਣਾ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਕਾਰਜਕਾਰਨੀ ਵਿਚ ਕੁੱਲ ਚਾਰ ਮਤੇ ਪਾਸ ਕੀਤੇ ਗਏ ਹਨ। ਸੁਪਰੀਮ ਕੋਰਟ ਵਿਚ ਚੱਲ ਰਹੇ ਕੇਸ ਦੀ ਪੈਰਵੀ ਕਰਨ ਦੇ ਅਧਿਕਾਰ ਕਮੇਟੀ ਦੇ ਪ੍ਰਧਾਨ ਝੀਂਡਾ ਨੂੰ ਦਿੱਤੇ ਗਏ ਹਨ। ਇਕ ਹੋਰ ਮਤੇ ਰਾਹੀ ਪੰਜਾਬ ਪੁਲਿਸ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਕਾਬਲੇ ਛੋਟੀ ਕਮੇਟੀ ਹੈ ਪਰ ਇਸ ਦੀ ਕਾਰਜਕਾਰਨੀ ਦੇ ਮੈਂਬਰ ਦਾ ਸਤਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਦਾਦੂਵਾਲ ਨੂੰ ਰਿਹਾਅ ਕੀਤਾ ਜਾਵੇ।

ਵੱਖਰੀ ਕਮੇਟੀ ਨੇ ਇਕ ਹੋਰ ਮਤੇ ਵਿਚ ਪੰਜਾਬ ਸਰਕਾਰ ਸਮੇਤ ਹੋਰ ਸੂਬਾ ਸਰਕਾਰਾਂ ਕੋਲੋਂ ਮੰਗ ਕੀਤੀ ਹੈ ਕਿ ਕੈਦ ਕੱਟ ਚੁੱਕੇ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। ਅਨੇਕਾਂ ਕੈਦੀ ਆਪਣੀਆਂ ਸਜ਼ਾਵਾਂ ਕੱਟ ਚੁੱਕੇ ਹਨ ਪਰ ਉਨ੍ਹਾਂ ਨੂੰ ਰਾਜਨੀਤਕ ਕਾਰਨਾਂ ਕਰਕੇ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਉਨ੍ਹਾਂ ਵਿਰੁੱਧ ਛੋਟੇ-ਮੋਟੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਰੱਖਿਆ ਜਾ ਰਿਹਾ ਹੈ। ਦੂਜੇ ਬੰਨੇ ਬਲੈਕ ਕੈਟ ਪਿੰਕੀ ਨੂੰ ਪੰਜਾਬ ਸਰਕਾਰ ਨੇ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾਅ ਕਰ ਦਿੱਤਾ ਹੈ।

## ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਪਤਨੀ ਦਾ ਦੇਹਾਂਤ



**ਚੰਡੀਗੜ੍ਹ:** 'ਗਦਰੀ ਬਾਬਿਆਂ ਦੇ ਮੁਨਸ਼ੀ' ਵਜੋਂ ਚਰਚਿਤ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਪਤਨੀ ਰਾਜਿੰਦਰ ਕੌਰ ਦਾ ਦੇਹਾਂਤ ਹੋ ਗਿਆ। ਉਹ 74 ਵਰ੍ਹਿਆਂ ਦੇ ਸਨ। ਉਨ੍ਹਾਂ ਦੀ ਦੇਹ, ਮੈਡੀਕਲ ਖੋਜ ਲਈ ਪੀ.ਜੀ.ਆਈ. ਚੰਡੀਗੜ੍ਹ ਨੂੰ ਦਾਨ ਕਰ ਦਿਤੀ ਗਈ ਹੈ। ਗੌਰਤਲਬ ਹੈ ਕਿ ਪ੍ਰੋ. ਵੜੈਚ ਨੇ ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਨਾਲ ਸਬੰਧਤ ਸਮੱਗਰੀ ਇਕੱਠੀ ਕਰਨ ਅਤੇ ਇਸ ਸਮੱਗਰੀ ਨੂੰ ਕਿਤਾਬੀ ਰੂਪ ਵਿਚ ਛਪਾਉਣ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਇਸ ਕੰਮ ਵਿਚ ਬੀਬੀ ਰਜਿੰਦਰ ਕੌਰ ਦਾ ਵੀ ਵੱਡਮੁੱਲਾ ਯੋਗਦਾਨ ਹੈ। ਦੋਨੋਂ ਜਣੇ ਅੱਜ ਕੱਲ੍ਹ ਸਕੇਤੜੀ (ਨੇੜੇ ਚੰਡੀਗੜ੍ਹ) ਵਿਖੇ ਰਹਿ ਰਹੇ ਸਨ। ਦੇਸ਼ ਭਗਤ ਯਾਦਗਾਰੀ ਹਾਲ ਦੇ ਪ੍ਰਧਾਨ ਦਰਬਾਰਾ ਸਿੰਘ ਅਤੇ ਹੋਰਾਂ ਨੇ ਪ੍ਰੋ. ਵੜੈਚ ਨਾਲ ਦੁੱਖ ਵੰਡਾਇਆ ਹੈ।

## ਵੱਖਰੀ ਕਮੇਟੀ ਦਾ ਮਾਮਲਾ ਲਟਕਿਆ

*(ਸਫਾ ਇਕ ਦੀ ਬਾਕੀ)*

ਇਸ ਲਈ ਬਹੁਤ ਸੰਭਾਵਨਾ ਹੈ ਕਿ ਮਾਮਲੇ ਦੀ ਅਗਲੀ ਸੁਣਵਾਈ ਤੱਕ ਚੋਣ ਨਤੀਜੇ ਸਾਹਮਣੇ ਆ ਜਾਣ। ਜੇ ਹਰਿਆਣਾ ਵਿਚ ਭਾਜਪਾ ਗਠਜੋੜ ਦੇ ਵਿਧਾਇਕ ਬਹੁਮਤ ਪ੍ਰਾਪਤ ਕਰ ਲੈਂਦੇ ਹਨ ਤਾਂ ਸ਼੍ਰੋਮਣੀ ਕਮੇਟੀ ਹਰਿਆਣਾ ਵਿਧਾਨ ਸਭਾ ਰਾਹੀਂ ਹਰਿਆਣਾ ਗੁਰਦੁਆਰਾ ਕਮੇਟੀ ਬਾਰੇ ਐਕਟ ਨੂੰ ਰੱਦ ਕਰਵਾ ਸਕਦੀ ਹੈ ਜਦਕਿ ਹੁੱਡਾ ਸਰਕਾਰ ਦੀ ਜਿੱਤ ਹੋਣ ਦੀ ਸੂਰਤ ਵਿਚ ਇਸ ਮਾਮਲੇ ਦਾ ਨਿਬੇੜਾ ਸੁਪਰੀਮ ਕੋਰਟ ਵਿਚ ਹੀ ਹੋ ਸਕੇਗਾ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਇਹੀ ਰਣਨੀਤੀ ਹੈ। ਉਹ ਇਸ ਮਾਮਲੇ ਨੂੰ ਵਿਧਾਨ ਸਭਾ ਚੋਣਾਂ ਤੱਕ ਲਟਕਾਈ ਰੱਖਣਾ ਚਾਹੁੰਦੇ ਹਨ। ਬਾਦਲਾਂ ਦੇ ਕਰੀਬੀਆਂ ਚੌਟਾਲਿਆਂ ਦੀ ਪਾਰਟੀ ਇਨੈਲੋ ਨੇ ਤਾਂ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਐਲਾਨ ਕੀਤਾ ਹੈ ਕਿ ਸਰਕਾਰ ਬਣਨ 'ਤੇ ਵੱਖਰੀ ਕਮੇਟੀ ਬਾਰੇ ਬਣਿਆ ਕਾਨੂੰਨ ਰੱਦ ਕਰ ਦਿੱਤਾ ਜਾਵੇਗਾ। ਜੇ ਭਾਜਪਾ ਸੱਤਾ ਵਿਚ ਆਉਂਦੀ ਹੈ ਤਾਂ ਉਹ ਵੀ ਅਜਿਹਾ ਹੱਥਕੰਡਾ ਵਰਤ ਸਕਦੀ ਹੈ।

## ਸ਼ਰੀਫ ਖਿਲਾਫ ਕੇਸ ਦਰਜ ਕਰਨ ਦੇ ਹੁਕਮ

**ਲਾਹੌਰ:** ਪਾਕਿਸਤਾਨੀ ਅਦਾਲਤ ਨੇ ਮੌਲਾਨਾ ਤਾਹਿਰ-ਉਲ-ਕਾਦਰੀ ਦੇ 14 ਸਮਰਥਕਾਂ ਦੀ ਹੱਤਿਆ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਸਮੇਤ 19 ਲੋਕਾਂ ਖਿਲਾਫ਼ ਹੱਤਿਆ ਦਾ ਮਾਮਲਾ ਦਰਜ ਕਰਨ ਦੇ ਆਦੇਸ਼ ਦਿੱਤੇ ਹਨ। ਲਾਹੌਰ ਹਾਈ ਕੋਰਟ ਨੇ ਨਵਾਜ਼ ਸ਼ਰੀਫ ਸਰਕਾਰ ਦੇ ਤਿੰਨ ਮੰਤਰੀਆਂ ਦੀਆਂ ਉਨ੍ਹਾਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ, ਜੋ ਇਕ ਸੈਸ਼ਨ ਅਦਾਲਤ ਦੇ ਆਦੇਸ਼ ਖਿਲਾਫ਼ ਦਾਇਰ ਕੀਤੀਆਂ ਗਈਆਂ ਸਨ। ਸੈਸ਼ਨ ਅਦਾਲਤ ਨੇ ਕਾਦਰੀ ਦੀ ਪਾਰਟੀ ਪਾਕਿਸਤਾਨ ਅਵਾਮੀ ਤਹਿਰੀਕ ਦੀ ਅਰਜ਼ੀ 'ਤੇ ਇਨ੍ਹਾਂ ਖਿਲਾਫ਼ ਹੱਤਿਆ ਦਾ ਮਾਮਲਾ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸੀ। ਆਪਣੇ ਸੰਖੇਪ ਆਦੇਸ਼ ਵਿਚ ਹਾਈ ਕੋਰਟ ਦੇ ਜਸਟਿਸ ਮਹਿਮੂਦ ਮਕਬੂਲ ਬਾਜਵਾ ਨੇ ਕਿਹਾ ਕਿ ਸੂਚਨਾ ਮੰਤਰੀ ਪਰਵੇਜ਼ ਰਾਸ਼ਿਦ, ਰੇਲ ਮੰਤਰੀ ਖਵਾਜ਼ਾ ਸਾਦ ਰਫੀਕ ਅਤੇ ਜਲ ਤੇ ਬਿਜਲੀ ਰਾਜ ਮੰਤਰੀ ਆਬਿਦ ਸ਼ੇਰ ਅਲੀ ਆਪਣੇ ਮਾਮਲਿਆਂ ਨੂੰ ਸਥਾਪਤ ਕਰਨ ਵਿਚ ਨਕਾਮ ਰਹੇ ਹਨ।

## ਉਪ ਚੋਣਾਂ ਦੇ ਨਤੀਜਿਆਂ ਨੇ ਨਵੀਂ ਸਫਬੰਦੀ ਲਈ ਰਾਹ ਖੋਲ੍ਹਿਆ

*(ਸਫਾ ਇਕ ਦੀ ਬਾਕੀ)*

ਤਲਵੰਡੀ ਸਾਬੋ ਦੇ ਚੋਣ ਨਤੀਜਿਆਂ ਵਿਚ ਵੇਖਣ ਨੂੰ ਮਿਲਿਆ।

ਜ਼ਿਕਰਯੋਗ ਹੈ ਕਿ ਪਟਿਆਲਾ ਸੀਟ ਸੀਨੀਅਰ ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਚੁਣੇ ਜਾਣ ਕਾਰਨ ਖਾਲੀ ਹੋਈ ਸੀ ਜਦੋਂਕਿ ਤਲਵੰਡੀ ਸਾਬੋ ਸੀਟ ਜੀਤ ਮਹਿੰਦਰ ਸਿੰਘ ਸਿੱਧੂ ਦੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਜਾਣ ਕਰ ਕੇ ਖਾਲੀ ਹੋਈ ਸੀ। ਜੀਤ ਮਹਿੰਦਰ ਸਿੰਘ ਸਿੱਧੂ ਦੀ ਜਿੱਤ ਨਾਲ ਸ਼੍ਰੋਮਣੀ ਅਕਾਲੀ ਦਲ 29 ਸਾਲ ਬਾਅਦ ਹਲਕਾ ਤਲਵੰਡੀ ਸਾਬੋ 'ਤੇ ਮੁੜ ਕਾਬਜ਼ ਹੋਇਆ ਹੈ। ਸ. ਸਿੱਧੂ ਨੇ ਲਗਾਤਾਰ ਚੌਥੀ ਵਾਰ ਇਸ ਹਲਕੇ ਤੋਂ ਜਿੱਤ ਪ੍ਰਾਪਤ ਕਰ ਕੇ ਇਤਿਹਾਸ ਸਿਰਜਿਆ ਹੈ।

ਕਿਸੇ ਸਮੇਂ ਤਲਵੰਡੀ ਸਾਬੋ ਵਿਧਾਨ ਸਭਾ ਸੀਟ ਅਕਾਲੀਆਂ ਦਾ ਗੜ੍ਹ ਮੰਨੀ ਜਾਂਦੀ ਸੀ। 1985 ਵਿਚ ਇਥੋਂ ਅਕਾਲੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਜਿੱਤ ਕੇ ਬਰਨਾਲਾ ਸਰਕਾਰ ਵਿਚ ਖੇਤੀਬਾੜੀ ਮੰਤਰੀ ਬਣੇ। ਉਸ ਤੋਂ ਬਾਅਦ ਕਦੇ ਵੀ ਅਕਾਲੀ ਉਮੀਦਵਾਰ ਇਥੋਂ ਕਾਮਯਾਬ ਨਹੀਂ ਹੋਇਆ ਸੀ। 1992 ਵਿਚ ਅਕਾਲੀ ਦਲ ਵੱਲੋਂ ਚੋਣਾਂ ਦਾ ਬਾਈਕਾਟ ਕਰਨ ਕਰ ਕੇ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਜਿੱਤੇ। 1997 ਵਿਚ ਅਕਾਲੀ ਦਲ ਵਿਚ ਫੁੱਟ ਪੈਣ ਕਰ ਕੇ ਹਰਮਿੰਦਰ ਸਿੰਘ ਜੱਸੀ ਅਕਾਲੀ ਉਮੀਦਵਾਰ ਸ. ਸਿੱਧੂ ਨੂੰ ਹਰਾ ਕੇ ਦੂਜੀ ਵਾਰ ਜਿੱਤੇ। 2002 ਵਿਚ ਅਕਾਲੀ ਦਲ ਵੱਲੋਂ ਟਿਕਟ ਨਾ ਮਿਲਣ ਕਰ ਕੇ ਬਾਗੀ ਹੋ ਕੇ ਆਜ਼ਾਦ ਤੌਰ 'ਤੇ ਚੋਣ ਲੜੇ ਜੀਤ ਮਹਿੰਦਰ ਸਿੰਘ ਸਿੱਧੂ ਕਾਂਗਰਸ ਤੇ ਅਕਾਲੀ ਦਲ ਨੂੰ ਹਰਾ ਕੇ ਜੇਤੂ ਰਹੇ। 2007 ਤੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ. ਸਿੱਧੂ ਇਸ ਹਲਕੇ ਤੋਂ ਲਗਾਤਾਰ ਦੋ ਵਾਰ ਕਾਂਗਰਸ ਦੇ ਉਮੀਦਵਾਰ ਵਜੋਂ ਕਾਮਯਾਬ ਹੋਏ।

ਹੁਣ 21 ਅਗਸਤ ਨੂੰ ਹੋਈ ਜ਼ਿਮਨੀ ਚੋਣ ਵਿਚ ਕੁਲ ਵੋਟ 1,44,316 ਵਿਚੋਂ 1,18,690 ਵੋਟਾਂ ਪੋਲਿੰਗ ਹੋਈਆਂ। ਇਨ੍ਹਾਂ ਵਿਚੋਂ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ 71747, ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ 25105, ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੂੰ 13899 ਤੇ ਆਜ਼ਾਦ ਉਮੀਦਵਾਰ ਬਲਕਾਰ ਸਿੱਧੂ ਨੂੰ 6305 ਵੋਟਾਂ ਮਿਲੀਆਂ। ਸ. ਸਿੱਧੂ ਨੇ ਹਰਮਿੰਦਰ ਸਿੰਘ ਜੱਸੀ ਨੂੰ 46642 ਵੋਟਾਂ ਨਾਲ ਹਰਾਇਆ।

ਪਟਿਆਲਾ (ਸ਼ਹਿਰੀ) ਜ਼ਿਮਨੀ ਚੋਣ ਵਿਚ ਕਾਂਗਰਸ ਨੇ ਲਗਾਤਾਰ ਚੌਥੀ ਵਾਰ ਬਾਜ਼ੀ ਮਾਰੀ ਹੈ। ਕਾਂਗਰਸ ਦੀ ਉਮੀਦਵਾਰ ਪ੍ਰਨੀਤ ਕੌਰ ਨੇ ਅਕਾਲੀ ਦਲ ਦੇ ਭਗਵਾਨ ਦਾਸ ਜੁਨੇਜਾ ਨੂੰ 23282 ਵੋਟਾਂ ਨਾਲ ਹਰਾਇਆ। ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਇਥੋਂ ਜੇਤੂ ਰਹੇ ਹਨ ਤੇ ਇਹ ਸੀਟ ਉਨ੍ਹਾਂ ਦੇ ਅਸਤੀਫ਼ੇ ਨਾਲ ਹੀ ਖਾਲੀ ਹੋਈ ਸੀ।

ਪ੍ਰਨੀਤ ਕੌਰ ਨੂੰ ਇਥੋਂ ਪਹਿਲੀ ਮਹਿਲਾ ਵਿਧਾਇਕ ਬਣਨ ਦਾ ਮਾਣ ਵੀ ਹਾਸਲ ਹੋਇਆ ਹੈ। ਪਿਛਲੀਆਂ ਅੱਠ ਚੋਣਾਂ ਵਿਚੋਂ ਕਾਂਗਰਸ ਦੀ ਇਥੇ ਇਹ ਸੱਤਵੀਂ ਤੇ ਹੁਣ ਤੱਕ ਦੀਆਂ ਪੰਦਰਾਂ ਚੋਣਾਂ ਵਿਚੋਂ ਦਸਵੀਂ ਜਿੱਤ ਹੈ।

ਇਸ ਜ਼ਿਮਨੀ ਚੋਣ ਲਈ ਇਸ ਹਲਕੇ ਦੀਆਂ ਕੁਲ 1,51,461 ਵੋਟਾਂ ਵਿਚੋਂ 89,570 ਵੋਟਾਂ ਪੋਲ ਹੋਈਆਂ ਸਨ। ਪ੍ਰਨੀਤ ਕੌਰ ਨੇ 52967 (59 ਫੀਸਦੀ) ਵੋਟਾਂ ਹਾਸਲ ਕੀਤੀਆਂ। ਭਗਵਾਨ ਦਾਸ ਜੁਨੇਜਾ ਨੂੰ 29685 (33 ਫੀਸਦੀ) ਵੋਟਾਂ ਪਈਆਂ। ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਜੀਤ ਸਿੰਘ ਅਦਾਲਤੀਵਾਲਾ ਨੂੰ ਸਿਰਫ਼ 5624 (ਕਰੀਬ 6 ਫੀਸਦੀ) ਵੋਟਾਂ ਹੀ ਪਈਆਂ ਜਿਸ ਕਰ ਕੇ ਉਹ ਆਪਣੀ ਜ਼ਮਾਨਤ ਵੀ ਨਾ ਬਚਾਅ ਸਕੇ।

## ਨਰੇਂਦਰ ਮੋਦੀ ਲਹਿਰ ਨੂੰ ਹੁੱਝ

*(ਸਫਾ ਇਕ ਦੀ ਬਾਕੀ)*

6 ਸੀਟਾਂ ਸਨ। ਭਾਜਪਾ ਬਿਹਾਰ ਵਿਧਾਨ ਸਭਾ ਜ਼ਿਮਨੀ ਚੋਣ ਵਿਚ ਰਾਸ਼ਟਰੀ ਜਨਤਾ ਦਲ-ਜਨਤਾ ਦਲ (ਯੂ)-ਕਾਂਗਰਸ ਗਠਜੋੜ ਤੋਂ 4-6 ਦੇ ਫਰਕ ਨਾਲ ਪਛੜ ਗਈ ਹੈ ਤੇ ਕਰਨਾਟਕ ਤੇ ਮੱਧ ਪ੍ਰਦੇਸ਼ ਵਿਚ ਇਸ ਦੇ ਦੋ ਗੜ੍ਹ ਕਾਂਗਰਸ ਨੇ ਖੋਹ ਲਏ ਹਨ। ਕਰਨਾਟਕ ਵਿਚ ਕਾਂਗ਼ਰਸ ਨੇ ਦੋ ਸੀਟਾਂ 'ਤੇ ਕਬਜ਼ਾ ਕਰ ਲਿਆ। ਇਸ ਨੇ ਭਾਜਪਾ ਤੋਂ ਅਹਿਮ ਬੇਲਾਰੀ (ਦਿਹਾਤੀ) ਸੀਟ ਖੋਹ ਲਈ। ਭਾਜਪਾ ਨੂੰ ਸੂਬੇ ਵਿਚ ਇਕ ਸੀਟ ਮਿਲੀ ਹੈ। ਮੱਧ ਪ੍ਰਦੇਸ਼ ਵਿਚ ਤਿੰਨ ਸੀਟਾਂ 'ਤੇ ਹੋਈ ਜ਼ਿਮਨੀ ਚੋਣ ਵਿਚੋਂ ਭਾਜਪਾ ਦੋ ਸੀਟਾਂ ਲੈ ਗਈ ਤੇ ਇਕ ਸੀਟ ਕਾਂਗਰਸ ਹਿੱਸੇ ਆ ਗਈ। ਜਿੱਤ ਤੋਂ ਬਾਅਦ ਜਨਤਾ ਦਲ (ਯੂ) ਦੇ ਨਿਤੀਸ਼ ਕੁਮਾਰ ਨੇ ਕਿਹਾ ਕਿ ਭਾਜਪਾ ਦੇ ਫਿਰਕੂ ਏਜੰਡੇ ਨੂੰ ਰੋਕਣ ਲਈ ਗਠਜੋੜ ਵਿਚ ਹੁਣ ਖੱਬੀਆਂ ਪਾਰਟੀਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਦਰਅਸਲ, ਲੋਕ ਸਭਾ ਚੋਣਾਂ ਤੋਂ ਬਾਅਦ ਨਰੇਂਦਰ ਮੋਦੀ ਅਜੇ ਕੁਝ ਵੀ ਅਜਿਹਾ ਨਹੀਂ ਕਰ ਵਿਖਾਏ ਜਿਸ ਬਾਰੇ ਜਨਤਾ ਨੂੰ ਸੁਫਨੇ ਵਿਖਾਏ ਸਨ। ਸ੍ਰੀ ਮੋਦੀ ਨੇ ਹੁਣ ਤੱਕ ਪਿਛਲੀ ਕਾਂਗਰਸ ਸਰਕਾਰ ਦੀਆਂ ਨੀਤੀਆਂ 'ਤੇ ਹੀ ਮੋਹਰ ਲਾਈ ਹੈ ਜਿਸ ਤੋਂ ਜਨਤਾ ਖੁਸ਼ ਨਜ਼ਰ ਨਹੀਂ ਆ ਰਹੀ। ਇਸ ਤੋਂ ਇਲਾਵਾ ਮੋਦੀ ਸਰਕਾਰ ਬਣਨ ਮਗਰੋਂ ਸੰਘ ਪਰਿਵਾਰ ਦੀ ਸਰਗਰਮੀ ਨੇ ਵੀ ਲੋਕਾਂ ਖਾਸਕਰ ਘੱਟ-ਗਿਣਤੀਆਂ ਵਿਚ ਕਈ ਸ਼ੰਕੇ ਖੜ੍ਹੇ ਕਰ ਦਿੱਤੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬੀਆਂ ਨੂੰ ਸ਼ੌਕ ਹਥਿਆਰਾਂ ਦਾ

**ਬਠਿੰਡਾ:** ਮੁਲਕ ਵਿਚੋਂ ਪੰਜਾਬ ਲਾਇਸੈਂਸੀ ਹਥਿਆਰਾਂ ਦੇ ਮਾਮਲੇ 'ਚ ਦੂਸਰੇ ਨੰਬਰ 'ਤੇ ਪੁੱਜ ਗਿਆ ਹੈ। ਪਹਿਲਾ ਨੰਬਰ ਉੱਤਰ ਪ੍ਰਦੇਸ਼ ਹੈ, ਜਿਸ ਕੋਲ 11.17 ਲੱਖ ਲਾਇਸੈਂਸੀ ਹਥਿਆਰ ਹਨ। ਪੰਜਾਬ ਵਿਚ ਲਾਇਸੈਂਸੀ ਹਥਿਆਰਾਂ ਦੀ ਗਿਣਤੀ 2.97 ਲੱਖ ਹੈ ਜਦੋਂ ਕਿ ਪੰਜਾਬ ਵਿਚ ਪਰਿਵਾਰਾਂ ਦੀ ਗਿਣਤੀ 55.13 ਲੱਖ ਹੈ। ਇਸ ਹਿਸਾਬ ਨਾਲ ਸੂਬੇ ਦੇ ਹਰ ਅਠਾਰਵੇਂ ਪਰਿਵਾਰ ਦੇ ਹਿੱਸੇ ਇਕ ਲਾਇਸੈਂਸੀ ਹਥਿਆਰ ਆਇਆ ਹੈ। ਪੰਜਾਬ ਵਿਚ ਅਸਲਾ ਲਾਇਸੈਂਸਾਂ ਦੀ ਗਿਣਤੀ ਇਸ ਤੋਂ ਘੱਟ ਹੈ ਪਰ ਬਹੁਤੇ ਲਾਇਸੈਂਸ ਅਜਿਹੇ ਹਨ, ਜਿਨ੍ਹਾਂ 'ਤੇ ਇਕ ਤੋਂ ਵੱਧ ਹਥਿਆਰ ਚੜ੍ਹੇ ਹੋਏ ਹਨ।

ਗ੍ਰਹਿ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚੋਂ ਪਹਿਲਾਂ ਨੰਬਰ ਗੁਰਦਾਸਪੁਰ ਜ਼ਿਲ੍ਹੇ ਦਾ ਹੈ, ਜਿਥੇ 35793 ਲਾਇਸੈਂਸੀ ਹਥਿਆਰ ਹਨ ਜਦੋਂ ਕਿ ਦੂਸਰੇ ਨੰਬਰ 'ਤੇ ਜ਼ਿਲ੍ਹਾ ਬਠਿੰਡਾ ਹੈ, ਜਿਥੇ 32452 ਲਾਇਸੈਂਸੀ ਹਥਿਆਰ ਹਨ। ਲੁਧਿਆਣਾ ਵਿਚ 26362, ਜਲੰਧਰ ਵਿਚ 24365 ਤੇ ਪਟਿਆਲਾ ਵਿਚ 24309 ਲਾਇਸੈਂਸੀ ਹਥਿਆਰ ਹਨ। ਮਾਲਵਾ ਖ਼ਿੱਤੇ ਵਿਚ ਸਿਆਸੀ ਨੇਤਾਵਾਂ ਵੱਲੋਂ ਲਾਇਸੈਂਸੀ ਹਥਿਆਰਾਂ ਨੂੰ ਕਾਫ਼ੀ ਉਤਸ਼ਾਹਿਤ ਕੀਤਾ ਗਿਆ ਹੈ। ਸਮਾਜਿਕ ਕਾਰਕੁਨ ਲੋਕ ਬੰਧੂ ਦਾ ਕਹਿਣਾ ਸੀ ਕਿ ਬਠਿੰਡਾ ਖਿੱਤੇ ਵਿਚ ਤਾਂ ਵੋਟ ਸਿਆਸਤ ਲਈ ਅਸਲਾ ਲਾਇਸੈਂਸ ਦਾ 'ਲੌਲੀਪਾਪ' ਦਿੱਤਾ ਜਾਣ ਲੱਗਾ ਹੈ। ਹਾਕਮ ਧਿਰ ਵੱਲੋਂ ਖੁਦ ਅਸਲਾ ਲਾਇਸੈਂਸ ਲੋਕਾਂ ਨੂੰ ਬਣਾ ਕੇ ਦਿੱਤੇ ਜਾ ਰਹੇ ਹਨ।

ਸਾਲ 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਆਬਾਦੀ 2.77 ਕਰੋੜ ਹੈ। ਲਾਇਸੈਂਸੀ ਹਥਿਆਰਾਂ ਦੀ ਗਿਣਤੀ ਦੇ ਹਿਸਾਬ ਨਾਲ ਦੇਖੀਏ ਤਾਂ ਪੰਜਾਬ ਵਿਚ 93 ਵਿਅਕਤੀਆਂ ਪਿੱਛੇ ਇਕ ਲਾਇਸੈਂਸੀ ਹਥਿਆਰ ਹੈ। ਨੌਜਵਾਨਾਂ ਜਾਂ ਇਕ ਉਪਰਲੇ ਵਰਗ ਵਿਚ 32 ਬੋਰ ਦਾ ਕਾਨਪੁਰੀ ਰਿਵਾਲਵਰ ਹਰਮਨ ਪਿਆਰਾ ਹਥਿਆਰ ਬਣ ਗਿਆ ਹੈ। ਕਾਨਪੁਰ ਦੀ ਅਸਲਾ ਫੈਕਟਰੀ ਵੱਲੋਂ ਦਿੱਤੀ ਸਰਕਾਰੀ ਸੂਚਨਾ ਮੁਤਾਬਕ ਪੰਜਾਬ ਦੇ ਲੋਕਾਂ ਨੇ ਪੰਜ ਵਰ੍ਹਿਆਂ ਵਿਚ ਕਾਨਪੁਰ ਦੀ ਅਸਲਾ ਫੈਕਟਰੀ ਵਿਚੋਂ 67.60 ਕਰੋੜ ਰੁਪਏ ਦੇ ਰਿਵਾਲਵਰ ਖਰੀਦੇ ਹਨ। ਕਾਨਪੁਰ ਦੇ 32 ਬੋਰ ਰਿਵਾਲਵਰ ਦੀ ਕੀਮਤ ਤਕਰੀਬਨ 85 ਹਜ਼ਾਰ ਰੁਪਏ ਹੈ।

ਹਥਿਆਰਾਂ ਦੇ ਜਾਣਕਾਰ ਸੁਖਦੇਵ ਸਿੰਘ ਸੁੱਖਾ (ਤਲਵੰਡੀ ਸਾਬੋ) ਦਾ ਪ੍ਰਤੀਕਰਮ ਸੀ ਕਿ ਪੰਜਾਬ ਦੇ ਨੌਜਵਾਨ ਸ਼ੋਹਰਤ ਵਾਸਤੇ ਲਾਇਸੈਂਸੀ ਹਥਿਆਰ ਖਰੀਦ ਰਹੇ ਹਨ ਜਦੋਂ ਕਿ ਰਾਜ ਵਿਚ ਸੁਰੱਖਿਆ ਦੇ ਪੱਖ ਤੋਂ ਕੋਈ ਖਤਰਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਆਖਿਆ ਕਿ ਲੋੜ ਤਾਂ ਸਿਰਫ਼ ਵੱਡੇ ਕਾਰੋਬਾਰੀ ਲੋਕਾਂ ਤੇ ਢਾਣੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਹੈ ਪਰ ਮਾਲਵਾ ਪੱਟੀ ਵਿਚ ਹਥਿਆਰ ਹੁਣ ਸਟੇਟਸ ਸਿੰਬਲ ਬਣ ਗਿਆ ਹੈ। ਸੂਤਰ ਦੱਸਦੇ ਹਨ ਕਿ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਵਿਚ ਤਾਂ ਵੱਡੇ ਨੇਤਾਵਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਕੋਲ ਹਰ ਮਹੀਨੇ ਬਾਕਾਇਦਾ ਨਵੇਂ ਅਸਲਾ ਲਾਇਸੈਂਸਾਂ ਦੀ ਸੂਚੀ ਭੇਜੀ ਜਾਂਦੀ ਹੈ। ਪੰਜਾਬ ਵਿਚ ਸੈਂਕੜੇ ਅਧਿਆਪਕਾਂ ਕੋਲ ਵੀ ਲਾਇਸੈਂਸੀ ਹਥਿਆਰ ਹਨ। ਮੋਗਾ ਜ਼ਿਲ੍ਹੇ ਵਿਚ ਪਿਛਲੇ ਦਿਨੀਂ ਇਕ ਸਕੂਲ ਅਧਿਆਪਕ ਤੋਂ ਕੁਝ ਵਿਅਕਤੀ ਉਸ ਦਾ ਲਾਇਸੈਂਸੀ ਹਥਿਆਰ ਖੋਹ ਕੇ ਵੀ ਲੈ ਗਏ ਸਨ। ਬਠਿੰਡਾ ਜ਼ਿਲ੍ਹੇ ਵਿਚ ਤਕਰੀਬਨ ਡੇਢ ਦਰਜਨ ਅਧਿਆਪਕਾਂ ਕੋਲ ਲਾਇਸੈਂਸੀ ਹਥਿਆਰ ਹਨ।

# ਚਾਰ ਸੂਬਿਆਂ ਨੂੰ ਮਿਲੇ ਨਵੇਂ ਰਾਜਪਾਲ

**ਨਵੀਂ ਦਿੱਲੀ:** ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਰਾਜਸਥਾਨ ਦਾ ਰਾਜਪਾਲ ਨਿਯੁਕਤ ਕਰ ਦਿੱਤਾ ਗਿਆ ਤੇ ਇਸ ਦੇ ਨਾਲ ਹੀ ਕੇਂਦਰ ਨੇ ਮਹਾਰਾਸ਼ਟਰ, ਕਰਨਾਟਕ ਤੇ ਗੋਆ ਵਿਚ ਤਿੰਨ ਹੋਰ ਭਾਜਪਾ ਆਗੂਆਂ ਦੀ ਰਾਜਪਾਲਾਂ ਵਜੋਂ ਨਿਯੁਕਤੀ ਕਰ ਦਿੱਤੀ। ਗੁਜਰਾਤ ਦੇ ਸਪੀਕਰ ਵੱਜੂਭਾਈ ਵਾਲਾ ਨੂੰ ਕਰਨਾਟਕ ਦਾ ਰਾਜਪਾਲ ਲਾਇਆ ਗਿਆ ਹੈ, ਜਿਥੇ ਹਾਲ ਹੀ ਵਿਚ ਸ੍ਰੀ ਐਚ.ਆਰ. ਭਾਰਦਵਾਜ ਦਾ ਕਾਰਜਕਾਲ ਸਮਪਾਤ ਹੋਇਆ ਹੈ। ਸਾਬਕਾ ਕੇਂਦਰੀ ਮੰਤਰੀ ਵਿਦਿਆ ਸਾਗਰ ਰਾਓ, ਮਹਾਰਾਸ਼ਟਰ ਦੇ ਰਾਜਪਾਲ ਵਜੋਂ ਅਹੁਦਾ ਸੰਭਾਲਣਗੇ। ਕੇ. ਸ਼ੰਕਰਾਨਰਾਇਣਨ ਨੂੰ ਹਾਲ ਹੀ ਵਿਚ ਮਹਾਰਾਸ਼ਟਰ ਤੋਂ ਮਿਜ਼ੋਰਮ ਤਬਦੀਲ ਕਰਨ ਉਤੇ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਭਾਜਪਾ ਦੇ ਮਹਿਲਾ ਮੋਰਚਾ ਦੀ ਸਾਬਕਾ ਪ੍ਰਧਾਨ 71 ਸਾਲਾ ਮ੍ਰਿਦੁਲਾ ਸਿਨਹਾ ਨੂੰ ਬੀ. ਵੀ ਵਾਂਚੂ ਦੀ ਥਾਂ ਗੋਆ ਦੀ ਰਾਜਪਾਲ ਲਾਇਆ ਗਿਆ ਹੈ। ਕੇਂਦਰ ਵਿਚ ਨਵੀਂ ਸਰਕਾਰ ਬਣਨ ਮਗਰੋਂ ਵਾਂਚੂ ਨੂੰ ਲਾਂਭੇ ਹੋਣ ਲਈ ਕਹਿ ਦਿੱਤਾ ਗਿਆ ਸੀ। ਰਾਸ਼ਟਰਪਤੀ ਭਵਨ ਦੇ ਸੂਤਰਾਂ ਅਨੁਸਾਰ 82 ਸਾਲਾ ਕਲਿਆਣ ਸਿੰਘ ਰਾਜਸਥਾਨ ਵਿਚ ਅਹੁਦਾ ਸੰਭਾਲਣਗੇ। ਉਧਰ ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਕੇਰਲਾ ਦੇ ਰਾਜਪਾਲ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਤਰ੍ਹਾਂ ਯੂਪੀਏ ਸਰਕਾਰ ਵੱਲੋਂ ਨਿਯੁਕਤ ਤੇ ਐਨ.ਡੀ.ਏ. ਦੇ ਸੱਤਾ ਵਿਚ ਆਉਣ ਮਗਰੋਂ ਅਹੁਦਾ ਛੱਡਣ ਵਾਲੀ ਉਹ ਅੱਠਵੀਂ ਰਾਜਪਾਲ ਬਣ ਗਈ ਹੈ।


# Golden State Realty

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਸ਼੍ਰੋਮਣੀ ਕਮੇਟੀ ਕਰੇਗੀ ਦਰਬਾਰ ਸਾਹਿਬ ਕੰਪਲੈਕਸ ਦੇ ਚੌਗਿਰਦੇ ਦੀ ਸਫਾਈ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੀ ਸਾਫ-ਸਫਾਈ ਤੇ ਸਾਂਭ-ਸੰਭਾਲ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪਣੇ ਹੱਥਾਂ ਵਿਚ ਲੈਣ ਦਾ ਫੈਸਲਾ ਕੀਤਾ ਹੈ। ਇਹ ਕਾਰਜ ਸੰਗਤ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਰੂਹਾਨੀਅਤ ਦੇ ਕੇਂਦਰ ਸੱਚਖੰਡ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਤੇ ਆਉਣ ਵਾਲੇ ਰਸਤਿਆਂ ਦੀ ਸਾਫ ਸਫਾਈ ਤੇ ਸਾਂਭ ਸੰਭਾਲ ਦਾ ਕੰਮ ਸ਼੍ਰੋਮਣੀ ਕਮੇਟੀ ਨੇ ਆਪਣੇ ਜ਼ਿੰਮੇ ਲਿਆ ਹੈ। ਪਹਿਲਾਂ ਇਹ ਕੰਮ ਨਗਰ ਨਿਗਮ ਵੱਲੋਂ ਕੀਤਾ ਜਾਂਦਾ ਸੀ ਪਰ ਨਗਰ ਨਿਗਮ ਵੱਲੋਂ ਯੋਗ ਢੰਗ ਨਾਲ ਸਫਾਈ ਦੇ ਪ੍ਰਬੰਧ ਨਾ ਹੋਣ ਕਾਰਨ ਇਥੇ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੇ ਮਨਾਂ ਵਿਚ ਸਫਾਈ ਪੱਖੋਂ ਮਾੜਾ ਪ੍ਰਭਾਵ ਪੈਂਦਾ ਸੀ। ਉਨ੍ਹਾਂ ਕਿਹਾ ਕਿ ਪਾਵਨ ਅਸਥਾਨ ਦੀ ਖੂਬਸੂਰਤੀ ਨੂੰ ਸਦੀਵੀ ਰੂਪ ਵਿਚ ਬਹਾਲ ਰੱਖਣ ਲਈ ਉਪਰਾਲੇ ਕੀਤੇ ਜਾਣਗੇ।

ਦੱਸਣਯੋਗ ਹੈ ਕਿ ਨਗਰ ਨਿਗਮ ਵੱਲੋਂ ਸਫਾਈ ਵਾਸਤੇ ਵਿਸ਼ੇਸ਼ ਰਾਤਰੀ ਸਫਾਈ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜੋ ਬੰਦ ਕਰ ਦਿੱਤੀ ਗਈ ਹੈ। ਹੁਣ ਪਰਵਾਸੀ ਸਿੱਖ ਜੋੜੇ ਵੱਲੋਂ ਇਸ ਖੇਤਰ ਦੀ ਸਾਫ-ਸਫਾਈ ਲਈ ਆਪਣੇ ਤੌਰ 'ਤੇ ਛੇ ਕਰਮਚਾਰੀ ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਕਰਮਚਾਰੀਆਂ ਨੂੰ ਸਫਾਈ ਤੇ ਕੂੜਾ ਚੁੱਕਣ ਵਾਸਤੇ ਗੱਡੀਆਂ ਵੀ ਮੁਹੱਈਆ ਕੀਤੀਆਂ ਗਈਆਂ ਹਨ।



ਇਸੇ ਤਰ੍ਹਾਂ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜ ਸਰੋਵਰ ਯਾਤਰਾ ਦੇ ਰਸਤਿਆਂ ਦੀ ਸਫਾਈ ਵੀ ਅਜਨਾਲਾ ਸਥਿਤ ਧਾਰਮਿਕ ਸ਼ਖਸੀਅਤ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ।

ਫ਼ਤਹਿਗੜ੍ਹ ਸਾਹਿਬ ਦੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਦੇ ਵਿਹੜੇ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸੈਕਸ਼ਨ 85, ਸੈਕਸ਼ਨ 87 ਤੇ ਹੋਰ ਮਾਮਲੇ ਵੀ ਵਿਚਾਰੇ ਗਏ। ਇਕੱਤਰਤਾ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਦੀ ਗਿਣਤੀ ਘਟਾਉਣ ਦੇ ਫੈਸਲੇ ਦੀ ਵੀ ਸਖ਼ਤ ਨਿਖੇਧੀ ਕੀਤੀ ਗਈ। ਉਨ੍ਹਾਂ ਇਸ ਨੂੰ ਕਾਂਗਰਸ ਸਰਕਾਰ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਾਰ ਦਿੱਤਾ ਹੈ। ਇਕੱਤਰਤਾ ਵੱਲੋਂ ਪੰਜਾਬੀ ਫ਼ਿਲਮ 'ਕੌਮ ਦੇ ਹੀਰੇ' ਉਤੇ ਰੋਕ ਲਾਉਣ ਨੂੰ ਵੀ ਮੰਦਭਾਗਾ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਸੈਂਸਰ ਬੋਰਡ ਨੇ ਫ਼ਿਲਮ ਦੇ ਰਿਲੀਜ਼ ਹੋਣ 'ਤੇ ਕੋਈ ਇਤਰਾਜ਼ ਨਹੀਂ ਕੀਤਾ ਤਾਂ ਫਿਰ ਇਸ ਨੂੰ ਜਾਰੀ ਕਰਨ ਤੋਂ ਰੋਕਣਾ ਮੰਦਭਾਗਾ ਹੈ। ਇਕੱਤਰਤਾ ਵੱਲੋਂ ਸਹਾਰਨਪੁਰ ਵਿਖੇ ਵਾਪਰੀਆਂ ਫਿਰਕੂ ਘਟਨਾਵਾਂ ਵਿਚ ਪੀੜਤ ਸਿੱਖ ਵਿਅਕਤੀਆਂ ਨੂੰ ਇਕ ਕਰੋੜ ਰੁਪਏ ਦੀ ਸ਼੍ਰੋਮਣੀ ਕਮੇਟੀ ਵੱਲੋਂ ਮਾਲੀ ਮਦਦ ਮੁਹੱਈਆ ਕਰਨ ਦੀ ਸ਼ਲਾਘਾ ਕੀਤੀ ਗਈ ਹੈ। ਇਸੇ ਤਰ੍ਹਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਦੂਜੇ ਸੂਬਿਆਂ ਵਿਚ ਵਧੇਰੇ ਪ੍ਰਚਾਰਕ ਰੱਖੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ। ਗੁਰਦੁਆਰਾ ਸ੍ਰੀ ਨਾਨਕਮੱਤਾ ਉਤਰਾਂਚਲ ਵਿਖੇ ਸਿੱਖ ਮਿਸ਼ਨ ਦੇ ਸਬ ਆਫ਼ਿਸ ਦੀ ਸਥਾਪਨਾ ਕਰਨ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਵਿਖੇ ਵਿਦਿਆਰਥੀਆਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਾਉਣ ਲਈ ਆਰ.ਓ. ਸਿਸਟਮ ਲਾਉਣ ਤੇ ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ ਜ਼ਿਲ੍ਹਾ ਕਰਨਾਲ ਵਿਚ ਵਿਦਿਆਰਥੀਆਂ ਨੂੰ ਹਾਰਮੋਨੀਅਮ, ਤਬਲਾ ਸੈੱਟ, ਪਾਣੀ ਦੇ ਕੂਲਰ ਮੁਹੱਈਆ ਕਰਾਉਣ ਦੇ ਫ਼ੈਸਲਿਆਂ 'ਤੇ ਮੋਹਰ ਲਾਈ ਗਈ ਹੈ। ਇਸ ਤੋਂ ਇਲਾਵਾ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਤੇ ਰੰਗ ਰੋਗਨ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਮੀਟਿੰਗ ਬਾਰੇ ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਨਿਵਾਸ ਦਾ ਨਵੀਨੀਕਰਨ ਕਰਕੇ ਉਸ ਦੀ ਪੁਰਾਣੀ ਦਿੱਖ ਨੂੰ ਬਹਾਲ ਰੱਖਿਆ ਜਾਵੇਗਾ।

## ਅੰਮ੍ਰਿਤਸਰ ਵਿਚ ਰੁੱਖਾਂ ਦੀ ਕਟਾਈ ਖਿਲਾਫ ਕੈਪਟਨ ਹਾਈਕੋਰਟ 'ਚ

**ਚੰਡੀਗੜ੍ਹ:** ਅੰਮ੍ਰਿਤਸਰ ਪਾਰਲੀਮਾਨੀ ਹਲਕੇ ਤੋਂ ਕਾਂਗਰਸ ਦੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਪਵਿੱਤਰ ਨਗਰੀ ਵਿਚ ਵਿਕਾਸ ਦੇ ਨਾਂ 'ਤੇ ਸੈਂਕੜੇ ਰੁੱਖਾਂ ਨੂੰ ਕੱਟਣ ਤੋਂ ਬਚਾਉਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਕੁੰਡਾ ਖੜਕਾਇਆ ਹੈ। ਉਨ੍ਹਾਂ ਦਰੱਖਤਾਂ ਦੀ ਪ੍ਰਸਤਾਵਿਤ ਕਟਾਈ ਨਾਲ ਅੰਮ੍ਰਿਤਸਰ ਦੇ ਕੰਕਰੀਟ ਜੰਗਲ ਬਣ ਜਾਣ ਦਾ ਖਦਸ਼ਾ ਜ਼ਾਹਰ ਕਰਦਿਆਂ ਵਾਤਾਵਰਨ ਉਤੇ ਵੀ ਬੁਰਾ ਅਸਰ ਪੈਣ ਦੀ ਸੰਭਾਵਨਾ ਹੈ। ਪਟੀਸ਼ਨ ਵਿਚ ਪੰਜਾਬ ਸਰਕਾਰ ਦੀ ਬੇਰੁਖੀ ਤੇ ਅਧਿਕਾਰੀਆਂ ਦੀ ਸਮਝ 'ਤੇ ਸਵਾਲ ਚੁੱਕਦਿਆਂ ਕੈਪਟਨ ਨੇ ਕਿਹਾ ਹੈ ਕਿ ਜਿਨ੍ਹਾਂ ਦਰੱਖ਼ਤਾਂ 'ਤੇ ਕੁਹਾੜੀ ਚੱਲਣੀ ਹੈ, ਉਨ੍ਹਾਂ ਵਿਚੋਂ ਕਈ ਤਾਂ ਦੁਰਲੱਭ ਕਿਸਮ ਦੇ ਹਨ ਤੇ ਇਨ੍ਹਾਂ ਵਿਚੋਂ ਕਈ 100 ਸਾਲ ਤੋਂ ਵੱਧ ਪੁਰਾਣੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅੰਮ੍ਰਿਤਸਰ ਦੇ ਲੋਕਾਂ ਨੇ ਵਾਰ-ਵਾਰ ਇਹ ਮਾਮਲਾ ਅਫਸਰਾਂ ਤੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ। ਲੋਕ ਨੁਮਾਇੰਦਾ ਹੋਣ ਕਰਕੇ ਉਹ ਦਰੱਖ਼ਤਾਂ ਦੀ ਤਜਵੀਜ਼ਤ ਕਟਾਈ ਖਿਲਾਫ਼ ਇਹ ਪਟੀਸ਼ਨ ਦਾਖਲ ਕਰ ਰਹੇ ਹਨ ਤੇ ਸਰਕਾਰ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਕਮੇਟੀ ਬਣਾ ਕੇ ਰੁੱਖਾਂ ਨੂੰ ਬਚਾਉਣ ਲਈ ਸਰਵੇਖਣ ਕਰਵਾਏ। ਜਨਹਿਤ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਅਦਾਲਤ ਨੇ ਪੰਜਾਬ ਸਰਕਾਰ ਤੇ ਸਬੰਧਤ ਧਿਰਾਂ ਨੂੰ ਲੋਕਾਂ ਵੱਲੋਂ ਚੁੱਕੇ ਗਏ ਇਤਰਾਜ਼ਾਂ ਦਾ ਤਿੰਨ ਹਫ਼ਤਿਆਂ ਵਿਚ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ।

# ਸ਼੍ਰੋਮਣੀ ਕਮੇਟੀ ਨੂੰ ਇਕ ਹੋਰ ਝਟਕਾ; ਤਖਤ ਹਜ਼ੂਰ ਸਾਹਿਬ ਬੋਰਡ 'ਚ ਨੁਮਾਇੰਦਗੀ ਘਟੀ

## ਹੁਣ ਚਾਰ ਦੀ ਥਾਂ ਸਿਰਫ ਇਕ ਮੈਂਬਰ ਹੋਵੇਗਾ ਨਾਮਜ਼ਦ

**ਅੰਮ੍ਰਿਤਸਰ:** ਮਹਾਰਾਸ਼ਟਰ ਸਰਕਾਰ ਨੇ ਇਕ ਅਹਿਮ ਕੈਬਨਿਟ ਫੈਸਲੇ ਵਿਚ ਜਸਟਿਸ ਭਾਟੀਆ ਕਮੇਟੀ ਦੀ ਰਿਪੋਰਟ ਲਾਗੂ ਕਰਦਿਆਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਘਟਾ ਦਿੱਤੀ ਹੈ। ਹੁਣ ਸ਼੍ਰੋਮਣੀ ਕਮੇਟੀ ਦੇ ਚਾਰ ਮੈਂਬਰਾਂ ਦੀ ਥਾਂ ਸਿਰਫ ਇਕ ਮੈਂਬਰ ਹੀ ਬੋਰਡ ਲਈ ਨਾਮਜ਼ਦ ਹੋਵੇਗਾ। ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਪਹਿਲਾਂ ਕੁੱਲ 17 ਮੈਂਬਰ ਸਨ। ਇਨ੍ਹਾਂ ਵਿਚੋਂ 14 ਮੈਂਬਰ ਨਾਮਜ਼ਦ ਕੀਤੇ ਜਾਂਦੇ ਸਨ ਅਤੇ ਤਿੰਨ ਮੈਂਬਰ ਚੁਣੇ ਜਾਂਦੇ ਸਨ। ਨਾਮਜ਼ਦ ਕੀਤੇ ਜਾਣ ਵਾਲੇ ਕੁੱਲ ਮੈਂਬਰਾਂ ਵਿਚੋਂ ਚਾਰ ਮੈਂਬਰ ਸ਼੍ਰੋਮਣੀ ਕਮੇਟੀ ਦੇ ਚੁਣੇ ਜਾਂਦੇ ਸਨ ਪਰ ਹੁਣ ਸੋਧ ਕਰਕੇ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ।

ਹੁਣ ਬੋਰਡ ਦੇ ਮੈਂਬਰਾਂ ਦੀ ਗਿਣਤੀ 21 ਹੋਵੇਗੀ। ਇਸ ਵਿਚੋਂ 18 ਮੈਂਬਰ ਚੁਣੇ ਜਾਣਗੇ ਤੇ ਤਿੰਨ ਮੈਂਬਰ ਨਾਮਜ਼ਦ ਕੀਤੇ ਜਾਣਗੇ। ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਵਿਚੋਂ ਸਿਰਫ਼ ਇਕ ਮੈਂਬਰ ਸ਼੍ਰੋਮਣੀ ਕਮੇਟੀ ਦਾ ਹੋਵੇਗਾ।

ਪ੍ਰਬੰਧਕੀ ਬੋਰਡ ਦੇ ਨਾਮਜ਼ਦ ਕੀਤੇ ਜਾਂਦੇ 14 ਮੈਂਬਰਾਂ ਵਿਚੋਂ ਚਾਰ ਸ਼੍ਰੋਮਣੀ ਕਮੇਟੀ ਵੱਲੋਂ, ਦੋ ਸਿੱਖ ਸੰਸਦ ਮੈਂਬਰ, ਚਾਰ ਹਜ਼ੂਰੀ ਖਾਲਸਾ ਦੀਵਾਨ ਵੱਲੋਂ, ਇਕ ਸਿੱਖ ਨੁਮਾਇੰਦਾ ਆਂਧਰਾ ਪ੍ਰਦੇਸ਼ ਤੇ ਇਕ ਸਿੱਖ ਨੁਮਾਇੰਦਾ ਮਹਾਰਾਸ਼ਟਰ ਸਰਕਾਰ ਦਾ ਸ਼ਾਮਲ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟਰੇਟ ਤੇ ਮੱਧ ਪ੍ਰਦੇਸ਼ ਦਾ ਇਕ ਨੁਮਾਇੰਦਾ ਸ਼ਾਮਲ ਕੀਤਾ ਜਾਂਦਾ ਸੀ।

ਪ੍ਰਬੰਧਕੀ ਬੋਰਡ ਦੇ ਚੇਅਰਮੈਨ ਵਿਜੈ ਸਤਬੀਰ ਸਿੰਘ ਨੇ ਕਿਹਾ ਕਿ ਭਾਟੀਆ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮਹਾਰਾਸ਼ਟਰ ਸਰਕਾਰ ਦੀ ਕੈਬਨਿਟ ਨੇ ਪ੍ਰਵਾਨਗੀ ਦੇ ਦਿੱਤੀ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇ ਤੇ ਖਾਸ ਕਰਕੇ ਚੁਣੇ ਹੋਏ ਮੈਂਬਰਾਂ ਦੀ ਗਿਣਤੀ 18 ਕੀਤੀ ਜਾਵੇ।

ਕੈਬਨਿਟ ਵੱਲੋਂ ਪ੍ਰਵਾਨਗੀ ਮਿਲਣ ਮਗਰੋਂ ਹੁਣ ਬੋਰਡ ਦੇ ਕੁੱਲ ਮੈਂਬਰਾਂ ਦੀ ਗਿਣਤੀ 21 ਹੋਵੇਗੀ। ਇਸ ਵਿਚੋਂ 18 ਮੈਂਬਰ ਵੋਟਾਂ ਰਾਹੀਂ ਚੁਣੇ ਜਾਣਗੇ। ਨੌਂ ਮੈਂਬਰ ਨੰਦੇੜ ਸਾਹਿਬ ਤੋਂ ਚੁਣੇ ਜਾਣਗੇ। ਹੁਣ ਸਿਰਫ ਤਿੰਨ ਮੈਂਬਰ ਹੀ ਨਾਮਜ਼ਦ ਕੀਤੇ ਜਾਣਗੇ। ਇਨ੍ਹਾਂ ਵਿਚ ਇਕ ਮੈਂਬਰ ਜ਼ਿਲ੍ਹਾ ਕੁਲੈਕਟਰ ਵੱਲੋਂ ਤੇ ਇਕ ਨੁਮਾਇੰਦਾ ਮਹਾਰਾਸ਼ਟਰ ਸਰਕਾਰ ਦਾ ਹੋਵੇਗਾ। ਇਸ ਤੋਂ ਇਲਾਵਾ ਇਕ ਨੁਮਾਇੰਦਾ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੋਧ ਨਾਲ ਨੰਦੇੜ ਸਾਹਿਬ ਤੇ ਇਸ ਦੇ ਆਲੇ-ਦੁਆਲੇ ਦੇ ਸਿੱਖਾਂ ਨੂੰ ਵਧੇਰੇ ਨੁਮਾਇੰਦਗੀ ਮਿਲੇਗੀ। ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਘਟਾਉਣ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਇਸ ਵਿਚ ਸ਼ਾਮਲ ਹੈ। ਹੁਣ ਚਾਰ ਸੀਟਾਂ ਮਹਿਲਾਵਾਂ ਲਈ ਵੀ ਰਾਖਵੀਆਂ ਕਰ ਦਿੱਤੀਆਂ ਗਈਆਂ ਹਨ। ਇਸ ਬਾਰੇ ਛੇਤੀ ਹੀ ਨੋਟੀਫਿਕੇਸ਼ਨ ਜਾਰੀ ਹੋ ਜਾਵੇਗਾ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਆਖਿਆ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਦੀ ਗਿਣਤੀ 17 ਦੀ ਬਜਾਇ ਭਾਵੇਂ 21 ਕੀਤੀ ਗਈ ਹੈ ਪਰ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੁਮਾਇੰਦਗੀ ਇਸ ਵਿਚੋਂ ਘਟਾਉਣਾ ਅਤਿ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਤਖ਼ਤਾਂ ਵਿਚ ਵੰਡ ਪਾਉਣ ਵਾਲਾ ਹੈ। ਤਖ਼ਤ ਸਾਹਿਬਾਨ ਸਮੁੱਚੀ ਕੌਮ ਦੇ ਹਨ ਤੇ ਇਨ੍ਹਾਂ ਤਖ਼ਤਾਂ ਦੇ ਜਥੇਦਾਰ ਹੀ ਅਜਿਹੇ ਵਿਅਕਤੀ ਹਨ, ਜੋ ਕੌਮ ਨੂੰ ਇਕ ਲੜੀ ਵਿਚ ਪਰੋ ਕੇ ਰੱਖ ਸਕਦੇ ਹਨ। ਇਸ ਲਈ ਇਹ ਫ਼ੈਸਲਾ ਠੀਕ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਹਾਰਾਸ਼ਟਰ ਵਿਚ ਕਾਂਗਰਸ ਦੀ ਸਰਕਾਰ ਜਾਣ-ਬੁੱਝ ਕੇ ਅਜਿਹੀਆਂ ਕਰ ਰਹੀ ਹੈ। ਉਂਜ ਉਨ੍ਹਾਂ ਇਸ ਸਵਾਲ ਦਾ ਉਤਰ ਟਾਲ ਦਿੱਤਾ ਕਿ ਇਸ ਬਾਰੇ ਸੁਝਾਅ ਤਾਂ ਭਾਟੀਆ ਕਮੇਟੀ ਨੇ ਪਹਿਲਾਂ ਦਾ ਦਿੱਤਾ ਹੋਇਆ ਹੈ।

# ਗਿਆਨੀ ਇਕਬਾਲ ਸਿੰਘ ਵੱਲੋਂ ਭਾਗਵਤ ਨਾਲ ਮੰਚ ਸਾਂਝਾ ਕਰਨ 'ਤੇ ਵਿਵਾਦ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਮੁੰਬਈ ਵਿਖੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨਾਲ ਇਕ ਪ੍ਰੋਗਰਾਮ ਵਿਚ ਮੰਚ ਸਾਂਝਾ ਕਰਨ ਦਾ ਮਾਮਲਾ ਸਿੱਖ ਕੌਮ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਇਸ ਮਾਮਲੇ ਵਿਚ ਆਪਣੀ ਸਥਿਤੀ ਸਪੱਸ਼ਟ ਕਰਨ।

ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵੱਲੋਂ ਹਾਲ ਹੀ ਵਿਚ ਘੱਟ ਗਿਣਤੀਆਂ ਬਾਰੇ ਦਿੱਤੇ ਗਏ ਬਿਆਨ ਕਾਰਨ ਉਹ ਚਰਚਾ ਵਿਚ ਹਨ। ਉਨ੍ਹਾਂ ਇਕ ਭਾਸ਼ਣ ਦੌਰਾਨ ਆਖਿਆ ਸੀ ਕਿ ਘੱਟ ਗਿਣਤੀ ਫਿਰਕੇ ਜੈਨ, ਸਿੱਖ, ਬੋਧੀ ਆਦਿ ਹਿੰਦੂ ਸਮਾਜ ਦਾ ਹਿੱਸਾ ਹਨ। ਉਨ੍ਹਾਂ ਦੇ ਇਸ ਬਿਆਨ ਦਾ ਸਿੱਖ ਭਾਈਚਾਰੇ ਵੱਲੋਂ ਖਾਸ ਕਰਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸਮੇਤ ਕਈ ਸਿੱਖ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਹੈ। ਇਸ ਦੌਰਾਨ ਸ੍ਰੀ ਮੋਹਨ ਭਾਗਵਤ ਨਾਲ ਗਿਆਨੀ ਇਕਬਾਲ ਸਿੰਘ ਮੰਚ ਸਾਂਝਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਇਸ ਮਾਮਲੇ ਨੂੰ ਮੁੜ ਤੂਲ ਦੇ ਦਿੱਤੀ ਹੈ।

ਸ੍ਰੀ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਬਰਖਾਸਤ ਕੀਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਮੋਹਨ ਭਾਗਵਤ ਨਾਲ ਮੰਚ ਸਾਂਝਾ ਕੀਤੇ ਜਾਣ ਦੀ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਦੀਆਂ ਤਾਰਾਂ ਪੂਰੀ ਤਰ੍ਹਾਂ ਸੰਘ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਆਖਿਆ ਕਿ ਜਿਵੇਂ ਉਹ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਹਨ, ਉਸ ਤੋਂ ਲੱਗਦਾ ਹੈ ਕਿ ਬਾਕੀ ਜਥੇਦਾਰਾਂ ਦੀ ਵੀ ਸੰਘ ਨਾਲ ਨੇੜਤਾ ਹੈ। ਇਸ ਮਾਮਲੇ ਵਿਚ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਵਿਵਾਦਾਂ ਵਿਚ ਘਿਰ ਗਏ ਹਨ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਵੀ ਦੋਸ਼ ਲਾਇਆ ਕਿ ਉਹ ਪਹਿਲਾਂ ਹੀ ਭਾਜਪਾ ਦਾ ਨੇੜਲਾ ਸਹਿਯੋਗੀ ਹੈ, ਜੋ ਕਿ ਆਰ.ਐਸ.ਐਸ. ਦੀ ਇਕ ਸ਼ਾਖਾ ਹੈ।




ਆਰ.ਐਸ.ਐਸ. ਮੁਖੀ ਭਾਗਵਤ ਨਾਲ ਮੰਚ ਉਤੇ ਬੈਠੇ ਗਿਆਨੀ ਇਕਬਾਲ ਸਿੰਘ

## ਗਿਆਨੀ ਇਕਬਾਲ ਸਿੰਘ ਦੀ ਆਰ.ਐਸ.ਐਸ. ਨਾਲ ਡੂੰਘੀ ਸਾਂਝ: ਸਰਨਾ

**ਅੰਮ੍ਰਿਤਸਰ:** ਗਿਆਨੀ ਇਕਬਾਲ ਸਿੰਘ ਵੱਲੋਂ ਮੋਹਨ ਭਾਗਵਤ ਨਾਲ ਮੰਚ ਸਾਂਝਾ ਕਰਨ ਦੇ ਮਾਮਲੇ ਉਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਇਸ ਮਾਮਲੇ ਵਿਚ ਆਪਣੀ ਸਥਿਤੀ ਸਪੱਸ਼ਟ ਕਰਨ।

ਸ. ਸਰਨਾ ਨੇ ਆਖਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਬਰਖਾਸਤ ਕੀਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਮੋਹਨ ਭਾਗਵਤ ਨਾਲ ਮੰਚ ਸਾਂਝਾ ਕੀਤੇ ਜਾਣ ਦੀ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਦੀਆਂ ਤਾਰਾਂ ਪੂਰੀ ਤਰ੍ਹਾਂ ਸੰਘ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਨੂੰ ਇਸ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

## ਅਕਾਲ ਤਖਤ ਵੱਲੋਂ ਕਾਰਵਾਈ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨਾਲ ਮੰਚ ਸਾਂਝਾ ਕਰਨ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਇਸ ਦੌਰਾਨ ਉਨ੍ਹਾਂ ਇਕ ਵਾਰ ਮੁੜ ਆਰ.ਐਸ.ਐਸ. ਮੁਖੀ ਦੇ ਸਿੱਖ ਧਰਮ ਬਾਰੇ ਬਿਆਨਾਂ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਆਖਿਆ ਕਿ ਮੋਹਨ ਭਾਗਵਤ ਵੱਲੋਂ ਸਿੱਖ ਧਰਮ ਬਾਰੇ ਬੇਲੋੜੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਸਿੱਖ ਧਰਮ ਇੱਕ ਵੱਖਰਾ ਧਰਮ ਹੈ ਤੇ ਇਸ ਦੇ ਰਸਮ-ਰਿਵਾਜ ਦੂਜੇ ਧਰਮਾਂ ਨਾਲੋਂ ਵੱਖਰੇ ਹਨ। ਆਰ.ਐਸ.ਐਸ. ਆਗੂ ਨੂੰ ਸਿੱਖ ਧਰਮ ਬਾਰੇ ਕੋਈ ਗਿਆਨ ਨਹੀਂ ਹੈ, ਇਸੇ ਕਾਰਨ ਹੀ ਉਹ ਬੇਲੋੜੀ ਬਿਆਨਬਾਜ਼ੀ ਕਰ ਰਹੇ ਹਨ। ਇਸ ਲਈ ਉਨ੍ਹਾਂ ਨੂੰ ਸਿੱਖ ਧਰਮ ਬਾਰੇ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਉਹ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਮਿਲਾਉਣ ਦਾ ਯਤਨ ਕਰ ਰਹੇ ਹਨ, ਜੋ ਕਿ ਕਦੇ ਸਫ਼ਲ ਨਹੀਂ ਹੋ ਸਕਦਾ। ਇਸ ਤੋਂ ਪਹਿਲਾਂ ਕਈ ਮੁਗਲ ਰਾਜਿਆਂ ਵੱਲੋਂ ਵੀ ਸਿੱਖ ਕੌਮ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਪਰ ਉਹ ਸਫਲ ਨਹੀਂ ਹੋਏ।

ਉਨ੍ਹਾਂ ਸ੍ਰੀ ਭਾਗਵਤ ਨੂੰ ਸੁਝਾਅ ਦਿੱਤਾ ਕਿ ਉਹ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ, ਜਿਸ ਨਾਲ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ ਕਿਉਂਕਿ ਇਸ ਦੇ ਸਿੱਟੇ ਦੇਸ਼ ਹਿੱਤ ਵਿਚ ਨਹੀਂ ਹੋਣਗੇ।

# ਸਿੱਖਿਆ ਬਾਰੇ ਪੰਜਾਬ ਸਰਕਾਰ ਦੀ ਨੀਤੀ ਡੰਗ-ਟਪਾਊ

**ਚੰਡੀਗੜ੍ਹ:** ਦੇਸ਼ ਵਿਚ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਵਿਦਿਆਰਥੀਆਂ ਦੇ ਭਵਿੱਖ ਪ੍ਰਤੀ ਗੰਭੀਰ ਹੋਣ ਦੀ ਬਜਾਏ ਡੰਗ-ਟਪਾਊ ਨੀਤੀ ਨਾਲ ਬੁੱਤਾ ਸਾਰ ਰਹੀ ਹੈ। ਸਰਕਾਰੀ ਸਕੂਲਾਂ ਤੇ ਕਾਲਜਾਂ ਵਿਚ ਅਧਿਆਪਕਾਂ ਦੀ ਘਾਟ ਇਸ ਕੰਮ ਵਿਚ ਸਭ ਤੋਂ ਵੱਡਾ ਰੋੜਾ ਸਾਬਤ ਹੋ ਰਹੀ ਹੈ। ਸੂਬਾ ਸਰਕਾਰ ਹਰ ਵਾਰ ਆਰਥਿਕ ਤੰਗੀ ਦਾ ਬਹਾਨਾ ਲਾ ਕੇ ਆਪਣੀ ਇਸ ਜ਼ਿੰਮੇਵਾਰੀ ਤੋਂ ਭੱਜ ਜਾਂਦੀ ਹੈ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਦੀਆਂ ਅਣ-ਸੁਰੱਖਿਅਤ ਇਮਾਰਤਾਂ ਕਾਰਨ ਕਿਸੇ ਵੀ ਸਮੇਂ ਹਾਦਸਾ ਵਾਪਰ ਸਕਦਾ ਹੈ। ਇਸ ਮਾਮਲੇ ਵਿਚ ਸਰਕਾਰ ਨੂੰ ਹਾਈਕੋਰਟ ਤੋਂ ਕਈ ਵਾਰ ਝਾੜ ਵੀ ਪੈ ਚੁੱਕੀ ਹੈ ਪਰ ਇਸ ਦੇ ਬਾਵਜੂਦ ਪਰਨਾਲਾ ਉਥੇ ਹੀ ਹੈ। ਸੂਬੇ ਦੀਆਂ ਤਕਰੀਬਨ ਸਾਰੀਆਂ ਅਧਿਆਪਕ ਜਥੇਬੰਦੀਆਂ ਇਨ੍ਹੀਂ ਦਿਨੀਂ

ਤਨਖਾਹ ਨਾ ਮਿਲਣ ਜਾਂ ਹੋਰ ਮੰਗਾਂ ਨੂੰ ਲੈ ਕੇ ਸਰਕਾਰ ਖਿਲਾਫ ਸੰਘਰਸ਼ ਵਿੱਢੀ ਬੈਠੀਆਂ ਹਨ ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ।

ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਪਿਛਲੇ ਡੇਢ ਦਹਾਕੇ ਤੋਂ ਰੈਗੂਲਰ ਅਧਿਆਪਕਾਂ ਦੀ ਭਰਤੀ ਨਹੀਂ ਹੋਈ ਹੈ। ਸਰਕਾਰ ਨੇ ਆਖ਼ਰੀ ਵਾਰ 1996 ਵਿਚ ਪੱਕੇ ਅਧਿਆਪਕ ਰੱਖੇ ਗਏ ਸਨ। ਪੰਜਾਬ ਵਿਚ ਦੋ ਕਾਲਜ ਅਜਿਹੇ ਹਨ ਜਿਨ੍ਹਾਂ ਲਈ ਹੁਣ ਤੱਕ ਆਸਾਮੀਆਂ ਨਹੀਂ ਭਰੀਆਂ ਗਈਆਂ ਤੇ ਮੰਗਵੇਂ ਸਟਾਫ ਨਾਲ ਕੰਮ ਚਲਾਇਆ ਜਾ ਰਿਹਾ ਹੈ। ਰੈਗੂਲਰ ਭਰਤੀ ਨਾ ਹੋਣ ਕਾਰਨ ਅਧਿਆਪਕਾਂ ਦੀ ਐਨੀ ਘਾਟ ਹੈ ਕਿ ਤਿੰਨ ਕਾਲਜਾਂ ਵਿਚ ਸਿਰਫ ਇਕ-ਇਕ ਅਧਿਆਪਕ ਨਾਲ ਕੰਮ ਚਲਾਇਆ ਜਾ ਰਿਹਾ ਹੈ ਜਦ ਕਿ ਅੱਧੀ ਦਰਜਨ ਕਾਲਜਾਂ ਵਿਚ ਦੋ-ਦੋ ਅਧਿਆਪਕ ਹਨ। ਤਿੰਨ ਤਿੰਨ ਰੈਗੂਲਰ ਅਧਿਆਪਕਾਂ ਵਾਲੇ ਕਾਲਜਾਂ ਦੀ ਗਿਣਤੀ ਵੀ ਇੰਨੀ ਹੀ ਦੱਸੀ ਜਾ ਰਹੀ ਹੈ।

ਸਰਕਾਰੀ ਕਾਲਜ ਢੁੱਡੀਕੇ, ਸਰਕਾਰੀ ਕਾਲਜ ਰੋਡੇ ਤੇ ਸਰਕਾਰੀ ਕਾਲਜ ਸਿੱਧਸਰ ਵਿਚ ਸਿਰਫ ਇਕ-ਇਕ ਰੈਗੂਲਰ ਅਧਿਆਪਕ ਹੈ ਜਦ ਕਿ ਬਾਕੀ ਦਾ ਪੂਰਾ ਸਟਾਫ ਆਰਜ਼ੀ ਤੌਰ 'ਤੇ ਰੱਖਿਆ ਗਿਆ ਹੈ। ਸਰਕਾਰੀ ਕਾਲਜ ਨਿਆਲ ਪਾਤੜਾਂ, ਸਰਕਾਰੀ ਕਾਲਜ ਭੁਲੱਥ, ਸਰਕਾਰੀ ਕਾਲਜ ਜ਼ੀਰਾ ਤੇ ਸਰਕਾਰੀ ਕਾਲਜ ਕਾਲਾ ਅਫ਼ਗਾਨਾ ਵਿਚ ਅਧਿਆਪਕਾਂ ਦੀ ਗਿਣਤੀ ਦੋ-ਦੋ ਹੈ। ਸਰਕਾਰੀ ਕਾਲਜਾਂ ਵਿਚ ਪਾਰਟ ਟਾਈਮ ਜਾਂ ਗੈਸਟ ਫੈਕਲਟੀ ਅਧਿਆਪਕ ਰੱਖੇ ਗਏ ਹਨ ਤੇ ਇਨ੍ਹਾਂ ਨੂੰ ਸੈਸ਼ਨ ਖ਼ਤਮ ਹੁੰਦਿਆਂ ਹੀ ਰਿਲੀਵ ਕਰ ਦਿੱਤਾ ਜਾਂਦਾ ਹੈ। ਸੂਬੇ ਵਿਚ ਸਰਕਾਰੀ ਕਾਲਜਾਂ ਦੀ ਗਿਣਤੀ 48 ਹੈ ਤੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਦੀ ਗਿਣਤੀ 50 ਹੈ, ਜਿਨ੍ਹਾਂ ਵਿਚੋਂ 14 ਖ਼ਾਲੀ ਪਈਆਂ ਹਨ। ਦੋ ਪ੍ਰਿੰਸੀਪਲ ਡੀ.ਪੀ.ਆਈ. ਕਾਲਜਾਂ ਵਿਚ ਡਿਪਟੀ ਡਾਇਰੈਕਟਰ ਵਜੋਂ ਤਾਇਨਾਤ ਹਨ। ਗੌਰਮਿੰਟ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਕੋਲ ਤਿੰਨ ਕਾਲਜਾਂ ਦਾ ਚਾਰਜ ਹੈ ਜਦੋਂ ਕਿ ਅੱਧੀ ਦਰਜਨ ਪ੍ਰਿੰਸੀਪਲਾਂ ਨੂੰ ਦੋ-ਦੋ ਕਾਲਜਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਪਿਛਲੇ ਸਾਲ ਜਲਾਲਾਬਾਦ ਤੇ ਅਮਰਗੜ੍ਹ ਵਿਖੇ ਦੋ ਨਵੇਂ ਸਰਕਾਰੀ ਕਾਲਜ ਸ਼ੁਰੂ ਹੋਏ ਸਨ ਪਰ ਇਨ੍ਹਾਂ ਲਈ ਆਸਾਮੀਆਂ ਦੀ ਰਚਨਾ ਨਹੀਂ ਕੀਤੀ ਗਈ ਹੈ। ਇਨ੍ਹਾਂ ਕਾਲਜਾਂ ਵਿਚ ਮੰਗਵੇਂ ਸਟਾਫ਼ ਨਾਲ ਕੰਮ ਚਲਾਇਆ ਜਾ ਰਿਹਾ ਹੈ।

ਸਰਕਾਰ ਵੱਲੋਂ 1996 ਤੋਂ ਬਾਅਦ ਇਕ ਵਾਰ 1997 ਵਿਚ ਅੰਗਰੇਜ਼ੀ ਦੇ 60 ਰੈਗੂਲਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਸੀ ਜਾਂ ਫਿਰ ਰਵੀ ਸਿੱਧੂ ਕੇਸ ਵਿਚੋਂ ਬਚ ਕੇ ਨਿਕਲੇ 27 ਉਮੀਦਵਾਰਾਂ ਨੂੰ ਨੌਕਰੀ 'ਤੇ ਰੱਖ ਲਿਆ ਗਿਆ ਸੀ। ਸਰਕਾਰੀ ਕਾਲਜਾਂ ਵਿਚ ਦੂਜੇ ਸਟਾਫ਼ ਦੀਆਂ ਵੀ 49 ਫ਼ੀਸਦੀ ਆਸਾਮੀਆਂ ਹੀ ਭਰੀਆਂ ਰਹਿ ਗਈਆਂ ਹਨ। ਸਰਕਾਰ ਵੱਲੋਂ 58 ਸਾਲ ਦੀ ਸੇਵਾਮੁਕਤੀ ਦੀ ਉਮਰ ਤੋਂ ਬਾਅਦ ਦੋ ਹੋਰ ਸਾਲਾਂ ਲਈ ਸਰਵਿਸ ਵਿਚ ਵਾਧਾ ਕੀਤੇ ਜਾਣ ਦਾ ਲਾਭ ਦਿੱਤੇ ਜਾਣ ਨਾਲ 15 ਪ੍ਰਤੀਸ਼ਤ ਆਸਾਮੀਆਂ ਖ਼ਾਲੀ ਹੋਣ ਤੋਂ ਬਚੀਆਂ ਪਈਆਂ ਹਨ। ਅਗਲੇ ਅਕਤੂਬਰ ਤੋਂ ਇਨ੍ਹਾਂ ਵਿਚੋਂ ਵੀ ਕਈਆਂ ਦੀ ਨੌਕਰੀ ਦਾ ਸਮਾਂ ਵੀ ਪੂਰਾ ਹੋ ਜਾਵੇਗਾ।


ਹੈਲਪਰ ਦੀ ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆਂ ਵਿਖੇ
ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ
ਕੈਸ਼ੀਅਰ ਦੀ ਲੋੜ ਹੈ ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ
661-364-0341


## ਆਦਰਸ਼ ਸਕੂਲਾਂ ਦਾ ਫਾਰਮੂਲਾ ਵੀ ਫੇਲ੍ਹ ਹੋਣ ਕੰਢੇ

**ਫਰੀਦਕੋਟ:** ਪੰਜਾਬ ਸਰਕਾਰ ਦਾ ਸੂਬੇ ਵਿਚ ਆਦਰਸ਼ ਸਕੂਲਾਂ ਦਾ ਫਾਰਮੂਲਾ ਫੇਲ੍ਹ ਹੁੰਦਾ ਨਜ਼ਰ ਆ ਰਿਹਾ ਹੈ। ਪੰਜਾਬ ਦੇ 11 ਆਦਰਸ਼ ਸਕੂਲਾਂ ਦੀਆਂ ਮੈਨੇਜਮੈਂਟਾਂ ਵੱਲੋਂ ਕੋਈ ਸਾਲ ਪਹਿਲਾਂ ਇਨ੍ਹਾਂ ਸਕੂਲਾਂ ਤੋਂ ਲਾਂਭੇ ਹੋ ਜਾਣ ਮਗਰੋਂ ਪੰਜਾਬ ਸਕੂਲ ਸਿੱਖਿਆ ਵਿਕਾਸ ਬੋਰਡ ਨੂੰ ਜਨਤਕ ਨਿੱਜੀ ਭਾਈਵਾਲੀ (ਪਬਲਿਕ ਪ੍ਰਾਈਵੇਟ ਪਾਰਟਨਰਸ਼ਿੱਪ) ਤਹਿਤ ਇਨ੍ਹਾਂ ਸਕੂਲਾਂ ਲਈ ਨਵੇਂ ਭਾਈਵਾਲ ਤਲਾਸ਼ ਕਰਨ ਵਿਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬ ਸਿੱਖਿਆ ਵਿਕਾਸ ਬੋਰਡ ਨੇ ਨਵੇਂ ਭਾਈਵਾਲਾਂ ਲਈ ਨਿਯਮਾਂ ਵਿਚ ਕੁਝ ਸੋਧ ਵੀ ਕੀਤੀ ਹੈ ਪਰ ਫਿਰ ਵੀ ਇਨ੍ਹਾਂ ਸਕੂਲਾਂ ਬਾਰੇ ਹੁੰਗਾਰਾ ਬਹੁਤ ਮੱਠਾ ਹੈ। ਪੰਜਾਬ ਵਿਚ ਇਹ ਆਦਰਸ਼ ਸਕੂਲ ਕਾਇਮ ਕਰਨ ਦਾ ਸੁਫ਼ਨਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2008 ਵਿਚ ਲਿਆ ਸੀ, ਜਿਸ ਦਾ ਮਕਸਦ ਗ਼ਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਮੁਫ਼ਤ ਤੇ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਸੀ। ਪ੍ਰੀ-ਨਰਸਰੀ ਤੋਂ ਲੈ ਕੇ ਬਾਰ੍ਹਵੀਂ ਕਲਾਸ ਤੱਕ ਕਾਇਮ ਕੀਤੇ ਜਾਣ ਵਾਲੇ ਇਨ੍ਹਾਂ ਸਕੂਲਾਂ ਲਈ 128 ਥਾਵਾਂ ਦੀ ਨਿਸ਼ਾਨਦੇਹੀ ਕਰਕੇ ਸੂਬੇ ਵਿਚ ਜਨਤਕ ਨਿੱਜੀ ਭਾਈਵਾਲੀ ਤਹਿਤ 24 ਆਦਰਸ਼ ਸਕੂਲ ਕਾਇਮ ਕੀਤੇ ਗਏ ਸਨ ਤੇ ਕਈ ਵਿਵਾਦਾਂ ਦੇ ਮੱਦੇਨਜ਼ਰ ਇਨ੍ਹਾਂ ਵਿਚੋਂ 11 ਸਕੂਲਾਂ ਦੀ ਮੈਨੇਜਮੈਂਟ ਨੇ ਇਨ੍ਹਾਂ ਵਿਚ ਭਾਈਵਾਲੀ ਤੋਂ ਆਪਣੇ ਹੱਥ ਖੜ੍ਹੇ ਕਰ ਦਿੱਤੇ ਸਨ।

ਇਸ ਵੇਲੇ 11 ਆਦਰਸ਼ ਸਕੂਲ, ਜਿਨ੍ਹਾਂ ਵਿਚੋਂ ਫਰੀਦਕੋਟ ਵਿਚ ਤਿੰਨ ਸਕੂਲ, ਮਾਨਸਾ, ਬਠਿੰਡਾ ਤੇ ਮੋਗਾ ਵਿਚ ਦੋ-ਦੋ ਸਕੂਲ ਤੇ ਫਿਰੋਜ਼ਪੁਰ ਤੇ ਹੁਸ਼ਿਆਰਪੁਰ ਵਿਚਲੇ ਇਕ-ਇਕ ਸਕੂਲ ਵਿਚੋਂ ਪ੍ਰਾਈਵੇਟ ਅਪਰੇਟਰਾਂ ਵੱਲੋਂ ਲਾਂਭੇ ਹੋਣ ਮਗਰੋਂ ਇਨ੍ਹਾਂ ਦੀ ਮੈਨੇਜਮੈਂਟ ਦੀ ਜ਼ਿੰਮੇਵਾਰੀ ਐਸ.ਡੀ.ਐਮਜ਼ ਨੂੰ ਸੌਂਪੀ ਗਈ ਹੈ। ਇਨ੍ਹਾਂ ਸਕੂਲਾਂ ਦੀ ਮੈਨੇਜਮੈਂਟ ਐਸ.ਡੀ.ਐਮਜ਼ ਨੂੰ ਸੌਂਪੇ ਜਾਣ ਤੋਂ ਬਾਅਦ ਟੀਚਰਾਂ ਤੇ ਵਿਦਿਆਰਥੀਆਂ ਨੂੰ ਫੰਡਾਂ ਦੀ ਘਾਟ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਸਕੂਲਾਂ ਨੂੰ ਚਲਾਉਣ ਲਈ ਐਸ.ਡੀ.ਐਮਜ਼ ਨੇ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ 'ਤੇ ਆਧਾਰਤ ਕਮੇਟੀਆਂ ਕਾਇਮ ਕੀਤੀਆਂ ਹੋਈਆਂ ਹਨ। ਇਨ੍ਹਾਂ ਸਾਰੇ ਸਕੂਲਾਂ ਦੀਆਂ ਦਿੱਕਤਾਂ ਤਕਰੀਬਨ ਇਕੋ ਜਿਹੀਆਂ ਹਨ, ਜਿਨ੍ਹਾਂ ਵਿਚ ਫੰਡਾਂ ਦੀ ਘਾਟ, ਸਟਾਫ ਨੂੰ ਤਨਖ਼ਾਹਾਂ ਨਾ ਮਿਲਣ ਤੇ ਬੱਚਿਆਂ ਨੂੰ ਕਿਤਾਬਾਂ ਮੁਹੱਈਆਂ ਨਾ ਕਰਵਾਏ ਜਾਣਾ ਪ੍ਰਮੁੱਖ ਹਨ। ਫਰੀਦਕੋਟ ਦੇ ਮੱਲਾਂ, ਮਿੱਡੂਮਾਨ ਤੇ ਪੱਕਾ ਪਿੰਡਾਂ ਵਿਚ ਆਦਰਸ਼ ਸਕੂਲ ਬੰਦ ਹੋਣ ਦੇ ਕੰਢੇ ਹਨ ਕਿਉਂਕਿ ਨਾ ਤਾਂ ਅਧਿਆਪਕਾਂ ਨੂੰ ਤਨਖਾਹਾਂ ਮਿਲ ਰਹੀਆਂ ਹਨ ਤੇ ਨਾ ਹੀ ਵਿਦਿਆਰਥੀਆਂ ਨੂੰ ਕਿਤਾਬਾਂ ਮਿਲੀਆਂ ਹਨ। ਇਨ੍ਹਾਂ ਵਿਚੋਂ ਪੱਕਾ ਪਿੰਡ ਦੇ ਸਕੂਲ ਦੀ ਬਿਜਲੀ ਦੀ ਸਪਲਾਈ ਕੋਈ ਇਕ ਮਹੀਨੇ ਪਹਿਲਾਂ ਬਿਲ ਅਦਾ ਨਾ ਕੀਤੇ ਜਾਣ ਕਾਰਨ ਕੱਟ ਦਿੱਤੀ ਗਈ ਸੀ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***


## ਨੌਜਵਾਨ 'ਤੇ ਹਮਲਾ ਕਰਨ ਵਾਲੇ ਖਿਲਾਫ ਨਸਲੀ ਜੁਰਮ ਤਹਿਤ ਮੁਕੱਦਮਾ ਸ਼ੁਰੂ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਇਕ 29 ਸਾਲਾ ਸਿੱਖ ਸੰਦੀਪ ਸਿੰਘ ਉੱਤੇ ਹਮਲਾ ਕਰਨ ਵਾਲੇ ਇਕ 55 ਸਾਲਾ ਵਿਅਕਤੀ ਖ਼ਿਲਾਫ਼ ਨਸਲੀ ਤੇ ਨਫ਼ਰਤੀ ਜੁਰਮਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ ਤੇ ਦੋਸ਼ੀ ਕਰਾਰ ਦਿੱਤੇ ਜਾਣ ਉੱਤੇ ਉਸ ਨੂੰ 25 ਸਾਲ ਤੱਕ ਕੈਦ ਹੋ ਸਕਦੀ ਹੈ।

ਮੁਲਜ਼ਮ ਜੋਸਫ ਕੈਲੇਕਾ ਨੇ ਸੰਦੀਪ ਸਿੰਘ ਉੱਤੇ ਉਦੋਂ ਹਮਲਾ ਕੀਤਾ ਜਦੋਂ ਉਹ ਆਪਣੇ ਦੋਸਤਾਂ ਨਾਲ ਖੜੋਤਾ ਸੀ। ਇਹ ਘਟਨਾ ਬੀਤੀ 30 ਜੁਲਾਈ ਨੂੰ ਕੁਈਨਜ਼ ਵਿਖੇ ਵਾਪਰੀ। ਮੁਲਜ਼ਮ ਨੇ ਸੰਦੀਪ ਸਿੰਘ ਨੂੰ 'ਓਸਾਮਾ' ਕਹਿੰਦਿਆਂ ਗਾਲੀ-ਗਲੋਚ ਕੀਤਾ ਤੇ ਫੇਰ ਆਪਣੇ ਪਿੱਕਅਪ ਟਰੱਕ ਨਾਲ ਟੱਕਰ ਮਾਰ ਦਿੱਤੀ। ਉਹ ਸੰਦੀਪ ਸਿੰਘ ਨੂੰ ਤਕਰੀਬਨ 30 ਫੁੱਟ ਤੱਕ ਧੂਹ ਕੇ ਲੈ ਗਿਆ ਜਿਸ ਕਾਰਨ ਪੀੜਤ ਗੰਭੀਰ ਜ਼ਖ਼ਮੀ ਹੋ ਗਿਆ।

ਜ਼ਿਲ੍ਹਾ ਅਟਾਰਨੀ ਰਿਚਰਡ ਬਰਾਊਨ ਨੇ ਦੱਸਿਆ ਕਿ ਮੁਲਜ਼ਮ ਨੇ ਸੰਦੀਪ ਸਿੰਘ ਉੱਤੇ 'ਬਿਨਾਂ ਭੜਕਾਹਟ' ਦੇ ਹਮਲਾ ਕੀਤਾ। ਉਸ ਖ਼ਿਲਾਫ਼ ਨਫ਼ਰਤ ਵਜੋਂ ਇਰਾਦਾ ਕਤਲ, ਜਿਸਮਾਨੀ ਨੁਕਸਾਨ ਪਹੁੰਚਾਉਣ ਤੇ ਸੜਕੀ ਹਾਦਸੇ ਦੀ ਰਿਪੋਰਟ ਕੀਤੇ ਬਿਨਾਂ ਫਰਾਰ ਹੋ ਜਾਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਚੇਤੇ ਰਹੇ ਕਿ 2001 ਦੇ ਸਤੰਬਰੀ ਹਮਲਿਆਂ ਤੋਂ ਬਾਅਦ ਸਿੱਖਾਂ ਉਤੇ ਲਗਾਤਾਰ ਹਮਲੇ ਹੋ ਰਹੇ ਹਨ। ਇਸ ਸਬੰਧੀ ਵੱਖ-ਵੱਖ ਜਥੇਬੰਦੀਆਂ ਨੇ ਚੇਤਨਾ ਮੁਹਿੰਮਾਂ ਵੀ ਚਲ ਰਹੀਆਂ ਹਨ।




# ਪੰਜਾਬ ਦੇ ਸਰਕਾਰੀ ਵਿਭਾਗ ਪਾਲ ਰਹੇ ਰੱਜ ਕੇ ਲਿਹਾਜ਼ਾਂ

## ਅਫਸਰਾਂ ਦੇ ਵਿਦੇਸ਼ ਦੌਰਿਆਂ ਲਈ ਨਿਯਮਾਂ ਦੀ ਉਲੰਘਣਾ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਵਿਭਾਗ 'ਲਿਹਾਜ਼ਦਾਰੀ' ਦਾ ਸ਼ਿਕਾਰ ਹੋਏ ਪਏ ਹਨ। ਵਿਭਾਗਾਂ ਦੇ ਮੁਖੀ ਤੇ ਪ੍ਰਮੁੱਖ ਸਕੱਤਰ ਰੈਂਕ ਦੇ ਅਧਿਕਾਰੀਆਂ ਵੱਲੋਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਆਪਣੇ ਮੁਲਾਜ਼ਮਾਂ ਪ੍ਰਤੀ ਵਰਤੀ ਜਾ ਰਹੀ ਨਰਮੀ ਇਸ ਦਾ ਗੱਲ ਦਾ ਸਬੂਤ ਹੈ। ਵਿਭਾਗ ਮੁਖੀਆਂ ਦੀ ਇਸ ਨਰਮਾਈ ਕਾਰਨ ਸੂਬੇ ਦੇ ਵੱਡੀ ਗਿਣਤੀ ਅਫਸਰ ਵਿਦੇਸ਼ੀ ਦੌਰਿਆਂ ਦਾ ਆਨੰਦ ਮਾਣ ਰਹੇ ਹਨ ਤੇ ਨਿਯਮਾਂ ਦੀ ਉਲੰਘਣਾ ਦੇ ਠੋਸ ਸਬੂਤ ਹੋਣ ਦੇ ਬਾਵਜੂਦ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ।

ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੀ ਸੀਨੀਅਰ ਅਧਿਕਾਰੀ ਤੇ ਇਸ ਵਿਭਾਗ ਦੇ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਸਿੱਧੂ ਨੂੰ ਕੈਨੇਡਾ ਸਰਕਾਰ ਨੇ ਇਮੀਗਰੇਸ਼ਨ ਦਾ ਵੀਜ਼ਾ ਦਿੱਤਾ ਹੋਇਆ ਹੈ। ਸ੍ਰੀਮਤੀ ਸਿੱਧੂ ਸਰਕਾਰ ਵਿਚ ਅਹਿਮ ਅਹੁਦੇ 'ਤੇ ਨੌਕਰੀ ਕਰਨ ਦੇ ਨਾਲ-ਨਾਲ ਇਮੀਗਰੇਸ਼ਨ ਵੀਜ਼ੇ ਦਾ ਲਾਹਾ ਲੈ ਕੇ ਵਿਦੇਸ਼ਾਂ ਵੀ ਸੈਰ ਵੀ ਕਰਦੇ ਹਨ। ਉਨ੍ਹਾਂ ਨੇ ਹਾਲ ਹੀ ਵਿਚ ਕੈਨੇਡਾ ਦਾ ਦੌਰਾ ਕੀਤਾ।

ਇਸੇ ਤਰ੍ਹਾਂ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਤ ਇਕ ਕਾਰਜਸਾਧਕ ਅਫ਼ਸਰ ਦੇ ਪਾਸਪੋਰਟ 'ਤੇ ਵੀ ਇਮੀਗਰਾਂਟ ਹੋਣ ਦੀ ਮੋਹਰ ਲੱਗੀ ਹੋਈ ਹੈ। ਇਹ ਅਫ਼ਸਰ ਵੀ 2006 ਤੋਂ ਲਗਾਤਾਰ ਵਿਦੇਸ਼ ਦੀ ਯਾਤਰਾ ਕਰ ਰਿਹਾ ਹੈ। ਵਿੱਤ ਵਿਭਾਗ ਅਧੀਨ ਆਉਂਦੇ ਖਜ਼ਾਨਾ ਦਫ਼ਤਰ ਨਾਲ ਸਬੰਧਤ ਸੀਨੀਅਰ ਸਹਾਇਕ ਸਤਿੰਦਰ ਕੁਮਾਰ ਦਾ ਮਾਮਲਾ ਅਜੀਬੋ-ਗਰੀਬ ਹੈ। ਇਸ ਮੁਲਾਜ਼ਮ ਵੱਲੋਂ ਅੱਠ ਜੂਨ 2010 ਨੂੰ ਵਿਦੇਸ਼ ਜਾਣ ਦੀ ਛੁੱਟੀ ਲੈਣ ਸਮੇਂ ਵਿਭਾਗ ਨੂੰ ਇਕ ਹਲਫ਼ੀਆ ਬਿਆਨ ਦਿੱਤਾ ਗਿਆ। ਹਲਫ਼ੀਆ ਬਿਆਨ ਵਿਚ ਉਸ ਵੱਲੋਂ ਕੈਨੇਡਾ ਦਾ ਪੱਕਾ ਵਸਨੀਕ ਹੋਣ ਦਾ ਦਾਅਵਾ ਕੀਤਾ ਗਿਆ ਹੈ ਤੇ ਆਪਣਾ ਪੀ.ਆਰ. ਨੰਬਰ 5457-9115 ਦਾ ਵੀ ਜ਼ਿਕਰ ਕੀਤਾ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਖੇਤੀ ਵਿਗਿਆਨੀਆਂ ਨੂੰ ਵਿਦੇਸ਼ ਜਾਣ ਦਾ ਜ਼ਿਆਦਾ ਭੁਸ ਪਿਆ ਹੋਇਆ ਹੈ। ਰਿਕਾਰਡ ਮੁਤਾਬਕ ਪੀਏਯੂ ਦੇ 122 ਮਾਹਿਰਾਂ ਨੇ ਵਿਦੇਸ਼ਾਂ ਦੇ ਵੀਜ਼ੇ ਦੀ ਸਹੂਲਤ ਲਈ ਹੋਈ ਹੈ। ਇਨ੍ਹਾਂ ਵਿਚ 22 ਪ੍ਰੋਫ਼ੈਸਰ, 38 ਸਹਾਇਕ ਪ੍ਰੋਫ਼ੈਸਰ, 34 ਸਹਾਇਕ ਰਾਈਸ ਬਰੀਡਰ ਤੇ ਤਿੰਨ ਸਹਾਇਕ ਆਰਥਿਕ ਮਾਹਿਰ ਸ਼ਾਮਲ ਹਨ।

ਬਾਗਵਾਨੀ ਵਿਭਾਗ ਦੇ 14 ਬਾਗਵਾਨੀ ਅਫ਼ਸਰ ਤੇ ਇਕ ਸਹਾਇਕ ਪ੍ਰੋਫ਼ੈਸਰ ਨੇ ਵਿਦੇਸ਼ ਯਾਤਰਾ ਨਾਲ ਸਬੰਧੀ ਵੀਜ਼ਿਆਂ ਦੀ ਸਹੂਲਤ ਲਈ ਹੋਈ ਹੈ। ਵਿਭਾਗ ਦੇ ਪਸ਼ੂ ਪਾਲਣ ਵਿਭਾਗ ਨਾਲ ਸਬੰਧਤ 66 ਵਿਅਕਤੀਆਂ ਦੀ ਵਿਦੇਸ਼ ਯਾਤਰਾ ਬਾਰੇ ਦਸਤਾਵੇਜ਼ ਹਾਸਲ ਹੋਏ ਹਨ। ਵਿਭਾਗ ਨੇ 20 ਅਫ਼ਸਰਾਂ ਦੇ ਇਮੀਗਰੇਸ਼ਨ ਵੀਜ਼ੇ ਲੱਗੇ ਹੋਣ ਦੀ ਪੁਸ਼ਟੀ ਕੀਤੀ ਹੈ। ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਲੁਧਿਆਣਾ ਦੇ 10 ਪ੍ਰੋਫ਼ੈਸਰ, 11 ਸਹਾਇਕ ਪ੍ਰੋਫ਼ੈਸਰ ਤੇ ਇਕ ਡਾਕਟਰ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਇਸ ਮਾਮਲੇ ਵਿਚ ਲੋਕ ਨਿਰਮਾਣ ਵਿਭਾਗ ਦੇ 24 ਵਿਚੋਂ ਇਕ ਐਕਸੀਅਨ, 10 ਸਹਾਇਕ ਇੰਜੀਨੀਅਰ ਤੇ 11 ਜੂਨੀਅਰ ਇੰਜੀਨੀਅਰ ਸ਼ਾਮਲ ਹਨ।

ਸਿੱਖਿਆ ਵਿਭਾਗ ਦੇ 236 ਅਧਿਆਪਕਾਂ ਵਿਚੋਂ ਸਾਇੰਸ ਵਿਸ਼ੇ ਦੇ 53 ਗਣਿਤ ਦੇ 36, ਪੰਜਾਬੀ ਦੇ 22 ਤੇ ਅੰਗਰੇਜ਼ੀ ਦੇ 14 ਅਧਿਆਪਕ ਹਨ। ਸੂਤਰਾਂ ਮੁਤਾਬਕ ਪੰਜਾਬ ਪੁਲਿਸ ਵਿਚ ਆਈ.ਪੀ.ਐਸ. ਪੱਧਰ ਦੇ ਛੇ ਅਧਿਕਾਰੀਆਂ ਨੇ ਕੈਨੇਡਾ ਤੇ ਹੋਰਨਾਂ ਮੁਲਕਾਂ ਦੀ ਇਮੀਗਰੇਸ਼ਨ ਲਈ ਹੋਈ ਹੈ।

ਇਮੀਗਰੇਸ਼ਨ ਜਾਂ ਪੀ.ਆਰ. ਲੈਣ ਵਾਲਿਆਂ ਵਿਚ ਐਸ.ਪੀ. ਰੈਂਕ ਦੇ ਅਫ਼ਸਰਾਂ ਦੀ ਗਿਣਤੀ 18 ਤੇ ਡੀ.ਐਸ.ਪੀ. ਰੈਂਕ ਦੇ ਅਫ਼ਸਰਾਂ ਦੀ ਗਿਣਤੀ 30 ਤੋਂ ਵਧੇਰੇ ਹੈ। ਪੀ.ਸੀ.ਐਸ. ਰੈਂਕ ਦੇ ਪੰਜ ਤੇ ਆਈ.ਏ.ਐਸ. ਪੱਧਰ ਦੇ ਦੋ ਅਫ਼ਸਰਾਂ ਦੇ ਇਮੀਗਰਾਂਟ ਹੋਣ ਦੀ ਜਾਣਕਾਰੀ ਮਿਲੀ ਹੈ। ਇਹ ਲਾਹਾ ਲੈਣ ਵਾਲੇ ਸਹਿਕਾਰਤਾ ਵਿਭਾਗ ਦੇ 11 ਇੰਸਪੈਕਟਰ ਤੇ ਦੋ ਸਹਾਇਕ ਰਜਿਸਟਰਾਰ, ਪੰਚਾਇਤ ਵਿਭਾਗ ਦਾ ਇਕ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਦੋ ਡਿਪਟੀ ਡਾਇਰੈਕਟਰ, ਦੋ ਬੀ.ਡੀ.ਪੀ.ਓ., 32 ਈ.ਟੀ.ਟੀ. ਅਧਿਆਪਕ, 17 ਜੂਨੀਅਰ ਇੰਜੀਨੀਅਰ, 21 ਪੰਚਾਇਤ ਅਫ਼ਸਰ, ਦੋ ਐਕਸੀਅਨ ਤੇ 10 ਪੰਚਾਇਤ ਸਕੱਤਰ ਹਨ। ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਤਕਰੀਬਨ 300 ਅਜਿਹੇ ਮੁਲਾਜ਼ਮ ਤੇ ਅਫ਼ਸਰ ਹਨ ਜੋ ਵਿਦੇਸ਼ ਜਾਣ ਦੀ ਛੁੱਟੀ ਲੈ ਕੇ ਵਾਪਸ ਹੀ ਨਹੀਂ ਆਏ। ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਾਹਨ ਸਿੰਘ ਪੰਨੂ ਨੇ ਸੁਪਰੀਮ ਕੋਰਟ ਦੇ ਇਕ ਹੁਕਮ ਦੇ ਹਵਾਲੇ ਨਾਲ ਮਈ 2013 ਵਿਚ 187 ਅਧਿਆਪਕਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਸਨ।

ਸੁਪਰੀਮ ਕੋਰਟ ਦੀ ਇਕ ਰੂਲਿੰਗ (ਏ.ਆਈ.ਆਰ. 1974 ਐਸ.ਸੀ. 1980) ਮੁਤਾਬਕ ਜੇਕਰ ਕੋਈ ਸਰਕਾਰੀ ਮੁਲਾਜ਼ਮ ਬਿਨਾਂ ਕਿਸੇ ਕਾਰਨ ਦੇ ਲੰਮਾ ਸਮਾਂ ਡਿਊਟੀ ਤੋਂ ਗ਼ੈਰਹਾਜ਼ਰ ਹੁੰਦਾ ਹੈ ਤਾਂ ਉਸ ਦੀਆਂ ਸੇਵਾਵਾਂ ਬਿਨਾਂ ਕਿਸੇ ਪੜਤਾਲ ਦੇ ਖਤਮ ਕੀਤੀਆਂ ਜਾ ਸਕਦੀਆਂ ਹਨ। ਪ੍ਰਸੋਨਲ ਵਿਭਾਗ ਦੇ ਸਕੱਤਰ ਵਿਕਾਸ ਪ੍ਰਤਾਪ ਦਾ ਕਹਿਣਾ ਹੈ ਕਿ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਕੋਈ ਵੀ ਕਰਮਚਾਰੀ ਜਾਂ ਅਫ਼ਸਰ ਵਿਦੇਸ਼ ਦੀ ਇਮੀਗਰੇਸ਼ਨ ਜਾਂ ਪੀ.ਆਰ. ਹਾਸਲ ਨਹੀਂ ਕਰ ਸਕਦਾ। ਜੇਕਰ ਕਿਸੇ ਵਿਭਾਗ ਵਿਚ ਅਜਿਹਾ ਹੋਇਆ ਹੈ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਮਹਾਰਾਸ਼ਟਰ ਦੇ ਰਾਜਪਾਲ ਵੱਲੋਂ ਅਸਤੀਫਾ

**ਮੁੰਬਈ:** ਮਹਾਰਾਸ਼ਟਰ ਦੇ ਰਾਜਪਾਲ ਕੇ. ਸ਼ੰਕਰਨਰਾਇਣਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਕੁਝ ਘੰਟੇ ਪਹਿਲਾਂ ਹੀ ਸਰਕਾਰ ਨੇ ਉਨ੍ਹਾਂ ਦਾ ਮਿਜ਼ੋਰਮ ਤਬਾਦਲਾ ਕਰ ਦਿੱਤਾ ਸੀ। ਕੇਰਲਾ ਨਾਲ ਸਬੰਧਤ ਇਸ 82 ਸਾਲਾ ਸਾਬਕਾ ਕਾਂਗਰਸ ਆਗੂ ਯੂ.ਪੀ.ਏ. ਵੱਲੋਂ ਨਿਯੁਕਤ ਕੀਤੇ ਗਏ ਉਨ੍ਹਾਂ ਰਾਜਪਾਲਾਂ ਵਿਚ ਸ਼ਾਮਲ ਸਨ, ਜੋ ਭਾਜਪਾ ਸਰਕਾਰ ਦੀਆਂ ਅੱਖਾਂ ਵਿਚ ਰੜਕ ਰਹੇ ਸਨ।

ਸਰਕਾਰ ਵੱਲੋਂ ਉਨ੍ਹਾਂ 'ਤੇ ਅਸਤੀਫੇ ਦਾ ਦਬਾਅ ਪਾਇਆ ਜਾ ਰਿਹਾ ਸੀ। ਸ੍ਰੀ ਸ਼ੰਕਰਨਰਾਇਣਨ ਦਾ ਕਾਰਜਕਾਲ 2017 ਵਿਚ ਖਤਮ ਹੋਣਾ ਸੀ। ਉਨ੍ਹਾਂ ਆਖਿਆ ਕਿ ਵੱਖ-ਵੱਖ ਸੂਬਿਆਂ ਵਿਚ ਬਤੌਰ ਰਾਜਪਾਲ ਉਨ੍ਹਾਂ ਕਦੇ ਕੋਈ ਰਾਜਨੀਤੀ ਨਹੀਂ ਕੀਤੀ। ਉਹ ਸਾਰੀਆਂ ਸਿਆਸੀ ਪਾਰਟੀਆਂ ਨਾਲ ਦੋਸਤਾਨਾ ਵਿਹਾਰ ਕਰਦੇ ਰਹੇ। ਉਨ੍ਹਾਂ ਕਿਹਾ ਕਿ ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ ਤੇ ਰਾਸ਼ਟਰਪਤੀ ਕੋਲ ਹੀ ਰਾਜਪਾਲਾਂ ਦੇ ਤਬਾਦਲੇ ਦਾ ਅਧਿਕਾਰ ਹੈ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਸੰਵਿਧਾਨ ਦਾ ਸਤਿਕਾਰ ਕਰਨਾ ਪੈਣਾ ਹੈ, ਜੋ ਰਾਜਪਾਲਾਂ ਲਈ ਪਾਕ ਲਿਖਤ ਹੈ। ਸ੍ਰੀ ਸ਼ੰਕਰਨਰਾਇਣਨ ਨੇ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਮਹਾਰਾਸ਼ਟਰ ਦੇ ਲੋਕਾਂ ਤੋਂ ਮਿਲੇ ਸਹਿਯੋਗ ਬਦਲੇ ਉਨ੍ਹਾਂ ਦਾ ਧੰਨਵਾਦ ਕੀਤਾ। ਜਦੋਂ ਇਹ ਪੁੱਛਿਆ ਗਿਆ ਕਿ ਕੀ ਇਹ ਸਰਕਾਰ ਦੀ ਬਦਲੇ ਦੀ ਕਾਰਵਾਈ ਹੈ ਤਾਂ ਉਨ੍ਹਾਂ ਕਿਹਾ ਇਸ ਬਾਰੇ ਟਿੱਪਣੀ ਕਰਨਾ ਤੁਹਾਡਾ ਕੰਮ ਹੈ।

# 'ਇਸਲਾਮੀ ਸਟੇਟ' ਸਭ ਤੋਂ ਖਤਰਨਾਕ ਅਤਿਵਾਦੀ ਗਰੁਪ



**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਵਿਚਾਰਧਾਰਾ, ਫੌਜੀ ਤੇ ਮਾਲੀ ਤਾਕਤ ਦੇ ਮਾਮਲੇ ਵਿਚ 'ਇਸਲਾਮੀ ਸਟੇਟ' ਜਥੇਬੰਦੀ ਦੇ ਦਹਿਸ਼ਤਗਰਦ ਆਮ ਰਵਾਇਤੀ ਅਤਿਵਾਦੀ ਗਰੁੱਪਾਂ ਤੋਂ ਕਿਤੇ ਵੱਧ ਖਤਰਨਾਕ ਹਨ ਤੇ ਇਹ ਅਮਰੀਕੀ ਲੋਕਾਂ ਲਈ ਭਾਰੀ ਖਤਰਾ ਹਨ। ਅਮਰੀਕੀ ਰੱਖਿਆ ਮੰਤਰੀ ਚੱਕ ਹੇਜਲ ਨੇ ਕਿਹਾ ਕਿ ਅਸੀਂ ਹੁਣ ਤੱਕ ਜਿੰਨੇ ਵੀ ਦਹਿਸ਼ਤਗਰਦ ਗਰੁੱਪ ਦੇਖੇ ਹਨ, ਉਨ੍ਹਾਂ ਵਿਚੋਂ ਇਸਲਾਮੀ ਸਟੇਟ ਕਿਤੇ ਵੱਧ ਸ਼ਾਤਿਰ ਤੇ ਮਾਲੀ ਵਸੀਲਿਆਂ ਵਾਲਾ ਗਰੁੱਪ ਹੈ। ਉਨ੍ਹਾਂ ਕਿਹਾ ਕਿ ਉਹ ਮਹਿਜ਼ ਇਕ ਅਤਿਵਾਦੀ ਤਨਜ਼ੀਮ ਨਹੀਂ ਹਨ। ਉਹ ਵਿਚਾਰਧਾਰਾ ਨੂੰ ਪਰਣਾਏ ਹੋਏ ਤੇ ਬਹੁਤ ਹੀ ਸ਼ਾਤਿਰ ਹਨ।

ਉਨ੍ਹਾਂ ਕਿਹਾ ਕਿ ਅਸੀਂ ਹੁਣ ਤੱਕ ਜੋ ਦੇਖਿਆ ਹੈ, ਇਹ ਉਸ ਤੋਂ ਕਿਤੇ ਅੱਗੇ ਹਨ। ਇਸ ਲਈ ਅਸੀਂ ਵੀ ਹਰ ਤਰ੍ਹਾਂ ਦੀ ਲੜਾਈ ਲਈ ਤਿਆਰ ਹਾਂ। ਉਨ੍ਹਾਂ ਇਹ ਗੱਲ ਪੈਂਟਾਗਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਹੀ ਜਿਸ ਨੂੰ ਅਮਰੀਕੀ ਫੌਜਾਂ ਦੇ ਸਾਂਝੇ ਮੁਖੀ ਜਨਰਲ ਮਾਰਟਿਨ ਡੈਂਪਸੀ ਨੇ ਵੀ ਸੰਬੋਧਨ ਕੀਤਾ। ਸ੍ਰੀ ਡੈਂਪਸੀ ਨੇ ਕਿਹਾ ਕਿ ਜੇਕਰ ਇਹ ਦਹਿਸ਼ਤਗਰਦ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਹ ਮੱਧ ਪੂਰਬ ਦਾ ਚਿਹਰਾ ਮੋਹਰਾ ਵਿਗਾੜ ਕੇ ਰੱਖ ਦੇਣਗੇ ਤੇ ਇਸ ਦਾ ਸਾਡੇ ਉਤੇ ਕਈ ਢੰਗਾਂ ਨਾਲ ਮਾੜਾ ਅਸਰ ਪਵੇਗਾ। ਇਸੇ ਦੌਰਾਨ ਦੁਨੀਆਂ ਭਰ ਦੇ ਚੋਟੀ ਦੇ ਮੁਸਲਿਮ ਆਗੂਆਂ ਤੇ ਗਰੁੱਪਾਂ ਨੇ ਵੀ ਇਸਲਾਮੀ ਸਟੇਟ ਵੱਲੋਂ ਇਰਾਕ ਤੇ ਸੀਰੀਆ ਵਿਚ ਕੀਤੇ ਜਾ ਰਹੇ ਜ਼ੁਲਮਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਇਸ ਸੁੰਨੀ ਅਤਿਵਾਦੀ ਗਰੁੱਪ ਦੇ ਢੰਗ-ਤਰੀਕਿਆਂ ਨੂੰ 'ਗੈਰ-ਇਸਲਾਮੀ' ਕਰਾਰ ਦਿੱਤਾ ਹੈ।

# ਕਾਲਾ ਧਨ ਕੇਸ ਵਿਚ ਟੈਕਸ ਅਧਿਕਾਰੀ ਇਕ ਕਦਮ ਅੱਗੇ ਵਧੇ

## ਸਵਿੱਸ ਗੁਪਤ ਕੋਡ ਹੱਥ ਲੱਗੇ, ਕਾਲੀ ਕਮਾਈ ਕਰਨ ਵਾਲਿਆਂ ਨੂੰ ਘੇਰਨ ਦਾ ਰਾਹ ਪੱਧਰਾ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਲੁਕਾਏ ਕਾਲੇ ਧਨ ਦੀ ਜਾਂਚ ਕਰ ਰਹੇ ਟੈਕਸ ਅਧਿਕਾਰੀਆਂ ਦੇ ਹੱਥ ਸਵਿੱਸ ਗੁਪਤ ਕੋਡ ਲੱਗੇ ਹਨ, ਜਿਸ ਦੇ ਅਧਾਰ 'ਤੇ 100 ਤੋਂ ਵੱਧ ਵੱਖ-ਵੱਖ ਬੈਂਕਾਂ ਦੇ ਖਾਤਾ ਧਾਰਕਾਂ ਨੂੰ ਆਪਣੇ ਖਾਤਿਆਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ ਤਾਂ ਕਿ ਉਨ੍ਹਾਂ ਨੂੰ ਟੈਕਸ ਦੇ ਘੇਰੇ ਵਿਚ ਲਿਆਂਦਾ ਜਾ ਸਕੇ। ਸੂਤਰਾਂ ਮੁਤਾਬਕ ਇਨ੍ਹਾਂ ਕੇਸਾਂ ਵਿਚ ਟੈਕਸ ਦੇ ਰੂਪ ਵਿਚ 50 ਤੋਂ 80 ਕਰੋੜ ਰੁਪਏ ਆ ਸਕਦੇ ਹਨ। ਸਵਿਟਜ਼ਰਲੈਂਡ ਵੱਲੋਂ ਲਾਈਆਂ ਬੰਦਸ਼ਾਂ ਦੇ ਮੱਦੇਨਜ਼ਰ ਵਿੱਤ ਮੰਤਰਾਲੇ ਦੇ ਸੀ.ਬੀ.ਡੀ.ਟੀ. ਅਧੀਨ ਜਾਂਚ ਵਿੰਗ ਨੇ ਘੱਟੋ-ਘੱਟ ਦੋ ਸਵਿਸ ਬੈਂਕਾਂ ਦੀ ਗੁਪਤ ਸੂਚੀ ਉਨ੍ਹਾਂ ਵਿਅਕਤੀਆਂ ਨੂੰ ਪਿਛਲੇ ਮਾਲੀ ਸਾਲ ਦੌਰਾਨ ਆਪਣੇ ਵੇਰਵੇ ਮੁਹੱਈਆ ਕਰਾਉਣ ਲਈ ਲਿਖਿਆ ਹੈ।

ਸੀ.ਬੀ.ਡੀ.ਟੀ. ਨੇ ਬਾਅਦ ਵਿਚ ਆਮਦਨ ਕਰ ਵਿਭਾਗ ਦੇ ਦਸਤਿਆਂ ਇਨ੍ਹਾਂ ਸ਼ੱਕੀ ਖਾਤਾਧਾਰੀਆਂ ਬਾਰੇ ਪੈਰਵੀ ਕਰਨ ਲਈ ਆਖਿਆ ਸੀ ਕਿ ਉਨ੍ਹਾਂ ਖ਼ਿਲਾਫ਼ ਟੈਕਸ ਚੋਰੀ ਦੇ ਕਾਨੂੰਨਾਂ ਤਹਿਤ ਕਾਰਵਾਈ ਤਾਂ ਕੀਤੀ ਜਾਵੇਗੀ ਪਰ ਜਾਣਬੁਝ ਕੇ ਟੈਕਸ ਚੋਰੀ ਕਰਨ ਵਾਲਿਆਂ ਦੀ ਸੂਚੀ ਵਿਚ ਉਨ੍ਹਾਂ ਦਾ ਨਾਂ ਨਹੀਂ ਆਵੇਗਾ ਜਿਸ ਕਰਕੇ ਉਨ੍ਹਾਂ ਦਾ ਸਖਤ ਕਾਰਵਾਈ ਤੋਂ ਬਚਾਅ ਹੋ ਜਾਵੇਗਾ।

ਇਕ ਸਰਕਾਰੀ ਨੋਟ ਮੁਤਾਬਕ 100 ਤੋਂ ਵੱਧ ਅਜਿਹੇ ਸ਼ੱਕੀ ਖਾਤਾਧਾਰੀ ਦਿੱਲੀ, ਮੁੰਬਈ, ਹੈਦਰਾਬਾਦ, ਚੇਨੱਈ, ਚੰਡੀਗੜ੍ਹ ਤੇ ਬੰਗਲੌਰ ਆਦਿ ਸ਼ਹਿਰਾਂ ਨਾਲ ਸਬੰਧਤ ਹਨ ਤੇ ਇਹ ਅਜਿਹੇ ਕਾਨੂੰਨੀ ਚੌਖਟੇ ਨੂੰ ਮੰਨਣ ਲਈ ਸਹਿਮਤ ਹੋ ਗਏ ਹਨ ਜਿਸ ਰਾਹੀਂ ਭਾਰਤ ਸਰਕਾਰ ਨੂੰ ਵਿਦੇਸ਼ੀ ਬੈਂਕਾਂ ਵਿਚ ਕਾਲਾ ਧਨ ਛੁਪਾਈ ਬੈਠੇ ਕੁਝ ਵੱਡੇ ਕੇਸਾਂ ਨੂੰ ਸੁਲਝਾਉਣ ਵਿਚ ਵੀ ਮਦਦ ਦੇ ਸਕਦਾ ਹੈ।

ਇਸ ਘਟਨਾਕ੍ਰਮ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਕੇਸਾਂ ਵਿਚ 50-80 ਕਰੋੜ ਰੁਪਏ ਤੱਕ ਟੈਕਸ ਅਸਰ ਪੈ ਸਕਦਾ ਹੈ ਤੇ ਕੁਝ ਹੋਰਨਾਂ ਵਾਂਗ ਇਕ ਅਜਿਹੀ ਮਿਸਾਲ ਹੈ ਜਿਸ ਵਿਚ ਸਵਿਸ ਅਧਿਕਾਰੀਆਂ ਦੇ ਰਾਜ਼ਦਾਰੀ ਕਾਨੂੰਨ ਦੇ ਬਾਵਜੂਦ ਭਾਰਤੀ ਖਾਤਾਧਾਰੀ ਦੇ ਗੁਪਤ ਬੈਂਕ ਡੇਟਾ ਤੱਕ ਰਸਾਈ ਹਾਸਲ ਕੀਤੀ ਜਾ ਸਕੀ।

ਇਸ ਬਾਰੇ ਇਕ ਖਾਸ ਰਿਪੋਰਟ ਕਾਲੇ ਧਨ ਬਾਰੇ ਵਿਸ਼ੇਸ਼ ਜਾਂਚ ਟੀਮ ਨਾਲ ਵੀ ਸਾਂਝੀ ਕੀਤੀ ਗਈ ਹੈ ਤੇ ਜਿਸ ਵੱਲੋਂ ਇਨ੍ਹਾਂ ਕੇਸਾਂ ਦਾ ਵੇਰਵਾ ਸੁਪਰੀਮ ਕੋਰਟ ਨੂੰ ਪੇਸ਼ ਕੀਤੀ ਗਈ ਰਿਪੋਰਟਾਂ ਵਿਚੋਂ ਵੀ ਦਰਜ ਕੀਤਾ ਗਿਆ ਹੈ। ਸਰਕਾਰੀ ਨੋਟ ਮੁਤਾਬਕ ਆਮਦਨ ਕਰ ਵਿਭਾਗ ਨੇ 100 ਤੋਂ ਵੱਧ ਇਨ੍ਹਾਂ ਕੇਸਾਂ ਵਿਚ ਇਸਤਗਾਸਾ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ ਉਨ੍ਹਾਂ 'ਤੇ ਆਪਣੀ ਆਮਦਨ ਛੁਪਾਉਣ ਬਦਲੇ ਟੈਕਸ ਚੋਰੀ ਦਾ ਦੋਸ਼ ਆਇਦ ਕੀਤਾ ਜਾਵੇਗਾ।

ਉਧਰ ਧੋਖਾਧੜੀ ਤੇ ਜਾਅਲਸਾਜ਼ੀ ਦੀ ਗਤੀਵਿਧੀ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਨੱਪਣ ਦੇ ਇਰਾਦੇ ਨਾਲ ਸੇਬੀ ਵਿਦੇਸ਼ੀ ਰੈਗੂਲੇਟਰਾਂ ਦਾ ਮਾਰਕੀਟ ਬਾਰੇ ਸੂਹ ਲਾਉਣ ਵਾਲਾ ਬੁਨਿਆਦੀ ਢਾਂਚਾ ਤੇ ਤਕਨੀਕਾਂ ਨੂੰ ਅਪਣਾਉਣ ਬਾਰੇ ਸੋਚ ਵਿਚਾਰ ਕਰ ਰਹੀ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੇਬੀ ਵੱਲੋਂ ਇਸ ਮੰਤਵ ਨਾਲ ਅਮਰੀਕਾ, ਬਰਤਾਨੀਆ, ਆਸਟਰੇਲੀਆ ਤੇ ਹਾਂਗਕਾਂਗ ਜਿਹੇ ਦੇਸ਼ਾਂ ਵਿਚਲੇ ਆਪਣੇ ਜਿਹੇ ਰੈਗੂਲੇਟਰਾਂ ਦੀਆਂ ਪ੍ਰਣਾਲੀਆਂ ਦੀ ਘੋਖ ਕੀਤੀ ਜਾ ਰਹੀ ਹੈ। ਪੂੰਜੀ ਬਾਜ਼ਾਰ ਦੀ ਨਿਗਰਾਨ ਸੰਸਥਾ ਸੇਬੀ ਦੇ ਇੰਟੈਗ੍ਰੇਟਿਡ ਸਰਵੇਲੈਂਸ ਵਿਭਾਗ ਵੱਲੋਂ ਇਸ ਦੀ ਪ੍ਰਣਾਲੀ ਨੂੰ ਕਾਰਗਰ ਬਣਾਉਣ ਲਈ ਵੱਖ-ਵੱਖ ਨੀਤੀ ਮੁੱਦਿਆਂ 'ਤੇ ਸੋਚ ਵਿਚਾਰ ਕੀਤੀ ਜਾ ਰਹੀ ਹੈ।

# ਅਦਾਲਤ ਵਲੋਂ ਕੋਲਾ ਬਲਾਕਾਂ ਦੀ ਵੰਡ ਗੈਰਕਾਨੂੰਨੀ ਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1993 ਤੋਂ ਲੈ ਕੇ 2010 ਤੱਕ ਕੋਲਾ ਬਲਾਕਾਂ ਦੀ ਹੋਈ ਵੰਡ ਨੂੰ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਪਿਛਲੀਆਂ ਐਨ.ਡੀ.ਏ. ਤੇ ਯੂ.ਪੀ.ਏ. ਸਰਕਾਰਾਂ ਵੇਲੇ ਜਦੋਂ ਬਿਨਾਂ ਬੋਲੀ ਤੋਂ ਕੋਲਾ ਬਲਾਕਾਂ ਦੀ ਵੰਡ



ਹੁੰਦੀ ਸੀ, ਇਹ ਸਾਰੀ ਵੰਡ ਗ਼ੈਰ-ਕਾਨੂੰਨੀ ਢੰਗ ਨਾਲ 'ਕੰਮ ਚਲਾਊ ਤੇ ਆਰਜ਼ੀ ਪਹੁੰਚ' ਨਾਲ ਕੀਤੀ ਗਈ ਸੀ।


ਅਦਾਲਤ ਨੇ ਇਸ ਬਾਰੇ ਪਹਿਲੀ ਸਤੰਬਰ ਨੂੰ ਸਰਕਾਰ ਨੂੰ ਜੁਆਬ ਦੇਣ ਲਈ ਕਿਹਾ ਹੈ। ਇਨ੍ਹਾਂ ਕੋਲਾ ਬਲਾਕਾਂ ਵਿਚੋਂ ਕਿਉਂਕਿ ਬਹੁਤ ਕੋਲਾ ਨਿਕਲ ਚੁੱਕਾ ਹੈ, ਸੋ ਇਸ ਫੈਸਲੇ ਦੇ ਨਤੀਜਿਆਂ ਬਾਰੇ ਹੋਰ ਸੁਣਵਾਈ ਤੋਂ ਮਗਰੋਂ ਹੀ ਵਿਚਾਰ ਕੀਤੀ ਜਾਏਗੀ। 218 ਕੋਲਾ ਬਲਾਕਾਂ ਦੀ ਪੁਣਛਾਣ ਕਰਨ ਮਗਰੋਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੌਮੀ ਕੁਦਰਤੀ ਸਰੋਤਾਂ ਦੀ ਅਨਿਆਂਪੂਰਨ ਵੰਡ ਲਈ ਕੋਈ ਸਹੀ ਤੇ ਪਾਰਦਰਸ਼ੀ ਢੰਗ-ਤਰੀਕਾ ਨਾ ਅਪਣਾਏ ਜਾਣ ਕਾਰਨ ਆਮ ਲੋਕਾਂ ਦੀ ਭਲਾਈ ਲਈ ਇਹ ਕੰਮ ਕਰਨਾ ਚੰਗਾ ਨਹੀਂ ਰਿਹਾ। ਚੀਫ ਜਸਟਿਸ ਆਰ.ਐਮ. ਲੋਢਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕੋਈ ਵੀ ਸੂਬਾ ਸਰਕਾਰ ਜਾਂ ਇਸ ਦੀਆਂ ਜਨਤਕ ਖੇਤਰ ਦੀਆਂ ਇਕਾਈਆਂ ਕਮਰਸ਼ੀਅਲ ਵਰਤੋਂ ਲਈ ਕੋਲੇ ਦਾ ਖਣਨ ਕਰਨ ਦੇ ਯੋਗ ਨਹੀਂ ਹਨ।

ਅਦਾਲਤ ਅਨੁਸਾਰ ਅਲਟਰਾ ਮੈਗਾ ਪਾਵਰ ਪ੍ਰਾਜੈਕਟਾਂ (ਯੂ.ਐਮ.ਪੀ.ਪੀਜ਼.) ਲਈ ਲੋੜੀਂਦੀ ਬਿਜਲੀ ਲਈ ਘੱਟੋ-ਘੱਟ ਦਰਾਂ 'ਤੇ ਕੋਲਾ ਬਲਾਕਾਂ ਦੀ ਨਿਲਾਮੀ ਵਿਰੁੱਧ ਅਦਾਲਤ ਅੱਗੇ ਕਿਸੇ ਨੇ ਚੁਣੌਤੀ ਪਟੀਸ਼ਨ ਵੀ ਨਹੀਂ ਪਾਈ ਸੀ। ਬੈਂਚ ਅਨੁਸਾਰ ਸਕਰੀਨਿੰਗ ਕਮੇਟੀ ਰਾਹੀਂ ਤੇ ਸਰਕਾਰ ਵੱਲੋਂ ਕੀਤੀ ਗਈ ਵੰਡ-ਵੰਡਾਈ, ਦੋਵੇਂ ਤਰੀਕਿਆਂ ਨਾਲ ਕੀਤੀ ਗਈ ਕੋਲਾ ਬਲਾਕਾਂ ਦੀ ਵੰਡ ਵਿਚ ਆਪਹੁਦਰਾਪਣ ਤੇ ਗੈਰ-ਕਾਨੂੰਨੀ ਢੰਗ ਵਰਤੇ ਗਏ। ਨਤੀਜੇ ਜਾਣਨ ਲਈ ਇਸ ਮਾਮਲੇ 'ਤੇ ਅਦਾਲਤ ਵੱਲੋਂ ਪਹਿਲੀ ਸਤੰਬਰ ਨੂੰ ਫਿਰ ਸੁਣਵਾਈ ਕੀਤੀ ਜਾਵੇਗੀ।

# ਅਡਵਾਨੀ ਤੇ ਜੋਸ਼ੀ ਦੀ ਭਾਜਪਾ ਸੰਸਦੀ ਬੋਰਡ ਵਿਚੋਂ ਛੁੱਟੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਵਿਚ ਪੁਰਾਣੀ ਪੀੜ੍ਹੀ ਦੇ ਯੁੱਗ ਦਾ ਉਦੋਂ ਅੰਤ ਹੋ ਗਿਆ ਜਦੋਂ ਇਸ ਦੇ ਬਾਨੀ ਮੈਂਬਰਾਂ ਅਟਲ ਬਿਹਾਰੀ ਵਾਜਪਾਈ, ਐਲ.ਕੇ. ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਨੂੰ ਪਾਰਟੀ ਦੀ ਫੈਸਲੇ ਕਰਨ ਵਾਲੀ ਸਭ ਤੋਂ ਉੱਚੀ ਬਾਡੀ ਸੰਸਦੀ ਬੋਰਡ ਵਿਚੋਂ ਬਾਹਰ ਕਰ ਦਿੱਤਾ ਗਿਆ ਤੇ ਇਸ 'ਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਝਲਕ ਸਾਫ ਝਲਕ ਰਹੀ ਹੈ। ਉਂਜ, ਸੰਕੇਤਕ ਰੂਪ ਵਿਚ ਬੀਮਾਰ ਚੱਲ ਰਹੇ ਸ੍ਰੀ ਵਾਜਪਾਈ, ਸ੍ਰੀ ਅਡਵਾਨੀ ਤੇ ਸ੍ਰੀ ਜੋਸ਼ੀ ਨੂੰ ਪੰਜ ਮੈਂਬਰੀ ਮਾਰਗਦਰਸ਼ਕ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ।

ਪਿਛਲੇ ਚਾਰ ਦਹਾਕਿਆਂ ਤੋਂ ਪਾਰਟੀ ਲਈ ਸੇਵਾਵਾਂ ਨਿਭਾਅ ਰਹੇ ਇਨ੍ਹਾਂ ਆਗੂਆਂ ਨੂੰ 'ਤ੍ਰਿਮੂਰਤੀ' ਕਿਹਾ ਜਾਂਦਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਤੀਜੀ ਵਾਰ ਮੁੱਖ ਮੰਤਰੀ ਬਣੇ ਸ਼ਿਵਰਾਜ ਸਿੰਘ ਚੌਹਾਨ ਤੇ ਪਾਰਟੀ ਦੇ ਜਨਰਲ ਸਕੱਤਰ ਜੇ.ਪੀ. ਨੱਡਾ ਨੂੰ ਭਾਜਪਾ ਸੰਸਦੀ ਬੋਰਡ ਵਿਚ ਥਾਂ ਦਿੱਤੀ ਗਈ ਹੈ। ਪਾਰਟੀ ਦੇ ਨਵ-ਨਿਯੁਕਤ ਪ੍ਰਧਾਨ ਅਮਿਤ ਸ਼ਾਹ ਵੱਲੋਂ ਸੰਸਦੀ ਬੋਰਡ ਦਾ ਮੁੜ ਗਠਨ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਨੂੰ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਵਿਚ ਵੀ ਸ਼ਾਮਲ ਕੀਤਾ ਗਿਆ ਜੋ ਚੋਣਾਂ ਲਈ ਪਾਰਟੀ ਦੇ ਉਮੀਦਵਾਰਾਂ ਦਾ ਫੈਸਲਾ ਕਰਦੀ ਹੈ। ਅਮਿਤ ਸ਼ਾਹ ਦੀ ਪ੍ਰਧਾਨਗੀ ਵਾਲੇ 12 ਮੈਂਬਰੀ ਸੰਸਦੀ ਬੋਰਡ ਵਿਚ ਹੁਣ ਨਰਿੰਦਰ ਮੋਦੀ, ਰਾਜਨਾਥ ਸਿੰਘ, ਅਰੁਣ ਜੇਤਲੀ, ਸੁਸ਼ਮਾ



ਸਵਰਾਜ, ਵੈਂਕਈਆ ਨਾਇਡੂ, ਨਿਤਿਨ ਗਡਕਰੀ, ਅਨੰਤ ਕੁਮਾਰ, ਥਾਵਰ ਚੰਦ ਗਹਿਲੋਤ, ਸ਼ਿਵਰਾਜ ਸਿੰਘ ਚੌਹਾਨ, ਜਗਤ ਪ੍ਰਕਾਸ਼ ਨੱਡਾ ਤੇ ਰਾਮ ਲਾਲ ਹੋਣਗੇ। ਸ੍ਰੀ ਸ਼ਾਹ ਨੇ ਪਾਰਟੀ ਦੇ ਪ੍ਰਮੁੱਖ ਆਗੂਆਂ ਤੇ ਸ੍ਰੀ ਮੋਦੀ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਸੰਸਦੀ ਬੋਰਡ ਦੇ ਮੁੜ ਗਠਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਪੰਜ ਮੈਂਬਰੀ ਮਾਰਗ ਦਰਸ਼ਕ ਮੰਡਲ 'ਚ ਮੋਦੀ ਤੇ ਰਾਜਨਾਥ ਸਿੰਘ ਵੀ ਸ਼ਾਮਲ ਹਨ।

## ਗੁਰੂ ਨਾਨਕ ਵਿਆਹ ਪੁਰਬ ਸਬੰਧੀ ਸਮਾਗਮ 14 ਸਤੰਬਰ ਨੂੰ


**ਸੈਨ ਹੋਜ਼ੇ (ਬਿਊਰੋ):** ਬਟਾਲਾ ਨਿਵਾਸੀ ਸੰਗਤ ਵਲੋਂ ਗੁਰੂ ਘਰ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਐਤਵਾਰ, 14 ਸਤੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਬਲਜਿੰਦਰ ਸਿੰਘ ਨੇ ਦੱਸਿਆ ਕਿ 12 ਸਤੰਬਰ ਨੂੰ ਸਵੇਰੇ 10 ਵਜੇ ਗੁਰਦੁਆਰਾ ਸੈਨ ਹੋਜ਼ੇ ਵਿਚ ਅਖੰਡ ਪਾਠ ਅਰੰਭ ਹੋਣਗੇ ਅਤੇ 14 ਸਤੰਬਰ ਨੂੰ ਭੋਗ ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਹੋਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 408-274-9373 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**Punjab Times**
Ph: 847-359-0746
Visit us on the web:
punjabtimesusa.com

## ‘ਛਣਕਾਟਾ ਵੰਗਾਂ ਦਾ’ ਡੀ ਵੀ ਡੀ ਰਿਲੀਜ਼ ਸਮਾਰੋਹ 29 ਨੂੰ

**ਯੂਨੀਅਨ ਸਿਟੀ (ਬਿਊਰੋ):** ‘ਇਕੀ ਇੰਟਰਨੈਸ਼ਨਲ ਐਂਟਰਟੇਨਮੈਂਟ’ ਅਤੇ ਲੇਖਕ




ਐਸ. ਅਸ਼ੋਕ ਭੌਰਾ ਵਲੋਂ ਬੀਤੇ ਵਿਚ ਸੰਨੀਵੇਲ ਕਮਿਊਨਿਟੀ ਸੈਂਟਰ ਵਿਚ ਕਰਵਾਏ ਗਏ ਰੰਗਾ-ਰੰਗ ਸੰਗੀਤਕ ਪ੍ਰੋਗਰਾਮ ‘ਛਣਕਾਟਾ ਵੰਗਾਂ ਦਾ’ ਦੀ ਡੀ ਵੀ ਡੀ 29 ਅਗਸਤ, ਸਨਿਚਰਵਾਰ ਨੂੰ ਸ਼ਾਮ 6 ਵਜੇ ਰਾਜਾ ਸਵੀਟਸ, ਯੂਨੀਅਨ ਸਿਟੀ ਵਿਚ ਯੁਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਰਿਲੀਜ਼ ਕਰਨਗੇ ਜਦਕਿ ਪ੍ਰੋਗਰਾਮ ਦੀ ਪ੍ਰਧਾਨਗੀ ਮੱਖਣ ਸਿੰਘ ਬੈਂਸ ਤੇ ਗੁਰਚਰਨ ਸਿੰਘ ਮਾਨ ਕਰਨਗੇ।

ਇਸ ਮੌਕੇ ਸਥਾਨਕ ਗਾਇਕ ਤੇ ਹੋਰ ਉਘੀਆਂ ਸ਼ਖਸੀਅਤਾਂ ਹਾਜ਼ਰ ਹੋਣਗੀਆਂ।

ਯਾਦ ਰਹੇ ਕਿ ਗੋਗਾ ਚੱਕਵਾਲਾ, ਨਜ਼ੀਰ ਮੁਹੰਮਦ, ਅਨੂਪ ਚੀਮਾ, ਤਰਲੋਕ ਸਿੰਘ, ਸੱਤੀ ਪਾਬਲਾ, ਨਿਮਰਤਾ ਖਹਿਰਾ, ਜਤਿੰਦਰ ਮੰਡੇਰ, ਮਨਰਾਜ ਭੌਰਾ ਆਦਿ ਗਾਇਕਾਂ ਦੇ ਇਸ ਪ੍ਰੋਗਰਾਮ ਨੂੰ ਗਲੋਬਲ ਟੀ ਵੀ ਵਲੋਂ ਸਿੱਧੇ ਰੂਪ ‘ਚ ਪ੍ਰਸਾਰਿਤ ਕੀਤਾ ਗਿਆ ਸੀ। ਸੰਚਾਲਨ ਆਸ਼ਾ ਸ਼ਰਮਾ ਤੇ ਸ਼ਕਤੀ ਮਾਣਕ ਦਾ ਹੈ। ਸੰਗੀਤ ਕੁਲਜੀਤ ਅਤੇ ਇਰਸ਼ਾਦ ਮੁਹੰਮਦ ਨੇ ਦਿੱਤਾ ਹੈ। ਗੀਤ ਮੱਖਣ ਲੁਹਾਰ, ਰਣਜੀਤ ਸਿੰਘ, ਤਾਰਾ ਸਾਗਰ ਤੇ ਕਾਕਾ ਧਾਲੀਵਾਲ ਦੇ ਲਿਖੇ ਹਨ। ਸੰਪਾਦਨ ਵਿਸ਼ਾਲ ਅਵਸਥੀ ਦਾ ਹੈ।

## ਨਾਟਕ ‘ਧੀਆਂ ਮਰਜਾਣੀਆਂ’ ਦਾ ਪ੍ਰਦਰਸ਼ਨ 30 ਨੂੰ

**ਫਰਿਜ਼ਨੋ (ਬਿਊਰੋ):** ਮਾਦਾ ਭਰੂਣ ਹੱਤਿਆ ਬਾਰੇ ਉਘੇ ਨਾਟਕਕਾਰ ਅਜਮੇਰ ਸਿੰਘ ਔਲਖ ਦੇ ਨਾਟਕ ‘ਧੀਆਂ ਮਰਜਾਣੀਆਂ’ ਦਾ ਇਕ ਪ੍ਰਦਰਸ਼ਨ 30 ਅਗਸਤ ਨੂੰ ਫਰਿਜ਼ਨੋ ਦੇ ਟਾਵਰ ਥਿਏਟਰ ਵਿਚ ਸ਼ਾਮ 6 ਵਜੇ ਤੋਂ ਕਰਵਾਇਆ ਜਾ ਰਿਹਾ ਹੈ।

ਸ਼ੋਅ ਦੇ ਪ੍ਰਬੰਧਕਾਂ- ਬੱਲੂ ਸਿੰਘ ਤੇ ਬਿਲ ਨਿੱਝਰ ਨੇ ਦੱਸਿਆ ਕਿ ਇਹ ਨਾਟਕ ਪ੍ਰੋਡਿਊਸਰ ਰੇਅ ਵਾਲੀਆ ਅਤੇ ਡਾਇਰੈਕਟਰ ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਗਿਆ ਹੈ। ਨਾਟਕ ਦੇ ਮੁੱਖ ਪਾਤਰਾਂ ‘ਚ ਕੁਲਵਿੰਦਰ ਵਾਲੀਆ, ਜਸਵੰਤ ਸਿੰਘ ਸ਼ਾਦ, ਸਿਮਰਨ ਕੌਰ ਸੰਘਾ, ਡਿੰਪਲ ਬੈਂਸ, ਅਨੂ ਵਰਮਾ, ਰਾਜ ਕੌਰ, ਜਾਨਵੀ ਬੈਂਸ, ਰੇਅ ਵਾਲੀਆ, ਨਰਿੰਦਰ ਸੰਘਾ ਤੇ ਨਿਤਿਨ ਕਪੂਰ ਹੋਣਗੇ। ਨਾਟਕ ਦੀ ਟਿਕਟ 25 ਡਾਲਰ ਹੈ। ਹੋਰ ਜਾਣਕਾਰੀ ਲਈ ਫੋਨ 559-289-6543 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਮਾਗਾਟਾਮਾਰੂ ਸ਼ਤਾਬਦੀ ਸਬੰਧੀ ਸਮਾਗਮ 20 ਸਤੰਬਰ ਨੂੰ

**ਮਰਸਡ, ਕੈਲੀਫੋਰਨੀਆ (ਬਿਊਰੋ):** ਇੰਡੋ-ਅਮੈਰਿਕਨ ਦੇਸ਼ ਭਗਤ ਫੋਰਮ ਮਰਸਡ ਦੀ ਇਕ ਮੀਟਿੰਗ ਕਾਮਾਗਾਟਾਮਾਰੂ ਸ਼ਤਾਬਦੀ ਸਬੰਧੀ ਸਮਾਗਮ ਬਾਰੇ ਹੋਈ ਜਿਸ ਵਿਚ ਕਾਮਾਗਾਟਾਮਾਰੂ ਜਹਾਜ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ।

ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਸਮਾਗਮ ਮਰਸਡ ਫੇਅਰ ਗਰਾਊਂਡ ਦੇ ਸੈਲਵਾਕੀਨ ਹਾਲ ਵਿਚ ਸਨਿਚਰਵਾਰ, 20 ਸਤੰਬਰ ਨੂੰ ਸ਼ਾਮ 4 ਤੋਂ 7 ਵਜੇ ਤੱਕ ਮਨਾਇਆ ਜਾਵੇਗਾ। ਡਾ. ਗੁਰੂਮੇਲ ਸਿੱਧੂ ਕਾਮਾਗਾਟਾਮਾਰੂ ਜਹਾਜ਼ ਦੇ ਇਤਿਹਾਸਕ ਸਾਕੇ ‘ਤੇ ਪਰਚਾ ਪੜ੍ਹਨਗੇ। ਕਵੀਜਨ ਸਾਕੇ ਸਬੰਧੀ ਦੇਸ਼ ਭਗਤਾਂ ਦੀਆਂ ਕਵਿਤਾਵਾਂ ਪੇਸ਼ ਕਰਨਗੇ। ਖਾਸ ਤੌਰ ‘ਤੇ ਬੱਚਿਆਂ ਦੀਆਂ ਦੇਸ਼ ਭਗਤ ਰਚਨਾਵਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਦਿਲਦਾਰ ਗਰੁਪ ਯੂ ਐਸ ਏ ਤੇ ਹੋਰ ਕਲਾਕਾਰਾਂ ਵਲੋਂ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਜਾਣਗੇ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਨੇ ਵੀ ਉਚੇਚੇ ਤੌਰ ‘ਤੇ ਮਦਦ ਕਰਨ ਦਾ ਭਰੋਸਾ ਦਿਤਾ।



ਮੀਟਿੰਗ ਵਿਚ ਫੋਰਮ ਦੇ ਕਨਵੀਨਰ ਮਾਸਟਰ ਲਛਮਣ ਸਿੰਘ ਰਠੌਰ, ਪ੍ਰਧਾਨ ਅਸ਼ਵਨੀ ਕੁਮਾਰ ਕੈਥ, ਉਪ ਪ੍ਰਧਾਨ ਦਵਿੰਦਰ ਸਿੰਘ ਰਾਏ, ਕੈਪਟਨ ਕੰਵਲਜੀਤ ਸਿੰਘ, ਗੁਰਦਿਆਲ ਸਿੰਘ ਚੌਹਾਨ, ਸਕੱਤਰ ਸੰਤੋਖ ਸਿੰਘ ਨਰ, ਬਿਅੰਤਜੀਤ ਸਿੰਘ, ਮਨੋਹਰ ਸਿੰਘ ਪੁਰੇਵਾਲ, ਡਾ. ਜੈਮਲ ਸਿੰਘ ਸੰਘਾ, ਖਜ਼ਾਨਚੀ ਮਹਿੰਗਾ ਸਿੰਘ ਮੁੱਦੜ, ਸਵਰਨ ਸਿੰਘ, ਮੱਖਣ ਸਿੰਘ ਬਿਨਿੰਗ, ਸਤਪਾਲ ਕਰਤਾ, ਸੁਖਜੀਤ ਸਿੰਘ ਤੇ ਦਵਿੰਦਰ ਸਿੰਘ ਗੋਲਡੀ, ਇੰਦਰਜੀਤ ਸਿੰਘ (ਪ੍ਰਧਾਨ ਗੁਰਦੁਆਰਾ ਮਰਸਡ), ਅਮਰਜੀਤ ਸਿੰਘ ਸੋਹੀ, ਸਵਰਨ ਸਿੰਘ ਕੁਲਾਰ, ਗੁਰਦੀਪ ਸਿੰਘ ਅਣਖੀ, ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਮੰਡਾਲੀ (ਫਰਿਜ਼ਨੋ) ਸ਼ਾਮਿਲ ਹੋਏ।


## Matrimonial

### ਕੰਨਿਆ ਦੀ ਲੋੜ

ਜੱਟ ਸਿੱਖ ਮੱਲ੍ਹੀ, ਚੰਗੇ ਪੜ੍ਹੇ-ਲਿਖੇ ਪਰਿਵਾਰ (ਦੁਆਬਾ), ਆਪਣਾ ਕਾਰੋਬਾਰ ਅਤੇ ਚੰਗੀ ਜ਼ਮੀਨ-ਜਾਇਦਾਦ ਵਾਲੇ ਮਾਪਿਆਂ ਦੇ ਇੰਡੀਆ ਰਹਿੰਦੇ ਕਲੀਨ ਸ਼ੇਵ 25 ਸਾਲ, 5'-10", ਬੀ.ਈ. (ਇਲੈਕਟ੍ਰਿਕ) ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ, ਚੰਗੀ ਪੜ੍ਹੀ ਲਿਖੀ, ਲੰਮੀ, ਖੂਬਸੂਰਤ ਜੱਟ ਸਿੱਖ ਲੜਕੀ ਦੀ ਲੋੜ ਹੈ। ਸ਼ਾਦੀ ਬਿਨਾ ਦਹੇਜ, ਦੁਆਬੇ ਨੂੰ ਪਹਿਲ, ਮੈਰਿਜ ਬਿਊਰੋ ਮੁਆਫ ਕਰਨ। ਸੰਪਰਕ ਕਰੋ, ਫੋਨ: 718-810-1295
35 to 38

ਜੱਟ ਸਿੱਖ, ਗਰੈਜੂਏਟ, ਅਮਰੀਕੀ ਸਿਟੀਜ਼ਨ, ਵੈਲ ਸੈਟਲਡ, ਸੁਨੱਖੇ, 24 ਸਾਲ, 5'-10", ਚੰਗੀ ਕੰਪਨੀ ਵਿਚ ਕੰਮ ਕਰਦੇ ਲੜਕੇ ਲਈ ਅੰਡਰ-ਗਰੈਜੂਏਟ 22 ਤੋਂ 25 ਸਾਲ ਉਮਰ ਦੀ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਤਸਵੀਰ ਅਤੇ ਵੇਰਵਾ ਭੇਜੋ, ਈਮੇਲ: kang929@hotmail.com, ਫੋਨ: 60834-76548
35 to 38

Saini Radha Swami family looking suitable match for their handsome, well settled, mechanical engineer son, 26, 5'-8". Contact: 443-875-3933
32 to 35

### ਵਰ ਦੀ ਲੋੜ

ਚੰਗੇ ਪੜ੍ਹੇ-ਲਿਖੇ ਅਰੋੜਾ ਪਰਿਵਾਰ ਦੀ ਗੁਰਸਿੱਖ, ਉਮਰ 29 ਸਾਲ, ਕੱਦ 5'-5" ਲੜਕੀ ਲਈ ਇੰਡੀਆ ਜਾਂ ਅਮੈਰਿਕਾ ਰਹਿੰਦੇ ਪ੍ਰੋਫੈਸ਼ਨਲ, ਵੈਸ਼ਨੋ, ਸੋਫੀ, ਪੂਰਨ ਸਿੱਖ ਲੜਕੇ ਦੀ ਲੋੜ ਹੈ। ਵੇਰਵਾ ਤੇ ਫੋਟੋ ਭੇਜੋ, ਈਮੇਲ: singhj19@hotmail.com ਜਾਂ ਸੰਪਰਕ ਕਰੋ 843-270-4264
34-37

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: panjabiversa@gmail.com
33-38


### ਲੇਖਕਾਂ ਦੇ ਧਿਆਨ ਹਿਤ

ਪੰਜਾਬ ਟਾਈਮਜ਼ ਵਲੋਂ ਮਿਆਰੀ ਰਚਨਾਵਾਂ ਨੂੰ ਹਮੇਸ਼ਾ ਬਣਦੀ ਥਾਂ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੇਖਕਾਂ ਨੂੰ ਬੇਨਤੀ ਹੈ ਕਿ ਜੇ ਟਾਈਪ ਕਰਕੇ ਭੇਜ ਸਕਣ ਤਾਂ ਮਿਹਰਬਾਨੀ ਹੋਵੇਗੀ ਪਰ ਜੇ ਨਾ ਹੋ ਸਕੇ ਤਾਂ ਸਫੇ ਦੇ ਇਕ ਪਾਸੇ ਹੀ ਸਾਫ-ਸੁਥਰੀ ਲਿਖਾਈ ਵਿਚ ਰਚਨਾਵਾਂ ਭੇਜੀਆਂ ਜਾਣ।

-ਸੰਪਾਦਕ


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com



## SUPER TRAVEL

847-676-9090, 773-465-5566
E-mail: supertravel2003@yahoo.com
**Lowest Fares With Excellent Service**

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!


India $545
London $250



## 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172



FARMERS INSURANCE GROUP
Symbol of Superior Service

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਅਗਸਤ 2014*

## ਉਪ ਚੋਣਾਂ ਤੇ ਸਿਆਸੀ ਸਫਬੰਦੀ

ਪੰਜਾਬ ਦੇ ਦੋ ਵਿਧਾਨ ਸਭਾ ਹਲਕਿਆਂ- ਪਟਿਆਲਾ ਤੇ ਤਲਵੰਡੀ ਸਾਬੋ ਦੀਆਂ ਉਪ ਚੋਣਾਂ ਦੇ ਰਸਮੀ ਚੋਣ ਨਤੀਜੇ ਭਾਵੇਂ 25 ਅਗਸਤ ਨੂੰ ਐਲਾਨੇ ਗਏ, ਪਰ ਸਿਆਸੀ ਮਾਹਿਰਾਂ ਨੇ ਇਨ੍ਹਾਂ ਨਤੀਜਿਆਂ ਦੀ ਪੇਸ਼ੀਨਗੋਈ ਕਾਫੀ ਪਹਿਲਾਂ ਹੀ ਕਰ ਦਿੱਤੀ ਸੀ। ਮੀਡੀਆ ਵਿਚ ਤਾਂ 'ਇਹ ਮੈਚ' ਸ਼੍ਰੋਮਣੀ ਅਕਾਲੀ ਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ 'ਫਿਕਸ' ਹੋਣ ਬਾਰੇ ਵੀ ਚਰਚਾ ਲਗਾਤਾਰ ਚੱਲਦੀ ਰਹੀ। ਬਾਅਦ ਵਿਚ ਕੁਝ ਸਿਆਸੀ ਆਗੂਆਂ ਦੇ ਬਿਆਨਾਂ ਨੇ ਵੀ ਇਹੀ ਮੁਹਾਰਨੀ ਪੜ੍ਹੀ। ਅਸਲ ਵਿਚ ਕਾਂਗਰਸ ਦੀ ਪਾਟੋ-ਧਾੜ ਇਨ੍ਹਾਂ ਉਪ ਚੋਣਾਂ ਵਿਚ ਪਹਿਲਾਂ ਨਾਲੋਂ ਵੀ ਵੱਧ ਭਿਅੰਕਰ ਰੂਪ ਵਿਚ ਜੱਗ-ਜ਼ਾਹਿਰ ਹੋਈ। ਇਸ ਦੇ ਨਾਲ ਹੀ ਪੀ.ਪੀ.ਪੀ. ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਬੜਾ ਜ਼ੋਰ ਲਾ ਕੇ ਤਲਵੰਡੀ ਸਾਬੋ ਹਲਕੇ ਤੋਂ ਟਿਕਟ ਤਾਂ ਆਪਣੀ ਮਰਜ਼ੀ ਦੇ ਉਮੀਦਵਾਰ ਨੂੰ ਦਿਵਾ ਦਿੱਤੀ, ਪਰ ਮਗਰੋਂ ਪਤਾ ਨਹੀਂ ਕੀ ਕਾਰਨ ਬਣੇ, ਉਨ੍ਹਾਂ ਹਲਕੇ ਵਿਚ ਪ੍ਰਚਾਰ ਤਾਂ ਕੀ ਕਰਨਾ ਸੀ, ਇਕ-ਦੋ ਵਾਰੀਆਂ ਛੱਡ ਕੇ ਉਥੇ ਪੈਰ ਵੀ ਨਾ ਪਾਇਆ। ਅਕਾਲੀਆਂ ਨੇ ਤਲਵੰਡੀ ਸਾਬੋ ਦਾ ਹਲਕਾ ਜਿੱਤਣ ਲਈ ਜੋ ਹਲਕਾਪਣ ਦਿਖਾਇਆ, ਉਸ ਤੋਂ ਜ਼ਾਹਿਰ ਹੋ ਗਿਆ ਕਿ ਸਿਆਸੀ ਪਾਰਟੀਆਂ ਅਤੇ ਆਗੂ ਚੋਣ ਜਿੱਤਣ ਲਈ ਕਿਸ ਹੱਦ ਤੱਕ ਮਾਰ ਕਰ ਸਕਦੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣਾ ਸਾਰਾ ਤਾਣ ਤਲਵੰਡੀ ਸਾਬੋ ਉਤੇ ਲਾ ਦਿੱਤਾ ਅਤੇ ਵੋਟਾਂ ਭੁਗਤਾਉਣ ਲਈ ਹਰ ਹੀਲਾ ਤੇ ਵਸੀਲਾ ਵਰਤਿਆ। ਉਹ ਉਂਜ ਵੀ ਚੋਣ ਬੂਥਾਂ ਉਤੇ ਸਿੱਧੇ-ਅਸਿੱਧੇ ਢੰਗ ਨਾਲ ਕਬਜ਼ਾ ਕਰਨ ਦੇ ਮਾਮਲੇ ਵਿਚ ਹੁਣ ਵਾਹਵਾ ਨਾਮਣਾ ਖੱਟ ਚੁੱਕੇ ਹਨ। ਦੂਜੇ ਬੰਨੇ ਕੈਪਟਨ ਅਮਰਿੰਦਰ ਸਿੰਘ ਚੋਣਾਂ ਦੌਰਾਨ ਪਟਿਆਲਾ ਹਲਕੇ ਵਿਚੋਂ ਬਾਹਰ ਨਹੀਂ ਨਿਕਲੇ ਅਤੇ ਨਾ ਹੀ ਉਨ੍ਹਾਂ ਨੇ ਆਪਣੇ ਵਿਰੋਧੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਲਕੇ ਵਿਚ ਵੜਨ ਦਿੱਤਾ। ਆਪਣੇ ਜੱਦੀ ਇਲਾਕੇ ਦਾ ਇਕ ਹੀ ਗੇੜਾ ਤਲਵੰਡੀ ਸਾਬੋ ਦੇ ਕਾਂਗਰਸੀ ਉਮੀਦਵਾਰ ਦੀ ਚੋਣ ਮੁਹਿੰਮ ਨੂੰ ਸਿਖਰ 'ਤੇ ਪਹੁੰਚਾ ਸਕਦਾ ਸੀ, ਪਰ ਕੈਪਟਨ ਨੇ ਅਜਿਹਾ ਕਿਸੇ ਵੀ ਹਾਲ ਕਰਨਾ ਨਹੀਂ ਸੀ। ਦਰਅਸਲ, ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਕੋਲੋਂ ਪੰਜਾਬ ਕਾਂਗਰਸ ਦੀ ਕਪਤਾਨੀ ਖੁੱਸੀ ਹੈ, ਉਹ ਵਾਰ-ਵਾਰ ਇਹ ਸਾਬਤ ਕਰਨ ਦੇ ਯਤਨਾਂ ਵਿਚ ਹਨ ਕਿ ਪੰਜਾਬ ਕਾਂਗਰਸ ਦੇ ਅਸਲ ਆਗੂ ਉਹੀ ਹਨ। ਸ. ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਬਣਨ ਤੋਂ ਬਾਅਦ ਭਾਵੇਂ ਪਾਰਟੀ ਦੇ ਹਰ ਧੜੇ ਨੂੰ ਨਾਲ ਲੈ ਕੇ ਚੱਲਣ ਦਾ ਯਤਨ ਕੀਤਾ ਅਤੇ ਉਨ੍ਹਾਂ ਨੂੰ ਕੇਂਦਰੀ ਕਮਾਂਡ ਵੱਲੋਂ ਵੀ ਪੂਰੀ ਮਦਦ ਮਿਲੀ, ਪਰ ਉਹ ਸੂਬੇ ਵਿਚ ਆਪਣੀ ਪੈਂਠ ਬਣਾਉਣ ਅਤੇ ਅਕਾਲੀ ਦਲ ਦੇ ਸਿਆਸੀ ਪੈਂਤੜਿਆਂ ਨੂੰ ਕਰਾਰਾ ਜਵਾਬ ਦੇਣ ਵਿਚ ਨਾਕਾਮ ਹੀ ਸਾਬਤ ਹੋਏ। ਪਹਿਲਾਂ ਵੀ ਹਰ ਮੌਕੇ ਇਹ ਤੱਥ ਸਾਹਮਣੇ ਆਏ ਅਤੇ ਇਨ੍ਹਾਂ ਉਪ ਚੋਣਾਂ ਵਿਚ ਵੀ ਇਸੇ ਤੱਥ ਦੀ ਤਸਦੀਕ ਹੋਈ ਹੈ।

ਇਨ੍ਹਾਂ ਚੋਣਾਂ ਵਿਚ ਸਭ ਤੋਂ ਵੱਧ ਅਚੰਭੇ ਵਾਲੀ ਗੱਲ ਆਮ ਆਦਮੀ ਪਾਰਟੀ (ਆਪ) ਨਾਲ ਹੋਈ ਹੈ। ਅਜੇ ਕੁਝ ਮਹੀਨੇ ਪਹਿਲਾਂ ਹੀ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਸਿਰੇ ਦੀ ਕਾਰਗੁਜ਼ਾਰੀ ਦਿਖਾਉਣ ਤੋਂ ਬਾਅਦ ਇਸ ਪਾਰਟੀ ਦੇ ਉਮੀਦਵਾਰ ਐਤਕੀਂ ਜ਼ਮਾਨਤਾਂ ਤੱਕ ਨਹੀਂ ਬਚਾ ਸਕੇ। ਲੋਕ ਸਭਾ ਚੋਣਾਂ ਵਿਚ ਇਸ ਪਾਰਟੀ ਨੂੰ ਬੇਮਿਸਾਲ ਹੁੰਗਾਰਾ ਇਸ ਕਰ ਕੇ ਮਿਲਿਆ ਸੀ, ਕਿਉਂਕਿ ਪੰਜਾਬ ਦਾ ਆਵਾਮ ਸੱਤਾਧਾਰੀ ਅਕਾਲੀ ਦਲ ਅਤੇ ਵਿਰੋਧੀ ਧਿਰ ਕਾਂਗਰਸ ਦੀਆਂ ਨੀਤੀਆਂ ਤੋਂ ਬਹੁਤ ਔਖਾ ਸੀ। ਲੋਕ ਸਭਾ ਚੋਣਾਂ ਵਿਚ ਲੋਕਾਂ ਨੇ ਇਨ੍ਹਾਂ ਦੋਹਾਂ ਪਾਰਟੀਆਂ ਨੂੰ ਸਬਕ ਸਿਖਾਇਆ। ਬਿਨਾਂ ਸ਼ੱਕ ਹੁਣ ਵਾਲੀ ਹਾਰ ਲਈ 'ਆਪ' ਦੀ ਆਪੋ-ਧਾਪ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ, ਪਰ ਇਸ ਪਾਰਟੀ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਲੋਕਾਂ ਦਾ ਇਸ ਪਾਰਟੀ ਤੋਂ ਭਰੋਸਾ ਹੀ ਜਾਂਦਾ ਲੱਗਿਆ ਹੈ। ਅਸਲ ਵਿਚ ਜਿਸ ਤਰ੍ਹਾਂ ਦਾ ਹੁੰਗਾਰਾ 'ਆਪ' ਨੂੰ ਪੰਜਾਬ ਵਿਚ ਮਿਲਿਆ ਸੀ, ਉਸ ਨੂੰ ਬਰਕਰਾਰ ਰੱਖਣ ਲਈ ਸਿਰੇ ਦੀ ਸੱਚੀ ਤੇ ਸੁੱਚੀ ਸਿਆਸਤ ਦੀ ਲੋੜ ਸੀ, ਪਰ ਪਹਿਲਾਂ ਪੰਜਾਬ ਦੀ ਕਨਵੀਨਰੀ ਅਤੇ ਫਿਰ ਹੋਰ ਅਹੁਦੇਦਾਰੀਆਂ ਲਈ ਜਿਸ ਤਰ੍ਹਾਂ ਦੀ ਕੁੱਕੜ-ਖੋਹ ਪੰਜਾਬ ਦੇ ਕੁਝ ਲੀਡਰਾਂ ਨੇ ਦਿਖਾਈ, ਉਸ ਨੇ ਲੋਕਾਂ ਨੂੰ ਨਿਰਾਸ਼ ਅਤੇ ਪਹਿਲਾਂ ਹੀ ਗੈਰ-ਜਥੇਬੰਦ ਇਸ ਪਾਰਟੀ ਨੂੰ ਗੋਡਿਆਂ ਭਾਰ ਕਰ ਦਿੱਤਾ। ਮੁੱਖ ਸਿਆਸੀ ਪਾਰਟੀਆਂ ਤਾਂ ਪਹਿਲਾਂ ਹੀ ਘਾਤ ਲਾ ਕੇ ਬੈਠੀਆਂ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਉਪ ਚੋਣਾਂ ਵਿਚ 'ਆਪ' ਦਾ ਪੱਤਾ ਸਾਫ ਕਰ ਦਿੱਤਾ।

ਦੂਜੇ ਪਾਸੇ, ਇਨ੍ਹਾਂ ਉਪ ਚੋਣਾਂ ਵਿਚ ਬਿਹਾਰ 'ਚ ਲਾਲੂ ਪ੍ਰਸਾਦ, ਨਿਤੀਸ਼ ਕੁਮਾਰ ਅਤੇ ਕਾਂਗਰਸ ਦੀ ਨਵੀਂ ਸਾਂਝ ਨੇ ਭਗਵੇਂ ਬ੍ਰਿਗੇਡ ਦੀ ਫੂਕ ਕੱਢ ਦਿੱਤੀ। ਇਸ ਗਠਜੋੜ ਨੇ ਸੂਬੇ ਦੇ 10 ਵਿਚੋਂ 6 ਹਲਕਿਆਂ ਉਤੇ ਜਿੱਤ ਹਾਸਲ ਕਰ ਕੇ ਭਾਜਪਾ ਆਗੂਆਂ ਨੂੰ ਤਾਂ ਚੁੱਪ ਕਰਵਾਇਆ ਹੀ ਹੈ, ਨਾਲ ਹੀ ਇਹ ਸੁਨੇਹਾ ਵੀ ਦਿੱਤਾ ਹੈ ਕਿ ਸਿਰ ਉਤੇ ਚੜ੍ਹੀ ਆ ਰਹੀ ਇਸ ਬ੍ਰਿਗੇਡ ਨੂੰ ਚੋਣਾਂ ਦੇ ਪਿੜ ਵਿਚ ਰਲ ਕੇ ਹਰਾਇਆ ਜਾ ਸਕਦਾ ਹੈ। ਇਸ ਬ੍ਰਿਗੇਡ ਦਾ ਅਗਲਾ ਨਿਸ਼ਾਨਾ ਹੁਣ ਜੰਮੂ-ਕਸ਼ਮੀਰ ਹੈ। ਇਹ ਬ੍ਰਿਗੇਡ ਜੰਮੂ-ਕਸ਼ਮੀਰ ਵਿਚ ਕਿਸੇ ਹਿੰਦੂ ਲੀਡਰ ਨੂੰ ਮੁੱਖ ਮੰਤਰੀ ਬਣਾਉਣ ਲਈ ਅਹੁਲ ਰਹੀ ਹੈ। ਜੰਮੂ-ਕਸ਼ਮੀਰ ਦਾ ਮਸਲਾ ਇਸ ਬ੍ਰਿਗੇਡ ਲਈ ਇਸ ਦੇ ਅਖੌਤੀ ਸਿਧਾਂਤਾਂ ਦਾ ਮਸਲਾ ਵੀ ਹੈ। ਹੁਣ ਦੇਖਣਾ ਇਹ ਹੈ ਕਿ ਜੰਮੂ-ਕਸ਼ਮੀਰ ਦੇ ਮੁਕਾਮੀ ਲੀਡਰ ਇਸ ਬ੍ਰਿਗੇਡ ਨੂੰ ਡੱਕਣ ਲਈ ਕਿਹੜੀ ਸਿਆਸੀ ਰਣਨੀਤੀ ਉਲੀਕਦੇ ਹਨ। ਸੂਬੇ ਵਿਚ ਕਾਂਗਰਸ ਅਤੇ ਨੈਸ਼ਨਲ ਕਾਂਗਰਸ ਦੇ ਸਬੰਧ ਹੁਣ ਪਹਿਲਾਂ ਵਾਲੇ ਨਹੀਂ। ਪੰਜ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਦੋਵੇਂ ਪਾਰਟੀਆਂ ਇਕ-ਦੂਜੀ ਤੋਂ ਦੂਰ ਜਾ ਚੁੱਕੀਆਂ ਹਨ। ਬੀਬਾ ਮਹਿਬੂਬਾ ਮੁਫਤੀ ਦੀ ਅਗਵਾਈ ਵਾਲੀ ਪੀਪਲਜ਼ ਡੈਮੋਕਰੇਟਿਕ ਪਾਰਟੀ ਸੱਤਾ ਹਾਸਲ ਕਰਨ ਲਈ ਕੋਈ ਵੀ ਕਰਤੱਬ ਕਰਨ ਲਈ ਲੱਕ ਬੰਨ੍ਹੀ ਬੈਠੀ ਹੈ। ਅਜਿਹੇ ਹਾਲਾਤ ਵਿਚ ਭਗਵੇਂ ਬ੍ਰਿਗੇਡ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਉਥੇ ਕੀ ਸਿਆਸੀ ਸਮੀਕਰਨ ਬਣਦੇ ਹਨ, ਇਹ ਆਉਣ ਵਾਲਾ ਵਕਤ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੂਡ ਪੰਜਾਬੀਆਂ ਦਾ!*

ਮਤਾ ਵੱਖਰਾ ਵੱਖਰਾ ਸਦਾ ਰਹਿੰਦਾ ਮਾਝੇ, ਮਾਲਵੇ ਅਤੇ ਦੁਆਬੀਆਂ ਦਾ।
ਲੰਮੀ ਸੋਚ ਕੇ ਫੈਸਲੇ ਲੈਣ ਨਾਹੀਂ, ਪਲ ਪਲ ਬਦਲਦਾ ਮੂਡ ਪੰਜਾਬੀਆਂ ਦਾ।
ਵੋਟ ਪਾਉਂਦਿਆਂ ਦਿਲਾਂ ਵਿਚ ਧਾਰਦੇ ਨਾ, ਜੂਲਾ ਲਾਹੁਣਾ ਏ ਗਲੋਂ 'ਨਵਾਬੀਆਂ' ਦਾ।
ਸਹਿਜ ਪੱਕੇ ਸੋ ਮਿੱਠੜਾ ਖੂਬ ਹੁੰਦਾ, ਫਾਇਦਾ ਹੋਇਆ ਨਾ ਕਦੇ ਸ਼ਤਾਬੀਆਂ ਦਾ।
ਵਕਤੀ ਜੋਸ਼ ਵਿਚ ਹੋ ਮਦਹੋਸ਼ ਜਾਂਦੇ, ਨਹੀਂਓਂ ਦੇਖਦੇ ਨਿਕਲਦੇ ਸਿੱਟਿਆਂ ਨੂੰ।
ਜਿਮਨੀ ਚੋਣ ਵਿਚ 'ਝਾੜੂ' ਅਣਡਿੱਠ ਕੀਤਾ, ਪਾ'ਤੀ ਖੈਰ ਫਿਰ ਨੀਲਿਆਂ-ਚਿੱਟਿਆਂ ਨੂੰ!

# ਹੁਕਮਰਾਨ, ਲੋਕ ਮਸਲੇ ਤੇ ਲੋਕ ਰੋਹ

***ਪੰਜਾਬ ਦਾ ਲੋਕ ਅੱਜ ਤ੍ਰਾਹ-ਤ੍ਰਾਹ ਕਰ ਰਿਹਾ ਹੈ। ਇਸ ਉਤੇ ਚੁਫੇਰਿਓਂ ਮੁਸੀਬਤਾਂ ਦੀ ਵਾਛੜ ਹੋ ਰਹੀ ਹੈ। ਕਿਤੇ ਕੋਈ ਸੁਣਵਾਈ ਨਹੀਂ। ਹੁਕਮਰਾਨ ਧਿਰਾਂ, ਪ੍ਰਸ਼ਾਸਨ ਤੇ ਅਫਸਰਸ਼ਾਹੀ ਸਭ ਆਪਣੇ ਹਿਸਾਬ ਨਾਲ 'ਵਧੀਆ' ਢੰਗ ਨਾਲ ਚੱਲ ਰਹੇ। ਇਸ 'ਸਭ ਅੱਛਾ' ਵਾਲੀ ਪਹੁੰਚ ਨਾਲ ਢਾਂਚਾ ਇੰਨਾ ਜ਼ਿਆਦਾ ਕਰੂਰ ਤੇ ਕੁਰੱਪਟ ਹੋ ਗਿਆ ਹੈ ਕਿ ਆਮ ਬੰਦੇ ਕੋਲ ਕੋਈ ਚਾਰਾ ਬਾਕੀ ਨਹੀਂ ਬਚਿਆ। ਹਰ ਤਬਕਾ ਰੋਸ ਅਤੇ ਰੋਹ ਨਾਲ ਗਲ-ਗਲ ਤਕ ਭਰਿਆ ਹੋਇਆ ਹੈ। ਪਿਛਲੇ ਦਿਨੀਂ ਇਸ ਰੋਹ ਅਤੇ ਰੋਸ ਦਾ ਤਿੱਖਾ ਇਜ਼ਹਾਰ ਇਕ ਨੌਜਵਾਨ ਵੱਲੋਂ ਮੁੱਖ ਮੰਤਰੀ ਵੱਲ ਜੁੱਤੀ ਉਛਾਲਣ ਨਾਲ ਦੇਖਣ ਨੂੰ ਮਿਲਿਆ। ਇਸ ਸਮੁੱਚੇ ਹਾਲਾਤ ਦੀ ਛਾਣ-ਬੀਣ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਪੰਦਰਾਂ ਅਗਸਤ ਦੇ ਦਿਨ ਈਸੜੂ ਵਿਚ ਸਰਕਾਰੀ ਸਮਾਗਮ ਦੌਰਾਨ ਇਕ ਨੌਜਵਾਨ ਵਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਸੁੱਟਣਾ, ਚਲਿੱਤਰਬਾਜ਼ੀ ਦੇ ਮਾਹਰ ਮੁੱਖ ਮੰਤਰੀ ਵਲੋਂ ਪਹਿਲਾਂ ਅਜਿਹੇ ਕਿਸੇ ਵਾਕਿਆ ਤੋਂ ਹੀ ਅਣਜਾਣਤਾ ਜ਼ਾਹਿਰ ਕਰਨਾ, ਬਾਅਦ ਵਿਚ ਉਸ ਨੌਜਵਾਨ ਨੂੰ ਮੁਆਫ਼ ਕਰ ਦੇਣ ਦਾ ਐਲਾਨ ਕਰ ਦੇਣਾ ਅਤੇ ਫਿਰ ਪੁਲਿਸ ਵਲੋਂ ਬਾਦਲਕਿਆਂ ਦੇ ਇਸ਼ਾਰੇ 'ਤੇ ਨੌਜਵਾਨ ਵਿਕਰਮ ਸਮੇਤ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ 332, 352, 353 ਵਰਗੀਆਂ ਗ਼ੈਰ-ਜ਼ਮਾਨਤੀ ਧਾਰਾਵਾਂ ਲਗਾ ਕੇ ਮੁਜਰਮਾਂ ਵਾਂਗ ਪੁਲਿਸ ਰਿਮਾਂਡ ਲੈਣਾ ਜਿਥੇ ਸੱਤਾਧਾਰੀ ਧਿਰ ਦੇ ਅਵਾਮ ਪ੍ਰਤੀ ਰਵੱਈਏ ਦਾ ਇਜ਼ਹਾਰ ਹੈ, ਉਥੇ ਹਾਲਾਤ ਦੀ ਨਜ਼ਾਕਤ ਦਾ ਸਾਫ਼

ਬੂਟਾ ਸਿੰਘ
ਫੋਨ: 91-94634-74342

ਇਸ਼ਾਰਾ ਵੀ ਹੈ। ਹਾਲਾਤ ਇਹ ਹਨ ਕਿ ਅਵਾਮ ਵਲੋਂ ਆਪਣੇ ਹਿੱਤਾਂ, ਸਰੋਕਾਰਾਂ ਤੇ ਮਸਲਿਆਂ ਉਪਰ ਲਗਾਤਾਰ ਉੱਠ ਰਹੀ ਆਵਾਜ਼ ਅਤੇ ਉਨ੍ਹਾਂ ਦੇ ਜਮਹੂਰੀ ਸੰਘਰਸ਼ਾਂ ਨੂੰ ਹੁਕਮਰਾਨ ਲਾਣਾ ਨਾ ਸਿਰਫ਼ ਟਿੱਚ ਸਮਝਦਾ ਹੈ ਸਗੋਂ ਉਨ੍ਹਾਂ ਨੂੰ ਪ੍ਰਚਲਤ ਤੇ ਪ੍ਰਵਾਨਤ ਢੰਗਾਂ ਨਾਲ ਰੋਸ ਪ੍ਰਗਟਾਉਣ ਦੀ ਇਜਾਜ਼ਤ ਵੀ ਨਹੀਂ ਦੇ ਰਿਹਾ। ਹਾਲੀਆ ਜ਼ਿਮਨੀ ਚੋਣਾਂ ਦੌਰਾਨ ਤਲਵੰਡੀ ਸਾਬੋ ਵਿਚ ਸੱਤਾਧਾਰੀ ਧਿਰ ਵਲੋਂ ਵਾਅਦਿਆਂ ਤੋਂ ਮੁੱਕਰਨ ਖ਼ਿਲਾਫ਼ ਰੋਸ ਪ੍ਰਗਟਾਵਿਆਂ ਨੂੰ ਪੁਲਿਸ ਜਬਰ ਰਾਹੀਂ ਕੁਚਲਣਾ ਅਣਐਲਾਨੇ ਤਾਨਾਸ਼ਾਹ ਰਾਜ ਦਾ ਇਕ ਹੋਰ ਸਬੂਤ ਹੀ ਸੀ। ਅਜਿਹੇ ਹਾਲਾਤ ਵਿਚ ਅੱਕੇ-ਸਤੇ ਅਵਾਮ ਕੋਲ ਜਿਥੇ ਮੌਕਾ ਮਿਲੇ, ਸੱਤਾਧਾਰੀਆਂ ਵੱਲ ਜੁੱਤੀਆਂ ਸੁੱਟਣਾ ਰੋਸ ਪ੍ਰਗਟਾਵੇ ਦਾ ਇਕ ਸਾਧਨ, ਇਕ ਵਿਰੋਧ ਰੂਪ ਹੀ ਹੈ।

ਇਹ ਹੋਰ ਵੀ ਦਿਲਚਸਪ ਹੈ ਕਿ ਬਾਦਲਕਿਆਂ ਨੂੰ ਪਾਣੀ ਪੀ-ਪੀ ਭੰਡਣ ਵਾਲੇ ਪੰਜਾਬ ਦੇ ਮੁੱਖ ਕਾਂਗਰਸੀ ਆਗੂ 'ਇਹ ਰਾਜ ਦੇ ਸਿਆਸੀ ਸਭਿਆਚਾਰ ਦਾ ਹਿੱਸਾ ਨਹੀਂ' ਦੀਆਂ ਨਸੀਹਤਾਂ ਦਿੰਦੇ ਅਤੇ ਇਸ ਜੁੱਤੀ ਕਾਂਡ ਦੀ ਪੱਬਾਂ ਭਾਰ ਹੋ ਕੇ ਨਿਖੇਧੀ ਕਰਦੇ ਨਜ਼ਰ ਆਏ। ਇਸ ਹੇਜ ਦੀ ਵਜ੍ਹਾ ਸਮਝਣੀ ਮੁਸ਼ਕਲ ਨਹੀਂ। ਉਨ੍ਹਾਂ ਨੂੰ ਚਿੰਤਾ 'ਸਹੇ ਨਾਲੋਂ ਪਹੇ' ਦੀ ਹੈ। ਕਾਂਗਰਸੀ ਆਗੂ ਭਲੀਭਾਂਤ ਜਾਣਦੇ ਹਨ ਕਿ ਉਨ੍ਹਾਂ ਦੀ ਪਾਰਟੀ ਵੀ ਬਾਦਲਕਿਆਂ ਵਾਲੀਆਂ ਜਮਾਤੀ ਕਰਤੂਤਾਂ ਦੀ ਮਾਲਕ ਹੋਣ ਕਾਰਨ ਭਵਿੱਖ ਵਿਚ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਇਸ ਸ਼ਕਲ ਵਿਚ ਅਵਾਮੀ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ; ਕਿਉਂਕਿ ਵੰਨ-ਸੁਵੰਨੇ ਮਾਫ਼ੀਆ ਗਰੋਹ ਅਤੇ ਦੋਵੇਂ ਹੁਕਮਰਾਨ ਪਾਰਟੀਆਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਸਮਾਜ ਦੀ ਮਿਹਨਤ ਹੜੱਪ ਕੇ ਅਯਾਸ਼ੀ ਕਰਨ ਵਾਲੀਆਂ ਮੁੱਠੀ ਭਰ ਪਰਜੀਵੀ ਜਮਾਤਾਂ (ਜੋ ਮੁੱਖਧਾਰਾ ਸਿਆਸੀ ਪਾਰਟੀਆਂ ਦਾ ਸਮਾਜੀ ਆਧਾਰ ਹਨ) ਨੂੰ ਛੱਡ ਕੇ ਹਰ ਵਰਗ ਵਿਚ ਹਾਹਾਕਾਰ ਮੱਚੀ ਹੋਈ ਹੈ। ਵਾਰੋ-ਵਾਰੀ ਸੱਤਾਨਸ਼ੀਨ ਹੋਣ ਵਾਲੀਆਂ ਦੋਵਾਂ ਪਾਰਟੀਆਂ ਕੋਲ ਇਸ ਅੱਕੇ-ਸੱਤੇ ਅਵਾਮ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਹੈ। ਇਹ ਦੋਵੇਂ ਡੰਡੇ ਦੀ ਨੀਤੀ ਬਾਰੇ ਵੀ ਇਕਮੱਤ ਹਨ ਅਤੇ ਲਿਹਾਜ਼ਾ ਜੁੱਤੀ ਸੁੱਟਣ ਦੀ ਨਿਖੇਧੀ ਕਰਨ ਬਾਰੇ ਵੀ।

ਅਵਾਮੀ ਰੋਸ ਪ੍ਰਗਟਾਵੇ ਦੇ ਸਾਧਨ ਵਜੋਂ ਜੁੱਤੀ ਪਹਿਲੀ ਦਫ਼ਾ ਆਲਮੀ ਚਰਚਾ ਵਿਚ ਉਦੋਂ ਆਈ ਜਦੋਂ ਇਰਾਕੀ ਪੱਤਰਕਾਰ ਮੁੰਤਜ਼ਰ-ਅਲ ਜ਼ੈਦੀ ਨੇ 14 ਦਸੰਬਰ 2008 ਨੂੰ ਬਗ਼ਦਾਦ ਵਿਚ ਪ੍ਰੈੱਸ ਸੰਮੇਲਨ ਵਿਚ ਅਮਰੀਕੀ ਬੁਰਛਾਗਰਦੀ ਦੇ ਪ੍ਰਤੀਕ ਰਾਸ਼ਟਰਪਤੀ ਜਾਰਜ਼ ਬੁਸ਼ ਵੱਲ ਦੋ ਜੁੱਤੀਆਂ ਸੁੱਟ ਕੇ ਅਮਰੀਕੀ ਸਾਮਰਾਜਵਾਦ ਦੀ ਬਦਮਾਸ਼ੀ ਵਿਰੁੱਧ ਰੋਸ ਪ੍ਰਗਟਾਇਆ ਤੇ ਉਸ ਨੂੰ 'ਕੁੱਤਾ' ਕਹਿ ਕੇ ਇਰਾਕੀ ਅਵਾਮ ਅੰਦਰ ਖੌਲ ਰਹੇ ਰੋਹ ਦੀ ਨੁਮਾਇੰਦਗੀ ਕੀਤੀ। ਪਾਕਿਸਤਾਨ ਦੇ ਸਿੰਧ ਸੂਬੇ ਦੇ ਸਾਬਕਾ ਮੁੱਖ ਮੰਤਰੀ ਅਰਬਾਬ ਗ਼ੁਲਾਮ ਰਹੀਮ ਵਲੋਂ ਦੁਬਾਰਾ ਵਿਧਾਇਕ ਚੁਣੇ ਜਾਣ 'ਤੇ ਵਿਧਾਨ ਸਭਾ ਦੇ ਸਹੁੰ-ਚੁੱਕ ਸਮਾਗਮ ਵਿਚ ਜੁੱਤੀ ਦੀ ਘਟਨਾ ਭਾਵੇਂ ਬੁਸ਼ ਦੇ ਜੁੱਤੀਆਂ ਪੈਣ ਤੋਂ ਕੁਝ ਮਹੀਨੇ ਪਹਿਲਾਂ ਹੋ ਚੁੱਕੀ ਸੀ, ਪਰ ਐਨੀ ਚਰਚਾ ਵਿਚ ਨਹੀਂ ਸੀ ਆਈ। ਇਹ ਵੀ ਅਵਾਮੀ ਰੋਹ ਦਾ ਇਜ਼ਹਾਰ ਹੀ ਸੀ ਕਿ ਅਮਰੀਕਾ ਦੀ ਤਤਕਾਲੀ ਵਿਦੇਸ਼ ਮੰਤਰੀ ਕੌਂਡੋਲਿਜ਼ਾ ਰਾਈਸ ਦਾ ਨਾਂ ਹੀ ਖਾੜੀ ਦੇ ਲੋਕਾਂ ਨੇ 'ਜੁੱਤੀ' ਰੱਖ ਦਿੱਤਾ ਸੀ। ਅਜੇ ਲੰਘੇ ਅਪਰੈਲ ਮਹੀਨੇ ਵਿਚ ਹੀ ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਉਸ ਦੇ ਆਪਣੇ ਹੀ ਮੁਲਕ ਦੀ ਇਕ ਔਰਤ ਨੇ ਜੁੱਤੀ ਕੱਢ ਮਾਰੀ ਸੀ। ਹਿੰਦੁਸਤਾਨ ਵਿਚ ਐਲ.ਕੇ. ਅਡਵਾਨੀ, ਪੀ. ਚਿੰਦਬਰਮ, ਮਨਮੋਹਨ ਸਿੰਘ, ਰਾਹੁਲ ਗਾਂਧੀ, ਨਰੇਂਦਰ ਮੋਦੀ, ਭੁਪਿੰਦਰ ਸਿੰਘ ਹੁੱਡਾ ਸਮੇਤ ਬਹੁਤ ਸਾਰੇ ਮੁੱਖਧਾਰਾ ਸਿਆਸਤਦਾਨ ਜੁੱਤੀਆਂ ਨਾਲ ਨਿਵਾਜ਼ੇ ਜਾ ਚੁੱਕੇ ਹਨ। ਲਿਹਾਜ਼ਾ ਜੁੱਤੀਆਂ ਪੈਣ ਦੀ ਨੌਬਤ ਅਤੇ ਜੁੱਤੀ ਦਾ ਨਿਸ਼ਾਨਾ ਬਣੇ ਸ਼ਖ਼ਸ ਦੇ ਕਿਰਦਾਰ ਨੂੰ ਤੋੜ ਕੇ ਨਹੀਂ ਦੇਖਿਆ ਜਾ ਸਕਦਾ।

ਪੰਜਾਬ ਸਰਕਾਰ ਦੇ ਸਮਾਗਮ ਵਿਚ ਜੁੱਤੀ ਮਾਰਨ ਵਾਲੇ ਨੌਜਵਾਨ ਨੇ ਸਾਫ਼ ਲਫ਼ਜ਼ਾਂ 'ਚ ਕਿਹਾ ਹੈ ਕਿ "ਮੈਂ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਨਹੀਂ ਮਾਰੀ। ਮੈਂ ਤਾਂ ਸੂਬੇ ਦੇ ਮੁੱਖ ਮੰਤਰੀ ਵੱਲ ਜੁੱਤੀ ਸੁੱਟੀ ਹੈ ਕਿਉਂਕਿ ਇਨ੍ਹਾਂ ਨੇ ਪੰਜਾਬ ਦਾ ਬੇੜਾ ਗ਼ਰਕ ਕਰ ਕੇ ਰੱਖ ਦਿੱਤਾ ਹੈ"। ਬਾਦਲ ਨੇ ਚਲਾਕੀ ਨਾਲ ਜ਼ਬਾਨ ਬਦਲ ਲਈ ਕਿ ਨੌਜਵਾਨ ਦੇ ਰੋਸ ਤੋਂ ਲੱਗਦਾ ਹੈ, ਉਹ ਬੇਰੋਜ਼ਗਾਰੀ ਤੋਂ ਦੁਖੀ ਹੈ। ਮੁੱਖ ਮੰਤਰੀ ਹਰ ਕਿਸੇ ਨੂੰ ਨੌਕਰੀ ਦੇ ਕੇ ਖੁਸ਼ ਨਹੀਂ ਕਰ ਸਕਦਾ। ਇਸ ਸ਼ਖ਼ਸ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਨੌਕਰੀ ਦਿੱਤੀ ਕਿੰਨਿਆਂ ਕੁ ਨੂੰ ਹੈ! ਨੌਜਵਾਨ ਦਾ ਕਥਨ ਬਿਲਕੁਲ ਸਹੀ ਹੈ ਕਿ ਇਹ ਹੁਕਮਰਾਨ ਨਾ ਸਿਰਫ਼ ਲੋਕਾਂ ਨੂੰ ਨਿੱਤ ਲਾਰੇ ਲਾ ਕੇ ਅਤੇ ਝੂਠੇ ਵਾਅਦੇ ਕਰ ਕੇ ਉਨ੍ਹਾਂ ਨਾਲ ਕੋਝਾ ਮਜ਼ਾਕ ਕਰਦੇ ਹਨ ਸਗੋਂ ਰੋਜ਼ਗਾਰ ਦੀ ਹੱਕੀ ਮੰਗ ਕਰਦੇ ਨੌਜਵਾਨਾਂ ਨੂੰ ਪੁਲਿਸ ਕੋਲੋਂ ਡਾਂਗਾਂ ਨਾਲ ਕੁਟਵਾਉਂਦੇ ਹਨ ਤੇ ਨੌਜਵਾਨਾਂ ਕੁੜੀਆਂ ਨੂੰ ਪੁਲਿਸ ਤੇ ਜਥੇਦਾਰਾਂ ਕੋਲੋਂ ਜ਼ਲੀਲ ਕਰਵਾਉਂਦੇ ਹਨ। ਮੁਜ਼ਾਹਰਾਕਾਰੀਆਂ ਨੂੰ ਇਕੱਠੇ ਹੋਣ ਵਾਲੀ ਥਾਂ ਹੀ ਬੇਸ਼ੁਮਾਰ ਪੁਲਿਸ ਘੇਰ ਲੈਂਦੀ ਹੈ। ਜਦੋਂ ਇਨ੍ਹਾਂ ਨੇ ਜਮਹੂਰੀ ਸੰਘਰਸ਼ਾਂ ਦੀ ਗੁੰਜਾਇਸ਼ ਹੀ ਖ਼ਤਮ ਕਰ ਦਿੱਤੀ ਹੈ, ਫਿਰ ਬੇਵੱਸ ਅਵਾਮ ਅੱਗੇ ਜੋ ਸੀਮਤ ਰਾਹ ਬਚੇ ਹਨ, ਉਨ੍ਹਾਂ ਵਿਚੋਂ ਇਕ ਜੁੱਤੀ ਦੀ ਜ਼ਬਾਨ ਰਾਹੀਂ ਹੁਕਮਰਾਨਾਂ ਦੇ ਕੰਨਾਂ ਤਕ ਪਹੁੰਚਾਉਣਾ ਹੈ।

***ਆਪਣੀਆਂ ਮੰਗਾਂ ਦੀ ਸੁਣਵਾਈ ਲਈ ਮੁੱਖ ਮੰਤਰੀ ਤੋਂ ਗੱਲਬਾਤ ਲਈ ਵਕਤ ਲੈਣ ਖ਼ਾਤਰ ਹਾਲਾਤ ਤੋਂ ਮਾਯੂਸ ਬੇਰੋਜ਼ਗਾਰ ਨੌਜਵਾਨ ਮੁੰਡੇ-ਕੁੜੀਆਂ ਆਪਣੀਆਂ ਜਾਨਾਂ ਜੋਖ਼ਮ 'ਚ ਪਾ ਰਹੇ ਹਨ ਤੇ ਹੱਥਾਂ ਵਿਚ ਪੈਟਰੋਲ ਦੀਆਂ ਬੋਤਲਾਂ ਫੜ ਕੇ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਕੇ ਖ਼ੁਦਕੁਸ਼ੀਆਂ ਕਰ ਲੈਣ ਦੀ 'ਇੰਤਹਾ' ਤਕ ਜਾਂਦੇ ਹਨ। ਫਿਰ ਕਿਤੇ ਨੌਕਰਸ਼ਾਹੀ ਉਨ੍ਹਾਂ ਦੀ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਨਾਲ ਗੱਲਬਾਤ ਕਰਵਾਉਂਦੀ ਹੈ, ਉਂਝ ਲਾਗੇ ਵੀ ਨਹੀਂ ਲੱਗਣ ਦਿੰਦੀ। ਇਹ ਵੀ ਮਹਿਜ਼ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਰਸਮੀ ਕਵਾਇਦ ਹੀ ਹੁੰਦੀ ਹੈ। ਇਸ ਦਾ ਸਿੱਟਾ ਇਕ ਹੋਰ ਨਵੇਂ ਲਾਰੇ ਜਾਂ 'ਇਹ ਮੰਗ ਨਹੀਂ ਮੰਨੀ ਜਾ ਸਕਦੀ' ਦੀ ਸ਼ਕਲ ਵਿਚ ਦੋ-ਟੁੱਕ ਨਾਂਹ ਵਿਚ ਹੀ ਨਿੱਕਲਦਾ ਹੈ।***

ਇਹ ਗ਼ੈਰਤਮੰਦ ਨੌਜਵਾਨ ਕਿਹੜੀ ਸਿਆਸੀ ਪਾਰਟੀ ਨਾਲ ਸਬੰਧਤ ਸੀ, ਇਹ ਸਵਾਲ ਉਤਨਾ ਮਾਇਨੇ ਨਹੀਂ ਰੱਖਦਾ ਜਿੰਨਾ ਇਹ ਕਿ ਉਸ ਵਲੋਂ ਮੁੱਖ ਮੰਤਰੀ ਦੇ ਖਿਲਾਫ਼ ਲਾਏ ਇਲਜ਼ਾਮ ਸੌ ਤੋਂ ਵੀ ਅੱਗੇ ਦੋ ਸੌ ਫ਼ੀਸਦੀ ਸੱਚ ਹਨ ਜੋ ਖ਼ੁਦ ਨੂੰ 'ਫ਼ਖ਼ਰ-ਏ-ਕੌਮ' ਅਖਵਾਉਂਦਿਆਂ ਭੋਰਾ ਸ਼ਰਮ ਮਹਿਸੂਸ ਨਹੀਂ ਕਰਦਾ। ਪੰਜਾਬ ਦੇ ਅਵਾਮ ਨੂੰ ਇਹ ਸਮਝ ਨਹੀਂ ਆਉਂਦੀ ਕਿ ਸਾਢੇ ਸੱਤ ਸਾਲਾਂ ਦੇ ਬਾਦਲ ਰਾਜ ਦੌਰਾਨ ਪਿਉ-ਪੁੱਤ ਦੀ ਕਿਹੜੀ 'ਪ੍ਰਾਪਤੀ' ਉਪਰ ਫ਼ਖ਼ਰ ਮਹਿਸੂਸ ਕਰਨ ਅਤੇ ਸਵੈ-ਸ਼ੁਹਰਤ ਦੇ ਭੁੱਖੇ ਇਸ ਸ਼ਖ਼ਸ ਵਲੋਂ ਆਪਣੀ ਹਿੱਕ ਉਪਰ ਆਪ ਹੀ ਚਿਪਕਾਏ ਇਸ ਤਮਗੇ ਉਪਰ ਕਿਸ ਹਾਸਲ ਨੂੰ ਸਾਹਮਣੇ ਰੱਖ ਕੇ ਮੋਹਰ ਲਗਾਉਣ।

ਇਨ੍ਹਾਂ ਦੀਆਂ 'ਪ੍ਰਾਪਤੀਆਂ' ਤਾਂ ਬੇਸ਼ੁਮਾਰ ਹਨ- ਕੈਂਸਰ; ਨਸ਼ਿਆਂ ਤੇ ਬੇਰੋਜ਼ਗਾਰੀ ਦਾ ਬੋਲਬਾਲਾ; ਮੁਲਕ ਵਿਚ ਬਰਾਮਦ ਹੋ ਰਹੀ ਕੁਲ ਅਫ਼ੀਮ ਦਾ 41 ਫ਼ੀ ਸਦੀ ਅਤੇ 29 ਫ਼ੀ ਸਦੀ ਹੈਰੋਇਨ ਦੀ ਪੰਜਾਬ ਵਿਚ ਬਰਾਮਦਗੀ; ਮਰ-ਮੁੱਕ ਰਹੀ ਸਰਕਾਰੀ ਸਿਖਿਆ; ਦਮ ਤੋੜ ਰਹੀਆਂ ਸਿਹਤ ਸੇਵਾਵਾਂ; ਗ਼ੈਰ-ਮੁਨਾਫ਼ਾ ਮਨੋਰਥ ਵਾਲੀਆਂ ਸਰਕਾਰੀ ਸੇਵਾਵਾਂ ਦੀ ਅਣਹੋਂਦ 'ਚ ਬੇਵੱਸ ਲੋਕਾਂ ਦੀਆਂ ਜੇਬਾਂ ਕੱਟਣ ਲਈ ਤਰਲੋਮੱਛੀ ਹੋ ਰਹੇ ਖੁੰਭਾਂ ਵਾਂਗ ਉੱਗੇ ਪ੍ਰਾਈਵੇਟ ਹਸਪਤਾਲ/ਕਾਲਜ/ਯੂਨੀਵਰਸਿਟੀਆਂ, ਰੇਤ-ਟਰਾਂਸਪੋਰਟ ਮਾਫ਼ੀਆ ਦੀ ਗੁੰਡਾਗਰਦੀ ਤੇ ਖੰਡ ਦੇ ਭਾਅ ਵਿਕ ਰਹੀ ਰੇਤ-ਬੱਜਰੀ; ਪ੍ਰਿਯੰਕਾ ਚੋਪੜਾ ਦੇ ਛੇ ਕਰੋੜੀ ਮੁਜਰੇ ਅਤੇ ਬਹੁ-ਕਰੋੜੀ ਕਬੱਡੀ ਕੱਪਾਂ ਦੀ ਚਮਕ-ਦਮਕ ਥੱਲੇ ਦਫ਼ਨਾਈਆਂ ਜਾ ਰਹੀਆਂ ਰਵਾਇਤੀ ਖੇਡਾਂ; ਪੰਜ ਹਜ਼ਾਰ ਕਿਰਤੀ-ਕਿਰਸਾਨਾਂ ਦੀਆਂ ਖ਼ੁਦਕੁਸ਼ੀਆਂ, ਨਿਸ਼ਾਨ ਸਿੰਘਾਂ-ਰਾਣਿਆਂ ਵਰਗੇ ਬਦਮਾਸ਼ਾਂ ਦੀ ਸਿਆਸੀ ਪੁਸ਼ਤ-ਪਨਾਹੀ ਅਤੇ ਨਸ਼ਾ ਤਸਕਰਾਂ ਨਾਲ ਅਕਾਲੀ ਆਗੂਆਂ ਦੇ ਜ਼ਾਹਰਾ ਗੱਠਜੋੜ; ਬਾਦਲਾਂ ਦੀ ਕਾਲੇ ਧੰਦਿਆਂ ਦੀ ਸਲਤਨਤ (ਜਿਸ ਦਾ ਤੱਥਪੂਰਨ ਵਿਸਤਾਰਤ ਖ਼ੁਲਾਸਾ 'ਪੰਜਾਬੀ ਟ੍ਰਿਬਿਊਨ' ਨੇ ਲੋਕ ਸਭਾ ਚੋਣਾਂ ਮੌਕੇ ਆਪਣੀਆਂ ਖ਼ਾਸ ਰਿਪੋਰਟਾਂ ਵਿਚ ਕੀਤਾ); ਨਿੱਤ ਹਕੂਮਤ ਦੇ ਸਾੜੇ ਜਾ ਰਹੇ ਪੁਤਲੇ ਤੇ ਰੋਸ-ਮੁਜ਼ਾਹਰੇ; ਸਰਕਾਰੀ ਜਸ਼ਨੀ ਸਮਾਗਮਾਂ ਵਿਚ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਪੰਜਾਬ ਦਾ ਭਵਿੱਖ, ਜਥੇਦਾਰਾਂ ਵਲੋਂ ਪੁੱਟੀਆਂ ਜਾਂਦੀਆਂ ਬੇਰੋਜ਼ਗਾਰ ਧੀਆਂ ਦੀਆਂ ਗੁੱਤਾਂ, ਪੈਰਾਂ ਵਿਚ ਰੋਲੀਆਂ ਜਾ ਰਹੀਆਂ ਚੁੰਨੀਆਂ ਤੇ ਪੱਗਾਂ; ਦੁੱਧ ਚੁੰਘਦੀ ਮਾਸੂਮ ਬੱਚੀ ਰੂਥ ਦੀ ਮੌਤ; ਸ਼੍ਰੋਮਣੀ ਕਮੇਟੀ ਦੀ ਮਸੰਦ ਸੈਨਾ ਵਲੋਂ ਧਾਰਮਿਕ ਸਥਾਨਾਂ ਦੀ ਜ਼ਮੀਨ-ਜਾਇਦਾਦ ਉਪਰ ਕੀਤੇ ਜਾ ਰਹੇ ਕਬਜ਼ੇ; 75 ਲੱਖ ਬੇਰੋਜ਼ਗਾਰਾਂ ਵਾਲੇ ਸੂਬੇ ਅੰਦਰ ਢਾਈ ਸਾਲਾਂ ਵਿਚ ਮਹਿਜ਼ 2 ਫ਼ੀਸਦੀ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦੇਣ ਦਾ ਅਹਿਸਾਨ; ਸੱਤ ਸਾਲਾ ਅਕਾਲੀ ਰਾਜ ਵਿਚ ਬੰਦ ਹੋਈਆਂ 18770 ਛੋਟੀਆਂ ਤੇ ਦਰਮਿਆਨੀਆਂ ਫੈਕਟਰੀਆਂ; ਸੂਬੇ ਵਿਚ ਹਰ ਸਾਲ ਹੋ ਰਹੀ ਤੀਹ ਕਰੋੜ ਸ਼ਰਾਬ ਦੀਆਂ ਬੋਤਲਾਂ ਦੀ ਖ਼ਪਤ ਤੇ ਹਕੂਮਤ ਨੂੰ 4700 ਕਰੋੜ ਰੁਪਏ ਦੀ ਸਾਲਾਨਾ 'ਆਮਦਨ'; ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਨੂੰ ਮਾਤ ਪਾਉਂਦਾ ਜਾਇਦਾਦ ਨੁਕਸਾਨ ਰੋਕੂ ਕਾਨੂੰਨ; ਸੜਕਾਂ ਉਪਰ ਰਾਹੀਆਂ ਨੂੰ ਕੁਚਲ ਰਹੀ ਬਾਦਲਕਿਆਂ ਦੀ ਟਰਾਂਸਪੋਰਟ, ਸਭਿਆਚਾਰ ਦੇ ਨਾਂ ਹੇਠ ਅਸ਼ਲੀਲਤਾ ਦਾ ਹੜ੍ਹ; ਬਿਜਲੀ ਦੇ ਅਮੁੱਕ ਕੱਟ; ਪਿੰਕੀ ਕੈਟ ਵਰਗੇ ਬੁੱਚੜਾਂ ਨੂੰ ਦਰਿਆਦਿਲੀ ਨਾਲ ਸਜ਼ਾ ਮਾਫ਼ੀ ਵਗੈਰਾ ਵਗੈਰਾ...। ਇਕੱਲੀ-ਇਕੱਲੀ 'ਪ੍ਰਾਪਤੀ' ਕਾਬਲੇ-ਫ਼ਖ਼ਰ ਹੈ!

ਸੂਬੇ ਦੇ ਹਾਲਾਤ ਨੂੰ ਬੁੱਝਣ-ਸਮਝਣ ਲਈ ਕਿਸੇ ਗੂੜ੍ਹ-ਗਿਆਨ ਜਾਂ ਖ਼ਾਸ ਤਰੱਦਦ ਦੀ ਲੋੜ

*(ਬਾਕੀ ਅਗਲੇ ਸਫੇ 'ਤੇ)*

# ਜੁੜ-ਜੁੜ ਬਣਦਾ ਤੇ ਟੁੱਟ-ਟੁੱਟ ਫੈਲਦਾ ਪੰਜਾਬ

ਪ੍ਰਾਚੀਨ ਭਾਰਤੀ ਸਾਹਿਤ ਵਿਚ ਪੰਜਾਬ ਨੂੰ 'ਸਪਤ ਸਿੰਧੂ' ਕਿਹਾ ਗਿਆ ਹੈ। ਇਰਾਨੀ ਸਾਹਿਤ ਵਿਚ ਇਸ ਨੂੰ 'ਹਪਤ ਸਿੰਧੂ' ਕਹਿ ਕੇ ਬੁਲਾਇਆ ਗਿਆ। ਬੋਧੀ ਸਾਹਿਤ ਵਿਚ ਇਸ ਨੂੰ 'ਉੱਤਰਪਥ' ਕਿਹਾ ਗਿਆ ਹੈ। ਵੇਦਾਂ ਵਿਚ ਇਸ ਲਈ 'ਪੰਚਨਦ' ਸ਼ਬਦ ਵਰਤਿਆ ਗਿਆ ਜਿਸ ਨੂੰ ਅਮੀਰ ਖੁਸਰੋ ਨੇ ਬਦਲ ਕੇ 'ਪੰਜ-ਆਬ' ਕਰ ਦਿੱਤਾ। ਪਹਿਲਾਂ ਪੰਜਾਬ ਕੇਵਲ ਇਲਾਕੇ ਦਾ ਨਾਂ ਸੀ ਅਤੇ ਪੰਜਾਬੀ ਇਸ ਇਲਾਕੇ ਵਿਚ ਵਸਣ ਵਾਲੇ ਲੋਕ। ਹੁਣ

ਜਸਵੰਤ ਜ਼ਫ਼ਰ
ਫੋਨ: 91-96461-18209

ਦੁਨੀਆਂ ਵਿਚ ਅਣਗਿਣਤ ਪੰਜਾਬ ਹਨ। ਇਕ ਉਤਰ ਪੱਛਮੀ ਭਾਰਤ ਵਿਚ ਪੰਜਾਬ ਹੈ, ਦੂਜਾ ਇਸ ਦੇ ਨਾਲ ਲਗਦਾ ਸਰਹੱਦੋਂ ਪਾਰ ਪਾਕਿਸਤਾਨ ਵਿਚ ਹੈ। ਭਾਰਤੀ ਪੰਜਾਬ ਨਾਲ ਲਗਦੇ ਹਰਿਆਣਾ, ਰਾਜਸਥਾਨ, ਹਿਮਾਚਲ, ਜੰਮੂ ਸੂਬਿਆਂ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ਵੀ ਪੰਜਾਬ ਹਨ। ਅੱਧ ਤੋਂ ਵੱਧ ਦਿੱਲੀ ਵੀ ਪੰਜਾਬ ਹੈ। ਪੰਜਾਬ ਮੁੰਬਈ ਵਿਚ ਵੀ ਹੈ ਤੇ ਕੋਲਕਾਤੇ ਵਿਚ ਵੀ। ਦੂਜੇ ਪ੍ਰਾਂਤਾਂ ਵਿਚ ਖੇਤੀ ਲਈ ਜ਼ਮੀਨਾਂ ਆਬਾਦ ਕਰਨ ਲਈ ਗਏ ਪੰਜਾਬੀ ਆਪੋ-ਆਪਣਾ ਪੰਜਾਬ ਵਸਾ ਬੈਠੇ ਹਨ। ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਹੋਰ ਦੇਸ਼ਾਂ 'ਚ ਵਸਦੇ ਪੰਜਾਬੀਆਂ ਦਾ ਆਪੋ-ਆਪਣਾ ਪੰਜਾਬ ਹੈ। ਦੁਨੀਆਂ ਦਾ ਹੋਰ ਕੋਈ ਭਾਈਚਾਰਾ ਸ਼ਾਇਦ ਇਸ ਕਦਰ ਨਹੀਂ ਪਸਰਿਆ।

ਪੰਜ ਦਰਿਆਵਾਂ ਜਾਂ ਪੰਜ ਦੁਆਬਾਂ ਵਾਲੇ ਖਿੱਤੇ ਵਿਚ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਕਾਰਨਾਂ ਕਰ ਕੇ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਨਸਲਾਂ, ਬੋਲੀਆਂ, ਸੁਭਾਵਾਂ ਅਤੇ ਧੰਦਿਆਂ ਵਾਲੇ ਲੋਕਾਂ ਦੇ ਮਿਲਣ ਨਾਲ ਪੰਜਾਬ ਬਣਦਾ ਰਿਹਾ ਹੈ। ਹੁਣ ਰੁਜ਼ਗਾਰ, ਵਪਾਰ ਅਤੇ ਹੋਰ ਉਦੇਸ਼ਾਂ ਲਈ ਪੰਜਾਬ ਦੁਨੀਆਂ ਦੀਆਂ ਸਾਰੀਆਂ ਦਿਸ਼ਾਵਾਂ ਵੱਲ ਖਿਲਰ ਰਿਹਾ ਹੈ। ਇਸ ਲਈ ਬੋਲੀ, ਕੰਮਾਂ-ਕਾਰਾਂ ਅਤੇ ਰਹਿਣ-ਸਹਿਣ ਦੀ ਵੰਨ-ਸੁਵੰਨਤਾ ਹਮੇਸ਼ਾ ਬਣੀ ਰਹੀ ਹੈ। ਹੁਣ ਦੇ ਵੱਖ-ਵੱਖ ਪੰਜਾਬਾਂ ਦੇ ਭੂਗੋਲਕ, ਸਮਾਜਕ, ਆਰਥਿਕ ਅਤੇ ਰਾਜਸੀ ਹਾਲਤ ਵੱਖੋ-ਵੱਖਰੇ ਹਨ। ਪੰਜਾਬ ਦੀ ਬੋਲੀ ਵੀ ਇਕ ਨਹੀਂ ਕਹੀ ਜਾ ਸਕਦੀ। ਇਸ ਦੇ ਅਨੇਕਾਂ ਰੰਗ-ਰੂਪ ਹਨ। ਪੋਠੋਹਾਰੀ, ਝਾਂਗੀ ਅਤੇ ਸਰਾਇਕੀ ਮੁੱਖ ਤੌਰ 'ਤੇ ਪਾਕਿਸਤਾਨ ਵਾਲੇ ਪਾਸੇ ਰਹਿ ਗਈਆਂ ਹਨ। ਇਧਰਲੇ ਪਾਸੇ ਮਲਵਈ, ਡੋਗਰੀ, ਪਹਾੜੀ ਅਤੇ ਪੁਆਧੀ ਪੰਜਾਬ ਦੀਆਂ ਬੋਲੀਆਂ ਹਨ। ਸੰਸਾਰ ਦੇ ਸਭ ਤੋਂ ਪੁਰਾਣੇ ਲਿਖਤ ਸਾਹਿਤ, ਭਾਵ ਵੇਦਾਂ ਦੀ ਰਚਨਾ ਪੰਜਾਬ ਵਿਚ ਹੋਈ।

ਪੰਜਾਬ ਬਹੁਤ ਸਾਰੀਆਂ ਚੀਜ਼ਾਂ ਦਾ ਮਿਲਣ ਅਤੇ ਖਿਲਰਨ ਬਿੰਦੂ ਹੈ। ਸੂਫੀ ਸੰਤ ਬਾਬਾ ਫਰੀਦ ਨੂੰ ਪੰਜਾਬੀ ਜ਼ੁਬਾਨ ਦਾ ਮੋਢੀ ਕਵੀ ਮੰਨਿਆਂ ਜਾਂਦਾ ਹੈ, ਪਰ ਉਨਾਂ ਦੇ ਪੁਰਖੇ ਬਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਕਾਬੁਲ ਤੋਂ ਆ ਕੇ ਪੰਜਾਬ ਵਸੇ ਸਨ। ਜਵਾਨੀ ਵਿਚ ਗਿਆਨ ਹਾਸਲ ਕਰਨ ਲਈ ਉਨ੍ਹਾਂ ਬਗਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਅਤੇ ਤੁਰਕੀ ਦੀ ਪੈਦਲ ਯਾਤਰਾ ਕੀਤੀ। ਇਸਲਾਮ ਦੇ ਸਾਰੇ ਰੰਗਾਂ-ਢੰਗਾਂ ਨੂੰ ਜਾਨਣ ਦੇ ਨਾਲ-ਨਾਲ ਇਸਾਈਅਤ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਪ੍ਰਭਾਵ ਅਧੀਨ ਆਪ ਪੰਜਾਬ ਲਈ ਨਵੇਂ ਸੰਦੇਸ਼ ਲੈ ਕੇ ਆਏ।

ਗੁਰੂ ਨਾਨਕ ਦਾ ਟਿਕਾਣਾ ਪੰਜਾਬ ਦੇ ਕੇਂਦਰ ਵਿਚ ਸੀ। ਉਨ੍ਹਾਂ ਪੰਜਾਬੋਂ ਬਾਹਰ ਚਾਰਾਂ ਦਿਸ਼ਾਵਾਂ ਵਿਚ ਪੈਦਲ ਚਾਰ ਲੰਮੀਆਂ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਪਹਿਲੀ ਉਦਾਸੀ ਪੂਰਬ ਦਿਸ਼ਾ ਦੀ ਹੋਈ। ਉਹ ਕੁਰੁਕਸ਼ੇਤਰ, ਹਰਿਦੁਆਰ, ਮਥਰਾ, ਬ੍ਰਿੰਦਾਬਨ, ਅਯੁਧਿਆ, ਬਨਾਰਸ, ਗਯਾ, ਢਾਕਾ, ਜਗਨ ਨਾਥ ਪੁਰੀ ਆਦਿ ਥਾਵਾਂ 'ਤੇ ਗਏ। ਹਿੰਦੂ ਧਰਮ ਦੇ ਮੁਖੀਆਂ ਅਤੇ ਵਿਦਵਾਨਾਂ ਨਾਲ ਵਿਚਾਰ-ਚਰਚਾ ਹੋਈ। ਇਸ ਦੌਰਾਨ ਉਨ੍ਹਾਂ ਕਬੀਰ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਸੈਣ ਜੀ ਆਦਿ ਦੀ ਬਾਣੀ ਇਕੱਠੀ ਕੀਤੀ। ਦੂਜੀ ਉਦਾਸੀ ਦੌਰਾਨ ਉਹ ਦੱਖਣ ਦਿਸ਼ਾ ਵੱਲ ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪਾਂਡੀਚਰੀ ਤੋਂ ਹੁੰਦੇ ਹੋਏ ਲੰਕਾ ਤੱਕ ਗਏ। ਜੈਨ ਅਤੇ ਬੁੱਧ ਧਰਮ ਦੇ ਕੇਂਦਰਾਂ 'ਤੇ ਜਾ ਕੇ ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕੀਤੀ।

ਇਸ ਦੌਰਾਨ ਨਾਮਦੇਵ ਜੀ, ਤਰਲੋਚਨ ਜੀ ਅਤੇ ਪਰਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ। ਤੀਜੀ ਉਦਾਸੀ ਦੌਰਾਨ ਪਾਕ ਪਟਨ ਤੋਂ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕਰਦੇ ਹੋਏ ਉੱਤਰ ਦਿਸ਼ਾ ਵਿਚ ਹਿਮਾਲਾ ਪਰਬਤ ਵਿਚ ਵਿਚਰੇ ਅਤੇ ਜੰਮੂ, ਕਸ਼ਮੀਰ, ਗੜਵਾਲ, ਤਿੱਬਤ, ਭੂਟਾਨ ਅਤੇ ਨੇਪਾਲ ਗਏ। ਇਸ ਦੌਰਾਨ ਉਨ੍ਹਾਂ ਦੀ ਸਿੱਧਾਂ ਨਾਲ ਗੋਸ਼ਟ ਹੋਈ। ਚੌਥੀ ਉਦਾਸੀ ਸਿੰਧ ਦੇ ਰਸਤਿਓਂ ਮੱਕੇ ਤੱਕ ਕੀਤੀ। ਇਸਲਾਮ ਦੇ ਕੇਂਦਰਾਂ 'ਤੇ ਗਏ ਅਤੇ ਇਸਲਾਮੀ ਆਲਮਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸੇ ਦੌਰਾਨ ਸਿੰਧ ਵਾਸੀ ਸਧਨਾ ਜੀ ਦੀ ਬਾਣੀ ਲੈ ਕੇ ਆਏ। ਇਸ ਤਰ੍ਹਾਂ ਇਕੱਠੀ ਕੀਤੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗਰੰਥ ਵਿਚ ਦਰਜ ਕਰ ਕੇ ਪ੍ਰਕਾਸ਼ਤ ਕੀਤਾ। ਗੁਰੂ ਨਾਨਕ ਨੇ ਭਾਰਤ ਦੇ ਧੁਰ ਉੱਤਰ ਅਤੇ ਪੂਰਬ ਤੋਂ ਲੈ ਕੇ ਏਸ਼ੀਆ ਦੇ ਧੁਰ ਦੱਖਣ ਅਤੇ ਪੱਛਮ ਤੱਕ ਦੇ ਇਲਾਕਿਆਂ ਵਿਚ ਜਾ ਕੇ ਉਨ੍ਹਾਂ ਤੋਂ ਪਹਿਲੀਆਂ ਤਿੰਨ ਸਦੀਆਂ ਦੌਰਾਨ ਰਚੇ ਗਏ ਗੁਰਮਤਿ ਕਾਵਿ ਅਤੇ ਗਿਆਨ ਨੂੰ ਇਕੱਠਾ ਕਰ ਕੇ ਪੰਜਾਬ ਨੂੰ ਇਸ ਦਾ ਮਿਲਣ ਬਿੰਦੂ ਬਣਾ ਦਿੱਤਾ। ਇਸ ਤਰ੍ਹਾਂ ਪੰਜਾਬ ਗੁਰਮਤਿ ਜਾਂ ਸਿੱਖੀ ਦੇ ਕੇਂਦਰ ਵਜੋਂ ਸਥਾਪਤ ਹੋ ਗਿਆ।



**ਪੰਜਾਬ ਬਹੁਤ ਸਾਰੀਆਂ ਚੀਜ਼ਾਂ ਦਾ ਮਿਲਣ ਅਤੇ ਖਿਲਰਨ ਬਿੰਦੂ ਹੈ। ਸੂਫੀ ਸੰਤ ਬਾਬਾ ਫਰੀਦ ਨੂੰ ਪੰਜਾਬੀ ਜ਼ੁਬਾਨ ਦਾ ਮੋਢੀ ਕਵੀ ਮੰਨਿਆਂ ਜਾਂਦਾ ਹੈ, ਪਰ ਉਨਾਂ ਦੇ ਪੁਰਖੇ ਬਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਕਾਬੁਲ ਤੋਂ ਆ ਕੇ ਪੰਜਾਬ ਵਸੇ ਸਨ। ਜਵਾਨੀ ਵਿਚ ਗਿਆਨ ਹਾਸਲ ਕਰਨ ਲਈ ਉਨ੍ਹਾਂ ਬਗਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਅਤੇ ਤੁਰਕੀ ਦੀ ਪੈਦਲ ਯਾਤਰਾ ਕੀਤੀ। ਇਸਲਾਮ ਦੇ ਸਾਰੇ ਰੰਗਾਂ-ਢੰਗਾਂ ਨੂੰ ਜਾਨਣ ਦੇ ਨਾਲ-ਨਾਲ ਇਸਾਈਅਤ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।**

ਪੰਜਾਬ ਨੂੰ ਖਾਲਸੇ ਦੀ ਜਨਮ ਭੂਮੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਨੂੰ ਪੰਜਾਬ ਦੀ ਧਰਤੀ ਤੇ ਅਨੰਦਪੁਰ ਸਾਹਿਬ ਵਿਖੇ ਪੰਜ ਪਿਆਰੇ ਥਾਪ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਨ੍ਹਾਂ ਪੰਜਾਂ ਵਿਚੋਂ ਕੋਈ ਵੀ ਸਾਡੇ ਹੁਣ ਵਾਲੇ ਪੰਜਾਬ ਦਾ ਵਾਸੀ ਨਹੀਂ ਸੀ। ਇਹ ਸਾਰੇ ਵੱਖ-ਵੱਖ ਜਾਤਾਂ ਨਾਲ ਸਬੰਧਤ ਵੱਖ-ਵੱਖ ਬੋਲੀਆਂ ਵਾਲੇ ਦੂਰ-ਦੁਰਾਡੇ ਇਲਾਕਿਆਂ ਤੋਂ ਆਏ ਸਨ: ਭਾਈ ਦਇਆ ਸਿੰਘ ਲਾਹੌਰ ਦੇ ਖੱਤਰੀ, ਭਾਈ ਧਰਮ ਸਿੰਘ ਮੇਰਠ ਦੇ ਜੱਟ, ਭਾਈ ਹਿੰਮਤ ਸਿੰਘ ਜਗਨ ਨਾਥ ਪੁਰੀ ਦੇ ਝਿਊਰ, ਭਾਈ ਮੋਹਕਮ ਸਿੰਘ ਗੁਜਰਾਤ ਦੇ ਛੀਂਬੇ ਅਤੇ ਭਾਈ ਸਾਹਿਬ ਸਿੰਘ ਬਿਦਰ ਦੇ ਨਾਈ ਸਨ।

ਇਸ ਤਰ੍ਹਾਂ ਪੰਜਾਬ ਤੋਂ ਦੂਰ-ਦੂਰ ਤੱਕ ਫੈਲੀ ਸਿੱਖੀ ਦੀ ਵੰਨ-ਸੁਵੰਨਤਾ ਨੇ ਪੰਜਾਬ ਵਿਚ ਇਕਜੁਟ ਹੋ ਕੇ ਖਾਲਸੇ ਦਾ ਰੂਪ ਧਾਰਿਆ। ਹੁਣ ਦੁਨੀਆਂ ਦੇ ਹਰ ਕੋਨੇ ਵਿਚ ਬਣੇ ਗੁਰਦੁਆਰੇ ਸਿੱਖੀ ਦੇ ਮਾਧਿਅਮ ਰਾਹੀਂ ਦੁਨੀਆਂ ਭਰ ਵਿਚ ਪੰਜਾਬ ਦੀ ਹਾਜ਼ਰੀ ਦੇ ਸੂਚਕ ਹਨ। ਕਈ ਖੇਤਰਾਂ ਵਿਚ ਪੰਜਾਬੀਆਂ ਨੂੰ ਪ੍ਰਸਿੱਧੀ ਜਾਂ ਕਾਮਯਾਬੀ ਹਾਸਲ ਕਰਨ ਲਈ ਪੰਜਾਬ ਤੋਂ ਬਾਹਰ ਜਾਣਾ ਹੀ ਪੈਂਦਾ ਹੈ। ਮਿਸਾਲ ਦੇ ਤੌਰ 'ਤੇ ਸੰਸਾਰ ਪ੍ਰਸਿੱਧ ਪੰਜਾਬੀ ਚਿਤਰਕਾਰ ਮਨਜੀਤ ਬਾਵਾ, ਸਤੀਸ਼ ਗੁਜਰਾਲ ਅਤੇ ਸਿਧਾਰਥ ਦਿੱਲੀ ਜਾ ਵਸੇ। ਸ. ਸੋਭਾ ਸਿੰਘ ਹਿਮਾਚਲ ਦੇ ਐਨ ਕੇਂਦਰ ਵਿਚ ਅੰਦਰੇਟੇ ਰਹਿਣ ਲੱਗੇ। ਪੰਜਾਬ ਦੇ ਖਿਲਰਨ ਦੀ ਇਕ ਹੋਰ ਉਘੜਵੀਂ ਮਿਸਾਲ ਹੈ, 1947 ਤੋਂ ਪਹਿਲਾਂ ਉਤਰੀ ਭਾਰਤ ਵਿਚ ਫਿਲਮ ਇੰਡਸਟਰੀ ਦਾ ਕੇਂਦਰ ਲਾਹੌਰ ਸੀ; ਪਰ ਵੰਡ ਤੋਂ ਬਾਅਦ ਲਾਹੌਰ ਪਾਕਿਸਤਾਨ ਵਿਚ ਚਲਾ ਗਿਆ ਅਤੇ ਫਿਲਮ ਜਗਤ ਨਾਲ ਜੁੜੇ ਇਧਰਲੇ ਸੈਂਕੜੇ ਪੰਜਾਬੀ ਕਲਾਕਾਰਾਂ ਨੂੰ ਮੁੰਬਈ ਜਾਣਾ ਪਿਆ ਜਿਥੇ ਉਨ੍ਹਾਂ ਆਪਣੀ ਸਫਲਤਾ ਅਤੇ ਪ੍ਰਸਿੱਧੀ ਦੀਆਂ ਨਵੀਆਂ ਉਚਾਈਆਂ ਛੂਹੀਆਂ।

ਗੁਰੂ ਗੋਬਿੰਦ ਸਿੰਘ ਦਾ ਜਨਮ ਅਤੇ ਪਾਲਣ-ਪੋਸਣ ਬਿਹਾਰ ਦੇ ਸ਼ਹਿਰ ਪਟਨੇ ਵਿਚ ਹੋਇਆ। ਮਗਰਲੇ ਸਮੇਂ ਉਹ ਪੰਜਾਬ ਛੱਡ ਕੇ ਦੱਖਣੀ ਭਾਰਤ ਚਲੇ ਗਏ। ਉਨ੍ਹਾਂ ਦੇ ਆਦੇਸ਼ 'ਤੇ ਪੰਜਾਬ ਵਿਚ ਵੱਡੀ ਕ੍ਰਾਂਤੀ ਲਿਆਉਣ ਵਾਲੇ ਬੰਦਾ ਸਿੰਘ ਬਹਾਦਰ ਵੀ ਦੱਖਣ ਭਾਰਤ ਤੋਂ ਆਏ ਸਨ। ਬੰਦਾ ਬਹਾਦਰ ਦੀ ਆਮਦ ਤੋਂ ਪਹਿਲਾਂ ਪੰਜਾਬ ਮੁਗਲ ਸਾਮਰਾਜ ਦੇ ਅਧੀਨ ਸੀ। ਪੰਜਾਬ ਦੇ ਵੱਖ-ਵੱਖ ਸੂਬੇ ਅਤੇ ਰਿਆਸਤਾਂ ਵੱਖ-ਵੱਖ ਰਾਜਿਆਂ ਜਾਂ ਸੂਬੇਦਾਰਾਂ ਦੇ ਅਧੀਨ ਸਨ। ਅਗਾਂਹ ਜ਼ਮੀਨਾਂ ਦੇ ਵੱਡੇ-ਵੱਡੇ ਟੁਕੜਿਆਂ ਤੇ ਜ਼ਿਮੀਂਦਾਰ ਕਾਬਜ਼ ਸਨ। ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਨੂੰ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਪੇਟ ਭਰ ਰੋਟੀ ਨਸੀਬ ਨਹੀਂ ਸੀ ਹੁੰਦੀ। ਬੰਦਾ ਸਿੰਘ ਨੇ ਪੰਜਾਬ ਦੇ ਅਜਿਹੇ ਪ੍ਰਬੰਧ ਨੂੰ ਖਤਮ ਕਰ ਕੇ ਜ਼ਮੀਨਾਂ ਦੀ ਮਾਲਕੀ ਹਲ ਵਾਹੁਣ ਵਾਲੇ ਕਿਸਾਨਾਂ ਦੇ ਨਾਂ ਕਰ ਦਿੱਤੀ। ਜਮਨਾ ਤੋਂ ਲੈ ਕੇ ਰਾਵੀ ਤੱਕ ਪੰਜਾਬ ਆਜ਼ਾਦ ਕਿਸਾਨੀ ਦਾ ਠਾਠਾਂ ਮਾਰਦਾ ਸਮੁੰਦਰ ਬਣ ਗਿਆ ਸੀ। ਨੀਵੀਂ ਸਮਝੀ ਜਾਂਦੀ ਜਾਤ ਦਾ ਵਿਅਕਤੀ ਬੰਦੇ ਬਹਾਦਰ ਦੇ ਸੰਗਠਨ ਵਿਚ ਖਾਲੀ ਹੱਥ ਸ਼ਾਮਲ ਹੁੰਦਾ ਸੀ ਅਤੇ ਘਰ ਪਰਤਣ ਸਮੇਂ ਉਸ ਕੋਲ ਜ਼ਮੀਨ ਮਾਲਕੀ ਦਾ ਪ੍ਰਵਾਨਾ ਹੁੰਦਾ ਸੀ, ਤੇ ਪੁਰਾਣੇ ਧਨੀ ਉਸ ਦਾ ਹੱਥ ਬੰਨ੍ਹ ਕੇ ਸੁਆਗਤ ਕਰਦੇ ਸਨ। ਬੰਦੇ ਬਹਾਦਰ ਵੱਲੋਂ ਜਾਤ ਪ੍ਰਥਾ ਖਤਮ ਕਰਨ ਲਈ ਉਠਾਏ ਕਦਮਾਂ ਨਾਲ ਸ਼ੂਦਰਾਂ ਲਈ ਕਸ਼ਤਰੀ ਹੋਣ ਦਾ ਰਸਤਾ ਖੁੱਲ੍ਹਿਆ। ਪੀੜ੍ਹੀ-ਦਰ-ਪੀੜ੍ਹੀ ਚਲਦੇ ਜਾਤ ਆਧਾਰਤ ਕਿੱਤਿਆਂ ਦੀ ਪਾਬੰਦੀ ਘਟ ਗਈ ਸੀ।

ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਖੁਦਾਈਆਂ ਤੋਂ ਮਗਰੋਂ ਇਹ ਸਮਝਿਆ ਜਾਣ ਲੱਗਾ ਕਿ ਇਥੋਂ ਦੇ ਮੂਲ ਨਿਵਾਸੀ ਦਰਾਵੜ ਸਨ ਜਿਨ੍ਹਾਂ ਨੂੰ ਖਦੇੜ ਕੇ ਆਰੀਅਨ ਲੋਕ ਕਾਬਜ਼ ਹੋ ਗਏ। ਜਾਤ ਪ੍ਰਥਾ ਵੀ ਆਰੀਅਨ ਲੋਕਾਂ ਦੀ ਦੇਣ ਮੰਨੀ ਗਈ, ਪਰ ਨਵੀਆਂ ਖੋਜਾਂ ਨਾਲ ਇਹ ਪਤਾ ਲੱਗਾ ਹੈ ਕਿ ਇਨ੍ਹਾਂ ਦੋਹਾਂ ਤੋਂ ਪਹਿਲਾਂ ਪੰਜਾਬ ਵਿਚ ਦੁਨੀਆਂ ਦੀਆਂ ਹੋਰ ਬਹੁਤ ਸਾਰੀਆਂ ਥਾਵਾਂ ਤੋਂ ਆ ਕੇ ਲੋਕ ਵਸੇ ਹੋਏ ਸਨ ਅਤੇ ਜਾਤ ਪ੍ਰਥਾ ਵੀ ਬਹੁਤ ਪਹਿਲਾਂ ਦੀ ਹੈ। ਖੋਜਾਂ ਦੱਸਦੀਆਂ ਹਨ ਕਿ ਹੜੱਪਾ ਤੋਂ ਪਹਿਲਾਂ ਵੀ ਇਥੇ ਬਹੁਤ ਸਾਰੇ ਵਿਕਸਤ ਸ਼ਹਿਰ ਸਨ ਅਤੇ ਇਥੇ 'ਅਮਰੀ' ਨਾਂ ਦੀ ਸੱਭਿਅਤਾ ਸੀ। ਦਰਾਵੜ ਕਬੀਲੇ ਵੀ 2500 ਪੂਰਬ ਈਸਾ ਦੇ ਕਰੀਬ ਇਸ ਖਿੱਤੇ ਵਿਚ ਬਾਹਰੋਂ ਪ੍ਰਵੇਸ਼ ਕੀਤੇ ਸਨ। ਉਸ ਸਮੇਂ ਸਿੰਧ ਘਾਟੀ ਦੀ ਸੱਭਿਅਤਾ ਜੋਬਨ 'ਤੇ ਸੀ। ਆਰੀਆਂ ਤੋਂ ਪਹਿਲਾਂ ਬਲੋਚਿਸਤਾਨ, ਇਰਾਨ ਅਤੇ ਹੋਰ ਕਈ ਥਾਵਾਂ ਤੋਂ ਅਨੇਕਾਂ ਨਸਲਾਂ ਦੇ ਸਮੂਹ ਇਥੇ ਆ ਕੇ ਵਸ ਚੁੱਕੇ ਸਨ। ਆਰੀਆਂ ਨੇ ਜਦੋਂ ਪੰਜਾਬ' ਤੇ ਹਮਲਾ ਕੀਤਾ ਤਾਂ ਇਥੇ ਸੀਥੀਆ ਨਸਲ ਦੇ ਲੋਕ ਵੀ ਵੱਡੀ ਗਿਣਤੀ ਵਿਚ ਵਸਦੇ ਸਨ ਜੋ ਏਸ਼ੀਆ ਦੇ ਉਤਰੀ ਭਾਗਾਂ ਤੋਂ ਆਏ ਹੋਏ ਸਨ। ਇਹ ਜੰਗਜੂ ਅਤੇ ਕਿਰਤੀ ਲੋਕ ਸਨ। ਇਨ੍ਹਾਂ ਦੀਆਂ ਅਨੇਕਾਂ ਸ਼ਾਖਾਵਾਂ ਸਨ, ਜਿਵੇਂ ਤਾਤਾਰ, ਸਾਕਾ, ਤਕਸ਼ਕ, ਪਾਰਥੀਅਨ, ਹੂਣ ਆਦਿ। ਆਰੀਆਂ ਤੋਂ ਬਾਅਦ ਪੰਜਾਬ ਵਿਚ ਪ੍ਰਵੇਸ਼ ਕਰਨ ਵਾਲੀ ਹਰ ਬਾਹਰਲੀ ਨਸਲ ਨੇ ਆਪਣਾ ਪਹਿਲਾ ਕਦਮ ਇਸ ਖਿੱਤੇ ਵਿਚ ਰੱਖਿਆ ਜਿਵੇਂ ਮੇਡ, ਅਭੀਰ, ਮੁਗਲ ਆਦਿ। ਇਸ ਤਰ੍ਹਾਂ ਪੰਜਾਬ ਅਨੇਕਾਂ ਨਸਲਾਂ, ਕਬੀਲਿਆਂ, ਜਾਤਾਂ, ਵਿਸ਼ਵਾਸਾਂ, ਸੰਘਰਸ਼ਾਂ ਦੇ ਜੋੜ ਨਾਲ ਬਣਿਆ ਹੈ ਅਤੇ ਲਗਾਤਾਰ ਅਨੇਕਾਂ ਦਿਸ਼ਾਵਾਂ ਵਿਚ ਫੈਲਦਾ ਰਿਹਾ ਹੈ।

ਹੁਣ ਵੀ ਪੰਜਾਬ ਖੇਤੀਬਾੜੀ, ਕਾਰਖਾਨੇ, ਮਕਾਨ ਉਸਾਰੀ ਅਤੇ ਹਰ ਤਰ੍ਹਾਂ ਦੀ ਸਫ਼ਾਈ ਦੇ ਕੰਮਾਂ ਲਈ ਭਾਰਤ ਦੇ ਦੂਜੇ ਰਾਜਾਂ ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਮੱਧ ਪ੍ਰਦੇਸ਼ ਆਦਿ ਦੇ ਕਿਰਤੀਆਂ ਦੀ ਆਮਦ ਲਈ ਲਗਾਤਾਰ ਤਾਂਘਦਾ ਰਹਿੰਦਾ ਹੈ। ਦੂਜੇ ਪਾਸੇ ਪੰਜਾਬ ਦੇ ਕਿਸਾਨਾਂ, ਹੁਨਰਮੰਦਾਂ, ਦਸਤਕਾਰਾਂ ਅਤੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਪੰਜਾਬ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਜਾ ਵਸਣ ਲਈ ਉਤਾਵਲੀ ਰਹਿੰਦੀ ਹੈ। ਪੰਜਾਬ ਦਾ ਜੁੜ-ਜੁੜ ਕੇ ਬਣਨਾ ਅਤੇ ਟੁੱਟ-ਟੁੱਟ ਕੇ ਫੈਲਣਾ ਜਾਰੀ ਹੈ।

# ਹੁਕਮਰਾਨ, ਲੋਕ ਮਸਲੇ ਤੇ ਲੋਕ ਰੋਹ

ਨਹੀਂ ਹੈ। ਕਿਸੇ ਪਿੰਡ, ਸ਼ਹਿਰ, ਗਲੀ-ਮੁਹੱਲੇ, ਸੜਕ-ਹਸਪਤਾਲ ਜਾਂ ਸਕੂਲ ਉਪਰ ਸਰਸਰੀ ਝਾਤ ਹੀ ਸਭ ਕੁਝ ਸਮਝਾ ਦਿੰਦੀ ਹੈ। ਹਿੰਦੁਸਤਾਨੀ ਸਟੇਟ ਦੀ ਮੂਲ ਫਿਤਰਤ ਭਾਵੇਂ ਪਹਿਲਾਂ ਵੀ ਇਸ ਤੋਂ ਵੱਖਰੀ ਨਹੀਂ ਸੀ; ਫਿਰ ਵੀ ਇਕ ਵਕਤ ਇਹ ਹੁਕਮਰਾਨ ਅਵਾਮੀ ਸੰਘਰਸ਼ਾਂ ਦੀ ਇੰਨੀ ਕੁ ਝੇਪ ਜ਼ਰੂਰ ਮੰਨਦੇ ਸਨ ਕਿ ਰੋਸ ਵਿਖਾਵੇ ਕਰ ਰਹੇ ਲੋਕਾਂ ਨੂੰ ਗੱਲਬਾਤ ਲਈ ਵਕਤ ਦਿੰਦੇ ਸਨ ਤੇ ਚਾਹੇ ਉਨ੍ਹਾਂ ਨੂੰ ਮਜਬੂਰੀ ਨੂੰ ਹੀ ਅਜਿਹਾ ਕਰਨਾ ਪੈਂਦਾ ਸੀ ਪਰ ਉਹ ਕੀਤੇ ਵਾਅਦਿਆਂ ਦਾ ਕੁਝ ਨਾ ਕੁਝ ਹਿੱਸਾ ਅਮਲ 'ਚ ਲਿਆਉਂਦੇ ਸਨ; ਪਰ ਬਾਦਲਕਿਆਂ ਦੇ ਰਾਜ ਵਿਚ ਹਾਲਾਤ ਇਸ ਕਦਰ 'ਫਖਰਯੋਗ' ਹਨ ਕਿ ਇਨ੍ਹਾਂ ਨੇ ਸਹੁੰ ਖਾਧੀ ਹੋਈ ਹੈ ਕਿ ਤ੍ਰਾਹ-ਤ੍ਰਾਹ ਕਰ ਰਿਹਾ ਅਵਾਮ ਜਿੰਨੇ ਮਰਜ਼ੀ ਧਰਨੇ-ਮੁਜ਼ਾਹਰੇ ਕਰੀ ਜਾਵੇ, ਇਨ੍ਹਾਂ ਪ੍ਰਤੀ ਅੱਖਾਂ ਤੇ ਕੰਨ ਬੰਦ ਹੀ ਰੱਖਣੇ ਹਨ। ਆਵਾਜ਼ ਸੁਣ ਕੇ ਵੀ ਅਣਸੁਣੀ ਕਰ ਛੱਡਣੀ ਹੈ; ਜਿਵੇਂ ਕੁਝ ਹੋਇਆ ਹੀ ਨਹੀਂ। ਹਾਲ ਹੀ ਵਿਚ ਪਾਸ ਕੀਤੇ ਜਾਬਰ ਕਾਨੂੰਨ ਦੇ ਖਿਲਾਫ਼ ਰੋਸ ਮੁਜ਼ਾਹਰੇ ਇਸ ਦੀ ਜੱਗਜ਼ਾਹਰ ਮਿਸਾਲ ਹਨ। ਸ਼ਾਇਦ ਹੀ ਕਿਸੇ ਹਕੂਮਤ ਜਾਂ ਮੁੱਖ ਮੰਤਰੀ ਦੇ ਪੁਤਲੇ ਐਨੇ ਵੱਡੇ ਪੈਮਾਨੇ ਉਤੇ, ਤੇ ਐਨੀ ਵੱਡੀ ਤਾਦਾਦ 'ਚ ਸਾੜੇ ਗਏ ਹੋਣ ਜਿੰਨਾ ਪਿੱਟ-ਸਿਆਪਾ ਫ਼ਖ਼ਰ-ਏ-ਕੌਮ ਤੇ ਇਸ ਦੀ ਵਜ਼ਾਰਤ ਦਾ ਹੋਇਆ, ਪਰ ਪਿਉ-ਪੁੱਤ ਨੂੰ ਲੋਕ-ਰਾਇ ਦੀ ਪ੍ਰਵਾਹ ਹੀ ਨਹੀਂ।

ਆਪਣੀਆਂ ਮੰਗਾਂ ਦੀ ਸੁਣਵਾਈ ਲਈ ਮੁੱਖ ਮੰਤਰੀ ਤੋਂ ਗੱਲਬਾਤ ਲਈ ਵਕਤ ਲੈਣ ਖਾਤਰ ਹਾਲਾਤ ਤੋਂ ਮਾਯੂਸ ਬੇਰੁਜ਼ਗਾਰ ਨੌਜਵਾਨ ਮੁੰਡੇ-ਕੁੜੀਆਂ ਆਪਣੀਆਂ ਜਾਨਾਂ ਜੋਖਮ 'ਚ ਪਾ ਰਹੇ ਹਨ ਤੇ ਹੱਥਾਂ ਵਿਚ ਪੈਟਰੋਲ ਦੀਆਂ ਬੋਤਲਾਂ ਫੜ ਕੇ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਕੇ ਖੁਦਕੁਸ਼ੀਆਂ ਕਰ ਲੈਣ ਦੀ 'ਇੰਤਿਹਾ' ਤਕ ਜਾਂਦੇ ਹਨ। ਫਿਰ ਕਿਤੇ ਨੌਕਰਸ਼ਾਹੀ ਉਨ੍ਹਾਂ ਦੀ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਨਾਲ ਗੱਲਬਾਤ ਕਰਵਾਉਂਦੀ ਹੈ, ਉਂਝ ਲਾਗੇ ਵੀ ਨਹੀਂ ਲੱਗਣ ਦਿੰਦੀ। ਇਹ ਵੀ ਮਹਿਜ਼ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਰਸਮੀ ਕਵਾਇਦ ਹੀ ਹੁੰਦੀ ਹੈ। ਇਸ ਦਾ ਸਿੱਟਾ ਇਕ ਹੋਰ ਨਵੇਂ ਲਾਰੇ ਜਾਂ 'ਇਹ ਮੰਗ ਨਹੀਂ ਮੰਨੀ ਜਾ ਸਕਦੀ' ਦੀ ਸ਼ਕਲ ਵਿਚ ਦੋ-ਟੁੱਕ ਨਾਂਹ ਵਿਚ ਹੀ ਨਿੱਕਲਦਾ ਹੈ।

ਸਮਾਜੀ ਇਨਸਾਫ਼ ਅਤੇ ਜਮਹੂਰੀਅਤ ਦੇ ਤਕਾਜ਼ੇ ਅਨੁਸਾਰ ਹੁਕਮਰਾਨ ਕਿੰਨੀਆਂ ਵੀ ਪਾਬੰਦੀਆਂ ਆਇਦ ਕਰ ਲੈਣ, ਇਨਸਾਨ ਦੀ ਬਿਹਤਰ ਜ਼ਿੰਦਗੀ ਦੀ ਜੱਦੋਜਹਿਦ ਜਾਰੀ ਰਹੇਗੀ। ਇਸੇ ਦੀ ਇਕ ਸ਼ਕਲ ਜੁੱਤੀ ਸੁੱਟਣਾ ਹੈ। ਇਹ ਵੀ ਹੈਰਤਅੰਗੇਜ਼ ਨਹੀਂ ਹੋਵੇਗਾ, ਜੇ ਕੱਲ੍ਹ ਨੂੰ ਬਾਦਲਕਿਆਂ ਦੇ ਸਮਾਗਮਾਂ ਵਿਚ ਜੁੱਤੀਆਂ ਪਾ ਕੇ ਜਾਣ 'ਤੇ ਹੀ ਪਾਬੰਦੀ ਆਇਦ ਕਰ ਦਿੱਤੀ ਜਾਂਦੀ ਹੈ ਅਤੇ ਸਮਾਗਮਾਂ ਵਿਚ ਨੰਗੇ ਪੈਰੀਂ ਜਾਣ ਦਾ ਫਰਮਾਨ ਜਾਰੀ ਹੋ ਜਾਂਦਾ ਹੈ। ਫਿਰ ਅਵਾਮ ਦਾ ਵਿਰੋਧ ਹੋਰ ਕੋਈ ਸ਼ਕਲ ਈਜਾਦ ਕਰ ਲਵੇਗਾ। ਉਦੋਂ ਸ਼ਾਇਦ ਜੁੱਤੀ ਦੀ ਥਾਂ ਕਾਲੀਆਂ ਕਰਤੂਤਾਂ ਦੇ ਮਾਲਕਾਂ ਦੇ ਮੂੰਹਾਂ ਉਪਰ ਥੁੱਕਣਾ ਸੰਘਰਸ਼ ਦਾ ਰੂਪ ਅਖਤਿਆਰ ਕਰ ਲਵੇ ਕਿਉਂਕਿ ਇਨਸਾਨ ਦੇ ਥੁੱਕਣ ਉਪਰ ਪਾਬੰਦੀ ਆਇਦ ਕਰਨਾ ਸੰਭਵ ਨਹੀਂ!

# ਨਰੇਂਦਰ ਮੋਦੀ ਦੀਆਂ ਗਲਤੀਆਂ

ਜੇ ਨਰੇਂਦਰ ਮੋਦੀ ਦੀ ਸਰਕਾਰ ਆਪਣੇ ਬਹੁਤੇ ਸਮਰਥਕਾਂ ਨੂੰ ਆਪਣੇ 100 ਦਿਨ ਪੂਰੇ ਹੋਣ ਤੋਂ ਪਹਿਲਾਂ-ਪਹਿਲਾਂ ਹੀ ਨਿਰਾਸ਼ ਕਰਨਾ ਚਾਹੁੰਦੀ ਸੀ ਤਾਂ ਇਹ ਪਾਕਿਸਤਾਨ ਨਾਲ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ ਨੂੰ ਰੱਦ ਕਰਨ ਅਤੇ ਯੋਜਨਾ ਕਮਿਸ਼ਨ ਨੂੰ ਖਤਮ ਕਰਨ ਦਾ ਫ਼ੈਸਲਾ

ਪ੍ਰਫੁੱਲ ਬਿਦਵਈ


ਲੈਣ ਤੋਂ ਵੱਧ ਹੋਰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਅਜਿਹਾ ਨਹੀਂ ਸੀ ਕਰ ਸਕਦੀ। ਇਹ ਦੋਵੇਂ ਫ਼ੈਸਲੇ ਹੀ ਮੋਦੀ ਦੀਆਂ ਪਹਿਲੀਆਂ ਵੱਡੀਆਂ ਗਲਤੀਆਂ ਹਨ। ਦੋਵਾਂ ਵਿਚੋਂ ਤੁਅਸਬਾਂ ਅਤੇ ਥੋੜ੍ਹਚਿਰੀ ਪਹੁੰਚ-ਦ੍ਰਿਸ਼ਟੀ ਦੀ ਝਲਕ ਮਿਲਦੀ ਹੈ। ਅਜਿਹਾ ਕਰ ਕੇ ਜਨਤਕ ਹਿਤਾਂ ਦਾ ਨੁਕਸਾਨ ਕੀਤਾ ਗਿਆ ਹੈ- ਪਹਿਲਾ ਗੁਆਂਢ ਸਬੰਧੀ ਅਸੁਰੱਖਿਆਵਾਂ ਨੂੰ ਤਿੱਖੀਆਂ ਕਰ ਕੇ ਅਤੇ ਦੂਜਾ ਇਕ ਬਹੁਮੁੱਲੀ ਸੰਸਥਾ ਨੂੰ ਨਸ਼ਟ ਕਰਕੇ ਤੇ ਕੇਂਦਰ-ਰਾਜ ਸਬੰਧਾਂ ਵਿਚ ਵਿਗਾੜ ਦੀ ਸੰਭਾਵਨਾ ਪੈਦਾ ਕਰ ਕੇ।

ਵਿਦੇਸ਼ ਸਕੱਤਰਾਂ ਦੀ ਵਾਰਤਾ ਰੱਦ ਹੋਣ ਨੇ ਉਨ੍ਹਾਂ ਸਾਰੇ ਯਤਨਾਂ 'ਤੇ ਪਾਣੀ ਫੇਰ ਦਿੱਤਾ ਹੈ ਜੋ ਜਨਵਰੀ 2013 ਤੋਂ ਰੁਕੀ ਹੋਈ ਭਾਰਤ-ਪਾਕਿਸਤਾਨ ਗੱਲਬਾਤ ਨੂੰ ਮੁੜ ਸ਼ੁਰੂ ਕਰਨ ਲਈ ਕੀਤੇ ਜਾ ਰਹੇ ਸਨ। ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁੱਲ ਬਾਸਿਤ ਵੱਲੋਂ ਕਸ਼ਮੀਰ ਦੇ ਹੁਰੀਅਤ ਕਾਨਫਰੰਸ ਦੇ ਆਗੂਆਂ ਨਾਲ ਮੁਲਾਕਾਤ ਕੀਤੇ ਜਾਣ ਨੂੰ ਵਾਰਤਾ ਰੱਦ ਕਰਨ ਦਾ ਕਾਰਨ ਦੱਸਿਆ ਗਿਆ ਹੈ, ਪਰ ਇਸ ਕਾਰਨ ਦਾ ਕੋਈ ਸਿਆਸੀ-ਕੂਟਨੀਤਕ ਤਰਕ ਨਹੀਂ ਬਣਦਾ। ਅਜਿਹੀਆਂ ਮੁਲਾਕਾਤਾਂ ਲੰਮੇ ਸਮੇਂ ਤੋਂ ਭਾਰਤ-ਪਾਕਿਸਤਾਨ ਦੇ ਦੁਵੱਲੇ ਸਬੰਧਾਂ ਦਾ ਹਿੱਸਾ ਰਹੀਆਂ ਹਨ। 1993 ਵਿਚ ਹੁਰੀਅਤ ਦੇ ਜਨਮ ਤੋਂ ਲੈ ਕੇ ਇਸ ਦੇ ਆਗੂਆਂ ਨੂੰ ਕਈ ਵਾਰ ਨਵੀਂ ਦਿੱਲੀ ਵਿਚ ਪਾਕਿਸਤਾਨ ਦੇ ਕੌਮੀ ਦਿਵਸ ਦੇ ਸਮਾਗਮਾਂ ਵਿਚ ਬੁਲਾਇਆ ਜਾਂਦਾ ਰਿਹਾ ਹੈ। ਵਾਜਪਾਈ ਦੀ ਅਗਵਾਈ ਹੇਠਲੀ ਸਰਕਾਰ ਦੇ ਕਾਰਜਕਾਲ ਦੌਰਾਨ ਹੁਰੀਅਤ ਆਗੂਆਂ ਨੇ ਪਾਕਿਸਤਾਨੀ ਕੂਟਨੀਤਕ ਅਧਿਕਾਰੀਆਂ ਅਤੇ ਭਾਰਤ ਆਉਣ ਵਾਲੇ ਮੰਤਰੀਆਂ ਨਾਲ ਘੱਟੋ-ਘੱਟ 12 ਵਾਰ ਮੁਲਾਕਾਤਾਂ ਕੀਤੀਆਂ ਸਨ।

ਭਾਰਤ ਸਰਕਾਰ ਵੀ ਉਨ੍ਹਾਂ ਨਾਲ ਗੱਲ ਕਰਦੀ ਰਹੀ ਹੈ, ਖੁੱਲ੍ਹੇਆਮ ਵੀ ਅਤੇ ਗੁਪਤ ਤੌਰ 'ਤੇ ਵੀ। ਫਰਵਰੀ 2004 ਵਿਚ 'ਸਬੰਧਾਂ ਤੋਂ ਬਰਫ਼ ਪਿਘਲਾਉਣ' ਵਾਲੀ ਗੱਲਬਾਤ ਸਮੇਂ ਭਾਜਪਾ ਆਗੂ ਐਲ.ਕੇ. ਅਡਵਾਨੀ ਉਨ੍ਹਾਂ ਨੂੰ ਮਿਲੇ ਸਨ। 2006 ਤੋਂ ਬਾਅਦ ਡਾ. ਮਨਮੋਹਨ ਸਿੰਘ ਅਤੇ ਪੀ. ਚਿਦੰਬਰਮ ਵੱਲੋਂ ਕਈ ਵਾਰ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ ਸੀ। ਕਸ਼ਮੀਰ ਸਬੰਧੀ ਭਾਰਤ ਅਤੇ ਪਾਕਿਸਤਾਨ ਵਿਚਕਾਰ 'ਬੈਕ ਚੈਨਲ ਗੱਲਬਾਤ' 2007 ਵਿਚ ਤਕਰੀਬਨ-ਤਕਰੀਬਨ ਸਮਝੌਤੇ ਤੱਕ ਪਹੁੰਚ ਹੀ ਗਈ ਸੀ। ਉਦੋਂ ਭਾਰਤ ਇਸ ਗੱਲ ਲਈ ਸਹਿਮਤ ਸੀ ਕਿ ਸਬੰਧਤ ਸੰਧੀ 'ਤੇ ਹੁਰੀਅਤ ਦੀ ਹਮਾਇਤ ਹਾਸਲ ਕਰਨ ਵਾਸਤੇ ਪਾਕਿਸਤਾਨੀ ਅਧਿਕਾਰੀ ਹੁਰੀਅਤ ਆਗੂਆਂ ਨਾਲ ਗੱਲਬਾਤ ਕਰਨ। ਇਕ ਪਾਸੜ ਤੌਰ 'ਤੇ ਕੂਟਨੀਤਕ ਅਮਲ ਨੂੰ ਰੱਦ ਕਰ ਕੇ ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ ਜਦੋਂ ਕਿ ਨਵਾਜ਼ ਨੂੰ ਪਹਿਲਾਂ ਹੀ ਇਮਰਾਨ ਖਾਨ, ਤਾਹਿਰ-ਉਲ ਕਾਦਰੀ ਅਤੇ ਪਾਕਿਸਤਾਨੀ ਫ਼ੌਜ ਵੱਲੋਂ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਸਿਵਲੀਅਨ ਆਗੂ ਨੂੰ ਕਮਜ਼ੋਰ ਕਰਨਾ ਅਤੇ ਭਾਰਤ ਪ੍ਰਤੀ ਖਿਝ ਰੱਖਣ ਵਾਲੀ ਫ਼ੌਜ ਨੂੰ ਮਜ਼ਬੂਤ ਕਰਨਾ ਕਿਸੇ ਵੀ ਤਰ੍ਹਾਂ ਨਵੀਂ ਦਿੱਲੀ ਦੇ ਹਿਤ ਵਿਚ ਨਹੀਂ ਹੈ।

# ਮਿੱਤਰਤਾ ਦੀ ਨਾਜ਼ੁਕਤਾ ਦਾ ਮਾਮਲਾ!

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਕੋਈ ਲਿਖਾਰੀ ਜਦੋਂ ਦਿਲ ਵਿਚ ਉਗਮੀਆਂ ਭਾਵਨਾਵਾਂ ਨੂੰ ਕਾਗਜ਼ 'ਤੇ ਉਤਾਰ ਦਿੰਦਾ ਹੈ ਤਾਂ ਤਿਆਰ ਹੋਈ ਰਚਨਾ ਉਤੇ ਪਾਠਕਾਂ ਦਾ ਹੱਕ ਹੁੰਦਾ ਹੈ ਕਿ ਉਨ੍ਹਾਂ ਨੇ ਉਸ ਲਿਖਤ ਨੂੰ ਕਿਸ ਨਜ਼ਰੀਏ ਤੋਂ ਦੇਖਣਾ-ਪਰਖਣਾ ਹੈ। ਇਸ ਲਿਹਾਜ਼ ਮੈਂ ਸਾਫ਼ ਦਿਲ ਨਾਲ ਪਹਿਲੋਂ ਹੀ ਅਰਜ਼ ਕਰ ਦਿਆਂ ਕਿ ਇਸ ਲਿਖਤ ਰਾਹੀਂ ਮੈਂ ਕੋਈ ਆਪਣੀ 'ਸਿਆਣਪ' ਦੀ ਨੁਮਾਇਸ਼ ਨਹੀਂ ਕਰ ਰਿਹਾਂ; ਨਾ ਹੀ ਆਪਣੀ ਕਿਸੇ ਅਸੂਲ-ਪ੍ਰਸਤੀ ਦਾ ਪ੍ਰਗਟਾਵਾ ਕਰਨ ਦੀ ਕੋਈ ਤਾਂਘ ਹੈ। ਹਰ ਆਮ ਇਨਸਾਨ ਵਾਂਗ ਮੇਰੀ ਜ਼ਿੰਦਗੀ ਵਿਚ ਵੀ ਬੇਵਕੂਫ਼ੀਆਂ ਦੀ ਕੋਈ ਕਮੀ ਨਹੀਂ, ਪਰ ਜਿਵੇਂ ਮਾਂਵਾਂ ਆਪਣੇ 'ਦਸ ਨੰਬਰੀ' ਪੁੱਤ ਨੂੰ ਬੀਬਾ ਰਾਣਾ ਹੀ ਕਹਿੰਦੀਆਂ ਰਹਿੰਦੀਆਂ ਨੇ, ਇੰਜ ਮੈਂ ਵੀ ਆਪਣੀਆਂ ਨਾਲਾਇਕੀਆਂ ਵਿਚੋਂ ਇਕ ਬਿਰਤਾਂਤ ਅਰਜ਼ ਕਰ ਰਿਹਾ ਹਾਂ ਜਿਸ ਨੂੰ ਮੇਰੀ ਸੋਚ ਮੁਤਾਬਕ ਸਿਆਣਪ ਦੇ ਦਾਇਰੇ ਵਿਚ ਰੱਖਿਆ ਜਾ ਸਕਦਾ ਹੈ।

ਇਹ ਹੱਡ-ਬੀਤੀ ਵਰਨਣ ਕਰਨ ਪਿੱਛੇ ਮੇਰੀ ਇਕ ਹੋਰ ਚਾਹਤ ਵੀ ਹੈ ਕਿ ਇਸ ਨੂੰ ਪੜ੍ਹ-ਸੁਣ ਕੇ ਸ਼ਾਇਦ ਕਿਸੇ ਭੈਣ-ਭਾਈ ਦੀ ਆਪਣੇ ਪਿਆਰਿਆਂ ਨਾਲ ਪਈ ਹੋਈ ਦੋਸਤੀ ਦਾ 'ਫਿੱਕ' ਨਾਂ ਦੇ ਕਾਂਜੀ ਤੋਂ ਬਚਾਅ ਹੋ ਜਾਏ!

ਸੰਨ 1996 ਤੋਂ 2002 ਤੱਕ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੁੰਦਿਆਂ, ਆਪਣੀ ਉਪਜੀਵਕਾ ਲਈ ਮੈਂ ਆਪਣੇ ਜ਼ਿਲ੍ਹੇ ਵਿਚ ਹੀ ਬੰਗੇ ਲਾਗੇ ਦੀ ਬਹੁਤ ਵੱਡੀ ਚੈਰੀਟੇਬਲ ਸੰਸਥਾ ਵਿਚ ਨੌਕਰੀ ਕਰਦਾ ਰਿਹਾ ਹਾਂ। ਪਬਲਿਕ ਰਿਲੇਸ਼ਨ ਅਫ਼ਸਰ ਦੀ ਪੋਸਟ 'ਤੇ ਕੰਮ ਕਰਦਿਆਂ ਇਸ ਸੰਸਥਾ ਦੇ ਇਕ 'ਟਰੱਸਟੀ' ਨਾਲ ਮੇਰਾ ਖਾਸਾ ਹੀ ਮੋਹ-ਪਿਆਰ ਬਣ ਗਿਆ। ਵੈਸੇ ਇਸ ਅਜੀਬ ਦੋਸਤੀ ਉਤੇ 'ਕਿਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ' ਵਾਲਾ ਅਖਾਣ ਪੂਰਾ ਢੁੱਕਦਾ ਸੀ। ਕਿੱਥੇ ਉਹ ਕਰੋੜਪਤੀ ਬਿਜ਼ਨੈਸਮੈਨ, ਤੇ ਕਿਥੇ ਮੈਂ ਕਮਾ ਕੇ ਖਾਣ ਵਾਲਾ ਆਮ ਜਿਹਾ ਬੰਦਾ!... ਪਰ ਉਹ ਸਰਦਾਰ ਜੀ ਮੈਥੋਂ ਪ੍ਰਭਾਵਤ ਬਹੁਤ ਸਨ। ਕਿਉਂ ਪ੍ਰਭਾਵਿਤ ਸਨ? ਇਹ ਤਾਂ ਉਹੀ ਜਾਣਨ, ਮੇਰਾ ਦੱਸਣਾ ਮੁਨਾਸਿਬ ਨਹੀਂ ਬਣਦਾ, ਪਰ ਮੈਨੂੰ ਇੰਨਾ ਕੁ ਅੰਦਾਜ਼ਾ ਲੱਗਿਆ ਸੀ ਕਿ ਉਹ ਮੇਰੇ ਸਟੇਜ 'ਤੇ ਬੋਲਣ ਦੇ ਲਹਿਜੇ ਅਤੇ ਮੇਰੀ ਲਿਖਣ ਸ਼ੈਲੀ ਤੋਂ ਕਾਇਲ ਸਨ।

ਉਨ੍ਹਾਂ ਦੇ ਘਰੇਲੂ ਫੰਕਸ਼ਨਾਂ ਵਿਚ ਤਾਂ ਮੇਰੀ ਸ਼ਮੂਲੀਅਤ ਹੁੰਦੀ ਹੀ ਹੁੰਦੀ ਸੀ, ਸਗੋਂ ਉਹ ਕਈ ਵਾਰ ਦੂਰ-ਦੁਰਾਡੇ ਦੇ ਸਮਾਗਮਾਂ ਵਿਚ ਵੀ ਮੈਨੂੰ ਨਾਲ ਲੈ ਜਾਂਦੇ। ਸਿਆਸੀ ਜਾਂ ਧਾਰਮਿਕ ਸਮਾਗਮਾਂ ਤੋਂ ਲੈ ਕੇ ਨਾਮਵਰ ਸ਼ਖਸੀਅਤਾਂ ਦੇ ਵਿਆਹ-ਸ਼ਾਦੀਆਂ ਵਿਚ ਵੀ ਅਸੀਂ ਇਕੱਠੇ ਹਾਜ਼ਰੀਆਂ ਭਰਦੇ। ਉਨ੍ਹਾਂ ਵੱਲੋਂ ਚਲਾਏ ਜਾਂਦੇ ਸਮਾਜ ਸੇਵਾ ਦੇ ਕਈ ਪ੍ਰੋਜੈਕਟਾਂ ਵਿਚ ਮੇਰਾ ਮੋਹਰੀ ਰੋਲ ਹੁੰਦਾ ਸੀ। ਬਹੁਤਾ ਇਕੱਠੇ ਵਿਚਰਨ ਸਦਕਾ ਮੈਂ ਉਨ੍ਹਾਂ ਦੀ 'ਨੇਚਰ' ਦਾ ਇੰਨਾ ਕੁ ਭੇਤੀ ਹੋ ਗਿਆ ਸਾਂ ਕਿ ਉਨ੍ਹਾਂ ਦਾ ਇਸ਼ਾਰਾ ਸਮਝਦਿਆਂ ਹੀ ਮੈਂ ਪ੍ਰੈਸ ਵਗੈਰਾ ਵਿਚ, ਉਹ ਸਭ ਕੁਝ ਲਿਖ ਦਿੰਦਾ ਸਾਂ ਜੋ ਉਨ੍ਹਾਂ ਦੇ ਦਿਲ-ਦਿਮਾਗ ਵਿਚ ਹੁੰਦਾ। ਸਿਲੀਗੁੜੀ (ਅਸਾਮ), ਦਿੱਲੀ, ਕਲਕੱਤੇ ਚੱਲਦੀਆਂ ਆਪਣੀਆਂ ਫੈਕਟਰੀਆਂ ਤੇ ਹੋਰ ਕਾਰੋਬਾਰ ਵਿਖਾਉਣ ਦੀ, ਉਨ੍ਹਾਂ ਮੈਨੂੰ ਕਈ ਵਾਰੀ ਪੇਸ਼ਕਸ਼ ਕੀਤੀ, ਪਰ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਕਾਰਨ ਮੈਂ ਇਸ ਲੰਮੀ ਯਾਤਰਾ 'ਤੇ ਕਦੀ ਵੀ ਜਾ ਨਾ ਸਕਿਆ। ਮੇਰੀ ਸਿਫ਼ਾਰਸ਼ 'ਤੇ ਉਹ ਇਲਾਕੇ ਦੇ ਲੋੜਵੰਦ ਬੱਚਿਆਂ ਦੀ ਮਾਇਕ ਮਦਦ ਕਰਦੇ ਰਹਿੰਦੇ। ਅਕੀਦੇ ਪੱਖੋਂ ਭਾਵੇਂ ਉਨ੍ਹਾਂ ਨੂੰ 'ਧਾਰਮਿਕ' ਨਹੀਂ ਸੀ ਕਿਹਾ ਜਾ ਸਕਦਾ, ਪਰ ਵਰਤੋਂ-ਵਿਹਾਰ ਜਾਂ ਕਾਰੋਬਾਰ ਵਿਚ ਉਨ੍ਹਾਂ ਦੀ ਅਸੂਲ-ਪ੍ਰਸਤੀ, ਸਨਕੀਪੁਣੇ ਦੀ ਹੱਦ ਤੱਕ ਜਾ ਪਹੁੰਚਦੀ।

ਚੜ੍ਹਦੇ 2004 ਵਿਚ ਮੇਰਾ ਅਮਰੀਕਾ ਦਾ ਵੀਜ਼ਾ ਲੱਗ ਗਿਆ ਤਾਂ ਉਹ ਉਦਾਸੀ ਵਿਚ ਕਿਹਾ ਕਰਨ, "ਯਾਰ, ਮੈਂ ਇਕੱਲਾ ਹੀ ਰਹਿ ਗਿਆ।" ਸਰਦਾਰ ਜੀ ਦੀਆਂ ਸਿਆਸੀ ਤੇ ਸਮਾਜਕ ਸਰਗਰਮੀਆਂ ਦਾ ਪਸਾਰਾ ਕਾਫ਼ੀ ਲੰਮਾ-ਚੌੜਾ ਹੋਣ ਕਰ ਕੇ ਉਨ੍ਹਾਂ ਮੇਰੇ ਨਾਲ ਸਲਾਹ ਕੀਤੀ ਕਿ ਕੋਈ ਮੁੰਡਾ ਲੱਭੀਏ ਜਿਹੜਾ ਮੇਰੀ ਥਾਂ ਉਨ੍ਹਾਂ ਦਾ ਸਹਾਇਕ ਬਣ ਸਕੇ। ਨਾਲ ਹੀ ਉਨ੍ਹਾਂ ਲੋੜੀਂਦੀਆਂ ਯੋਗਤਾਵਾਂ ਅਤੇ ਕੁਝ ਸ਼ਰਤਾਂ ਗਿਣਵਾ ਕੇ ਮੈਨੂੰ 'ਐਡ' ਲਿਖਣ ਨੂੰ ਕਿਹਾ ਜੋ ਅਖ਼ਬਾਰਾਂ ਵਿਚ ਛਪਵਾਈ ਜਾ ਸਕੇ। ਉਨ੍ਹਾਂ ਦੇ ਮੂੰਹੋਂ 'ਮੁੰਡਾ ਰੱਖਣਾ' ਸ਼ਬਦ ਸੁਣ ਕੇ ਮੇਰੀ ਸੁਰਤਿ ਫੱਟ ਆਪਣੇ ਵੱਡੇ ਮੁੰਡੇ ਵੱਲ ਦੌੜ ਗਈ ਜੋ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਉਪਰੰਤ ਹਾਲੇ ਬੇਰੁਜ਼ਗਾਰ ਹੀ ਸੀ, ਪਰ ਉਸ ਵਕਤ ਆਪਣੇ ਮੁੰਡੇ ਬਾਰੇ ਕੋਈ ਵਿੰਗਾ-ਟੇਢਾ ਇਸ਼ਾਰਾ ਕਰਨ ਦੀ ਬਜਾਏ, ਉਨ੍ਹਾਂ ਦੇ ਦੱਸੇ ਅਨੁਸਾਰ 'ਐਡ' ਤਿਆਰ ਕਰ ਕੇ ਅਖ਼ਬਾਰਾਂ ਨੂੰ ਭੇਜ ਦਿੱਤੀ।

ਇੱਧਰ ਜਦੋਂ ਘਰੇ ਆ ਕੇ ਮੈਂ ਇਹ ਗੱਲ ਘਰਦਿਆਂ ਨਾਲ ਸਾਂਝੀ ਕੀਤੀ, ਤਾਂ ਸ੍ਰੀਮਤੀ ਮੇਰੇ 'ਤੇ ਲੋਹੀ-ਲਾਖੀ ਹੋਣ ਲੱਗ ਪਈ। ਅਖੇ... 'ਉਦਾਂ ਤੁਸੀਂ ਕਹਿੰਦੇ ਰਹਿੰਦੇ ਓ ਕਿ ਮੇਰੀ ਉਹਦੇ ਨਾਲ ਗੂੜ੍ਹੀ ਦੋਸਤੀ ਐ, ਐਡਾਂ ਦੇਣ ਦੇ ਝੰਜਟ ਵਿਚ ਪੈਣ ਨਾਲੋਂ ਤੁਸੀਂ ਸਿੱਧਾ ਕਿਉਂ ਨਹੀਂ ਕਿਹਾ ਕਿ ਸਰਦਾਰ ਜੀ, ਮੇਰਾ ਮੁੰਡਾ ਰੱਖੋ!' ਮੈਂ ਬਤੇਰੀਆਂ ਸਫ਼ਾਈਆਂ ਦਿੰਦਾ ਰਿਹਾ ਕਿ ਦੋਸਤਾਂ-ਮਿੱਤਰਾਂ ਨੂੰ ਕਦੀ 'ਧਰਮ-ਸੰਕਟ' ਵਿਚ ਨਹੀਂ ਪਾਈਦਾ। ਨਾਲੇ ਮੈਂ ਇਹੋ ਜਿਹੇ ਮਸਲਿਆਂ 'ਤੇ ਸਰਦਾਰ ਜੀ ਦੀ 'ਸਨਕੀ ਫ਼ਿਤਰਤ' ਬਾਰੇ ਮਿਸਾਲਾਂ ਦਿੱਤੀਆਂ, ਪਰ ਘਰ ਦੇ ਜੀਆਂ ਨੇ ਇਹੋ ਰਟ ਲਾਈ ਰੱਖੀ ਕਿ ਜਿਵੇਂ ਕਿਵੇਂ ਤੁਸੀਂ ਉਥੇ ਆਪਣਾ ਮੁੰਡਾ ਹੀ ਰਖਵਾਓ। ਬੱਧਾ-ਰੁੱਧਾ ਮੈਂ ਤਿਆਰ ਵੀ ਹੋ ਗਿਆ ਕਿ ਸਰਦਾਰ ਜੀ ਨੂੰ ਕਹਿ ਹੀ ਦਿੰਦਾ ਹਾਂ, ਪਰ ਅਚਾਨਕ ਮੈਨੂੰ ਦੋ ਕੁ ਮਹੀਨੇ ਪਹਿਲੋਂ ਵਾਪਰੀ ਘਟਨਾ ਯਾਦ ਆ ਗਈ...

ਸਾਡੇ ਪਿੰਡ ਦਾ ਕੋਈ ਦੋਹਤਾ-ਭਾਣਜਾ ਬੰਗਾ ਲਾਗਲੇ ਉਸੇ ਅਦਾਰੇ ਵਿਚ ਮੈਨੇਜਰ ਦੀ ਪੋਸਟ ਲਈ ਇੰਟਰਵਿਊ ਦੇਣ ਆ ਗਿਆ। ਅਦਾਰੇ ਦੇ ਮੀਤ ਪ੍ਰਧਾਨ ਹੋਣ ਨਾਤੇ ਸਰਦਾਰ ਜੀ ਉਸ ਮੁੰਡੇ ਦਾ ਇੰਟਰਵਿਊ ਲੈਣ ਲੱਗ ਪਏ। ਸਰਟੀਫਿਕੇਟ ਵਗੈਰਾ ਦਿਖਾਉਂਦਿਆਂ ਮੁੰਡੇ ਨੇ ਕਿਤੇ ਸਰਸਰੀ ਕਹਿ ਦਿੱਤਾ ਕਿ "ਸਰ! ਮੈਂ ਦੁਪਾਲਪੁਰੀ ਹੋਰਾਂ ਦਾ ਭਾਣਜਾ ਹਾਂ।"

"ਇਹ ਵੀ ਤੇਰੀ ਕੋਈ 'ਡਿਗਰੀ' ਆ ਕਾਕਾ?" ਮੁੰਡੇ ਨੂੰ ਠਿੱਠ ਕਰਦਿਆਂ ਸਰਦਾਰ ਜੀ ਮੂੰਹ ਕੌੜਾ ਜਿਹਾ ਕਰ ਕੇ ਬੋਲੇ, "ਤੈਨੂੰ ਆਪਣੀ ਵਿਦਿਅਕ ਯੋਗਤਾ ਉਪਰ ਭਰੋਸਾ ਹੈ ਕਿ ਦੁਪਾਲਪੁਰੀ ਦਾ ਭਾਣਜਾ ਹੋਣ 'ਤੇ?" ਬੱਸ ਜੀ, ਇੰਨੀ ਕੁ ਗੱਲ ਤੋਂ ਕੌੜ ਖਾ ਕੇ, ਉਨ੍ਹਾਂ ਮੁੰਡੇ ਨੂੰ ਜਵਾਬ ਦੇ ਦਿੱਤਾ।

ਆਪਣੇ ਘਰਦਿਆਂ ਵੱਲੋਂ ਆਉਂਦੇ-ਜਾਂਦੇ ਨੂੰ ਲਗਾਤਾਰ ਵੱਜੀ ਜਾ ਰਹੀਆਂ ਚੋਭਾਂ ਤੇ ਆਰਾਂ ਸਦਕਾ, ਮੈਂ ਕਈ ਦਿਨ ਦੁਬਿਧਾ ਵਿਚ ਫਸਿਆ ਰਿਹਾ, 'ਕਹਾਂ ਕਿ ਨਾ ਕਹਾਂ?' ਇਸੇ ਦੌਰਾਨ ਦੁਚਿੱਤੀ ਮੁਕਾਉਣ ਲਈ ਮੈਨੂੰ ਇਕ ਜਾਣੂ ਪ੍ਰੋਫੈਸਰ ਵੱਲੋਂ ਵਰਤਿਆ ਫ਼ਾਰਮੂਲਾ ਯਾਦ ਆਇਆ। ਪ੍ਰੋਫੈਸਰ ਜੀ ਦਾ ਕੋਈ ਦੋਸਤ ਚੰਗੀ ਪਹੁੰਚ ਵਾਲਾ ਵੱਡਾ ਅਫ਼ਸਰ ਬਣ ਗਿਆ। ਪ੍ਰੋਫੈਸਰ ਦੇ ਹੀ ਵਿਦਿਆਰਥੀ ਰਹੇ ਇਕ ਮੁੰਡੇ ਨੇ, ਉਸ ਅਫ਼ਸਰ ਪਾਸ ਕਿਸੇ 'ਪੋਸਟ' ਲਈ ਇੰਟਰਵਿਊ ਦੇਣ ਜਾਣਾ ਸੀ। ਉਸ ਵਿਦਿਆਰਥੀ ਨੂੰ ਆਪਣੇ 'ਸਰ' ਦੀ ਉਕਤ ਅਫ਼ਸਰ ਨਾਲ ਦੋਸਤੀ ਦਾ ਇਲਮ ਸੀ। ਮੁੰਡੇ ਨੇ ਪ੍ਰੋਫੈਸਰ ਜੀ ਦੀਆਂ ਮਿੰਨਤਾਂ ਕੀਤੀਆਂ ਤਾਂ ਉਹ ਮਜਬੂਰ ਹੋ ਕੇ 'ਸਿਫ਼ਾਰਸ਼ੀ ਲੈਟਰ' ਦੇਣ ਲਈ ਮੰਨ ਗਏ, ਪਰ ਉਨ੍ਹਾਂ ਅਫ਼ਸਰ ਦੋਸਤ ਨੂੰ ਖ਼ਤ ਲਿਖਦਿਆਂ ਆਪਣੇ ਵਿਦਿਆਰਥੀ ਬਾਰੇ ਕੁਝ ਵੇਰਵਾ ਦੇਣ ਦੇ ਨਾਲ-ਨਾਲ, ਇਹ ਵੀ ਲਿਖ ਦਿੱਤਾ, "... ਪਿਆਰੇ ਦੋਸਤ, ਤੇਰੇ ਨਾਲ ਮੇਰਾ ਪੱਕਾ ਵਾਅਦਾ ਰਿਹਾ, ਕਿ ਜਿਸ ਮਕਸਦ ਲਈ ਮੈਂ ਇਹ ਪੱਤਰ ਲਿਖਿਆ ਹੈ, ਅਜਿਹੀ ਇਬਾਰਤ ਵਾਲਾ ਮੇਰਾ ਇਹ ਪਹਿਲਾ ਤੇ ਆਖ਼ਰੀ ਖ਼ਤ ਹੋਵੇਗਾ। ਫਿਰ ਵੀ, ਇਹ ਖ਼ਤ ਲਿਆਉਣ ਵਾਲੇ ਮੇਰੇ ਵਿਦਿਆਰਥੀ ਨਾਲ ਇੰਟਰਵਿਊ ਉਪਰੰਤ ਜੋ ਆਪ ਦਾ ਫੈਸਲਾ ਹੋਵੇ, ਇਸ ਸਿਫ਼ਾਰਸ਼ੀ ਖ਼ਤ ਨੂੰ ਜਾਂ ਮੇਰੀ ਜ਼ਾਤ ਨੂੰ, ਉਸ ਵਿਚ ਅੜਿੱਕਾ ਨਹੀਂ ਬਣਨ ਦੇਣ...।"

ਪ੍ਰੋਫੈਸਰ ਸਾਹਿਬ ਦਾ ਵਿਦਿਆਰਥੀ ਤਾਂ ਨੌਕਰੀ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ ਸੀ ਪਰ ਮੈਂ ਇਹ 'ਜਜ਼ਬਾਤੀ ਤਰਕੀਬ' ਵਰਤ ਕੇ ਵੀ ਆਪਣੇ ਲੜਕੇ ਨੂੰ ਨੌਕਰੀ ਦਿਵਾਉਣ ਦਾ ਹੌਸਲਾ ਨਾ ਕਰ ਸਕਿਆ। ਮਨ ਹੀ ਮਨ ਸਕੀਮਾਂ ਤਾਂ ਮੈਂ ਬਹੁਤ ਬਣਾਉਂਦਾ ਰਿਹਾ ਪਰ ਸਰਦਾਰ ਜੀ ਨੂੰ ਇੰਟਰਵਿਊ ਦੇਣ ਸਮੇਂ, ਮੈਨੂੰ ਆਪਣਾ 'ਮਾਮਾ' ਦੱਸਣ ਵਾਲੇ ਮੁੰਡੇ ਦਾ ਹੋਇਆ ਹਸ਼ਰ ਚੇਤੇ ਕਰ ਕੇ, ਮੇਰਾ ਸਾਰਾ ਉਤਸ਼ਾਹ ਸੁੱਸਰੀ ਵਾਂਗ ਸੌਂ ਜਾਂਦਾ।

ਅਖ਼ੀਰਕਾਰ ਕੁਝ ਦਿਨ ਜਮ੍ਹਾਂ-ਘਟਾਓ ਕਰਦਿਆਂ ਮੈਨੂੰ ਇਹੀ ਤਰੀਕਾ ਦਰਕਾਰ ਲੱਗਿਆ। ਅਖ਼ਬਾਰਾਂ ਵਿਚ ਛਪੀ 'ਐਡ' ਦੇ ਹਵਾਲੇ ਨਾਲ ਮੇਰੇ ਬੇਟੇ ਨੇ ਵੀ 'ਅਪਲਾਈ' ਕਰ ਦਿੱਤਾ। ਅੱਠ-ਦਸ ਮੁੰਡਿਆਂ ਦੀਆਂ ਦਰਖ਼ਾਸਤਾਂ ਆਈਆਂ। ਸਰਦਾਰ ਜੀ ਦੇ ਕਹਿਣ 'ਤੇ ਮੈਂ ਸਾਰੀਆਂ ਅਰਜ਼ੀਆਂ ਦੀ ਫ਼ਾਈਲ ਤਿਆਰ ਕਰ ਦਿੱਤੀ। ਦੂਜੇ ਦਿਨ ਅਸੀਂ ਦਫ਼ਤਰ ਵਿਚ ਦੋਵੇਂ ਇਕੱਠੇ ਹੀ ਬੈਠੇ ਸਾਂ। ਆਦਤ ਮੁਜਬ ਉਹ ਦਰਖ਼ਾਸਤਾਂ ਦੀ ਕਾਹਲੀ-ਕਾਹਲੀ ਉਲਟ-ਪੁਲਟ ਕਰਦਿਆਂ ਵੇਰਵਿਆਂ 'ਤੇ ਪੰਛੀ-ਝਾਤ ਮਾਰ ਰਹੇ ਸਨ। ਸਭ ਤੋਂ ਅਖ਼ੀਰਲੀ ਅਰਜ਼ੀ ਵੱਲ ਦੇਖ ਕੇ ਉਹ ਇਕਦਮ ਚੌਂਕ ਕੇ ਬੋਲੇ, "ਅਹਿ ਲੜਕਾ ਤੁਹਾਡਾ ਐ?" ਮਰੀਅਲ ਜਿਹੀ 'ਵਾਜ਼ ਮੇਰੇ ਮੂੰਹੋਂ 'ਹਾਂ ਜੀ' ਇੰਜ ਨਿਕਲਿਆ ਜਿਵੇਂ ਸੈਲ ਮੁੱਕਿਆਂ ਤੋਂ ਟਰਾਂਜਿਸਟਰ ਦੀ ਆਵਾਜ਼ ਘਸੀ ਜਿਹੀ ਹੋ ਜਾਂਦੀ ਹੁੰਦੀ ਸੀ।

ਸਿਵਾਏ ਇਹ ਸਵਾਲ ਪੁੱਛਣ ਤੋਂ, ਇਸ ਸਮੇਂ ਉਨ੍ਹਾਂ ਮੇਰੇ ਮੁੰਡੇ ਬਾਰੇ ਹੋਰ ਕੋਈ ਗੱਲ ਨਾ ਛੇੜੀ, ਪਰ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਤੋਂ ਮੈਂ ਇੰਨਾ ਕੁ ਕਿਆਫ਼ਾ ਲਾਇਆ ਕਿ ਉਹ ਮੈਥੋਂ ਇਸ ਗੱਲੋਂ 'ਹੋਰ ਪ੍ਰਸੰਨ' ਹੋ ਗਏ ਸਨ ਕਿ ਸਿੱਧੀ ਪਹੁੰਚ ਹੋਣ ਦੇ ਬਾਵਜੂਦ ਮੈਂ ਆਪਣੇ ਪੁੱਤਰ ਨੂੰ ਬਿਨਾਂ ਕੋਈ ਖਾਸ ਤਰਜੀਹ ਦਿੱਤਿਆਂ, ਆਮ ਚੋਣ-ਪ੍ਰਕਿਰਿਆ ਰਾਹੀਂ ਹੀ ਪੇਸ਼ ਕੀਤਾ ਹੈ।

ਹਫ਼ਤੇ ਕੁ ਬਾਅਦ ਰੱਖੀ ਇੰਟਰਵਿਊ 'ਤੇ ਇਕ ਮੁੰਡੇ ਨੂੰ ਛੱਡ ਕੇ ਬਾਕੀ ਦੇ ਸਾਰੇ ਆ ਗਏ। ਬਾਕੀ ਸਾਰਿਆਂ ਦੀ ਇੰਟਰਵਿਊ ਅਸੀਂ ਦੋਹਾਂ ਨੇ ਹੀ ਕੀਤੀ; ਲੇਕਿਨ ਅਖ਼ੀਰ 'ਚ ਮੇਰੇ ਬੇਟੇ ਦੀ ਵਾਰੀ, ਉਨ੍ਹਾਂ ਮੈਨੂੰ ਦੂਜੇ ਕਮਰੇ ਵਿਚ ਬਹਿਣ ਲਈ ਕਹਿ'ਤਾ। ਸਮਾਪਤੀ 'ਤੇ ਸਾਰਿਆਂ ਨੂੰ 'ਬਾਅਦ ਵਿਚ ਸੂਚਿਤ ਕਰਨ' ਦੀ ਹਦਾਇਤ ਦੇ ਕੇ ਰੁਖ਼ਸਤ ਕਰ ਦਿੱਤਾ। ਮੈਂ ਤਾਂ ਚੁੱਪ ਹੀ ਵੱਟ ਰੱਖੀ, ਪਰ ਦਫ਼ਤਰ ਤੋਂ ਬਾਹਰ ਆਉਂਦਿਆਂ ਉਨ੍ਹਾਂ ਬੁੱਲ੍ਹਾਂ ਵਿਚ ਹਲਕਾ ਜਿਹਾ ਮੁਸਕਰਾ ਕੇ ਸਿਰਫ਼ ਇੰਨਾ ਕੁ ਫ਼ਿਕਰਾ ਬੋਲਿਆ, "ਦੇਖਦੇ ਹਾਂ, ਪਿਓ ਵਾਲੇ ਕਿੰਨੇ ਕੁ ਗੁਣ ਨੇ ਪੁੱਤ ਵਿਚ!"

ਰਾਤ ਘਰੇ ਪਹੁੰਚੇ ਨੂੰ ਮੈਨੂੰ ਮੁੰਡੇ ਨੇ ਵਿਸਥਾਰ ਨਾਲ ਦੱਸਿਆ, "ਸਰ ਕਹਿੰਦੇ ਸੀ ਕਿ ਤੇਰਾ ਪਿਓ ਮੇਰਾ ਦੋਸਤ ਹੈ, ਪਰ ਤੂੰ ਇਹ ਗੱਲ ਦਿਲ ਤੋਂ ਉੱਕਾ ਹੀ ਭੁਲਾ ਕੇ ਮੇਰੇ ਕੋਲ ਆਵੀਂ। ਜਿਸ ਦਿਨ ਮੈਨੂੰ ਭਾਸਰਿਆ ਕਿ ਤੂੰ ਮੈਨੂੰ ਆਪਣੇ ਪਿਓ ਦਾ ਦੋਸਤ ਸਮਝਣ ਲੱਗ ਪਿਐਂ, ਉਸੇ ਪਲ ਤੇਰੀ ਛੁੱਟੀ!"

ਰੂਹ ਨੂੰ ਰੁਸ਼ਨਾਉਣ ਵਾਲਾ ਚਿੰਤਕ ਖ਼ਲੀਲ ਜਿਬਰਾਨ 'ਦੋਸਤੀ' ਬਾਰੇ ਕਿੰਡਾ ਸੱਚ ਬਿਆਨ ਕਰ ਗਿਆ ਹੈ, "ਸਿਵਾਏ ਆਤਮਾ ਦੀ ਗਹਿਰਾਈ ਪੈਦਾ ਕਰਨ ਦੇ, ਦੋਸਤੀ ਦਾ ਹੋਰ ਕੋਈ ਮੰਤਵ ਨਹੀਂ ਹੋਣਾ ਚਾਹੀਦਾ! ...ਦੋਸਤੀ 'ਚ 'ਨਿੱਕੀਆਂ ਨਿੱਕੀਆਂ' ਗੱਲਾਂ ਹੀ ਅਸਲ ਵਿਚ ਤ੍ਰੇਲ ਦੇ ਉਹ ਤੁਪਕੇ ਹੁੰਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਮਨ ਦੀ ਸਵੇਰ ਚੜ੍ਹਦੀ ਹੈ ਤੇ ਉਸ ਨੂੰ ਤਾਜ਼ਗੀ ਮਿਲਦੀ ਹੈ!"

---

**ਪ੍ਰਤੀਕਰਮ**

# ਤੂੰਬੀ, ਯਮਲਾ ਤੇ ਤੱਖਰ ਦਾ ਲੇਖ

***'ਪੰਜਾਬ ਟਾਈਮਜ਼' ਵਿਚ ਤੂੰਬੀ ਬਾਰੇ ਸ੍ਰੀ ਕੁਲਦੀਪ ਤੱਖਰ ਦੇ ਲੇਖ 'ਤੂੰਬੀ, ਸੁਰ ਤੇ ਸੰਗੀਤ' ਬਾਰੇ ਬੜੇ ਫੋਨ ਆਏ ਹਨ ਅਤੇ ਲਿਖਤ ਪ੍ਰਤੀਕਿਰਿਆਵਾਂ ਵੀ ਆਈਆਂ ਹਨ। ਪਿਛਲੇ ਅੰਕ ਵਿਚ ਇਹ ਲਿਖਤਾਂ ਛਾਪੀਆਂ ਵੀ ਗਈਆਂ ਹਨ। ਇਸ ਹਫਤੇ ਵੀ ਕੁਝ ਪ੍ਰਤੀਕਿਰਿਆਵਾਂ ਹਾਸਲ ਹੋਈਆਂ ਹਨ। ਇਸ ਬਹਿਸ ਵਿਚ ਹਿੱਸਾ ਲੈਣ ਵਾਲਿਆਂ ਨੂੰ ਬੇਨਤੀ ਹੈ ਕਿ ਇਕ ਤਾਂ ਉਹ ਆਪਣੇ ਵਿਚਾਰ ਸੰਖੇਪ ਤੇ ਸਪਸ਼ਟ ਭੇਜਣ; ਦੂਜੇ ਬੇਵਜ੍ਹਾ ਦੁਸ਼ਣਬਾਜ਼ੀ ਤੋਂ ਬਚ ਕੇ ਤੱਥਾਂ ਸਹਿਤ ਗੱਲ ਕੀਤੀ ਜਾਵੇ। 'ਪੰਜਾਬ ਟਾਈਮਜ਼' ਸਾਡਾ ਸਭ ਦਾ ਸਾਂਝਾ ਮੰਚ ਹੈ ਅਤੇ ਇਸ ਦਾ ਮਕਸਦ ਵੱਖ-ਵੱਖ ਮੁੱਦਿਆਂ ਬਾਰੇ ਸੰਵਾਦ ਰਚਾਉਣਾ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਦੇ 16 ਅਗਸਤ ਵਾਲੇ ਅੰਕ ਵਿਚ ਸ੍ਰੀ ਕੁਲਦੀਪ ਤੱਖਰ ਦਾ ਲੇਖ 'ਤੂੰਬੀ, ਸੁਰ ਤੇ ਸੰਗੀਤ' ਪੜ੍ਹਿਆ। ਉਨ੍ਹਾਂ ਇਸ ਲੇਖ ਵਿਚ ਮਰਹੂਮ ਲਾਲ ਚੰਦ ਯਮਲਾ ਜੱਟ, ਉਨ੍ਹਾਂ ਦੀ ਤੂੰਬੀ, ਸ਼ਾਗਿਰਦਾਂ ਅਤੇ ਹੋਰ ਤੂੰਬੀ ਗਾਇਕਾਂ ਉਪਰ ਹਮਲੇ ਕੀਤੇ ਹਨ। ਲੇਖ ਪੜ੍ਹ ਕੇ ਹੈਰਾਨੀ ਹੋਈ ਕਿ ਸ੍ਰੀ ਤੱਖਰ, ਤੂੰਬੀ ਵਾਲਿਆਂ ਤੋਂ ਇੰਨੇ ਭੈ-ਭੀਤ ਹੋਏ ਹਨ ਕਿ ਉਨ੍ਹਾਂ ਨਿਰਦੋਸ਼ ਟੀ.ਵੀ.-ਰੇਡੀਓ ਨੂੰ ਵੀ ਘਰ-ਨਿਕਾਲਾ ਦੇ ਦਿੱਤਾ ਹੈ।

ਮੈਂ ਲੇਖਕ ਦੇ ਵਿਚਾਰਾਂ ਦੀ ਕਦਰ ਕਰਦਾ

ਦਲਵਿੰਦਰ ਬੇਕਰਜ਼ਫੀਲਡ
ਫੋਨ: 661-834-9770

ਹਾਂ, ਕੁਝ ਹੱਦ ਤੱਕ ਇਹ ਵਿਚਾਰ ਠੀਕ ਵੀ ਹੋ ਸਕਦੇ ਹਨ, ਪਰ ਜੇ ਬਹੁਤ ਸਾਰੇ ਤੂੰਬੀ ਵਾਲੇ ਬੇਸੁਰਾ ਗਾਉਂਦੇ ਹਨ, ਤਾਂ ਇਸ ਵਿਚ ਯਮਲੇ ਦਾ ਕੀ ਦੋਸ਼ ਹੈ? ਨਾਲੇ ਸਿਰਫ਼ ਤੂੰਬੀ ਵਾਲਿਆਂ ਨੂੰ ਹੀ ਬੇਸੁਰੇ ਹੋਣ ਦਾ ਦੋਸ਼ ਕਿਉਂ? ਸਾਡੇ ਸਮਾਜ, ਧਰਮ, ਰਾਜਨੀਤੀ, ਪ੍ਰਸ਼ਾਸਨ ਅਤੇ ਸਾਡੇ ਆਪਣੇ ਆਪ ਵਿਚ ਵੀ ਢੇਰਾਂ ਦੇ ਢੇਰ ਬੇਸੁਰਾਪਣ ਅਤੇ ਬੇਸੁਰੌਤਾ ਹੈ।

ਸ੍ਰੀ ਤੱਖਰ ਨੇ ਲਿਖਿਆ ਹੈ ਕਿ ਯਮਲੇ ਨੇ ਕਿੰਨੀਆਂ ਕੁ ਲੱਕੜਾਂ ਪਾੜੀਆਂ ਨੇ, ਤੇ ਉਸ ਨੂੰ ਕਿਹੜਾ ਰਾਗ ਆਉਂਦਾ ਸੀ, ਤੇ ਉਸ ਨੇ ਕਿਹੜਾ ਰਾਗ ਗਾਇਆ ਹੈ? ਯਮਲਾ ਜੱਟ ਨੇ ਲੱਕੜਾਂ ਪਾੜੀਆਂ, ਲੋਹਾ ਪਾੜਿਆ ਅਤੇ ਕੱਦੂ ਪਾੜਿਆ, ਤਾਂ ਹੀ ਉਸ ਨੇ ਤੂੰਬੀ ਵਿਚੋਂ ਰਾਗ ਕੱਢਿਆ ਅਤੇ ਸਾਰੀ ਉਮਰ ਉਹ ਇਹ ਤਿੰਨੇ ਚੀਜ਼ਾਂ ਪਾੜਦਾ ਰਿਹਾ। ਨਵੀਂ ਤੋਂ ਨਵੀਂ ਤਰਜ਼ ਵਿਚ ਆਪੇ ਗੀਤ ਲਿਖਦਾ ਅਤੇ ਤੂੰਬੀ ਉਪਰ ਆਪੇ ਧੁਨਾਂ ਬਣਾਉਂਦਾ ਰਿਹਾ। ਯਮਲੇ ਨੇ ਕਈ ਸਾਜ਼ਾਂ ਨਾਲ ਗਾਇਆ। ਤੂੰਬੀ ਪੰਜਾਬ ਦੇ ਗੀਤ-ਸੰਗੀਤ, ਸਭਿਆਚਾਰ ਦਾ ਅਨਿਖੜਵਾਂ ਅੰਗ ਹੈ। ਯਮਲੇ ਤੋਂ ਪਹਿਲਾਂ ਵੀ ਤੂੰਬੀ ਸੀ, ਪਾਕਿਸਤਾਨੀ ਪੰਜਾਬ ਵਿਚ ਵੀ ਇਕ-ਤਾਰਾ ਅਤੇ ਦੋ-ਤਾਰਾ ਕਿੰਗ (ਤੂੰਬੀ) ਨਾਲ ਅੱਜ ਵੀ ਵੱਡੇ-ਵੱਡੇ ਗਾਇਕ ਪੰਜਾਬੀ ਗੀਤ-ਸੰਗੀਤ ਪੇਸ਼ ਕਰਦੇ ਹਨ। ਕਿਸੇ ਵੀ ਸੰਗੀਤਕ ਸਾਜ਼ਾਂ ਵਾਲੀ ਦੁਕਾਨ ਅਤੇ ਅਜਾਇਬ ਘਰਾਂ ਵਿਚ ਤੂੰਬੀ ਤਾਂ ਸਾਜ਼ਾਂ ਦੀ ਕਤਾਰ ਵਿਚ ਜ਼ਰੂਰ ਹੁੰਦੀ ਹੈ। ਜਿਥੋਂ ਤੱਕ ਰਾਗਾਂ ਦੀ ਗੱਲ ਹੈ, ਬੇਸ਼ੱਕ ਮੈਂ ਰਾਗਾਂ ਦਾ ਪਾਰਖੂ ਕੋਈ ਨਹੀਂ, ਪਰ ਮੈਨੂੰ ਇਹ ਪਤਾ ਹੈ ਕਿ ਯਮਲੇ ਦੇ ਸਾਰੇ ਗੀਤ ਕਿਸੇ ਨਾ ਕਿਸੇ ਰਾਗ ਵਿਚ ਗਾਏ ਹੋਏ ਹਨ। ਯਮਲਾ ਸਾਹਿਬ ਨੂੰ ਬੇਸ਼ੱਕ, ਰਾਗ ਵਿਦਿਆ ਦੀ ਜਾਣਕਾਰੀ ਸੀ ਅਤੇ ਜਿਹੜੇ ਗੀਤਾਂ ਦੀਆਂ ਪੰਕਤੀਆਂ ਦਾ ਜ਼ਿਕਰ ਲੇਖਕ ਨੇ ਕੀਤਾ ਹੈ, ਇਹ ਰਾਗ ਤਾਂ ਯਮਲਾ ਸਾਹਿਬ ਨੇ ਆਪ ਹੀ ਚੰਗੀ ਤਰ੍ਹਾਂ ਖੋਲ੍ਹ ਕੇ ਆਪ ਜੀ ਨੂੰ ਸਮਝਾ ਦੇਣੇ ਸਨ, ਇਹ ਵੀ ਕਿ ਇਹ ਗੀਤ ਕਿਸ ਪ੍ਰਸੰਗ ਵਿਚ ਗਾਏ ਸਨ, ਪਰ ਹੁਣ ਉਹ ਇਹ ਸਭ ਦੱਸਣ ਲਈ ਇਸ ਜਹਾਨ ਵਿਚ ਨਹੀਂ ਹਨ। ਉਂਜ, ਇਹ ਤਾਂ ਮੰਨਣਾ ਪਵੇਗਾ ਕਿ 'ਦੱਸ ਮੈਂ ਕੀ ਪਿਆਰ ਵਿਚੋਂ ਖੱਟਿਐ' ਯਮਲਾ ਸਾਹਿਬ ਦੀ ਅਮਰ ਰਚਨਾ ਹੈ ਜਿਸ ਨੂੰ ਹਰ ਮਾਈ ਭਾਈ ਨੇ ਪਸੰਦ ਕੀਤਾ ਹੈ। ਠੀਕ ਹੈ ਕਿ ਯਮਲਾ ਵੀ ਇਕ ਬੰਦਾ ਹੀ ਸੀ ਅਤੇ ਇਥੇ ਕੋਈ ਵੀ ਬੰਦਾ ਪੂਰਨ ਨਹੀਂ ਹੈ। ਯਮਲੇ ਵਿਚ ਵੀ ਕੋਈ ਇਨਸਾਨੀ ਨੁਕਸ, ਦੋਸ਼, ਘਾਟ ਜਾਂ ਤਰੁੱਟੀ ਹੋ ਸਕਦੀ ਹੈ, ਪਰ ਸੋਚਣ-ਵਿਚਾਰਨ ਵਾਲੀ ਗੱਲ ਇਹ ਹੈ ਕਿ ਪੰਜਾਬੀ ਸੰਗੀਤ ਦਾ ਬੇੜਾ ਗਰਕ ਯਮਲੇ ਨੇ ਕਿਵੇਂ ਕੀਤਾ? ਯਮਲਾ ਸਾਹਿਬ ਨੂੰ ਤਾਂ ਇਸ ਦੁਨੀਆ ਤੋਂ ਗਿਆਂ 13-14 ਵਰ੍ਹੇ ਬੀਤ ਚੁੱਕੇ ਨੇ। ਸੰਗੀਤ ਦੇ ਖੇਤਰ ਵਿਚਲੀ ਅਲੂਦਗੀ, ਲੱਚਰਤਾ ਅਤੇ ਘੜਮੱਸ ਤਾਂ ਪਿਛਲੇ ਕੁਝ ਕੁ ਸਾਲਾਂ ਤੋਂ ਹੀ ਜ਼ਿਆਦਾ ਵਧਿਆ ਹੈ, ਤੇ ਨਾਲੇ ਅੱਜ ਜਿਹੜੇ ਕੱਚਘਰੜ, ਅਨਾੜੀ, ਬੇਸੁਰੇ ਅਤੇ ਬੇਤਾਲੇ ਲੋਕ ਆਪਣੀਆਂ ਪੁੱਠੀਆਂ-ਸਿੱਧੀਆਂ ਐਲਬਮਾਂ ਪੈਸੇ ਖ਼ਰਚ ਕੇ ਕਰਵਾ ਰਹੇ ਨੇ, ਇਹਦੇ ਵਿਚ ਯਮਲੇ ਦਾ ਕੀ ਰੋਲ ਹੈ? ਇਹ ਯਮਲੇ ਦੇ ਤੂੰਬੀ ਵਾਲੇ ਸ਼ਾਗਿਰਦ ਤਾਂ ਹੈ ਨਹੀਂ। ਦਰਅਸਲ, ਯਮਲਾ ਜੱਟ ਦੇ ਸ਼ਾਗਿਰਦ ਇਸ ਤਰ੍ਹਾਂ ਕਰ ਹੀ ਨਹੀਂ ਸਕਦੇ। ਇਹ ਪੈਸੇ ਵਾਲੇ ਨਹੀਂ ਹਨ। ਯਮਲਾ ਜਿਹੋ ਜਿਹਾ ਆਪ ਗਰੀਬ, ਨਿਮਾਣਾ ਅਤੇ ਪੇਂਡੂ ਜਿਹਾ ਬੰਦਾ ਸੀ, ਉਸੇ ਤਰ੍ਹਾਂ ਦੇ ਉਸ ਦੇ ਸ਼ਾਗਿਰਦ ਹਨ ਜਿਹੜੇ ਆਮ ਪੇਂਡੂ ਲੋਕਾਂ ਦਾ ਬਾਕਾਇਦਾ ਸੁਰ-ਤਾਲ ਵਿਚ ਰਹਿ ਕੇ ਹੀ ਮਨੋਰੰਜਨ ਕਰਦੇ ਹਨ। ਇਸ ਦੇ ਨਾਲ ਹੀ ਲੇਖਕ (ਤੱਖਰ) ਵਾਸਤੇ ਇਹ ਵੀ ਖ਼ੁਸ਼ਖ਼ਬਰੀ ਅਤੇ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੂੰਬੀ ਵਾਲੇ ਗਾਇਕਾਂ ਵਾਲਾ ਦੌਰ ਖ਼ਤਮ ਹੋ ਚੁੱਕਾ ਹੈ। ਪੁਰਾਣੇ ਤੂੰਬੀ ਗਾਇਕ ਇਸ ਦੁਨੀਆਂ ਤੋਂ ਜਾ ਚੁੱਕੇ ਹਨ ਅਤੇ ਰਹਿੰਦੇ-ਖੂੰਹਦੇ ਭਾਵੇਂ ਅਜੇ ਜਾਣ ਵਾਲੇ ਨਾ ਵੀ ਹੋਣ, ਪਰ ਉਹ ਤੂੰਬੀਆਂ ਛੱਡ ਚੁੱਕੇ ਹਨ। ਹੁਣ ਤਾਂ ਐਵੇਂ ਕੋਈ ਵਿਰਲਾ-ਟਾਵਾਂ ਗਾਉਣ ਵਾਲਾ ਹੀ ਆਪਣੇ ਸ਼ੌਕ ਜਾਂ ਦਿਖਾਵੇ ਹਿੱਤ ਤੂੰਬੀ ਸਟੇਜ 'ਤੇ ਲਿਆਉਂਦਾ ਹੋਵੇਗਾ। ਵੈਸੇ ਹੁਣ ਦੌਰ ਚਮਕੀਲੇ-ਭੜਕੀਲੇ ਪਹਿਰਾਵਿਆਂ ਵਾਲੇ 'ਮਾਡਰਨ' ਟਪੂਸੀਮਾਰ ਗਾਇਕਾਂ ਦਾ ਹੈ ਜਿਹੜੇ ਬੇਸ਼ੁਮਾਰ ਪੱਛਮੀ ਸਾਜ਼ਾਂ ਦੇ ਸ਼ੋਰ-ਸ਼ਰਾਬੇ ਨਾਲ ਕਾਂਵਾਂ-ਰੌਲੀ ਪਾਉਂਦੇ ਹਨ।

ਸ੍ਰੀ ਤੱਖਰ ਦਾ ਵਿਚਾਰ ਹੈ ਕਿ ਤੂੰਬੀ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਨਹੀਂ ਪੈਂਦੀ। ਹਾਂ, ਠੀਕ ਹੈ... ਜੇ ਤਾਂ ਸੁਰ-ਤਾਲ ਵਿਚ ਤੂੰਬੀ ਵਜਾਉਣੀ ਹੋਵੇ, ਫਿਰ ਯਮਲਾ ਸਾਹਿਬ ਵਰਗੇ ਉਸਤਾਦ ਦੀ ਲੋੜ ਪੈਂਦੀ ਹੈ ਅਤੇ ਜੇ ਬੇਸੁਰੀ ਅਤੇ ਬੇਤਾਲੀ ਵਜਾਉਣੀ ਹੋਵੇ, ਫਿਰ ਕਿਸੇ ਉਸਤਾਦ ਦੀ ਲੋੜ ਨਹੀਂ ਪੈਂਦੀ। ਮੇਰੀ ਸਮਝ ਮੁਤਾਬਿਕ ਯਮਲਾ ਸਾਹਿਬ ਵਰਗੀ ਤੂੰਬੀ ਅਜੇ ਤੱਕ ਕੋਈ ਨਹੀਂ ਵਜਾ ਸਕਿਆ। ਉਨ੍ਹਾਂ ਦੇ ਸਭ ਗੀਤਾਂ ਵਿਚ ਤੂੰਬੀ ਬਾਕਾਇਦਾ ਸੁਰ, ਤਾਲ ਅਤੇ ਲੈਅ ਵਿਚ ਵੱਜਦੀ ਹੈ। ਕਿਸੇ ਵੀ ਚੀਜ਼ ਜਾਂ ਵਰਤਾਰੇ ਪ੍ਰਤੀ ਹਰ ਕਿਸੇ ਦਾ ਨਜ਼ਰੀਆ, ਸਮਝ-ਸੋਚ, ਪਸੰਦ ਜਾਂ ਨਾਪਸੰਦਗੀ ਇਕੋ ਜਿਹੀ ਨਹੀਂ ਹੋ ਸਕਦੀ ਅਤੇ ਨਾ ਹੀ ਸਾਨੂੰ ਦੂਜਿਆਂ ਉਪਰ ਆਪਣੀ ਪਸੰਦ ਜਾਂ ਸੋਚ ਵਿਚਾਰ ਠੋਸਣ ਦਾ ਕੋਈ ਹੱਕ ਹੈ। ਤੁਹਾਨੂੰ ਜੇ ਯਮਲੇ ਦੀ ਤੂੰਬੀ ਚੰਗੀ ਨਹੀਂ ਲੱਗਦੀ ਤਾਂ ਇਸ ਦਾ ਕਾਰਨ ਇਹੋ ਹੀ ਹੈ ਕਿ ਤੁਹਾਡੀ ਪਸੰਦ ਬਹੁਤ ਉਚੀ ਹੈ। ਤੁਸੀਂ ਜ਼ਿਆਦਾ ਪੜ੍ਹੇ-ਲਿਖੇ ਅਤੇ ਉਚ-ਸੁਸਾਇਟੀ ਵਿਚ ਵਿਚਰਨ ਵਾਲੇ ਇਨਸਾਨ ਲੱਗਦੇ ਹੋ ਜੋ ਜ਼ਿਆਦਾਤਰ ਫਿਲਮੀ ਗਾਣੇ ਸੁਣਨ ਦੇ ਸ਼ੌਕੀਨ ਹੋ। ਜਿਹੜਾ ਬੰਦਾ ਮੁਹੰਮਦ ਰਫੀ ਅਤੇ ਆਸ਼ਾ ਦਾ ਇੰਨਾ ਵੱਡਾ ਫੈਨ ਹੋਵੇ, ਉਹ ਯਮਲੇ ਨੂੰ ਕੀ ਸਮਝਦਾ ਹੈ? ਯਮਲਾ ਤਾਂ ਲੋਕ ਗਾਇਕ ਸੀ ਅਤੇ ਤੂੰਬੀ ਪੰਜਾਬ ਦਾ ਲੋਕ ਸਾਜ਼ ਹੈ। ਯਮਲਾ ਨਾ ਤਾਂ ਪੱਕੇ ਰਾਗਾਂ ਵਾਲਾ ਗਾਇਕ ਸੀ ਅਤੇ ਨਾ ਹੀ ਕੋਈ ਕੱਵਾਲ ਜਾਂ ਕੀਰਤਨੀਆ। ਬਿਮਾਰ

(ਬਾਕੀ ਸਫਾ 31 ਉਤੇ)

# ਇਮਾਨਦਾਰ ਅਫਸਰਾਂ ਨੂੰ ਭ੍ਰਿਸ਼ਟ ਮੰਤਰੀਆਂ ਦਾ ਨਾਗ ਵਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

**ਜਿਸ ਦੇਸ਼ ਵਿਚ ਮਨੁੱਖਾਂ ਦਾ ਇਲਾਜ ਕਰਨ ਵਾਲੇ ਸਭ ਤੋਂ ਵੱਡੇ ਹਸਪਤਾਲ ਦੇ ਡਾਕਟਰ ਉਥੇ ਆਏ ਇਨਸਾਨਾਂ ਕੋਲੋਂ ਨੱਕ ਮਰੋੜ ਕੇ ਲੰਘ ਜਾਣ ਤੇ ਵੱਡੇ ਲੋਕਾਂ ਦੇ ਕੁੱਤਿਆਂ ਦਾ ਇਲਾਜ ਕਰਨ ਲਈ ਹੱਸ ਕੇ ਤਿਆਰ ਹੋਣ, ਜਿਸ ਦੇਸ਼ ਵਿਚ ਮੱਝਾਂ ਨੂੰ ਕੁਈਨ ਵਿਕਟੋਰੀਆ ਤੋਂ ਵੱਧ ਮਹੱਤਵ ਮਿਲ ਜਾਵੇ, ਉਸ ਦੇਸ਼ ਵਿਚ ਆਮ ਆਦਮੀ ਦੀ ਔਕਾਤ ਕੀ ਹੈ ਕਿ ਉਹਦੇ ਲਈ ਲਿਖਣ ਦੀ ਲੋੜ ਸਮਝੀ ਜਾਵੇ? ਲੋਕ-ਰਾਜ ਕਹੇ ਜਾਂਦੇ ਭਾਰਤ ਦੇਸ਼ ਵਿਚ ਮੰਤਰੀ ਦੀ ਮੱਝ ਤੇ ਅਫਸਰ ਦੇ ਕੁੱਤੇ ਦੀ ਕਦਰ ਆਮ ਮਨੁੱਖ ਨਾਲੋਂ ਵਧਦੀ ਜਾਣ ਦਾ ਸਾਨੂੰ ਅਫਸੋਸ ਹੈ।**

ਚੁਣ-ਚੁਣ ਕੇ ਨਿਸ਼ਾਨੇ ਫੁੰਡਣ ਦੀ ਸ਼ੌਕੀਨ ਭਾਰਤੀ ਰਾਜਨੀਤੀ ਦਾ ਅਗਲਾ ਸ਼ਿਕਾਰ ਡਾਕਟਰੀ ਦੇ ਸਭ ਤੋਂ ਵੱਡੇ ਅਦਾਰੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਦਾ ਇਮਾਨਦਾਰ ਵਿਜੀਲੈਂਸ ਅਧਿਕਾਰੀ ਸੰਜੀਵ ਚਤੁਰਵੇਦੀ ਬਣ ਗਿਆ ਹੈ। ਉਸ ਦੇ ਖਿਲਾਫ ਕਾਰਵਾਈ ਭਾਰਤ ਸਰਕਾਰ ਦੇ ਸਿਹਤ ਮੰਤਰੀ ਡਾ. ਹਰਸ਼ ਵਰਧਨ ਨੂੰ ਅੱਗੇ ਲਾ ਕੇ ਕਰਵਾਈ ਗਈ ਹੈ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਡਾ. ਹਰਸ਼ ਵਰਧਨ ਖੁਦ ਵੀ ਬੜਾ ਇਮਾਨਦਾਰ ਵਿਅਕਤੀ ਗਿਣਿਆ ਜਾਂਦਾ ਹੈ। ਸੰਜੀਵ ਚਤੁਰਵੇਦੀ ਨੂੰ ਅਹੁਦੇ ਤੋਂ ਪਾਸੇ ਕਰਨ ਲਈ ਜਿਹੜੇ ਕਾਰਨ ਉਹ ਦੱਸ ਰਿਹਾ ਹੈ, ਉਹ ਪ੍ਰਸ਼ਾਸਕੀ ਨਿਯੁਕਤੀ ਦੇ ਨਿਯਮਾਂ ਨਾਲ ਸਬੰਧਤ ਹਨ, ਇਸ ਅਫਸਰ ਦੇ ਵਿਰੁਧ ਭ੍ਰਿਸ਼ਟਾਚਾਰ ਜਾਂ ਕਿਸੇ ਬੇ-ਨਿਯਮੀ ਦਾ ਦੋਸ਼ ਉਸ ਨੇ ਨਹੀਂ ਲਾਇਆ। ਦੂਸਰੇ ਪਾਸੇ ਸੰਜੀਵ ਚਤੁਰਵੇਦੀ ਨੇ ਸਪੱਸ਼ਟੀਕਰਨ ਦੇਣ ਲੱਗੇ ਨੇ ਭ੍ਰਿਸ਼ਟ ਅਮਲਾਂ ਦਾ ਵੀ ਹਵਾਲਾ ਦਿੱਤਾ ਹੈ ਤੇ ਇਨ੍ਹਾਂ ਭ੍ਰਿਸ਼ਟ ਅਮਲਾਂ ਨੂੰ ਸ਼ਹਿ ਦੇਣ ਵਾਲਿਆਂ ਦਾ ਜ਼ਿਕਰ ਵੀ ਕਰ ਕੇ ਆਪਣੇ ਖਿਲਾਫ ਕਾਰਵਾਈ ਨੂੰ ਉਸ ਨਾਲ ਜੋੜ ਦਿੱਤਾ ਹੈ। ਸਿਹਤ ਮੰਤਰੀ ਨੇ ਇਸ ਕਾਰਵਾਈ ਨੂੰ ਕਿਸੇ ਵੱਲੋਂ ਕਰਵਾਈ ਗਈ ਨਹੀਂ ਮੰਨਿਆ, ਪਰ ਸੰਜੀਵ ਚਤੁਰਵੇਦੀ ਦੇ ਪੇਸ਼ ਕੀਤੇ ਤੱਥ ਉਹ ਰੱਦ ਨਹੀਂ ਕਰ ਸਕਿਆ।

ਦੋਸ਼ ਇਹ ਲਾਇਆ ਗਿਆ ਹੈ ਕਿ ਸੰਜੀਵ ਚਤੁਰਵੇਦੀ ਨੂੰ ਇਸ ਅਹੁਦੇ ਲਈ ਨਿਯੁਕਤ ਕਰਨ ਲਈ ਸੈਂਟਰਲ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਵੱਲੋਂ ਮਨਜ਼ੂਰੀ ਨਹੀਂ ਸੀ ਦਿੱਤੀ ਗਈ। ਅੱਗੋਂ ਇਹ ਦੱਸਿਆ ਗਿਆ ਹੈ ਕਿ ਨਿਯਮ ਦੇ ਮੁਤਾਬਕ ਇਹ ਮਨਜ਼ੂਰੀ ਲੈਣੀ ਜ਼ਰੂਰੀ ਨਹੀਂ, ਨਿਯੁਕਤੀ ਹੋਣ ਦੇ ਬਾਅਦ ਇਸ ਦੀ ਸੂਚਨਾ ਦੇਣੀ ਹੁੰਦੀ ਹੈ ਤੇ ਇਹ ਦੇ ਦਿੱਤੀ ਗਈ ਸੀ। ਇਸ ਸੂਚਨਾ ਤੋਂ ਬਾਅਦ ਦੋ ਸਾਲਾਂ ਦੌਰਾਨ ਸੀ ਵੀ ਸੀ ਵੱਲੋਂ ਜਿੰਨੀਆਂ ਚਿੱਠੀਆਂ ਸੰਜੀਵ ਚਤੁਰਵੇਦੀ ਨੂੰ ਆਈਆਂ, ਉਨ੍ਹਾਂ ਸਾਰੀਆਂ ਵਿਚ ਉਸ ਨੂੰ ਉਸ ਦੇ ਅਹੁਦੇ ਨਾਲ ਸੰਬੋਧਨ ਕੀਤਾ ਗਿਆ ਸੀ। ਜੇ ਉਸ ਦੀ ਨਿਯੁਕਤੀ ਨੂੰ ਸੀ ਵੀ ਸੀ ਵੱਲੋਂ ਹਾਲੇ ਠੀਕ ਨਹੀਂ ਸੀ ਮੰਨਿਆ ਗਿਆ ਤਾਂ ਉਸ ਨੂੰ ਅਹੁਦੇ ਨਾਲ ਸੰਬੋਧਤ ਕਰਦੇ ਸਮੇਂ ਵੀ ਵਿਚਾਰ ਅਧੀਨ ਦਰਜ ਕਰਨਾ ਚਾਹੀਦਾ ਸੀ। ਅਜਿਹਾ ਕੁਝ ਨਹੀਂ ਕੀਤਾ ਗਿਆ। ਸੰਜੀਵ ਚਤੁਰਵੇਦੀ ਦੇ ਹੁਣ ਤੱਕ ਦੀ ਨੌਕਰੀ ਦੇ ਰਿਕਾਰਡ ਵਿਚ ਇੱਕ ਵੀ ਥਾਂ ਕੋਈ ਗਲਤ ਟਿੱਪਣੀ ਕਿਸੇ ਉਚ ਅਧਿਕਾਰੀ ਨੇ ਦਰਜ ਨਹੀਂ ਕੀਤੀ, ਉਹ ਹਮੇਸ਼ਾ ਵਧੀਆ ਅਫਸਰ ਗਿਣਿਆ ਜਾਂਦਾ ਰਿਹਾ ਹੈ। ਜਦੋਂ ਉਸ ਨੂੰ ਏਮਜ਼ ਹਸਪਤਾਲ ਦਾ ਮੁੱਖ ਵਿਜੀਲੈਂਸ ਅਫਸਰ ਲਾਇਆ ਗਿਆ, ਏਥੇ ਵੀ ਅੰਤਾਂ ਦਾ ਭ੍ਰਿਸ਼ਟਾਚਾਰ ਨਿਕਲਿਆ ਸੀ ਤੇ ਇਹ ਓਸੇ ਨੇ ਕੱਢਿਆ ਸੀ, ਜਿਸ ਕਰ ਕੇ ਉਸ ਵਿਰੁਧ ਪਿਛਲੀ ਕਾਂਗਰਸੀ ਅਗਵਾਈ ਵਾਲੀ ਸਰਕਾਰ ਦੇ ਵਕਤ ਵੀ ਸਾਜ਼ਿਸ਼ਾਂ ਹੋਈਆਂ ਸਨ ਤੇ ਹੁਣ ਨਵੀਂ ਸਰਕਾਰ ਆਈ ਤੋਂ ਵੀ ਪਹਿਲਾ ਝਟਕਾ ਉਸੇ ਦਾ ਕੀਤਾ ਗਿਆ ਹੈ। ਕਮਾਲ ਦੀ ਗੱਲ ਇਹ ਹੈ ਕਿ ਜਿਵੇਂ ਰਿਲਾਇੰਸ ਕੰਪਨੀ ਵਾਲੇ ਅੰਬਾਨੀ ਦੇ ਵਿਰੁਧ ਹੁੰਦੀ ਕਾਰਵਾਈ ਨੂੰ ਰੋਕਣ ਲਈ ਕਾਂਗਰਸੀ ਤੇ ਭਾਜਪਾਈ ਆਗੂ ਇਕੱਠੇ ਹੋ ਜਾਂਦੇ ਹਨ, ਸੰਜੀਵ ਦੇ ਖਿਲਾਫ ਕਾਰਵਾਈ ਕਰਨ ਪਿੱਛੇ ਵੀ ਭਾਜਪਾ ਆਗੂਆਂ ਦੇ ਨਾਲ ਕੁਝ ਕਾਂਗਰਸੀਆਂ ਦਾ ਹੱਥ ਸੁਣਿਆ ਜਾ ਰਿਹਾ ਹੈ।

ਇੱਕੋ ਬੰਦੇ ਸੰਜੀਵ ਚਤੁਰਵੇਦੀ ਨੇ ਭਾਜਪਾਈ ਅਤੇ ਕਾਂਗਰਸੀ ਦੋਵੇਂ ਕਿਸਮਾਂ ਦੇ ਆਗੂਆਂ ਦੀ ਨਾਰਾਜ਼ਗੀ ਜਿਵੇਂ ਸਹੇੜ ਲਈ, ਉਸ ਦੀ ਕਹਾਣੀ ਵੀ ਦਿਲਚਸਪ ਹੈ। ਕੀ ਭਾਰਤ ਦਾ ਕੋਈ ਨਾਗਰਿਕ ਸੋਚ ਸਕਦਾ ਹੈ ਕਿ ਕੇਂਦਰ ਦੀ ਸਰਕਾਰ ਦੇ ਨੱਕ ਹੇਠ ਦਿੱਲੀ ਵਿਚ ਚੱਲਦੇ ਸਭ ਤੋਂ ਵੱਡੇ ਹਸਪਤਾਲ ਵਿਚ ਨਕਲੀ ਦਵਾਈਆਂ ਵੇਚਣ ਦਾ ਧੰਦਾ ਹੁੰਦਾ ਹੋਵੇਗਾ? ਸਾਨੂੰ ਵੀ ਇਹ ਸੁਣ ਕੇ ਵੱਡੀ ਹੈਰਾਨੀ ਹੋਈ ਸੀ ਕਿ ਇਹ ਗੰਦਾ ਧੰਦਾ ਓਥੇ ਵੀ ਚੱਲਦਾ ਰਿਹਾ ਹੈ। ਜਦੋਂ ਇਸ ਇਮਾਨਦਾਰ ਅਫਸਰ ਨੇ ਜਾ ਕੇ ਜ਼ਿੰਮੇਵਾਰੀ ਸੰਭਾਲੀ, ਥੋੜ੍ਹੇ ਦਿਨਾਂ ਬਾਅਦ ਹੀ ਉਸ ਨੂੰ ਇਸ ਦੀ ਸੂਹ ਲੱਗ ਗਈ ਅਤੇ ਉਸ ਨੇ ਉਪਰਲਿਆਂ ਨੂੰ ਇਸ ਬਾਰੇ ਦੱਸਿਆ, ਪਰ ਮਨਮੋਹਨ ਸਿੰਘ ਦੇ ਰਾਜ ਵਿਚ ਖਾਂਦਿਆਂ ਨੂੰ ਖਾਣ ਤੋਂ ਰੋਕਣ ਦੀ ਰੀਤ ਹੀ ਨਹੀਂ ਸੀ। ਆਖਰ ਸੰਜੀਵ ਚਤੁਰਵੇਦੀ ਨੇ ਪੁਲਿਸ ਨੂੰ ਨਾਲ ਲੈ ਕੇ ਛਾਪਾ ਮਰਵਾਇਆ ਅਤੇ ਨਕਲੀ ਦਵਾਈਆਂ ਦਾ ਭੰਡਾਰ ਫੜੇ ਜਾਣ ਦੇ ਨਾਲ ਵੇਚਣ ਦੀ ਕਹਾਣੀ ਵੀ ਨਿਕਲ ਆਈ। ਜਿਹੜਾ ਬੰਦਾ ਇਸ ਸਾਰੇ ਧੰਦੇ ਦਾ ਕਰਤਾ-ਧਰਤਾ ਨਿਕਲਿਆ, ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਕਾਂਗਰਸ ਪਾਰਟੀ ਦਾ ਦਿੱਲੀ ਦਾ ਵਿਧਾਇਕ ਸੀ, ਇਸ ਲਈ ਸੰਜੀਵ ਚਤੁਰਵੇਦੀ ਨੂੰ ਖਾਣ-ਪੀਣ ਵਾਲਿਆਂ ਨੇ ਕਬਾਬ ਵਿਚ ਹੱਡੀ ਸਮਝ ਲਿਆ ਸੀ।

ਫਿਰ ਰਾਜ ਬਦਲ ਗਿਆ, ਪਰ ਰਾਜ ਵਾਲੀ ਰੀਤ ਨਹੀਂ ਬਦਲ ਸਕੀ। ਨਵੀਂ ਸਰਕਾਰ ਦਾ ਪ੍ਰਧਾਨ ਮੰਤਰੀ ਇਹ ਕਹਿ ਕੇ ਸਭ ਨੂੰ ਖੁਸ਼ ਕਰ ਸਕਦਾ ਹੈ ਕਿ 'ਨਾ ਮੈਂ ਕੁਝ ਖਾਵਾਂਗਾ ਤੇ ਨਾ ਕਿਸੇ ਨੂੰ ਖਾਣ ਦੇਵਾਂਗਾ', ਪਰ ਜਿਹੜੇ ਖਾਣ-ਪੀਣ ਦੇ ਸ਼ੌਕੀਨ ਹਨ, ਉਨ੍ਹਾਂ ਨੇ ਢਾਈ ਮਹੀਨੇ ਵੀ ਸੁੱਕੇ ਨਹੀਂ ਲੰਘਣ ਦਿੱਤੇ ਤੇ ਇੱਕ ਇਮਾਨਦਾਰ ਅਫਸਰ ਦਾ ਝਟਕਾ ਕਰਵਾ ਦਿੱਤਾ ਹੈ। ਇਹ ਖਾਣ-ਪੀਣ ਵਾਲੇ ਲੋਕ ਇਸ ਗੱਲੋਂ ਤੰਗ ਸਨ ਕਿ ਸੰਜੀਵ ਚਤੁਰਵੇਦੀ ਨੇ ਏਮਜ਼ ਹਸਪਤਾਲ ਦੇ ਵਿਚ ਕਰੋੜਾਂ ਰੁਪਏ ਦਾ ਭ੍ਰਿਸ਼ਟਾਚਾਰ ਹੁੰਦਾ ਫੜ ਲਿਆ ਸੀ ਤੇ ਇੱਕ ਗੱਲ ਇਹੋ ਜਿਹੀ ਫੜ ਲਈ, ਜਿਸ ਬਾਰੇ ਸੁਣਨ ਵਾਲੇ ਦੇ ਸਿਰ ਨੂੰ ਚੱਕਰ ਆ ਸਕਦਾ ਹੈ। ਏਮਜ਼ ਨੂੰ ਭਾਰਤ ਦੇਸ਼ ਦਾ ਮਨੁੱਖੀ ਇਲਾਜ ਦਾ ਸਭ ਨਾਲੋਂ ਵੱਧ ਮਾਣ ਵਾਲਾ ਹਸਪਤਾਲ ਮੰਨਿਆ ਜਾਂਦਾ ਹੈ, ਪਰ ਏਥੇ ਮਨੁੱਖ ਕਈ ਵਾਰੀ ਗਲਿਆਰਿਆਂ ਵਿਚ ਰੁਲਦੇ ਵੇਖੇ ਜਾਂਦੇ ਹਨ ਅਤੇ ਵੱਡੇ ਅਫਸਰਾਂ ਤੇ ਆਗੂਆਂ ਦੇ ਕੁੱਤਿਆਂ ਦਾ ਇਲਾਜ ਇਸ ਹਸਪਤਾਲ ਵਿਚ ਕੀਤਾ ਜਾਣਾ ਆਮ ਗੱਲ ਬਣਦੀ ਜਾ ਰਹੀ ਸੀ। ਇਨਸਾਨਾਂ ਦੇ ਹਸਪਤਾਲ ਵਿਚ ਕੁੱਤਿਆਂ ਦਾ ਇਲਾਜ ਕਰਨ ਦੀ ਇਹ ਕੁਰੀਤੀ ਰੋਕਣਾ ਇਮਾਨਦਾਰ ਅਫਸਰ ਸੰਜੀਵ ਚਤੁਰਵੇਦੀ ਨੂੰ ਇਸ ਲਈ ਮਹਿੰਗਾ ਪੈ ਗਿਆ ਹੈ ਕਿ ਉਹ ਕੁੱਤੇ ਸਾਧਾਰਨ ਨਹੀਂ, ਵੱਡੇ ਅਫਸਰਾਂ ਜਾਂ ਉਨ੍ਹਾਂ ਵਰਗੇ ਵੱਡੇ ਸਿਆਸੀ ਆਗੂਆਂ ਦੇ ਸਨ ਤੇ ਉਨ੍ਹਾਂ ਸਿਆਸੀ ਆਗੂਆਂ ਵਿਚੋਂ ਇੱਕ ਜਣਾ ਹੁਣ ਇਸ ਦੇਸ਼ ਦਾ ਰਾਜ ਚਲਾ ਰਹੀ ਧਿਰ ਦੀ ਹਾਈ ਕਮਾਂਡ ਵਿਚ ਸ਼ਾਮਲ ਹੈ। ਉਸ ਆਗੂ ਦਾ ਆਖਿਆ ਸਿਹਤ ਮੰਤਰੀ ਹਰਸ਼ ਵਰਧਨ ਮੋੜ ਨਹੀਂ ਸਕਿਆ।



ਸੰਜੀਵ ਚਤੁਰਵੇਦੀ

ਹਾਲੇ ਇੱਕ ਸਾਲ ਮਸਾਂ ਹੋਇਆ ਹੈ, ਜਦੋਂ ਪਿਛਲੇ ਸਾਲ ਅਗਸਤ ਵਿਚ ਅਸੀਂ ਉਤਰ ਪ੍ਰਦੇਸ਼ ਦੀ ਇਮਾਨਦਾਰ ਅਫਸਰ ਕੁੜੀ ਦੁਰਗਾ ਸ਼ਕਤੀ ਨਾਗਪਾਲ ਦੀ ਕੁਰਸੀ ਪਲਟਾਏ ਜਾਣ ਦੀ ਚਰਚਾ ਚੱਲਦੀ ਸੁਣੀ ਸੀ ਤੇ ਇਹ ਕਾਰਵਾਈ ਉਥੋਂ ਦੀ ਹਾਕਮ ਪਾਰਟੀ ਦੇ ਇੱਕ ਭ੍ਰਿਸ਼ਟ ਆਗੂ ਨੇ ਕਰਵਾਈ ਸੀ। ਦੁਰਗਾ ਸ਼ਕਤੀ ਨੂੰ ਆਪਣੇ ਇਮਾਨ ਦੀ ਸ਼ਕਤੀ ਉਤੇ ਏਨਾ ਭਰੋਸਾ ਸੀ ਕਿ ਉਹ ਸਮੁੰਦਰ ਵਿਚ ਰਹਿ ਕੇ ਮਗਰਮੱਛ, ਸਮਾਜ ਦੇ ਲੋਕਾਂ ਨੂੰ ਮੱਛੀਆਂ-ਪੂੰਗ ਮੰਨਣ ਅਤੇ ਹੜੱਪ ਕਰ ਜਾਣ ਵਾਲੇ ਮਗਰਮੱਛ, ਨਾਲ ਵਿਰੋਧ ਸਹੇੜ ਬੈਠੀ ਸੀ। ਸਿਆਸੀ ਮਗਰਮੱਛ ਨੇ ਜਲਸਾ ਲਾ ਕੇ ਆਖਿਆ ਸੀ ਕਿ ਕੱਲ੍ਹ ਤੱਕ ਇਹ ਬੀਬੀ ਇਸ ਖੇਤਰ ਦੀ ਅਫਸਰ ਨਹੀਂ ਰਹੇਗੀ, ਪਰ ਕੱਲ੍ਹ ਆਇਆ ਹੀ ਨਹੀਂ ਸੀ, ਕੁੱਲ ਮਿਲਾ ਕੇ ਬਤਾਲੀ ਮਿੰਟ ਬਾਅਦ ਬੀਬੀ ਦੀ ਬਦਲੀ ਕਰ ਦਿੱਤੀ ਗਈ ਤੇ ਓਸੇ ਲੀਡਰ ਨੇ ਫਿਰ ਜਨਤਕ ਜਲਸੇ ਵਿਚ ਕਿਹਾ ਸੀ ਕਿ ਮੈਂ ਬਦਲੀ ਕਰਵਾ ਦਿੱਤੀ ਹੈ। ਇਸ ਸਾਲ ਮਈ ਵਿਚ ਜਦੋਂ ਕੇਂਦਰ ਦੀ ਸਰਕਾਰ ਬਦਲੀ, ਏਮਜ਼ ਹਸਪਤਾਲ ਦੇ ਗਲਿਆਰਿਆਂ ਵਿਚ ਸੁਣਿਆ ਜਾਣ ਲੱਗਾ ਸੀ ਕਿ ਬਾਕੀ ਗੱਲਾਂ ਭੁੱਲ ਜਾਓ, ਸੰਜੀਵ ਚਤੁਰਵੇਦੀ ਦੇ ਖਿਲਾਫ ਕਾਰਵਾਈ ਹੁਣ ਛੇਤੀ ਹੋ ਜਾਣੀ ਹੈ, ਤੇ ਇਹ ਗੱਲਾਂ ਕੁੱਤਿਆਂ ਦਾ ਇਲਾਜ ਕਰਨ ਅਤੇ ਕਰਵਾਉਣ ਵਾਲੇ ਕਹਿੰਦੇ ਸਨ।

ਜਦੋਂ ਦੁਰਗਾ ਸ਼ਕਤੀ ਨਾਗਪਾਲ ਦਾ ਕਿੱਸਾ ਸਾਹਮਣੇ ਆਇਆ ਸੀ, ਉਦੋਂ ਅਸੀਂ ਭਾਰਤ ਦੇ ਵੱਖੋ-ਵੱਖਰੇ ਰਾਜਾਂ ਦੇ ਕਈ ਅਫਸਰਾਂ ਦੇ ਨਾਂ ਗਿਣਾਏ ਸਨ, ਜਿਨ੍ਹਾਂ ਨੂੰ ਇਮਾਨਦਾਰ ਹੋਣ ਦੀ ਸਜ਼ਾ ਭੁਗਤੀ ਸੀ। ਹਰਿਆਣੇ ਦੇ ਅਸ਼ੋਕ ਖੇਮਕਾ ਤੋਂ ਪੰਜਾਬ ਦੇ ਕ੍ਰਿਸ਼ਨ ਕੁਮਾਰ ਅਤੇ ਕਾਹਨ ਸਿੰਘ ਪੰਨੂ ਤੋਂ ਹੁੰਦੇ ਇਹ ਅਫਸਰ ਮਹਾਰਾਸ਼ਟਰ ਦੇ ਜੀ ਆਰ ਖੈਰਨਾਰ ਅਤੇ ਅਰੁਣ ਭਾਟੀਆ, ਬਿਹਾਰ ਦੇ ਮਨੋਜ ਨਾਥ, ਤਾਮਿਲਨਾਡੂ ਦੇ ਉਮਾ ਸ਼ੰਕਰ, ਆਂਧਰਾ ਪ੍ਰਦੇਸ਼ ਦੇ ਪੂਨਮ ਮਾਲਾਕੋਂਡੱਈਆ ਤੱਕ ਜਾਂਦੇ ਸਨ। ਇਨ੍ਹਾਂ ਸਾਰਿਆਂ ਦੀ ਕਹਾਣੀ ਇੱਕੋ ਸੀ ਕਿ ਉਹ ਇੱਕ ਸਰਕਾਰ ਦੇ ਅਧੀਨ ਜਦੋਂ ਇਮਾਨਦਾਰੀ ਵਿਖਾਉਂਦੇ ਸਨ, ਵਿਰੋਧੀ ਧਿਰ ਤਾਰੀਫ ਕਰਦੀ ਸੀ, ਪਰ ਜਦੋਂ ਵਿਰੋਧੀ ਧਿਰ ਨੂੰ ਸਰਕਾਰ ਸਾਂਭਣ ਦਾ ਮੌਕਾ ਮਿਲਦਾ ਸੀ ਤਾਂ ਸਿਰ ਉਤੇ ਬਿਸਤਰਾ ਉਹ ਵੀ ਚੁਕਵਾ ਦੇਂਦੀ ਸੀ। ਦੂਸਰੇ ਪਾਸੇ ਹਾਕਮਾਂ ਦੇ ਵਫਾਦਾਰ ਮੌਜਾਂ ਮਾਣਦੇ ਹਨ, ਪਰ ਮੌਜਾਂ ਮਾਣਨ ਲਈ ਕਿਸ ਨੀਵਾਣ ਤੱਕ ਚਲੇ ਜਾਂਦੇ ਹਨ, ਇਹ ਵੀ ਦਿਲਚਸਪ ਕਹਾਣੀ ਹੈ।

ਪਿਛਲੇ ਸਾਲ ਉਤਰ ਪ੍ਰਦੇਸ਼ ਦੇ ਧੜੱਲੇਦਾਰ ਮੰਤਰੀ ਆਜ਼ਮ ਖਾਨ ਦੇ ਫਾਰਮ ਵਿਚੋਂ ਮੱਝਾਂ ਨਿਕਲ ਗਈਆਂ ਤੇ ਉਹ ਲੱਭਦੀਆਂ ਨਹੀਂ ਸਨ। ਛੇ ਜ਼ਿਲ੍ਹਿਆਂ ਦੀ ਪੁਲਿਸ ਮੱਝਾਂ ਲੱਭਣ ਲਾ ਦਿੱਤੀ ਗਈ। ਫਿਰ ਪਤਾ ਲੱਗਾ ਕਿ ਲੱਭ ਪਈਆਂ ਹਨ। ਕਿਸੇ ਨੇ ਇਹ ਕਹਾਣੀ ਕੱਢ ਲਿਆਂਦੀ ਕਿ ਮੱਝਾਂ ਲੱਭੀਆਂ ਨਹੀਂ, ਪੁਲਿਸ ਅਫਸਰਾਂ ਨੇ ਹੋਰ ਲਿਆ ਕੇ ਮੰਤਰੀ ਦੇ ਕਾਰਿੰਦਿਆਂ ਨੂੰ ਸਮਝਾ ਦਿੱਤਾ ਕਿ ਚੱਟੀ ਅਸੀਂ ਭਰ ਦਿੱਤੀ ਹੈ, ਮੰਤਰੀ ਨੂੰ ਤੁਸੀਂ ਕਹੋ ਕਿ ਮੱਝਾਂ ਹੁਣ ਲੱਭ ਪਈਆਂ ਹਨ। ਪੁਲਿਸ ਦੀ ਇੱਕ ਅਫਸਰ ਬੀਬੀ, ਜਿਸ ਦੇ ਮੋਢੇ ਸਟਾਰਾਂ ਨਾਲ ਭਰੇ ਪਏ ਸਨ, ਮੱਝਾਂ ਬਾਰੇ ਪ੍ਰੈੱਸ ਕਾਨਫਰੰਸ ਲਾ ਬੈਠੀ ਤਾਂ ਅੱਗੋਂ ਹੋਏ ਸਵਾਲਾਂ ਦੇ ਜਵਾਬ ਦੇਣ ਵੇਲੇ ਬੋਲਦੀ ਤੋਂ ਵੱਧ ਹਟਕੋਰੇ ਲੈਂਦੀ ਜਾਪਦੀ ਸੀ। ਮੰਤਰੀ ਨੂੰ ਇਹੋ ਸਵਾਲ ਕੀਤਾ ਗਿਆ ਤਾਂ ਕਹਿਣ ਲੱਗਾ ਕਿ 'ਮੇਰੀਆਂ ਮੱਝਾਂ ਕੁਈਨ ਵਿਕਟੋਰੀਆ ਤੋਂ ਵੱਧ ਮਹੱਤਵ ਅਖਤਿਆਰ ਕਰ ਗਈਆਂ ਹਨ।' ਉਦੋਂ ਉਨ੍ਹਾਂ ਮੱਝਾਂ ਨੇ ਏਨਾ ਮਹੱਤਵ ਅਖਤਿਆਰ ਕੀਤਾ ਹੋਵੇ ਜਾਂ ਨਾ, ਇਸ ਵਾਰ ਕਰ ਲਿਆ ਹੈ। ਬੀਤੇ ਹਫਤੇ ਇੱਕ ਦਿਨ ਪੰਜਾਬ ਤੋਂ ਉਸੇ ਮੰਤਰੀ ਲਈ ਮੁੱਰਾ ਨਸਲ ਦੀਆਂ ਮੱਝਾਂ ਖਰੀਦਣ ਲਈ ਉਤਰ ਪ੍ਰਦੇਸ਼ ਵਿਚੋਂ ਇੱਕ ਇਹੋ ਜਿਹਾ ਆਗੂ ਆਇਆ, ਜਿਸ ਨੂੰ ਬਿਨਾਂ ਮੰਤਰੀ ਬਣੇ ਤੋਂ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਜਦੋਂ ਮੱਝਾਂ ਟਰੱਕ ਉਤੇ ਲੱਦ ਦਿੱਤੀਆਂ ਤਾਂ ਸਹਾਰਨਪੁਰ ਤੱਕ ਉਨ੍ਹਾਂ ਮੱਝਾਂ ਨਾਲ ਪੰਜਾਬ ਪੁਲਿਸ ਦੀ ਸੁਰੱਖਿਆ ਗੱਡੀ ਗਈ। ਸਹਾਰਨਪੁਰ ਵਿਚ ਮੱਝਾਂ ਉਥੋਂ ਵਾਲੀ ਪੁਲਿਸ ਨੇ ਸੰਭਾਲੀਆਂ ਤੇ ਇੱਕ ਗਜ਼ਟਿਡ ਅਫਸਰ ਨਾਲ ਸਾਰੀ ਰਾਤ ਕਈ ਪੁਲਿਸ ਵਾਲੇ ਨਾ ਸਿਰਫ ਪਹਿਰਾ ਦਿੰਦੇ ਰਹੇ, ਸਗੋਂ ਮੱਝਾਂ ਨੂੰ ਮੱਛਰ ਲੜਨ ਤੋਂ ਬਚਾਉਣ ਲਈ ਧੂਣੀ ਲਾਉਣ ਤੋਂ ਇਲਾਵਾ ਪੱਠਿਆਂ ਉਤੇ ਆਟਾ ਵੀ ਧੂੜਦੇ ਰਹੇ। ਮੱਝਾਂ ਕੁਈਨ ਵਿਕਟੋਰੀਆ ਤੋਂ ਵੱਧ ਮਹੱਤਵਪੂਰਨ ਤਾਂ ਬਣ ਹੀ ਗਈਆਂ!

ਇਸ ਤੋਂ ਜ਼ਰਾ ਹਟ ਕੇ ਆਮ ਆਦਮੀ ਦੀ ਕੀ ਹਾਲਤ ਹੈ, ਇਹ ਅਸੀਂ ਇਸ ਵੇਲੇ ਨਹੀਂ ਦੱਸਣੀ ਚਾਹੁੰਦੇ। ਉਂਜ ਦੱਸਣ ਦੀ ਲੋੜ ਵੀ ਨਹੀਂ ਰਹਿ ਜਾਂਦੀ। ਜਿਸ ਦੇਸ਼ ਵਿਚ ਮਨੁੱਖਾਂ ਦਾ ਇਲਾਜ ਕਰਨ ਵਾਲੇ ਸਭ ਤੋਂ ਵੱਡੇ ਹਸਪਤਾਲ ਦੇ ਡਾਕਟਰ ਉਥੇ ਆਏ ਇਨਸਾਨਾਂ ਕੋਲੋਂ ਨੱਕ ਮਰੋੜ ਕੇ ਲੰਘ ਜਾਣ ਤੇ ਵੱਡੇ ਲੋਕਾਂ ਦੇ ਕੁੱਤਿਆਂ ਦਾ ਇਲਾਜ ਕਰਨ ਲਈ ਹੱਸ ਕੇ ਤਿਆਰ ਹੋਣ, ਜਿਸ ਦੇਸ਼ ਵਿਚ ਮੱਝਾਂ ਨੂੰ ਕੁਈਨ ਵਿਕਟੋਰੀਆ ਤੋਂ ਵੱਧ ਮਹੱਤਵ ਮਿਲ ਜਾਵੇ, ਉਸ ਦੇਸ਼ ਵਿਚ ਆਮ ਆਦਮੀ ਦੀ ਔਕਾਤ ਕੀ ਹੈ ਕਿ ਉਹਦੇ ਲਈ ਲਿਖਣ ਦੀ ਲੋੜ ਸਮਝੀ ਜਾਵੇ? ਲੋਕ-ਰਾਜ ਕਹੇ ਜਾਂਦੇ ਭਾਰਤ ਦੇਸ਼ ਵਿਚ ਮੰਤਰੀ ਦੀ ਮੱਝ ਤੇ ਅਫਸਰ ਦੇ ਕੁੱਤੇ ਦੀ ਕਦਰ ਆਮ ਮਨੁੱਖ ਨਾਲੋਂ ਵਧਦੀ ਜਾਣ ਦਾ ਸਾਨੂੰ ਅਫਸੋਸ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੋਲ ਫਰੀ ਨੰਬਰ 1-888-652-6268
732-983-4332/4333

# ਸਰਦਾਰ ਹਰੀ ਸਿੰਘ ਨਲੂਆ ਦੁਨੀਆਂ ਦਾ ਸਭ ਤੋਂ ਮਹਾਨ ਜਰਨੈਲ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਮਹਾਨ ਸਿੱਖ ਯੋਧੇ ਸ. ਹਰੀ ਸਿੰਘ ਨਲਵਾ ਨੂੰ ਹਾਲ ਹੀ ਵਿਚ ਆਸਟ੍ਰੇਲੀਆ ਦੇ ਬਿਲੀਆਨਾਇਰ ਮੈਗਜ਼ੀਨ ਵੱਲੋਂ ਜਾਰੀ ਕੀਤੀ ਗਈ ਸੂਚੀ ਵਿਚ ਵਿਸ਼ਵ ਇਤਿਹਾਸ ਦੇ 10 ਮਹਾਨ ਜੇਤੂਆਂ ਦੀ ਸ਼੍ਰੇਣੀ ਵਿਚ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ।

ਹਰੀ ਸਿੰਘ ਨਲਵਾ ਦਾ ਜਨਮ 1791 ਵਿਚ ਹੋਇਆ ਤੇ ਆਪਣੇ ਜੀਵਨ ਦੇ ਅੰਤ 1837 ਈਸਵੀ ਤੱਕ ਉਹ ਸਿੱਖ ਸ਼ਾਸਨ ਕਾਲ ਦੌਰਾਨ ਫੌਜ ਦੇ ਮੁੱਖ ਸੈਨਾਪਤੀ ਰਹੇ। ਉਹ ਇਤਿਹਾਸ ਵਿਚ ਇਕ ਮਾਤਰ ਅਜਿਹੀ ਸ਼ਖਸੀਅਤ ਸਨ, ਜਿਨ੍ਹਾਂ ਨੇ ਅਫਗਾਨਿਸਤਾਨ ਤੇ ਪਾਕਿਸਤਾਨ ਨੂੰ ਜੋੜਨ ਵਾਲੇ ਖੈਬਰ ਦੱਰੇ ਨੂੰ ਪਾਰ ਕੀਤਾ।

ਇਸ ਸੂਚੀ ਵਿਚ ਮੰਗੋਲ ਸਾਸ਼ਨ ਦੇ ਸੰਸਥਾਪਕ ਚੰਗੇਜ਼ ਖਾਨ ਨੂੰ ਦੂਸਰਾ ਸਥਾਨ ਦਿੱਤਾ ਗਿਆ, ਜਿਸ ਨੇ ਆਪਣੇ ਸ਼ਾਸ਼ਨ ਕਾਲ ਦੌਰਾਨ 4, 860,000 ਵਰਗ ਮੀਲ ਖੇਤਰ 'ਤੇ ਜਿੱਤ ਪ੍ਰਾਪਤ ਕੀਤੀ ਸੀ, ਜੋ ਇਤਿਹਾਸ ਵਿਚ ਕਿਸੇ ਵੀ ਹੋਰ ਸ਼ਾਸ਼ਕ ਤੋਂ ਵੱਧ ਹੈ। ਤੀਜੇ ਸਥਾਨ 'ਤੇ ਸਿਕੰਦਰ ਮਹਾਨ ਨੂੰ ਜਗ੍ਹਾ ਦਿੱਤੀ ਗਈ ਹੈ। ਚੌਥੇ ਸਥਾਨ 'ਤੇ ਪੂਰਬ ਤੇ ਪੱਛਮ ਰੋਮਨ ਰਾਜ ਦੇ ਸ਼ਾਸਕ ਅਟੀਲਾ ਦਾ ਹੱਨ ਤੇ ਪੰਜਵੇਂ ਸਥਾਨ 'ਤੇ ਅਫਰੀਕਾ ਤੇ ਯੂਰਪ 'ਤੇ ਜਿੱਤ ਪ੍ਰਾਪਤ ਕਰਨ ਵਾਲੇ ਰੋਮਨ ਸ਼ਾਸ਼ਕ ਜੂਲੀਅਸ ਸੀਜ਼ਰ ਨੂੰ ਰੱਖਿਆ ਗਿਆ ਹੈ।

ਛੇਵੇਂ ਸਥਾਨ 'ਤੇ ਸਾਇਰਸ ਦਾ ਗ੍ਰੇਟ ਦਾ ਸਥਾਨ ਹੈ, ਜੋ 546 ਬੀ.ਸੀ. ਵਿਚ ਪਰਸ਼ੀਆ ਦਾ ਰਾਜਾ ਬਣਿਆ ਸੀ। ਸੱਤਵੇਂ ਨੰਬਰ 'ਤੇ ਸਪੇਨੀ ਸ਼ਾਸ਼ਕ ਫ੍ਰਾਂਸਿਸਕੋ



ਪਿਜ਼ਾਰੋ (1471-1541) ਨੂੰ ਰੱਖਿਆ ਗਿਆ ਹੈ। ਜਦਕਿ ਸੱਤ ਕਰੋੜ ਲੋਕਾਂ 'ਤੇ ਰਾਜ ਕਰਨ ਵਾਲੇ ਸਾਢੇ ਪੰਜ ਫੁੱਟੇ ਨੈਪੋਲੀਅਨ ਬੋਨਾਪਾਰਟ ਨੂੰ ਸੂਚੀ ਵਿਚ ਅੱਠਵਾਂ ਸਥਾਨ ਦਿੱਤਾ ਗਿਆ ਹੈ। ਨੌਵੇਂ ਸਥਾਨ 'ਤੇ ਈਸਾ ਦੇ ਜਨਮ ਤੋਂ 200 ਸਾਲ ਪਹਿਲਾਂ ਦੇ ਸ਼ਾਸ਼ਕ ਹਨੀਬਲ ਬਾਰਕਾ ਨੂੰ ਰੱਖਿਆ ਗਿਆ ਹੈ। ਦਸਵੇਂ ਸਥਾਨ 'ਤੇ ਇਕ ਕਰੋੜ 70 ਲੱਖ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ 14ਵੀਂ ਸਦੀ ਦੇ ਤੁਰਕੀ ਦੇ ਜ਼ਾਲਮ ਸ਼ਾਸ਼ਕ ਤੈਮੂਰ ਨੂੰ ਜਗ੍ਹਾ ਦਿੱਤੀ ਗਈ ਹੈ।


ਇਤਿਹਾਸ ਮੁਤਾਬਕ ਹਰੀ ਸਿੰਘ ਨਲੂਆ ਨੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਦੌਰਾਨ ਕਸ਼ਮੀਰ ਤੇ ਅਫਗਾਨ ਜਿਹੇ ਅਜਿੱਤ ਸੂਬਿਆਂ ਨੂੰ ਜਿੱਤ ਕੇ ਸਿੱਖ ਰਾਜ ਦਾ ਅਨਿਖੜਵਾਂ ਅੰਗ ਬਣਾਉਣ ਵਿਚ ਵੱਡੀ ਭੂਮਿਕਾ ਅਦਾ ਕੀਤੀ ਸੀ। ਅੱਜ ਵੀ ਅਫਗਾਨਿਸਤਾਨ ਵਿਚ ਮਾਵਾਂ ਅਪਣੇ ਬੱਚਿਆਂ ਨੂੰ ਡਰਾਉਣ ਲਈ 'ਹਰੀਆ ਰਾਗਲੇ ਰਾ' ਭਾਵ 'ਹਰੀ ਸਿੰਘ ਆ ਗਿਆ ਈ' ਦਾ ਡਰਾਵਾ ਦਿੰਦੀਆਂ ਹਨ।

ਰਸਾਲੇ ਨੇ ਦੁਨੀਆਂ ਭਰ ਵਿਚੋਂ 10 ਜਰਨੈਲਾਂ ਦੇ ਨਾਂ ਦੀ ਚੋਣ ਕੀਤੀ ਹੈ ਜੋ ਰਸਾਲੇ ਦੀ ਵੈੱਬਸਾਈਟ 'ਤੇ ਮੌਜੂਦ ਹੈ। ਦੱਸਣਯੋਗ ਹੈ ਕਿ ਸਿੱਖਾਂ ਦੀ ਬਹਾਦਰੀ ਤੇ ਯੁੱਧ ਨੀਤੀ ਦੀ ਦੁਨੀਆਂ ਕਾਇਲ ਹੈ ਤੇ ਫਰਾਂਸ ਦੇ ਸਕੂਲਾਂ ਵਿਚ ਅੱਜ ਵੀ ਸਾਰਾਗੜ੍ਹੀ ਦੀ ਜੰਗ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ ਜਦਕਿ ਭਾਰਤ ਵਿਚ ਇਸ ਨੂੰ ਪੂਰੀ ਤਰ੍ਹਾਂ ਨਾਲ ਅਣਗੌਲਿਆ ਰੱਖਿਆ ਹੋਇਆ ਹੈ। ਦੁਨੀਆਂ ਭਰ ਵਿਚ ਵੱਸਦੇ ਸਿੱਖਾਂ ਨੇ ਹਰੀ ਸਿੰਘ ਨਲੂਆ ਦਾ ਨਾਂ ਪਹਿਲੀ ਥਾਂ 'ਤੇ ਰੱਖਣ ਉਤੇ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਸਰਕਾਰੀ ਤੰਤਰ 'ਤੇ ਹੋਇਆ ਸਿਫਾਰਸ਼ੀ ਸੱਭਿਆਚਾਰ ਹਾਵੀ

**ਹੁਸ਼ਿਆਰਪੁਰ:** ਪੰਜਾਬ ਵਿਚ ਸਰਕਾਰੀ ਤੰਤਰ 'ਤੇ ਸਿਫਾਰਸ਼ੀ ਸਭਿਆਚਾਰ ਹਾਵੀ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿਚ ਜਿੱਤੇ ਤੇ ਹਾਰੇ ਹੋਏ ਆਗੂਆਂ ਦੀ ਸਰਕਾਰੀ ਦਫਤਰਾਂ ਵਿਚ ਤੂਤੀ ਬੋਲਣ ਦੀ ਚਰਚਾ ਤਾਂ ਆਮ ਚੱਲਦੀ ਹੈ ਪਰ ਹੁਣ ਇਨ੍ਹਾਂ ਦੀਆਂ ਸਿਫਾਰਿਸ਼ਾਂ ਨੂੰ ਵਿਚਾਰਨ ਲਈ ਸਰਕਾਰੀ ਰਿਕਾਰਡ ਵਿਚ ਬਕਾਇਦਾ ਕਾਲਮ ਬਣ ਗਏ ਹਨ। ਇਹ ਖੁਲਾਸਾ ਹਿਊਮਨ ਐਂਪਾਵਰਮੈਂਟ ਲੀਗ ਆਫ ਪੰਜਾਬ (ਹੈਲਪ) ਸੰਸਥਾ ਨਾਲ ਸਬੰਧਤ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਹੋਇਆ ਹੈ।

ਸੂਚਨਾ ਵਿਚ ਜ਼ਿਲ੍ਹਾ ਸਿੱਖਿਆ ਅਫਸਰ, ਹੁਸ਼ਿਆਰਪੁਰ ਤੋਂ ਡੀ.ਪੀ.ਆਈ. (ਸ) ਨੂੰ ਅਧਿਆਪਕਾਂ ਦੀਆਂ ਬਦਲੀਆਂ ਬਾਰੇ ਭੇਜੀਆਂ ਗਈਆਂ ਪ੍ਰਪੋਜ਼ਲਾਂ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਸੀ। ਇਸ ਤੋਂ ਇਲਾਵਾ ਬਦਲੀਆਂ ਲਈ ਸਿਫਾਰਿਸ਼ ਕਰਨ ਵਾਲੇ ਰਾਜਸੀ ਆਗੂਆਂ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵੀ ਮੰਗੀ ਗਈ ਸੀ। ਦਿਲਚਸਪ ਗੱਲ ਹੈ ਕਿ ਜ਼ਿਲ੍ਹਾ ਸਿੱਖਿਆ ਦਫਤਰ ਨੇ ਮੰਤਰੀਆਂ/ਵਿਧਾਇਕਾਂ ਵੱਲੋਂ ਸਿਫਾਰਿਸ਼ ਕੀਤੀਆਂ ਗਈਆਂ ਬਦਲੀਆਂ ਦੀਆਂ ਤਜਵੀਜ਼ਾਂ ਦੇ ਸਿਰਲੇਖ ਹੇਠ ਵੱਖਰਾ ਰਿਕਾਰਡ ਸੰਭਾਲ ਕੇ ਰੱਖਿਆ ਗਿਆ ਹੈ, ਜੋ ਕਿ ਆਰ.ਟੀ.ਆਈ. ਤਹਿਤ ਵੀ ਉਪਲਬਧ ਕਰਵਾ ਦਿੱਤਾ ਗਿਆ ਹੈ। ਤਕਰੀਬਨ ਡੇਢ ਸਾਲ ਦੇ ਅਰਸੇ ਵਿਚ ਅਕਾਲੀ-ਭਾਜਪਾ



ਆਗੂਆਂ ਦੇ ਨਾ ਸਿਰਫ ਜਿੱਤੇ ਹੋਏ ਨੁਮਾਇੰਦਿਆਂ ਨੂੰ ਮਹੱਤਤਾ ਦਿੱਤੀ ਗਈ ਬਲਕਿ ਹਾਰੇ ਹੋਏ ਤੇ ਕਈ ਜ਼ਿਲ੍ਹਾ ਤੇ ਬਲਾਕ ਪੱਧਰੀ ਯੂਥ ਆਗੂ ਵੀ ਸਿਫਾਰਿਸ਼ ਕਰਨ ਵਾਲਿਆਂ ਵਿਚ ਸ਼ਾਮਲ ਹਨ।

ਸਿਫਾਰਿਸ਼ ਕਰਨ ਵਾਲਿਆਂ ਵਿਚ ਸੋਹਣ ਸਿੰਘ ਠੰਡਲ (ਹੁਣ ਮੰਤਰੀ, ਪਹਿਲਾਂ ਮੁੱਖ ਸੰਸਦੀ ਸਕੱਤਰ), ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੇ ਹਲਕਾ ਦਸੂਹਾ ਦੀ ਵਿਧਾਇਕ ਸੁਖਜੀਤ ਕੌਰ ਸਾਹੀ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਉੜਮੁੜ ਤੋਂ ਚੋਣ ਹਾਰ ਚੁੱਕੇ ਅਰਵਿੰਦ ਸਿੰਘ ਰਸੂਲਪੁਰ ਵੱਲੋਂ ਵੀ ਕਈ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਸਿਫਾਰਿਸ਼ਾਂ ਕਰਨ ਵਾਲਿਆਂ ਵਿਚ ਜ਼ਿਲ੍ਹਾ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੋਤ ਸਿੰਘ ਸਾਬੀ ਦਾ ਕਈ ਵਾਰ ਨਾਂ ਆਉਂਦਾ ਹੈ। ਭਾਵੇਂ ਤੀਕਸ਼ਨ ਸੂਦ ਨੂੰ ਹੁਣ ਮੁੱਖ ਮੰਤਰੀ ਦੇ ਸਲਾਹਕਾਰ ਦਾ ਅਹੁਦਾ ਮਿਲ ਚੁੱਕਿਆ ਹੈ ਪਰ ਸਾਬਕਾ ਸਥਾਨਕ ਸਰਕਾਰ ਉਦਯੋਗ ਤੇ ਵਣ ਮੰਤਰੀ ਦੀ ਹੈਸੀਅਤ ਵਿਚ ਉਨ੍ਹਾਂ ਦੀਆਂ ਵੀ ਕਈ ਸਿਫਾਰਿਸ਼ਾਂ ਪ੍ਰਵਾਨ ਕੀਤੀਆਂ ਗਈਆਂ ਹਨ। ਸਾਬਕਾ ਮੰਤਰੀ ਅਰੁਣੇਸ਼ ਸ਼ਾਕਰ ਵੱਲੋਂ ਵੀ ਕਈ ਅਧਿਆਪਕਾਂ ਦੀ ਬਦਲੀ ਦੀ ਸਿਫਾਰਸ਼ ਕੀਤੀ ਗਈ ਹੈ। ਮੁਕੇਰੀਆਂ ਹਲਕੇ ਦੇ ਇਕ ਬਲਾਕ ਪ੍ਰਧਾਨ (ਯੂਥ ਅਕਾਲੀ ਦਲ) ਹਰਮੀਤ ਸਿੰਘ ਕੌਲਪੁਰ ਦਾ ਨਾਂ ਵੀ ਸਿਫਾਰਿਸ਼ ਕਰਨ ਵਾਲਿਆਂ ਵਿਚ ਸ਼ਾਮਲ ਹੈ।

ਹੋਰ ਜ਼ਿਲ੍ਹਿਆਂ ਵਿਚੋਂ ਲੋਕ ਨਿਰਮਾਣ ਮੰਤਰੀ ਪੰਜਾਬ, ਮੁੱਖ ਸੰਸਦੀ ਸਕੱਤਰ ਵਣ ਤੇ ਜੀਵ ਸੁਰੱਖਿਆ ਤੇ ਕਿਰਤ ਦੇ ਨਾਂ ਸ਼ਾਮਲ ਹਨ ਉਥੇ ਪਵਨ ਕੁਮਾਰ ਟੀਨੂੰ ਤੇ ਬੀਬੀ ਜਗੀਰ ਕੌਰ ਵੱਲੋਂ ਵੀ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਹਰਗੋਬਿੰਦਪੁਰ ਦੇ ਸਾਬਕਾ ਵਿਧਾਇਕ ਬਲਵੀਰ ਸਿੰਘ ਬਾਠ ਤੇ ਬਿਸ਼ਨ ਦਾਸ ਧੁੱਪੜ ਹਲਕਾ ਇੰਚਾਰਜ ਦੀਨਾਨਗਰ ਆਦਿ ਨੇ ਵੀ ਅਧਿਆਪਕਾਂ ਦੀਆਂ ਬਦਲੀਆਂ ਦੀਆਂ ਸਿਫਾਰਿਸ਼ਾਂ ਕੀਤੀਆਂ ਹਨ।

ਜ਼ਿਲ੍ਹਾ ਸਿੱਖਿਆ ਦਫਤਰ ਵਿਚ ਚੱਲ ਰਹੇ ਇਸ ਸਿਫਾਰਿਸ਼ ਸਭਿਆਚਾਰ ਦੀ ਵੱਖ-ਵੱਖ ਆਗੂਆਂ ਨੇ ਆਲੋਚਨਾ ਕੀਤੀ ਹੈ। ਸੀ.ਪੀ.ਆਈ. (ਐਮ) ਦੇ ਸੂਬਾਈ ਆਗੂ ਦਰਸ਼ਨ ਸਿੰਘ ਮੱਟੂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਿਫਾਰਿਸ਼ ਸਭਿਆਚਾਰ ਨਾਲ ਆਮ ਅਧਿਆਪਕਾਂ ਦੇ ਬਰਾਬਰਤਾ ਦੇ ਅਧਿਕਾਰ ਦੀ ਉਲੰਘਣਾ ਹੁੰਦੀ ਹੈ। ਐਡਵੋਕੇਟ ਰਣਜੀਤ ਸਿੰਘ ਕਲਸੀ ਨੇ ਸਿਫਾਰਿਸ਼ਾਂ ਦੇ ਇਸ ਰੁਝਾਨ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਅਹੁਦੇ ਦੀ ਦੁਰਵਰਤੋਂ ਤੇ ਸਰਕਾਰੀ ਕੰਮ ਵਿਚ ਦਖਲ ਦੀ ਪ੍ਰਤੱਖ ਉਦਾਹਰਨ ਹੈ। ਉਨ੍ਹਾਂ ਕਿਹਾ ਕਿ ਬਦਲੀਆਂ ਮੈਰਿਟ ਤੇ ਨਿਰਧਾਰਤ ਮਾਪਦੰਡਾਂ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ।

# ਸੰਤ ਬਲਜੀਤ ਸਿੰਘ ਦਾਦੂਵਾਲ ਗ੍ਰਿਫਤਾਰ, ਜੇਲ੍ਹ ਭੇਜਿਆ

**ਫਰੀਦਕੋਟ:** ਪੁਲਿਸ ਨੇ ਫਰੀਦਕੋਟ ਜ਼ਿਲ੍ਹੇ ਵਿਚ ਪੰਜ ਸਾਲ ਪਹਿਲਾਂ ਦਰਜ ਹੋਏ ਮਾਮਲੇ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੈਂਬਰ ਤੇ ਸਮਰਥਕ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਗੁਰਦੁਆਰਾ ਜੰਡਾਲੀਸਰ ਵਿਚੋਂ ਗ੍ਰਿਫਤਾਰ ਕਰ ਲਿਆ। ਇਸ ਦੇ ਨਾਲ ਸ਼੍ਰੋਮਣੀ ਕਮੇਟੀ ਗੁਰਦੁਆਰੇ 'ਤੇ ਵੀ ਕਾਬਜ਼ ਹੋ ਗਈ ਹੈ। ਸੰਤ ਦਾਦੂਵਾਲ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਉਨ੍ਹਾਂ ਨੂੰ ਪੰਜ ਸਤੰਬਰ ਤੱਕ ਜੇਲ੍ਹ ਭੇਜਣ ਦਾ ਹੁਕਮ ਦੇ ਦਿੱਤਾ। ਸੰਤ ਦਾਦੂਵਾਲ ਦੇ ਵਕੀਲ ਨੇ ਅਦਾਲਤ ਨੂੰ



ਦੱਸਿਆ ਕਿ ਫਰੀਦਕੋਟ ਪੁਲਿਸ 17 ਮਾਰਚ 2009 ਨੂੰ ਪਹਿਲਾਂ ਹੀ ਸੰਤ ਦਾਦੂਵਾਲ ਨੂੰ ਉਸ ਦੇ ਨੌਂ ਸਾਥੀਆਂ ਸਣੇ ਗ੍ਰਿਫਤਾਰ ਕਰਕੇ ਤੇ ਬਾਅਦ 'ਚ ਪੁਲਿਸ ਨੇ ਖੁਦ ਅਰਜ਼ੀ ਦੇ ਕੇ ਅਦਾਲਤ ਵਿਚੋਂ ਸਾਰਿਆਂ ਨੂੰ ਰਿਹਾ ਕਰਵਾ ਦਿੱਤਾ ਸੀ।

ਇਸ ਲਈ ਫੌਜਦਾਰੀ ਜ਼ਾਬਤੇ ਤਹਿਤ ਕਿਸੇ ਵੀ ਵਿਅਕਤੀ ਨੂੰ ਇਕ ਮੁਕੱਦਮੇ ਵਿਚੋਂ ਰਿਹਾਅ ਕਰਨ ਤੋਂ ਬਾਅਦ ਦੂਜੀ ਵਾਰ ਪੁਲਿਸ ਰਿਮਾਂਡ 'ਤੇ ਨਹੀਂ ਲਿਆ ਜਾ ਸਕਦਾ। ਅਦਾਲਤ ਨੇ ਜ਼ਿਲ੍ਹਾ ਪੁਲਿਸ ਨੂੰ ਝਟਕਾ ਦਿੰਦਿਆਂ ਪੁਲਿਸ ਰਿਮਾਂਡ ਦੀ ਅਰਜ਼ੀ ਨੂੰ ਨਾ ਮਨਜ਼ੂਰ ਕਰ ਦਿੱਤਾ ਤੇ ਸੰਤ ਦਾਦੂਵਾਲ ਨੂੰ ਪੰਜ ਸਤੰਬਰ ਤੱਕ ਲਈ ਜੇਲ੍ਹ ਭੇਜਣ ਦਾ ਹੁਕਮ ਦੇ ਦਿੱਤਾ। ਸੰਤ ਦਾਦੂਵਾਲ ਦੇ ਵਕੀਲ ਕੁਲਵਿੰਦਰ ਸਿੰਘ ਸੇਖੋਂ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਸਰਕਾਰ ਉਨ੍ਹਾਂ ਤੋਂ ਇਸ ਗੱਲ ਲਈ ਖਫ਼ਾ ਹੈ ਕਿ ਉਨ੍ਹਾਂ ਹਰਿਆਣਾ ਗੁਰਦੁਆਰਾ ਕਮੇਟੀ ਦੀ ਖੁੱਲ੍ਹੀ ਹਮਾਇਤ ਕੀਤੀ ਹੈ ਤੇ ਇਕ ਗੁਰਦੁਆਰੇ ਦਾ ਕਬਜ਼ਾ ਲੈਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਉਧਰ ਜੈਤੋਂ ਪੁਲਿਸ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਤੇ ਉਸ ਦੇ ਦੋ ਚੇਲਿਆਂ ਰਜਿੰਦਰ ਸਿੰਘ ਤੇ ਰਣਧੀਰ ਸਿੰਘ ਨੂੰ ਨਾਜਾਇਜ਼ ਅਸਲੇ ਸਮੇਤ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਤਿੰਨਾਂ ਖਿਲਾਫ ਅਸਲਾ ਐਕਟ ਤਹਿਤ ਪਰਚਾ ਦਰਜ ਕਰਕੇ ਇਨ੍ਹਾਂ ਨੂੰ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ। ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲੋਂ 300 ਜ਼ਿੰਦਾ ਕਾਰਤੂਸ, ਤਿੰਨ ਰਾਈਫਲਾਂ ਤੇ ਅੱਠ ਪਿਸਤੌਲ ਬਰਾਮਦ ਹੋਏ ਹਨ। ਉਧਰ ਸੰਤ ਦਾਦੂਵਾਲ ਨੇ ਕਿਹਾ ਕਿ ਪੁਲਿਸ ਨੇ ਸਮੁੱਚੀ ਕਾਰਵਾਈ ਬਦਲੇ ਦੀ ਭਾਵਨਾ ਨਾਲ ਕੀਤੀ ਹੈ।

# ਵਿਦੇਸ਼ ਖਾਤਰ ਭਾੜੇ ਦੇ ਵਿਆਹਾਂ ਦਾ ਰੁਝਾਨ ਹੋਰ ਵਧਿਆ

**ਬਠਿੰਡਾ:** ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਵੱਸਣ ਲਈ ਵਿਦੇਸ਼ੀ ਔਰਤਾਂ ਨਾਲ ਵਿਆਹ ਕਰਵਾਉਣ ਦਾ ਰੁਝਾਨ ਪੰਜਾਬੀਆਂ ਵਿਚ ਲਗਾਤਾਰ ਵਧਦਾ ਜਾ ਰਿਹਾ ਹੈ। ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਤਹਿਤ ਮਿਲੇ ਵੇਰਵਿਆਂ ਮੁਤਾਬਕ ਬਠਿੰਡਾ ਜ਼ਿਲ੍ਹੇ ਵਿਚ ਜਨਵਰੀ 2007 ਤੋਂ ਹੁਣ ਤੱਕ ਸੱਤ ਵਿਆਹ ਉਹ ਰਜਿਸਟਰਡ



ਹੋਏ ਹਨ, ਜਿਨ੍ਹਾਂ ਵਿਚ ਲਾੜੀ ਜਾਂ ਲਾੜਾ ਵਿਦੇਸ਼ੀ ਹੈ। ਬਠਿੰਡਾ ਦੇ ਪਿੰਡ ਬਾਲਿਆਂਵਾਲੀ ਦੇ ਇਕ ਨੌਜਵਾਨ ਨੇ ਆਕਲੈਂਡ ਦੀ ਵਸਨੀਕ ਨਾਲ ਲਾਵਾਂ ਲੈ ਲਈਆਂ। ਇਸੇ ਤਰ੍ਹਾਂ ਪਿੰਡ ਕੋਠਾ ਗੁਰੂ ਦੇ 24 ਵਰ੍ਹਿਆਂ ਦੇ ਨੌਜਵਾਨ ਨੇ ਸਪੇਨ ਦੀ 28 ਸਾਲਾ ਔਰਤ ਨਾਲ ਵਿਆਹ ਕਰਾ ਲਿਆ ਹੈ। ਇਹ ਸਪੇਨਣ ਤਿੰਨ ਦਫ਼ਾ ਪਿੰਡ ਕੋਠਾ ਗੁਰੂ ਵੀ ਆ ਚੁੱਕੀ ਹੈ। ਬਠਿੰਡਾ ਸ਼ਹਿਰ ਦੇ ਗੁਰੂ ਗੋਬਿੰਦ ਸਿੰਘ ਨਗਰ ਦੇ ਇਕ ਨੌਜਵਾਨ ਨੇ ਜਪਾਨ ਦੀ ਲੜਕੀ ਨਾਲ ਤੇ ਬੀਬੀ ਵਾਲਾ ਚੌਕ ਦੇ ਇਕ ਹੋਰ ਨੌਜਵਾਨ ਨੇ ਅਮਰੀਕੀ ਮੇਮ ਨਾਲ ਵਿਆਹ ਰਚਾਇਆ ਹੈ। ਜ਼ਿਲ੍ਹਾ ਮੁਕਤਸਰ ਸਾਹਿਬ ਵਿਚ ਸਾਢੇ ਛੇ ਵਰ੍ਹਿਆਂ ਦੌਰਾਨ 36 ਵਿਆਹ ਰਜਿਸਟਰਡ ਹੋਏ ਹਨ, ਜਿਨ੍ਹਾਂ ਵਿਚੋਂ ਛੇ ਵਿਆਹਾਂ ਵਿਚ ਲਾੜੀ ਜਾਂ ਲਾੜਾ ਵਿਦੇਸ਼ੀ ਮੂਲ ਦੇ ਹਨ।

ਮਲੋਟ ਤਹਿਸੀਲ ਦੇ ਇਕ ਪਿੰਡ ਦੇ ਮਾਪਿਆਂ ਨੇ ਆਪਣੀ 20 ਵਰ੍ਹਿਆਂ ਦੀ ਧੀ ਦਾ ਵਿਆਹ ਆਸਟਰੀਆ ਦੇ 45 ਸਾਲਾ ਨਾਗਰਿਕ ਨਾਲ ਕੀਤਾ ਹੈ। ਇਹ ਵਿਅਕਤੀ ਪਹਿਲਾਂ ਤਲਾਕਸ਼ੁਦਾ ਹੈ। ਇਵੇਂ ਹੀ ਹਲਕਾ ਲੰਬੀ ਦੇ ਇਕ ਪਿੰਡ ਦੇ 30 ਵਰ੍ਹਿਆਂ ਦੇ ਨੌਜਵਾਨ ਨੇ ਕਜ਼ਾਖਸਤਾਨ ਦੀ 46 ਵਰ੍ਹਿਆਂ ਦੀ ਔਰਤ ਨਾਲ ਵਿਆਹ ਕਰਾਇਆ। ਮੁਕਤਸਰ ਸ਼ਹਿਰ ਦੇ 28 ਵਰ੍ਹਿਆਂ ਦੇ ਨੌਜਵਾਨ ਨੇ ਇੰਗਲੈਂਡ ਦੀ ਤਲਾਕਸ਼ੁਦਾ 37 ਵਰ੍ਹਿਆਂ ਦੀ ਗੋਰੀ ਨਾਲ ਵਿਆਹ ਰਜਿਸਟਰ ਕਰਵਾਇਆ।

ਉਂਜ, ਕਈ ਅਜਿਹੇ ਅਭਾਗੇ ਵੀ ਹਨ ਜੋ ਵਿਆਹ ਮਗਰੋਂ ਵਿਦੇਸ਼ੀ ਧਰਤੀ 'ਤੇ ਹਾਲੇ ਤੱਕ ਪੈਰ ਵੀ ਨਹੀਂ ਪਾ ਸਕੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਰਾਮਗੜ੍ਹ ਦੇ ਇਕ ਪੇਂਡੂ ਨੌਜਵਾਨ ਨੇ ਰੂਸ ਦੀ ਲੜਕੀ ਨਾਲ ਵਿਆਹ ਕੀਤਾ ਹੈ ਜਦੋਂਕਿ ਇਸੇ ਜ਼ਿਲ੍ਹੇ ਦੇ ਬੋਹਾ ਕਸਬੇ ਦੇ ਨੌਜਵਾਨ ਨੇ ਵੀ ਵਿਦੇਸ਼ਣ ਨਾਲ ਵਿਆਹ ਕੀਤਾ ਹੈ। ਤਰਨ ਤਾਰਨ ਜ਼ਿਲ੍ਹੇ ਦੇ ਪੱਟੀ ਕਸਬੇ ਦੇ ਦੋ ਨੌਜਵਾਨਾਂ ਨੇ ਆਸਟਰੀਆ ਤੇ ਰੋਮਾਨੀਆ ਦੀਆਂ ਔਰਤਾਂ ਨਾਲ ਵਿਆਹ ਕੀਤੇ ਹਨ। ਬੈਲਜੀਅਮ ਵਿਚ ਰਹਿੰਦੇ ਪੰਜਾਬੀ ਮੂਲ ਦੇ ਅਜੈਬ ਸਿੰਘ ਅਲੀਸ਼ੇਰ ਦੀ ਟਿੱਪਣੀ ਹੈ ਕਿ ਕਈ ਮੁਲਕਾਂ ਵਿਚ ਤਾਂ ਔਰਤਾਂ ਨੇ ਕਿੱਤੇ ਦੇ ਤੌਰ 'ਤੇ ਵਿਆਹ ਕਰਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਉਹ ਖਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਉਨ੍ਹਾਂ ਆਖਿਆ ਕਿ ਬਹੁਤੇ ਨੌਜਵਾਨ ਇਨ੍ਹਾਂ ਮੇਮਾਂ ਨਾਲ ਭਾੜੇ ਦੇ ਵਿਆਹਾਂ ਵਿਚ ਠੱਗੇ ਵੀ ਜਾਂਦੇ ਹਨ।

ਫਿਰੋਜ਼ਪੁਰ ਜ਼ਿਲ੍ਹੇ ਵਿਚ ਅਮਰੀਕਾ ਦਾ ਗਰੀਨ ਕਾਰਡ ਹਾਸਲ ਕਰਨ ਦੇ ਲੋਭ-ਵਸ ਇਕ ਲੜਕੀ ਨੇ ਆਪਣੇ ਤੋਂ 22 ਸਾਲ ਵੱਡੇ ਵਿਅਕਤੀ ਨਾਲ ਵਿਆਹ ਕਰਾ ਲਿਆ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਖਮਾਣੋਂ ਤਹਿਸੀਲ ਵਿਚ ਇਕ ਵਿਆਹ ਰਜਿਸਟਰਡ ਹੋਇਆ ਹੈ, ਜਿਸ ਮੁਤਾਬਕ ਮਾਪਿਆਂ ਨੇ ਆਪਣੀ 20 ਸਾਲ ਦੀ ਧੀ ਨੂੰ ਜਰਮਨੀ ਦੇ 51 ਸਾਲਾ ਨਾਗਰਿਕ ਨਾਲ ਤੋਰ ਦਿੱਤਾ।

ਇਵੇਂ ਹੀ ਅਮਲੋਹ ਤਹਿਸੀਲ ਦੇ 29 ਵਰ੍ਹਿਆਂ ਦੇ ਇਕ ਨੌਜਵਾਨ ਨੂੰ ਲਿਬਨਾਨ ਦੀ 53 ਵਰ੍ਹਿਆਂ ਦੀ ਔਰਤ ਆਪਣੇ ਹਾਣ ਦੀ ਲੱਗੀ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਤਹਿਸੀਲ ਬਸੀ ਪਠਾਣਾਂ ਵਿਚ 24 ਸਾਲ ਦੇ ਨੌਜਵਾਨ ਨੇ ਜਰਮਨ ਦੀ 45 ਸਾਲਾ ਔਰਤ ਨਾਲ ਵਿਆਹ ਦੀ ਰਜਿਸਟ੍ਰੇਸ਼ਨ ਕਰਾਈ ਹੈ। ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਨੇ ਵੀ ਇਸੇ ਤਰ੍ਹਾਂ ਦਾ ਇਕ ਵਿਆਹ ਰਜਿਸਟਰਡ ਕੀਤਾ ਹੈ, ਜਿਸ ਵਿਚ ਲਾੜੀ ਦੀ ਉਮਰ 34 ਸਾਲ ਤੇ ਲਾੜੇ ਦੀ ਉਮਰ 62 ਹੈ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪੰਜਾਬੀ ਕਲਚਰ ਦੇ ਮਾਹਿਰ ਡਾ. ਰਵੀ ਰਵਿੰਦਰ ਆਖਦੇ ਹਨ ਕਿ ਭਾਵੇਂ ਇਹ ਰੁਝਾਨ ਮਜਬੂਰੀ ਵਿਚੋਂ ਉਪਜਿਆ ਹੈ ਪਰ ਨੈਤਿਕ ਤੌਰ 'ਤੇ ਮਾਪਿਆਂ ਨੂੰ ਅਜਿਹੇ ਕਦਮ ਸ਼ੋਭਦੇ ਨਹੀਂ ਹਨ।

ਉਨ੍ਹਾਂ ਆਖਿਆ ਕਿ ਰੁਜ਼ਗਾਰ ਖਾਤਰ ਨੌਜਵਾਨ ਕਈ ਤਰ੍ਹਾਂ ਦੇ ਪਾਪੜ ਵੇਲ ਰਹੇ ਹਨ। ਕਈ ਕਾਮਯਾਬ ਵੀ ਹੋ ਜਾਂਦੇ ਹਨ, ਪਰ ਜੋ ਰੁਝਾਨ ਚੱਲ ਰਿਹਾ ਹੈ, ਇਸ ਨਾਲ ਵਿਆਹ ਵਰਗੀ ਪਵਿੱਤਰ ਸੰਸਥਾ ਨੂੰ ਸੱਟ ਵੱਜੀ ਹੈ।

## ਬੇਜੋੜ ਹੁੰਦੇ ਨੇ ਜ਼ਿਆਦਾਤਰ ਵਿਆਹ

ਵਿਦੇਸ਼ਾਂ ਵਿਚ ਕਰਵਾਏ ਜ਼ਿਆਦਾਤਰ ਵਿਆਹ ਬੇਜੋੜ ਹੁੰਦੇ ਹਨ ਤੇ ਲਾੜੇ-ਲਾੜੀ ਦੀ ਉਮਰ ਵਿਚ ਚੋਖਾ ਫਰਕ ਹੁੰਦਾ ਹੈ। ਵੱਡੀ ਉਮਰ ਦੀਆਂ ਗੋਰੀਆਂ ਨਾਲ ਵਿਆਹ ਕਰਾਉਣ ਨੂੰ ਇਹ ਨੌਜਵਾਨ ਆਪਣਾ ਭਾਗ ਸਮਝ ਰਹੇ ਹਨ। ਇਵੇਂ ਹੀ ਕਈ ਮਾਪਿਆਂ ਨੇ ਆਪਣੀਆਂ ਧੀਆਂ ਨੂੰ ਵੱਡੀ ਉਮਰ ਦੇ ਗੋਰਿਆਂ ਦੇ ਲੜ ਲਾ ਦਿੱਤਾ ਹੈ। ਮਜਬੂਰੀ ਹੋਵੇ ਜਾਂ ਲਾਲਸਾ, ਇਸ ਤਰ੍ਹਾਂ ਦਾ ਰੁਝਾਨ ਹੁਣ ਜ਼ੋਰ ਫੜ ਗਿਆ ਹੈ। ਡਿਪਟੀ ਕਮਿਸ਼ਨਰਾਂ ਕੋਲ ਸਪੈਸ਼ਲ ਮੈਰਿਜ ਐਕਟ 1954 ਤਹਿਤ, ਜੋ ਵਿਆਹ ਰਜਿਸਟਰਡ ਹੋਏ ਹਨ, ਉਨ੍ਹਾਂ ਵਿਚ ਇਹ ਸੱਚ ਸਾਹਮਣੇ ਆਇਆ ਹੈ। ਮਿਲੇ ਵੇਰਵਿਆਂ ਮੁਤਾਬਕ ਜ਼ਿਲ੍ਹਾ ਅੰਮ੍ਰਿਤਸਰ ਵਿਚ ਲੰਘੇ ਸਾਢੇ ਛੇ ਵਰ੍ਹਿਆਂ ਦੌਰਾਨ 91 ਵਿਆਹ ਰਜਿਸਟਰਡ ਹੋਏ। ਰਜਿਸਟ੍ਰੇਸ਼ਨ ਰਿਕਾਰਡਾਂ ਮੁਤਾਬਕ 30 ਵਰ੍ਹਿਆਂ ਦੇ ਨੌਜਵਾਨ ਨੇ ਇਟਲੀ ਦੀ 43 ਵਰ੍ਹਿਆਂ ਦੀ ਨਾਗਰਿਕ ਨਾਲ ਵਿਆਹ ਰਚਾਇਆ। ਇਵੇਂ ਹੀ 26 ਸਾਲ ਦੇ ਨੌਜਵਾਨ ਨੇ ਫਿਲਪੀਨਜ਼ ਦੀ 41 ਵਰ੍ਹਿਆਂ ਦੀ ਔਰਤ ਨਾਲ ਵਿਆਹ ਕੀਤਾ ਹੈ। ਜ਼ਿਲ੍ਹਾ ਭਗਤ ਸਿੰਘ ਨਗਰ ਵਿਚ ਇਸ ਤਰ੍ਹਾਂ ਦੇ 15 ਵਿਆਹ ਤੇ ਜ਼ਿਲ੍ਹਾ ਮੁਹਾਲੀ ਵਿਚ ਇਕ ਦਰਜਨ ਇਸ ਕਿਸਮ ਦੇ ਵਿਆਹ ਰਜਿਸਟਰਡ ਹੋਏ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਪੈਸ਼ਲ ਮੈਰਿਜ ਐਕਟ ਤਹਿਤ 99 ਵਿਆਹ ਰਜਿਸਟਰਡ ਹੋਏ ਹਨ। ਫਾਜ਼ਿਲਕਾ ਜ਼ਿਲ੍ਹੇ ਵਿਚ ਵੀ ਦੋ ਵਿਆਹ ਰਜਿਸਟਰਡ ਹੋਏ ਹਨ।

# ਪਹਿਲੀ ਵਾਰ ਵਰਲਡ ਕਬੱਡੀ ਲੀਗ ਦੇ ਮੈਚ

# STOCKTON ARENA ਵਿੱਚ SEPT 13-14 ਨੂੰ


ਪ੍ਰੋਗਰਾਮ ਸ਼ਾਮ 4:30 ਵਜੇ ਤੋਂ ਸ਼ੁਰੂ ਹੋਣਗੇ

CALIFORNIA EAGLES

WAVE WORLD KABADDI LEAGUE

## ਟੁੱਟ ਭਰਾਵਾਂ ਦੀ ਟੀਮ ਕੈਲੇਫੋਰਨੀਆ ਈਗਲਜ਼ ਦਾ ਮੁਕਾਬਲਾ ਦੁਨੀਆਂ ਭਰ ਚੋਂ ਚੁਣੀਆਂ 7 ਚੋਟੀ ਦੀਆਂ ਟੀਮਾਂ ਨਾਲ ਹੋਵੇਗਾ

ਦੋਵੇਂ ਦਿਨ ਫਿਲਮੀ ਸਿਤਾਰੇ ਅਤੇ ਚੋਟੀ ਦੇ ਕਲਾਕਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕਰਨਗੇ



CALIFORNIA EAGLES

# TUT BROTHERS TEAM

ਟਿੱਕਟ ਸਿਰਫ 10 ਡਾਲਰ, ਫੈਮਲੀ ਪਾਸ 20 ਡਾਲਰ, 60 ਸਾਲ ਤੋਂ ਉੱਪਰ ਬਜ਼ੁਰਗਾਂ ਦੀ ਐਂਟਰੀ ਫ੍ਰੀ

ਟਿਕਟਾਂ ਅਤੇ ਹੋਰ ਜਾਣਕਾਰੀ ਲਈ ਹੁਣੇ ਕਾਲ ਕਰੋ

831-750-7500
209-315-6033

# ਮਾਂਵਾਂ ਠੰਡੀਆਂ ਛਾਂਵਾਂ – ਪੇਕੇ ਮਾਂਵਾਂ ਨਾਲ




*ਬੀਜੀ ਸੰਸਾਰ ਕੌਰ*

ਅਸੀਸਾਂ ਤੇ ਬਖਸ਼ੀਸ਼ਾਂ ਦੇਣ ਵਾਲੀ ਠੰਡੀ ਛਾਂ ਮੇਰੀ ਮਾਂ, ਸਾਡੀ ਸਭਨਾਂ ਦੀ ਮਾਂ ਪਰਬਤ ਵਾਂਗ ਅਡੋਲ ਬੀਜੀ ਸੰਸਾਰ ਕੌਰ 16 ਜੂਨ 2014 ਦੀ ਸਵੇਰ ਨੂੰ ਸੇਅਰ, ਓਕਲਹੋਮਾ ਵਿਖੇ ਚੁਪ-ਚਪੀਤੇ ਸਾਥੋਂ ਸਦਾ ਲਈ ਦੂਰ ਚਲੀ ਗਈ। ਐਸੀ ਦੁਨੀਆਂ ਵਿਚ ਪਹੁੰਚ ਗਈ ਜਿਥੋਂ ਕਦੀ ਕੋਈ ਪਰਤਿਆ ਨਹੀਂ। ਸਾਡੀ ਮਾਂ ਨੇ 105 ਸਾਲ ਦੀ ਲੰਮੀ ਉਮਰ ਭੋਗੀ, ਪਰ ਫਿਰ ਵੀ ਉਨ੍ਹਾਂ ਦਾ ਸਾਥੋਂ ਸਦਾ ਲਈ ਵਿਛੜ ਜਾਣਾ ਸਾਡੇ ਲਈ ਅਸਹਿ ਸੀ। 'ਮਾਂ' ਤੇ 'ਮਾਂ' ਹੁੰਦੀ ਹੈ, ਉਸਦਾ ਕੋਈ ਬਦਲ ਨਹੀਂ ਹੈ, ਇਸ ਰੰਗ-ਬੇਰੰਗੀ ਦੁਨੀਆਂ ਵਿਚ।

ਬੀਜੀ ਦਾ ਜਨਮ ਪੱਛਮੀ ਪੰਜਾਬ ਦੇ ਪਿੰਡ 65 ਚੱਕ ਵਿਚ ਹੋਇਆ। ਛੋਟੀ ਉਮਰੇ ਹੀ ਕਾਮਰੇਡ ਬਘੇਲ 32 ਚੱਕ ਨਾਲ ਵਿਆਹ ਹੋ ਗਿਆ। 1947 ਦੀ ਪੰਜਾਬ ਵੰਡ ਦੇ ਘੱਲੂਘਾਰੇ ਦਾ ਉਜੜਿਆ ਪਰਿਵਾਰ ਦੁਆਬੇ ਦੇ ਪਿੰਡ ਹਵੀਰੋਵਾਲ ਤੋਂ ਹੁੰਦਾ ਹੋਇਆ ਗੁਣਾਚੌਰ ਜਾ ਵੱਸਿਆ। 1965 ਵਿਚ ਸਾਡੇ ਪਾਪਾ ਜੀ ਦੀ ਅਚਾਨਕ ਮੌਤ ਤੋਂ ਬਾਅਦ ਦੇ 10-11 ਸਾਲ ਬੀਜੀ ਦੇ ਦੁੱਖ ਭਰੇ, ਅਣਥੱਕ ਘਾਲਣਾ ਤੇ ਜੱਦੋਜਹਿਦ ਦੇ ਬੀਤੇ। ਸਿੱਧੇ-ਸਾਦੇ ਅਨਪੜ੍ਹ ਬੀਜੀ ਨੇ ਆਪਣੇ ਧੀਆਂ-ਪੁੱਤਰਾਂ ਨੂੰ ਸੁਚੱਜੀ ਜ਼ਿੰਦਗੀ ਜਿਉਣ ਦੀ ਗੁੜਤੀ ਅਤੇ ਅਣਥੱਕ ਮਿਹਨਤ ਦੀ ਪ੍ਰੇਰਨਾ ਦਿੱਤੀ।

ਬੀਜੀ 1976 ਵਿਚ ਅਮਰੀਕਾ ਆ ਗਏ। ਆਪਣੇ ਸਾਰੇ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ ਨਾਲ ਖੇਡਦੇ-ਖਿਡਾਉਂਦੇ, ਹੱਸਦੇ-ਹਸਾਉਂਦੇ ਸ਼ਿਕਾਗੋ, ਟੋਰਾਂਟੋ ਅਤੇ ਹਿਊਸਟਨ ਘੁੰਮਦੇ-ਘੁੰਮਾਉਂਦੇ ਪੱਕਾ ਡੇਰਾ ਆਪਣੇ ਛੋਟੇ ਬੇਟੇ ਰਾਜਮਹਿੰਦਰ ਕੋਲ ਲਾ ਲਿਆ। ਬੀਜੀ ਨੇ ਆਪਣੇ ਪਰਿਵਾਰ ਦੇ ਨਾਲ-ਨਾਲ ਹੋਰ ਪਰਿਵਾਰਾਂ ਤੇ ਅਨਗਿਣਤ ਰਿਸ਼ਤੇਦਾਰਾਂ ਦੀ ਜ਼ਿੰਦਗੀ ਵਿਚ ਅਗਾਂਹਵਧੂ ਤੇ ਬਹੁਤ ਮਹੱਤਵਪੂਰਨ ਹਿੱਸਾ ਪਾਇਆ। ਬੀਜੀ ਨੇ ਆਪਣੇ ਬੱਚਿਆਂ, ਪਰਿਵਾਰ ਤੇ ਆਂਢ-ਗੁਆਂਢ ਅਤੇ ਸ਼ਰੀਕੇ ਦਾ ਦੁੱਖ-ਦਰਦ ਬਹੁਤ ਨੇੜੇ ਹੋ ਕੇ ਵੰਡਾਇਆ। ਅੱਜ ਅਸੀਂ ਬੀਜੀ ਦਾ ਸਾਰਾ ਭਰਿਆ ਪਰਿਵਾਰ ਆਪਣੀ ਸਤਿਕਾਰਯੋਗ, ਸੁਚੱਜੀ ਤੇ ਸਿਆਣੀ ਮਾਂ ਨੂੰ ਬਹੁਤ ਆਦਰ-ਮਾਣ ਤੇ ਭਰੇ ਦਿਲ ਨਾਲ ਆਖਰੀ ਸ਼ਰਧਾਂਜਲੀ ਦੇ ਨਾਲ ਵਾਹਿਗੁਰੂ ਅੱਗੇ ਵਿਛੜੀ ਆਤਮਾ ਲਈ ਸ਼ਾਂਤੀ ਦੀ ਅਰਦਾਸ ਵਿਚ ਜੁੜਦੇ ਹਾਂ।

**ਵਲੋਂ**

## ਦਲਜੀਤ, ਇਨਕਲਾਬੀ ਤੇ ਜਸਬੀਰ (ਬੇਟੀਆਂ)
## ਅਰਸ਼ੀ ਪ੍ਰੀਤਮ ਤੇ ਰਾਜਮਹਿੰਦਰ (ਬੇਟੇ)

## ਸਾਰੇ ਛੋਕਰ, ਕੰਦੋਲਾ, ਪੂਨੀਆ, ਥਾਂਦੀ, ਢਿੱਲੋਂ, ਸ਼ਰਮਾ, ਵੈਨਸਲ, ਵਿਰਕ, ਮਾਨ, ਧਾਲੀਵਾਲ, ਨਿੱਜਰ, ਨਕਈ, ਸਹੋਤਾ ਅਤੇ ਕਾਹਲੋਂ ਪਰਿਵਾਰ

**ਇਨਕਲਾਬੀ 281-376-1855, ਜਸਬੀਰ 708-275-3884**



ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਦੇ ਸੈਟਲਾਈਟ ਸਟੂਡੈਂਟ ਯੂਨੀਅਨ ਹਾਲ ਵਿਚ ਭਾਰਤੀ ਭਾਈਚਾਰੇ ਵਲੋਂ ਗਣਤੰਤਰ ਦਿਵਸ ਮਨਾਇਆ ਗਿਆ। ਭਾਰਤੀ ਤੇ ਅਮਰੀਕਨ ਝੰਡਾ ਲਹਿਰਾਉਣ ਉਪਰੰਤ ਬੱਚਿਆਂ ਨੇ ਕੌਮੀ ਤਰਾਨਾ ਗਾਇਆ। ਇਸ ਮੌਕੇ ਕਾਂਗਰਸਮੈਨ ਜਿਮ ਕਾਸ਼ਟਾ, ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਅਤੇ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ. ਪਾਰਥਾਸਾਰਥੀ ਸਮੇਤ ਹੋਰਨਾਂ ਬੁਲਾਰਿਆਂ ਨੇ ਸੰਬਧਨ ਕੀਤਾ। ਕੌਂਸਲ ਅਨੰਦ ਝਾਅ ਦਾ ਭਰਤੀ ਭਾਈਚਾਰੇ ਲਈ ਸੇਵਾਵਾ ਬਦਲੇ ਸਨਮਾਨ ਕੀਤਾ ਗਿਆ। ਤਸਵੀਰ ਵਿਚ ਪ੍ਰੋਗਰਾਮ ਪੇਸ਼ ਕਰਨ ਵਾਲੇ ਕਲਾਕਾਰ ਸਿਆਸੀ ਆਗੂਆਂ ਤੇ ਹੋਰਨਾਂ ਪਤਵੰਤਿਆਂ ਨਾਲ (ਤਸਵੀਰ ਤੇ ਵੇਰਵਾ: ਕੁਲਵੰਤ ਉਭੀ ਤੇ ਨੀਟਾ ਮਾਛੀਕੇ)

# ਪੰਜਾਬ ਵਿਧਾਨ ਸਭਾ ਦੇ ਸਪੀਕਰ ਅਟਵਾਲ ਦਾ ਸਨਮਾਨ



**ਪੋਰਟਰਵਿਲ, ਕੈਲੀਫੋਰਨੀਆ (ਬਿਊਰੋ):** ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਗੁਰਦੁਆਰਾ ਸਿੱਖ ਸੈਂਟਰ ਪੋਰਟਰਵਿੱਲ ਵਿਖੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਨੇ ਸਿਰੋਪਾਓ ਭੇਟ ਕਰਕੇ ਸਨਮਾਨ ਕੀਤਾ। ਸ. ਅਟਵਾਲ ਇਨ੍ਹੀਂ ਦਿਨੀਂ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦੀ ਮੀਟਿੰਗ ਵਿਚ ਹਿੱਸਾ ਲੈਣ ਅਮਰੀਕਾ ਆਏ ਹੋਏ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਕ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਵਿਧਾਇਕਾਂ ਦੇ ਮਸਲੇ ਉਨ੍ਹਾਂ ਤੋਂ ਲਿਖਤੀ ਰੂਪ ਵਿਚ ਲਏ ਜਾਂਦੇ ਹਨ ਤਾਂ ਕਿ ਜੇ ਸੈਸ਼ਨ ਦੌਰਾਨ ਕਿਸੇ ਵਿਧਾਇਕ ਨੂੰ ਸਮਾਂ ਨਾ ਵੀ ਮਿਲੇ ਤਾਂ ਉਨ੍ਹਾਂ ਦੇ ਮਸਲੇ ਰਿਕਾਰਡ ਕੀਤੇ ਜਾ ਸਕਣ।

ਸ. ਚਰਨਜੀਤ ਸਿੰਘ ਅਟਵਾਲ ਨੇ ਕਿਹਾ ਕਿ ਕਈ ਵਾਰ ਵਿਧਾਇਕ ਆਪਣੀ ਤਿਆਰੀ ਕਰਕੇ ਨਹੀਂ ਆਉਂਦੇ ਜਿਸ ਕਾਰਨ ਦੂਸਰੇ ਵਿਧਾਇਕ ਉਨ੍ਹਾਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰਦੇ ਹਨ, ਫਿਰ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਰੌਲਾ ਪੈ ਜਾਂਦਾ ਹੈ। ਇੰਜ ਸਭਾ ਦਾ ਸਮਾਂ ਤਾਂ ਨਸ਼ਟ ਹੁੰਦਾ ਹੀ ਹੈ ਅਤੇ ਮਾਣ-ਮਰਿਆਦਾ ਵੀ ਭੰਗ ਹੁੰਦੀ ਹੈ।

# ਜੁੱਤੀ ਸੁਟਣ ਵਾਲੇ ਨੌਜੁਆਨ ਨੂੰ ਮੁੱਖ ਮੰਤਰੀ ਮੁਆਫ ਕਰਨ: ਬੀਬੀ ਕਰਨੈਲ ਕੌਰ ਈਸੜੂ

**ਬੇਕਰਜ਼ਫੀਲਡ (ਸ਼ਿਆਰਾ ਸਿੰਘ ਢੀਂਡਸਾ):** ਪਿਛਲੇ ਦਿਨੀਂ ਖੰਨੇ ਲਾਗਲੇ ਪਿੰਡ ਈਸੜੂ ਵਿਚ ਸ਼ਹੀਦ ਕਰਨੈਲ ਸਿੰਘ ਦੀ ਯਾਦ ਵਿਚ ਹੋਈ ਸਹੀਦੀ ਕਾਨਫਰੰਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਜੁੱਤੀ ਸੁਟਣ ਵਾਲੇ ਨੌਜੁਆਨ ਵਿਕਰਮ ਨੂੰ ਜੇਲ੍ਹ ਵਿਚ ਤਾੜੇ ਜਾਣ ਅਤੇ ਪੰਜਾਬ ਪੁਲਿਸ ਵਲੋਂ ਉਸ ਉਪਰ ਗੈਰ-ਜ਼ਮਾਨਤੀ ਧਾਰਾਵਾਂ ਲਾਉਣ ਨੂੰ ਲੈ ਕੇ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਛੋਟੀ ਭੈਣ ਬੇਕਰਜ਼ਫੀਲਡ ਨਿਵਾਸੀ ਬੀਬੀ ਕਰਨੈਲ ਕੌਰ ਈਸੜੂ ਨੇ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਬਾਦਲ ਨੂੰ ਬੇਨਤੀ ਕੀਤੀ ਹੈ ਕਿ ਉਹ ਵਿਕਰਮ ਨੂੰ ਤੁਰੰਤ ਰਿਹਾਅ ਕਰਾਉਣ।

ਬੀਬੀ ਕਰਨੈਲ ਕੌਰ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਬੇਰੁਜ਼ਗਾਰੀ, ਨਸ਼ੇ ਅਤੇ ਰਿਸ਼ਵਤਖੋਰੀ ਜਿਹੀਆਂ ਅਲਾਮਤਾਂ ਕਰਕੇ ਆਪਣਾ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਉਤਰ ਰਹੀ ਹੈ। ਸਰਕਾਰ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਦੁਖੀ ਹੋਏ ਇਨਸਾਨ ਵਲੋਂ ਅਗਰ ਸਿਸਟਮ ਖਿਲਾਫ ਆਵਾਜ਼ ਬੁਲੰਦ ਕਰਨ ਲਈ ਜੇ ਕੋਈ ਅਜਿਹਾ ਕਦਮ ਚੁਕਿਆ ਜਾਂਦਾ ਹੈ ਤਾਂ ਸਰਕਾਰ ਨੂੰ ਉਸ ਵਿਰੁਧ ਨਿਜੀ ਰੰਜਿਸ਼ ਦਾ ਰੰਗ ਚਾੜ੍ਹ ਕੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਸਮੱਸਿਆਵਾਂ ਦੇ ਹੱਲ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਅਗਾਂਹ ਤੋਂ ਐਸੀ ਨੌਬਤ ਨਾ ਆਵੇ।




ਬੀਬੀ ਕਰਨੈਲ ਕੌਰ ਈਸੜੂ

ਬੀਬੀ ਕਰਨੈਲ ਕੌਰ ਨੇ ਕਿਹਾ ਕਿ ਮੇਰੇ ਵੀਰ ਕਰਨੈਲ ਸਿੰਘ ਈਸੜੂ ਦੀ ਲਾਸਾਨੀ ਸ਼ਹਾਦਤ 'ਤੇ ਪੰਜਾਬ ਸਰਕਾਰ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਜੇ ਸ. ਬਾਦਲ ਬਿਨਾ ਸ਼ਰਤ ਵਿਕਰਮ ਨੂੰ ਰਿਹਾਅ ਕਰ ਦੇਣ।




Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
Broker Associate
BRE Lic. #01462579
NMLS #358820
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years

ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀਆਂ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 14 ਸਤੰਬਰ 2014 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

12 ਸਤੰਬਰ 2014: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
14 ਸਤੰਬਰ 2014: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।

Gurdwara Sahib San Jose, California
3636 Murillo Ave. San Jose 95148 Ph: 408-274-9373 www.sanjosegurdwara.com
35-37

## ਯੂਡੱਪੀ ਰਾਜਗੋਪਾਲਾਚਾਰੀਆ ਅਨੰਤਮੂਰਤੀ

# ਬ੍ਰਾਹਮਣੀ ਸੋਚ ਖਿਲਾਫ ਬੁਲੰਦ ਆਵਾਜ਼




ਮਸ਼ਹੂਰ ਕੰਨੜ ਲੇਖਕ ਯੂਡੱਪੀ ਰਾਜਗੋਪਾਲਾਚਾਰੀਆ ਅਨੰਤਮੂਰਤੀ ਅਜਿਹਾ ਲੇਖਕ ਸੀ ਜਿਸ ਨੇ ਸਾਰੀ ਉਮਰ ਸੱਜ-ਪਿਛਾਖੜੀ ਆਰ.ਐਸ.ਐਸ. ਅਤੇ ਭਾਜਪਾ ਖਿਲਾਫ਼ ਝੰਡਾ ਬੁਲੰਦ ਕਰੀ ਰੱਖਿਆ। ਉਸ ਨੇ ਆਪਣੀਆਂ ਲਿਖਤਾਂ ਰਾਹੀਂ ਬ੍ਰਾਹਮਣਵਾਦ, ਜਾਤ-ਪਾਤ ਅਤੇ ਬ੍ਰਾਹਮਣੀ ਸੋਚ ਨਾਲ ਜੁੜੇ ਕਰਮ-ਕਾਡਾਂ ਤੇ ਦੰਭ ਨੂੰ ਰੱਜ ਕੇ ਨੰਗਾ ਕੀਤਾ। 22 ਅਗਸਤ 2014 ਨੂੰ ਜਦੋਂ ਉਸ ਨੇ ਆਖਰੀ ਸਾਹ ਲਿਆ ਤਾਂ ਉਸ ਦੀ ਮਹਿਮਾ ਉਸ ਦੇ ਇਸੇ ਹਠ ਕਰਕੇ ਹੋਈ। ਧਮਕੀਆਂ ਅਤੇ ਚੇਤਾਵਨੀਆਂ ਦੇ ਬਾਵਜੂਦ ਉਹ ਆਖਰੀ ਸਾਹ ਤਕ ਲਗਾਤਾਰ ਡਟਿਆ ਰਿਹਾ।

ਅਨੰਤਮੂਰਤੀ ਦਾ ਜਨਮ 21 ਦਸੰਬਰ 1932 ਨੂੰ ਹੋਇਆ ਸੀ ਅਤੇ ਉਸ ਨੇ ਸਾਰੀ ਉਮਰ ਸਾਹਿਤ ਦੇ ਲੇਖੇ ਲਾ ਦਿੱਤੀ। ਵਿਚਾਰਾਂ

ਗੁਰਬਖਸ਼ ਸਿੰਘ ਸੋਢੀ

ਪੱਖੋਂ ਉਹ ਸਮਾਜਵਾਦ ਦੇ ਪੱਖ ਵਿਚ ਸੀ ਪਰ ਉਸ ਨੇ ਆਪਣੀ ਇਸ ਸੋਚ ਅਤੇ ਸਮਾਜਵਾਦ ਨੂੰ ਆਪਣੀਆਂ ਲਿਖਤਾਂ ਵਿਚ ਥੋਪਣ ਦੀ ਥਾਂ ਭਾਰਤੀ ਪ੍ਰਸੰਗਾਂ ਵਿਚ ਇਸ ਬਾਰੇ ਗੱਲ ਤੋਰੀ। ਉਸ ਦਾ ਸੰਸਾਰ ਪ੍ਰਸਿੱਧ ਨਾਵਲ 'ਸੰਸਕਾਰ' 1965 ਵਿਚ ਛਪਿਆ ਸੀ ਅਤੇ ਇਸ ਉਤੇ 1970 ਵਿਚ ਇਸੇ ਨਾਂ ਹੇਠ ਕੰਨੜ ਵਿਚ ਫਿਲਮ ਵੀ ਬਣਾਈ ਗਈ ਸੀ। ਇਸ ਫਿਲਮ ਨਾਲ ਹੀ ਕੰਨੜ ਸਿਨੇਮਾ ਵਿਚ 'ਸਾਰਥਕ ਸਿਨੇਮਾ' ਦੀ ਸ਼ੁਰੂਆਤ ਹੋਈ। ਇਸ ਫਿਲਮ ਵਿਚ ਮੁੱਖ ਕਿਰਦਾਰ ਮਸ਼ਹੂਰ ਲੇਖਕ ਅਤੇ ਅਦਾਕਾਰ ਗਿਰੀਸ਼ ਕਰਨਾਡ ਨੇ ਨਿਭਾਇਆ ਸੀ। 1970 ਵਿਚ ਇਸ ਫਿਲਮ ਨੂੰ ਕੌਮੀ ਫਿਲਮ ਪੁਰਸਕਾਰ ਮਿਲਿਆ।

ਨਾਵਲ 'ਸੰਸਕਾਰ' ਨੇ ਉਸ ਨੂੰ ਚੋਟੀ 'ਤੇ ਚੜ੍ਹਾ ਦਿੱਤਾ। ਇਹ ਨਾਵਲ ਬ੍ਰਾਹਮਣੀ ਸੋਚ ਅਤੇ ਇਸ ਦੇ ਖੋਖਲੇਪਣ ਉਤੇ ਬੜੀ ਤਿੱਖੀ ਚੋਟ ਕਰਦੀ ਹੈ। ਇਹ ਸਾਰਾ ਚਿੱਠਾ ਉਸ ਨੇ ਬਹੁਤ ਖੂਬਸੂਰਤੀ ਨਾਲ ਉਘਾੜਿਆ ਹੈ। ਇਸ ਨਾਵਲ ਬਾਰੇ ਉਸ ਵੇਲੇ ਬੜਾ ਵਿਵਾਦ ਭਖਿਆ। ਲੇਖਕ ਭਾਈਚਾਰਾ ਉਸ ਦੇ ਹੱਕ ਵਿਚ ਡਟਿਆ ਅਤੇ ਬ੍ਰਾਹਮਣੀ ਸੋਚ ਵਾਲਿਆਂ ਦੀ ਕੋਈ ਪੇਸ਼ ਨਾ ਗਈ। ਦੱਸਣਾ ਬਣਦਾ ਹੈ ਕਿ ਅਨੰਤਮੂਰਤੀ ਦਾ ਜਨਮ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ ਸੀ। ਉਸ ਦਾ ਬਾਬਾ (ਦਾਦਾ) ਮੰਦਰ ਦਾ ਪੁਜਾਰੀ ਸੀ। ਉਸ ਨੂੰ ਮੁਢਲੀ ਸਿੱਖਿਆ ਇਕ ਸੰਸਕ੍ਰਿਤ ਸਕੂਲ ਤੋਂ ਮਿਲੀ। ਬਾਅਦ ਵਿਚ ਉਸ ਨੇ ਮੈਸੂਰ ਯੂਨੀਵਰਸਿਟੀ ਅਤੇ ਬਰਮਿੰਘਮ (ਇੰਗਲੈਂਡ) ਤੋਂ ਉਚੇਰੀ ਸਿੱਖਿਆ ਹਾਸਲ ਕੀਤੀ। ਉਂਜ ਉਹ ਆਪਣੇ ਤਿੱਖੇ ਅਤੇ ਸਪਸ਼ਟ ਵਿਚਾਰਾਂ ਕਰ ਕੇ ਵੀ ਜਾਣਿਆ ਜਾਂਦਾ ਹੈ। ਆਪਣੀਆਂ ਕਈ ਤਿੱਖੀਆਂ ਟਿੱਪਣੀਆਂ ਕਰ ਕੇ ਉਹ ਅਕਸਰ ਵਿਵਾਦਾਂ ਵਿਚ ਘਿਰਦਾ ਰਹਿੰਦਾ ਸੀ।




*ਅਨੰਤਮੂਰਤੀ ਦੇ ਸ਼ਾਹਕਾਰ ਨਾਵਲ 'ਸੰਸਕਾਰ' ਦਾ ਅੰਗਰੇਜ਼ੀ ਅਡੀਸ਼ਨ।*



*ਨਾਵਲ 'ਸੰਸਕਾਰ' ਉਤੇ ਬਣੀ ਕੰਨੜ ਫਿਲਮ ਵਿਚ ਗਿਰੀਸ਼ ਕਰਨਾਡ।*


ਅਨੰਤਮੂਰਤੀ ਨੇ ਬਹੁਤ ਸਾਰੇ ਇਨਾਮ ਹਾਸਲ ਕੀਤੇ ਜਿਸ ਵਿਚ ਸਾਹਿਤ ਦਾ ਸਭ ਤੋਂ ਉਚਾ ਗਿਆਨ ਪੀਠ ਪੁਰਸਕਾਰ ਵੀ ਸ਼ਾਮਿਲ ਹੈ। ਆਪਣੀ ਲਿਆਕਤ ਦੇ ਸਿਰ ਉਤੇ ਉਸ ਨੇ ਚੋਟੀ ਦੇ ਅਹੁਦੇ ਵੀ ਹਾਸਲ ਕੀਤੇ। 1970 ਵਿਚ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮੈਸੂਰ ਯੂਨੀਵਰਸਿਟੀ ਤੋਂ ਕੀਤੀ ਸੀ। ਫਿਰ 1987 ਤੋਂ 1991 ਤੱਕ ਉਹ ਕੋਟਿਯਮ (ਕੇਰਲ) ਦੀ ਮਹਾਤਮਾ ਗਾਂਧੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ। 1992 ਵਿਚ ਉਹ ਨੈਸ਼ਨਲ ਬੁੱਕ ਟਰੱਸਟ ਦੇ ਚੇਅਰਮੈਨ ਥਾਪੇ ਗਏ। 1993 ਵਿਚ ਉਹ ਸਾਹਿਤਕ ਅਕੈਡਮੀ ਦੇ ਪ੍ਰਧਾਨ ਬਣ ਗਏ। ਉਹ ਨਵੀਂ ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ ਸਮੇਤ ਕਈ ਯੂਨੀਵਰਸਿਟੀਆਂ ਦੇ ਵਿਜ਼ਟਿੰਗ ਪ੍ਰੋਫੈਸਰ ਵੀ ਰਹੇ। 2012 ਵਿਚ ਉਨ੍ਹਾਂ ਨੂੰ ਕਰਨਾਟਕ ਦੀ ਸੈਂਟਰਲ ਯੂਨੀਵਰਸਿਟੀ ਦਾ ਪਹਿਲਾ ਚਾਂਸਲਰ ਬਣਾਇਆ ਗਿਆ।

ਉਸ ਦੇ ਅੱਠ ਕਹਾਣੀ ਸੰਗ੍ਰਿਹ, 5 ਨਾਵਲ, ਨਾਟਕਾਂ ਦੀ ਇਕ ਕਿਤਾਬ, ਤਿੰਨ ਕਵਿਤਾ ਸੰਗ੍ਰਿਹ ਅਤੇ ਆਲੋਚਨਾ ਤੇ ਵਾਰਤਕ ਦੀਆਂ 8 ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹ 'ਰੁਜੂਵਾਤੂ' ਪਰਚੇ ਦੇ ਸੰਪਾਦਕ ਵੀ ਰਹੇ। ਅਨੰਤਮੂਰਤੀ ਦੀਆਂ ਲਿਖਤਾਂ ਕੋਈ ਲਕੀਰੀ ਰਚਨਾਵਾਂ ਨਹੀਂ। ਇਨ੍ਹਾਂ ਵਿਚ ਵੱਖ-ਵੱਖ ਸਮਿਆਂ, ਹਾਲਾਤ ਅਤੇ ਮਾਹੌਲ ਵਿਚ ਵਿਚਰਦੇ ਲੋਕਾਂ ਦੀ ਵੱਖਰੀ-ਵੱਖਰੀ ਮਾਨਸਿਕ ਅਵਸਥਾ ਦੇ ਖੂਬਸੂਰਤ ਚਿਤਰਨ ਮਿਲਦੇ ਹਨ। ਇਹੀ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਨੂੰ ਗੈਰ-ਕੰਨੜੀ ਪਾਠਕਾਂ ਨੇ ਵੀ ਖੂਬ ਪਸੰਦ ਕੀਤਾ ਹੈ।

ਅਨੰਤਮੂਰਤੀ ਨੇ ਸਿਆਸੀ ਪਿੜ ਵਿਚ ਵੀ ਮੋਰਚਾ ਮੱਲਣ ਦਾ ਯਤਨ ਕੀਤਾ ਪਰ 2004 ਵਿਚ ਉਹ ਲੋਕ ਸਭਾ ਚੋਣ ਹਾਰ ਗਏ। ਉਂਜ, ਚੋਣ ਲੜਨ ਦਾ ਮਕਸਦ ਭਾਜਪਾ ਨੂੰ ਤਿੱਖੀ ਟੱਕਰ ਦੇਣਾ ਹੀ ਸੀ।

## ਮੋਦੀ ਨੂੰ ਇਉਂ ਪਾਈਆਂ ਸਨ ਵੰਗਾਰਾਂ

ਹੁਣੇ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਅਨੰਤਮੂਰਤੀ ਨੇ ਐਲਾਨ ਕੀਤਾ ਸੀ ਕਿ ਜੇ ਨਰੇਂਦਰ ਮੋਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ, ਤਾਂ ਉਹ ਭਾਰਤ ਵਿਚ ਰਹਿਣਾ ਪਸੰਦ ਨਹੀਂ ਕਰੇਗਾ। ਉਂਜ ਬਾਅਦ ਵਿਚ ਉਸ ਨੇ ਆਪਣਾ ਇਹ ਬਿਆਨ ਇਹ ਕਹਿ ਕੇ ਵਾਪਸ ਲੈ ਲਿਆ ਕਿ ਆਪਣਾ ਦੇਸ਼ ਛੱਡ ਕੇ ਹੁਣ ਉਸ ਨੇ ਕਿੱਥੇ ਜਾਣਾ ਹੈ। ਉਸ ਦਾ ਕਹਿਣਾ ਸੀ ਕਿ ਉਸ ਨੇ ਮੋਦੀ ਵਰਗੇ ਤਾਨਾਸ਼ਾਹ ਦੀ ਅਸਲੀਅਤ ਉਘਾੜਨ ਖਾਤਰ ਹੀ ਇਹ ਟਿੱਪਣੀ ਕੀਤੀ ਸੀ।



## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਸਤੰਬਰ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-132



*ਸਾਜਿਆ ਨਿਆਰਾ ਗੁਰੂ ਸਾਹਿਬ ਜੀ ਨੇ ਖਾਲਸੇ ਨੂੰ*
*ਸਿਰਾਂ ਉਤੇ ਸੋਭਾ ਪਾਉਂਦੇ ਫਰਲ੍ਹੇ-ਦੁਮਾਲੇ ਨੇ।*
*ਬਿਨਾ ਭਿੰਨ-ਭੇਦ ਜਿਥੇ ਸਭ ਨੂੰ ਛਕਾਇਆ ਜਾਂਦਾ*
*ਸਿੰਘਾਂ ਦਿਆਂ ਲੰਗਰਾਂ ਦੇ ਦੇਗੇ ਵੀ ਨਿਰਾਲੇ ਨੇ।*

### ਕੈਪਸ਼ਨ ਮੁਕਾਬਲਾ-130



ਤੂੰ ਹੱਸਦੀ ਤਾਂ ਦਿਲ ਰਾਜ਼ੀ
ਰਹੀਂ ਚਰਨ ਕੁਰੇ ਇੰਜ ਹੱਸਦੀ।
ਜੇ ਫਿੱਕ ਦਿਲਾਂ ਵਿਚ ਪੈ ਜਾਵੇ
ਫਿਰ ਜ਼ਿੰਦਗੀ ਔਖੀ ਕੱਟਦੀ।
ਮਿਲ ਕੇ ਨੁਕਤਾ ਸਾਂਝਾ ਕਰੀਏ
ਜੱਗ ਨੂੰ ਵੀ ਦੱਸੀਏ ਢੰਗ।
ਮੀਆਂ-ਬੀਵੀ ਜਦ ਰਹਿਣ ਰਾਜ਼ੀ
ਲੋਕੋ, ਫਿਰ ਨਾ ਉਲਝੇ ਤੰਦ।
ਪੰਧ ਜ਼ਿੰਦਗੀ ਵਾਲਾ ਫਿਰ
ਸੌਖਿਆਂ ਹੀ ਲੰਘ ਜਾਵੇ।
ਰਿਸ਼ਤੇ ਵਿਚ ਹੋਵੇ ਨਿੱਘ ਜੇ
ਫਿਰ ਫਿਕਰ ਨਾ ਕੋਈ ਸਤਾਵੇ।

**-ਪਰਸ਼ੋਤਮ ਸਿੰਘ ਯੂਬਾ ਸਿਟੀ**

---

ਇੱਕੋ ਨਾਲ ਦੇ ਰੰਗ ਸਜਾਈਏ
ਜਾਵਣ ਮਹਿਕ ਹਵਾਵਾਂ।
ਬਹਿ 'ਕੱਠੇ ਦੋ ਗੱਲਾਂ ਕਰੀਏ
ਧੁੱਪਾਂ ਬਣ ਜਾਣ ਛਾਂਵਾਂ।
ਮਨ ਦੇ ਵਿਚੋਂ ਹਾਸੇ ਫੁੱਟਣ
ਭੱਜਣ ਦੂਰ ਬਲਾਵਾਂ।

**-ਜਗਮੀਤ ਸਿੰਘ ਪੰਧੇਰ**
*jagmitsinghpandher@gmail.com*

---

ਸੌਣ ਦੀ ਰੁਤ ਆਈ ਮਤਵਾਲੀ ਸੀ
ਤਨ ਮਨ ਹਾੜ ਨੇ ਸਾੜੇ।
ਆ ਮਾਹੀਆ ਦਿਲ ਦੀ ਗੱਲ ਦੱਸਾਂ
ਬਹਿ ਘਰ ਦੇ ਪਛਵਾੜੇ।

**-ਬੱਲੀ ਸਿੰਘ ਸੈਨ ਹੋਜ਼ੇ**

ਘਰ ਦੇ ਵਿਹੜੇ ਬਹਿ ਕੇ
ਗੱਲਾਂ ਦਿਲ ਦੀਆਂ ਕਰੀਏ ਨੀ।
ਪਾਈਏ ਬਾਤਾਂ, ਫੇਰ ਹੁੰਗਾਰੇ
ਗੱਲ ਗੱਲ ਉਤੇ ਭਰੀਏ ਨੀ।

**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**

---

ਫੱਗਣ-ਚੇਤ ਦੀ ਮੇਘਲੀ ਧੁੱਪੇ
ਲਿਆ ਮੰਜਾ ਚਲ੍ਹੇ ਕੋਲ ਡਾਹਿਆ।
ਰੰਗਾਂ ਦਾ ਇਹ ਮੌਸਮ ਦੱਸੇ
ਭਰ ਜੋਬਨ ਕੁਦਰਤ 'ਤੇ ਆਇਆ।
ਕਮਲੀ ਹੋ ਸੱਜਣ ਦੇ ਰੰਗ ਵਿਚ
ਧੁਰੋਂ ਦੋ ਮੂਰਤ ਰੂਹ ਇਕ ਹੋ ਕੇ।
ਇਸ਼ਕ ਹਕੀਕੀ ਦੇ ਪੈਣ ਭੁਲੇਖੇ
ਜਦੋਂ ਬੈਠੇ ਇਕ ਦੂਜੇ ਵਿਚ ਖੋ ਕੇ।

**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਮੰਜੇ ਉਤੇ ਬੈਠੀ ਜੋੜੀ
ਬਹੁਤੀ ਖੁਸ਼ੀ, ਚਿੰਤਾ ਥੋੜ੍ਹੀ।
ਗੱਲਾਂ ਕਰਦੀ ਖੀਵੀ ਹੋਵੇ
ਸਦਾ ਸਲਾਮਤ ਰਹੇ ਇਹ ਜੋੜੀ।

**-ਗੁਰਦੇਵ ਸਿੰਘ ਵਿਰਦੀ**
**ਵਿੰਡਸਰ, ਕੈਨੇਡਾ।**

---

ਫੋਟੋ ਵਿਚ ਪਤੀ-ਪਤਨੀ ਦੇ
ਝਲਕਾਰਾ ਪੈਂਦਾ ਪਿਆਰ ਦਾ।
ਕੇਸਰੀ ਚੁੰਨੀ ਸਿਰ 'ਤੇ ਫੱਬਦੀ
ਰੰਗ ਕੇਸਰੀ ਦਸਤਾਰ ਦਾ।
ਕਰਮਾਂ ਵਾਲੇ ਦੋਵੇਂ ਜੀਅ
ਦੋਹਾਂ 'ਚ ਲੱਗਦਾ ਇਤਫਾਕ ਏ।
ਨਹੀਂ ਤੇ ਘਰਾਂ 'ਚ ਅੱਜ ਕੱਲ
ਬਣਿਆ ਰਹਿੰਦੈ ਇਰਾਕ ਏ।

**-ਗੋਰਾ ਪ੍ਰਜਾਪਤ, ਨਿਊ ਯਾਰਕ**

### ਕੈਪਸ਼ਨ ਮੁਕਾਬਲਾ-129

ਹਾਲਤ ਖਰਾਬ ਕਰ'ਤੀ ਘਰ ਦੀ
ਵਿਹਲੇ ਪੁੱਤਾਂ ਵੈਲੀਆਂ।
ਤਾਹੀਂਓ ਬੁੱਢੇ ਵਾਰੇ ਲਿਆਵੇ
ਬਾਬਾ ਬੀਜਾਂ ਦੀਆਂ ਥੈਲੀਆਂ।

**-ਗੋਰਾ ਪ੍ਰਜਾਪਤ, ਨਿਊ ਯਾਰਕ**

# ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਨੇ ਮਨਾਇਆ ਪੰਜਾਬੀ ਚੇਤਨਾ ਦਿਵਸ

**ਫਰਿਜ਼ਨੋ (ਬਿਊਰੋ):** ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਪੰਜਾਬੀ ਮਾਂ ਬੋਲੀ ਸਬੰਧੀ ਦਰਪੇਸ਼ ਮਸਲਿਆਂ ਬਾਰੇ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ 'ਪੰਜਾਬੀ ਚੇਤਨਾ ਦਿਵਸ' ਮਨਾਇਆ ਗਿਆ ਜਿਸ ਵਿਚ ਪੰਜਾਬੀ ਬੋਲੀ ਤੇ ਪੰਜਾਬੀ ਪਛਾਣ ਬਾਰੇ ਖੁੱਲ੍ਹਾ ਵਿਚਾਰ-ਵਟਾਂਦਰਾ ਹੋਇਆ।

ਇਸ ਮੌਕੇ ਬੋਲਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਵਰਲਡ ਪੰਜਾਬੀ ਸੈਂਟਰ' ਦੇ ਮੁਖੀ ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਖਾਤਮੇ ਲਈ ਸਿਆਸੀ ਸਾਜਿਸ਼ਾਂ ਹੋ ਰਹੀਆਂ ਹਨ, ਇਸ ਲਈ ਇਸ ਨੂੰ ਬਚਾਉਣ ਵਾਸਤੇ ਜਜ਼ਬਾਤੀ ਲਹਿਰ ਸ਼ੁਰੂ ਕਰਨ ਦੀ ਲੋੜ ਹੈ। ਗੀਤਕਾਰ ਹਰਜਿੰਦਰ ਕੰਗ ਨੇ ਆਪਣੀ ਤਕਰੀਰ ਵਿਚ ਅੰਗਰੇਜ਼ੀ ਦੇ ਢਹੇ ਚੜ੍ਹੇ ਪਰਵਾਸੀ ਪੰਜਾਬੀ ਮਾਪਿਆਂ ਨੂੰ ਉਲਾਂਭਾ ਦਿੱਤਾ ਕਿ ਨਵੀਂ ਪੀੜ੍ਹੀ ਵਿਚ ਪੰਜਾਬੀ ਨੂੰ ਜਿੰਦਾ ਰੱਖਣ ਲਈ ਉਹ ਬਣਦਾ ਫਰਜ ਨਹੀਂ ਨਿਭਾ ਰਹੇ। ਉਨ੍ਹਾਂ ਅੰਗਰੇਜ਼ੀ ਬਾਰੇ ਪਰਵਾਸੀ ਪੰਜਾਬੀਆਂ ਦੀ ਗੁਲਾਮ ਮਾਨਸਿਕਤਾ ਨੂੰ ਨਿੰਦਦਿਆਂ ਪੰਜਾਬੀਆਂ ਵਿਚ ਆਪਣੀ ਬੋਲੀ ਪ੍ਰਤੀ ਜਾਪਾਨੀਆਂ, ਜਰਮਨਾਂ, ਚੀਨੀਆਂ ਵਾਂਗੂੰ ਮਾਣ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿਤਾ। ਗੁੱਡੀ ਸਿੱਧੂ ਦਾ ਵੀ ਕਹਿਣਾ ਸੀ ਕਿ ਪਰਵਾਸੀ ਪੰਜਾਬੀ ਮਾਪੇ ਆਪਣੇ ਬੱਚਿਆਂ ਵਿਚ ਪੰਜਾਬੀ ਮਾਂ ਬੋਲੀ ਦਾ ਸ਼ੌਕ ਜਗਾਉਣ ਦੀ ਥਾਂ ਉਨ੍ਹਾਂ ਨੂੰ ਕੇਵਲ ਗਿੱਧੇ-ਭੰਗੜੇ ਤੱਕ ਹੀ ਸੀਮਤ



ਰਖਦੇ ਹਨ। ਕਹਾਣੀਕਾਰ ਕਰਮ ਸਿੰਘ ਮਾਨ ਨੇ ਹੌਲੀ ਹੌਲੀ ਗੁਆਚ ਰਹੀ ਗੁਰਮੁਖੀ ਲਿੱਪੀ ਬਾਰੇ ਚਿੰਤਾ ਜਾਹਿਰ ਕੀਤੀ। ਡਾ. ਅਰਜਣ ਸਿੰਘ ਜੋਸਨ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਬਹਿਸ ਨੂੰ ਸਮੇਟਦਿਆਂ ਪੱਤਰਕਾਰ ਸਿੱਧੂ ਦਮਦਮੀ ਨੇ ਬਹੁਕੌਮੀ ਵਪਾਰਕ ਅਦਾਰਿਆਂ ਦੇ ਅਜੋਕੇ ਜੁਗ ਵਿਚ ਬਹੁਗਿਣਤੀ ਦੇ ਸਭਿਆਚਾਰ ਤੇ ਬੋਲੀਆਂ ਵਲੋਂ ਘੱਟਗਿਣਤੀਆਂ ਦੇ ਲਘੂ ਸਭਿਆਚਾਰਾਂ ਨੂੰ ਖੜ੍ਹੇ ਹੋ ਰਹੇ ਖਤਰਿਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਵਿਸ਼ਵ ਵਿਚ ਖੜ੍ਹੇ ਹੋ ਰਹੇ ਸਭਿਆਚਾਰਾਂ ਦੇ ਭੇੜ ਵਿਚ ਬਚਾਉਣ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਇਸ ਮੌਕੇ ਸਿੱਧੂ ਦਮਦਮੀ ਰਚਿਤ ਨਵੀਂ ਕਿਤਾਬ 'ਸਾਹਿਬਾਂ ਦੀ ਦੁਚਿਤੀ' ਲੋਕ ਅਰਪਣ ਕੀਤੀ ਗਈ। ਕਿਤਾਬ ਬਾਰੇ ਜਾਣ-ਪਛਾਣ ਕਰਾਉਂਦਿਆਂ ਸਾਹਿਤਕਾਰ ਡਾ. ਗੁਰੂਮੇਲ ਸਿੱਧੂ ਨੇ ਇਸ ਕਿਤਾਬ ਨੂੰ ਪੱਤਰਕਾਰੀ ਤੇ ਸਾਹਿਤਕਾਰੀ ਦੇ ਮਿਲਾਪ 'ਚੋਂ ਨਿਕਲੀ ਰਚਨਾ ਕਿਹਾ। ਉਨ੍ਹਾਂ ਕਿਹਾ ਕਿ ਕਿਤਾਬ ਵਿਚਲੀਆਂ ਰਚਨਾਵਾਂ ਵਿਚ ਸਾਹਿਤ ਦੀਆਂ ਰਮਜ਼ਾਂ ਅਤੇ ਅਖਬਾਰ-ਨਵੀਸੀ ਦੀ ਸਰਲਤਾ ਇਨ੍ਹਾਂ ਨੂੰ ਨਿਵੇਕਲੀ ਵਿਧਾ ਦਾ ਰੂਪ ਦਿੰਦੀਆਂ ਹਨ।

ਇਸ ਮੌਕੇ ਰਮਨ ਵਿਰਕ ਦਾ ਪਲੇਠਾ ਕਾਵਿ ਸੰਗ੍ਰਿਹ 'ਮੇਰਾ ਘਰ ਕਿਹੜਾ' ਦੀ ਵੀ ਘੁੰਡ ਚੁਕਾਈ ਕੀਤੀ ਗਈ। ਸੰਤੋਖ ਮਿਨਹਾਸ ਨੇ ਕਿਹਾ ਕਿ ਰਮਨ ਦੀਆਂ ਕਵਿਤਾਵਾਂ ਵਿਚ ਮੁਹੱਬਤ ਦੇ ਸਰਮਾਏ ਤੋਂ ਬਿਨਾਂ ਤਲਖੀਆਂ, ਦੁਸ਼ਵਾਰੀਆਂ ਅਤੇ ਜ਼ਿੰਦਗੀ ਦੀਆਂ ਵਿਸੰਗਤੀਆਂ ਦਾ ਆਪ-ਮੁਹਾਰਾ ਪ੍ਰਗਟਾ ਹੈ।

ਇਸ ਮੌਕੇ ਕਵੀ ਦਰਬਾਰ ਵੀ ਕੀਤਾ ਗਿਆ ਜਿਸ ਵਿਚ ਸਾਧੂ ਸਿੰਘ ਸੰਘਾ, ਰਮਨ ਵਿਰਕ, ਪਿਸ਼ੌਰਾ ਸਿੰਘ ਢਿੱਲੋਂ, ਦਲਜੀਤ ਰਿਆੜ, ਸੁੱਖੀ ਧਾਲੀਵਾਲ, ਸਤਵਿੰਦਰ ਗਿੱਲ ਤੇ ਹਰਜਿੰਦਰ ਢੇਸੀ ਨੇ ਕਵਿਤਾਵਾਂ ਪੜੀਆਂ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਭਾ ਦੇ ਸਕੱਤਰ ਸੰਤੋਖ ਮਿਨਹਾਸ ਨੇ ਨਿਭਾਈ। ਸੰਸਥਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਹਲ ਨੇ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਪੰਜਾਬੀ ਬੋਲੀ ਬਾਰੇ ਆਪਣਾ ਫਿਕਰ ਜਾਹਰ ਕੀਤਾ। ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸਭਾ ਦੇ ਮੈਂਬਰਾਂ ਗੁਰਦੀਪ ਨਿੱਝਰ, ਗੁਰਨੇਕ ਰਾਏ, ਮਨਜੀਤ ਕੁਲਾਰ, ਹੈਰੀ ਮਾਨ, ਰਾਜ ਬਰਾੜ ਵੈਰੋਕੇ, ਨਿਰਮਲ ਗਿੱਲ ਧਨੌਲਾ, ਸਤਵੰਤ ਵਿਰਕ ਆਦਿ ਨੇ ਅਣਥੱਕ ਕੋਸ਼ਿਸ਼ਾਂ ਕੀਤੀਆਂ।

# ਸੁਰਿੰਦਰ ਸੀਰਤ ਦੀ ਪੁਸਤਕ ਬਾਰੇ ਵਿਚਾਰ ਗੋਸ਼ਟੀ

**ਨਿਊਵਾਰਕ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਵਲੋਂ ਪੰਜਾਬੀ ਸ਼ਾਇਰ ਸੁਰਿੰਦਰ ਸੀਰਤ ਦੀ ਨਵੀਂ ਪੁਸਤਕ 'ਅਰੂਪੇ ਅੱਖਰਾਂ ਦਾ ਅਕਸ' ਲੋਕ ਅਰਪਿਤ ਕੀਤੀ ਗਈ।

ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸੀਰਤ ਦੀਆਂ ਗ਼ਜ਼ਲਾਂ ਪ੍ਰਾਪਤ ਯਥਾਰਥ ਦਾ ਵਿਰੋਧ ਕਰਦੀਆਂ ਹੋਈਆਂ ਸਮੇਂ ਦੇ ਸੱਚ ਨੂੰ ਰੂਪਮਾਨ ਕਰਦੀਆਂ ਹਨ। ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਸੀਰਤ ਨੇ ਸ਼ੁਰੂ ਤੋਂ ਲੈ ਕੇ ਅਖੀਰ ਤਕ ਗ਼ਜ਼ਲ ਦੇ ਰੂਪ ਤੇ ਵਸਤੂ ਨੂੰ ਨਵੀਆਂ ਬੁਲੰਦੀਆਂ 'ਤੇ ਪੁਚਾਇਆ ਹੈ ਅਤੇ ਇਕ ਉਸਤਾਦ ਗ਼ਜ਼ਲਕਾਰ ਹੋਣ ਦਾ ਸਬੂਤ ਦਿੱਤਾ ਹੈ। ਕੁਲਵਿੰਦਰ ਨੇ ਟਿਪਣੀ ਕਰਦਿਆਂ ਕਿਹਾ ਕਿ ਸੀਰਤ ਦੀ ਗ਼ਜ਼ਲ ਸ਼ੈਲੀ ਵਿਲੱਖਣ ਹੈ ਜਿਸ ਕਾਰਨ ਉਹ ਗ਼ਜ਼ਲ ਸੰਸਾਰ ਵਿਚ ਆਪਣੀ ਵਖਰੀ ਪਹਿਚਾਣ ਕਾਇਮ ਕਰਨ ਵਿਚ ਸਫਲ ਹੋਇਆ ਹੈ। ਕਮਲ ਦੇਵ ਪਾਲ ਨੇ ਕਿਹਾ ਕਿ ਸੀਰਤ ਪਰਪੱਕ ਅਤੇ ਪੁਖਤਾ ਗ਼ਜ਼ਲ ਕਹਿੰਦਾ ਹੈ।

ਅਕੈਡਮੀ ਦੇ ਮੀਤ ਚੇਅਰਮੈਨ ਮੇਜਰ ਭੁਪਿੰਦਰ ਦਲੇਰ ਨੇ ਕਿਹਾ ਕਿ ਸੀਰਤ ਨੇ ਖ਼ੂਬਸੂਰਤ ਗ਼ਜ਼ਲਾਂ ਲਿਖੀਆਂ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਸੀਰਤ ਦੀ ਗ਼ਜ਼ਲ ਦਾ ਸਫਰ ਹਮੇਸ਼ਾ ਵਿਕਾਸ ਵਲ ਵਧਦਾ ਰਿਹਾ ਹੈ। ਨੀਲਮ ਸੈਣੀ ਨੇ ਕਿਹਾ ਕਿ ਉਹ ਉਚੀ ਸੋਚ-ਸਮਝ ਅਤੇ ਰੂਪਕਾਰੀ ਦਾ ਵੱਡਾ ਸ਼ਾਇਰ ਹੈ। ਅਸ਼ੋਕ ਭੌਰਾ ਦਾ ਕਹਿਣਾ ਸੀ ਕਿ ਸੁਰਿੰਦਰ ਖ਼ੂਬਸੂਰਤ ਗ਼ਜ਼ਲ ਕਹਿੰਦਾ ਹੈ ਅਤੇ ਉਸ ਨੇ ਹਮੇਸ਼ ਹੀ ਮੈਨੂੰ ਪ੍ਰਭਾਵਿਤ ਕੀਤਾ ਹੈ।

ਇਸ ਮੌਕੇ ਸੁਰਿੰਦਰ ਸੀਰਤ ਨੇ ਪੁਸਤਕ ਬਾਰੇ ਚਰਚਾ ਕੀਤੇ ਜਾਣ 'ਤੇ ਸਭਨਾਂ ਦਾ ਧੰਨਵਾਦ ਕੀਤਾ। ਉਪਰਤ ਉਸ ਨੇ ਤਰੰਨਮ ਵਿਚ ਆਪਣੀਆਂ ਗ਼ਜ਼ਲਾਂ ਪੇਸ਼ ਕੀਤੀਆਂ। ਗਾਇਕ ਸੁਖਦੇਵ ਸਾਹਿਲ ਨੇ ਸੀਰਤ ਦੀਆਂ ਗ਼ਜ਼ਲਾਂ ਦਾ ਬਾਖੂਬੀ ਗਾਇਨ ਕੀਤਾ ਅਤੇ ਸਿੱਧ ਕਰ ਦਿਤਾ ਕਿ ਚੰਗੇ ਸੰਗੀਤ ਅਤੇ ਸੁਰ ਨਾਲ ਸ਼ਬਦਾਂ ਵਿਚ ਲੁਕੇ ਮਾਇਨੇ ਕਿਵੇਂ ਭਾਵਪੂਰਤ ਹੋ ਸਕਦੇ ਹਨ। ਕਵਿਤਰੀ ਸ਼ਸ਼ੀ ਸਮੁੰਦਰਾ, ਅਰਚਨਾ ਪਾਂਡੇ, ਜੋਤੀ ਸਿੰਘ ਅਤੇ ਨੀਲਮ ਸੈਣੀ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Philips-66 Truck Stop Convenience Store
*For Sale or Lease*
11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)
Also available commercial bulding (SCF), partially rented in Mohali, India
Commercial plot in business growing area (in Walmart, Home Office area)
Serious Parties Only, Please.
Contact: 417-825-7602
Email: shaanmann5@gmail.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪਿੰਡ ਚਿੱਠੀ ਸਿੰਘਪੁਰਾ ਦੇ ਸਿੱਖਾਂ ਨੂੰ ਅੱਜ ਵੀ ਇਨਸਾਫ ਦੀ ਉਡੀਕ

## ਵਾਦੀ ਵਿਚ ਡੇਢ ਦਹਾਕਾ ਪਹਿਲਾਂ ਹੋਇਆ ਸੀ 35 ਸਿੱਖਾਂ ਦਾ ਕਤਲ



**ਚਿੱਠੀ ਸਿੰਘਪੁਰਾ (ਜੰਮੂ ਕਸ਼ਮੀਰ):** ਜ਼ਿਲ੍ਹਾ ਆਨੰਤਨਾਗ ਵਿਚ ਪੈਂਦੇ ਪਿੰਡ ਚਿੱਠੀ ਸਿੰਘਪੁਰਾ ਵਿਚ 14 ਸਾਲ ਪਹਿਲਾਂ ਅਣਪਛਾਤੇ ਵਰਦੀਧਾਰੀਆਂ ਹੱਥੋਂ ਮਾਰੇ ਗਏ 35 ਨਿਰਦੋਸ਼ ਸਿੱਖਾਂ ਦੇ ਪਰਿਵਾਰ ਅੱਜ ਵੀ ਇਨਸਾਫ ਦੀ ਉਡੀਕ ਵਿਚ ਹਨ। ਇਸ ਦਰਦਨਾਕ ਕਾਂਡ ਦੇ ਦੋਸ਼ੀਆਂ ਖਿਲਾਫ਼ ਅੱਜ ਤੱਕ ਕੋਈ ਕਾਰਵਾਈ ਨਾ ਹੋਣ ਉਤੇ ਪੀੜ੍ਹਤ ਪਰਿਵਾਰਾਂ ਦੇ ਮਨਾਂ ਵਿਚ ਰੋਸ ਪਾਇਆ ਜਾ ਰਿਹਾ ਹੈ। 20 ਮਾਰਚ 2000 ਨੂੰ ਅਣਪਛਾਤੇ ਵਰਦੀਧਾਰੀ ਹਮਲਾਵਰਾਂ ਵੱਲੋਂ ਪਿੰਡ ਚਿੱਠੀ ਸਿੰਘਪੁਰਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ ਗੁਰਦੁਆਰਾ ਸਾਹਿਬ ਦੀ ਦੀਵਾਰ ਦੇ ਨਾਲ 18 ਸਿੱਖਾਂ ਤੇ ਸ਼ੈਕੀਨਪੁਰਾ ਵਿਖੇ 17 ਸਿੱਖਾਂ ਨੂੰ ਵੀ ਇਕ ਲਾਈਨ ਵਿਚ ਖੜ੍ਹਾ ਕਰਕੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਮਾਰ ਦਿੱਤਾ ਗਿਆ ਸੀ।

ਪਿੰਡ ਚਿੱਠੀ ਸਿੰਘਪੁਰਾ ਦੇ ਕੁੱਲ 500 ਘਰਾਂ ਵਿਚੋਂ ਤਕਰੀਬਨ 200 ਮੁਸਲਮਾਨਾਂ ਦੇ ਘਰ ਹਨ, ਜਦ ਕਿ 300 ਸਿੱਖ ਪਰਿਵਾਰ ਰਹਿ ਰਹੇ ਹਨ। ਸਿੱਖ ਪਰਿਵਾਰਾਂ ਦਾ ਮੁੱਖ ਕਿੱਤਾ ਖੇਤੀਬਾੜੀ ਤੇ ਖਾਸ ਕਰਕੇ ਬਾਗਬਾਨੀ ਹੈ। ਗੁਰਦੁਆਰਾ ਸਮੁੰਦਰੀ ਹਾਲ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਦੀਵਾਰ ਨਾਲ ਲੱਗੇ ਗੋਲੀਆਂ ਦੇ ਨਿਸ਼ਾਨਾਂ ਨੂੰ ਸੁਰੱਖਿਅਤ ਰੱਖਣ ਲਈ ਸ਼ੀਸ਼ੇ ਦੀ ਦੀਵਾਰ ਤੇ ਜਾਲੀ ਦਾ ਫਰੇਮ ਲਗਾਇਆ ਗਿਆ ਹੈ, ਜਦ ਕਿ ਇਨ੍ਹਾਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਕ ਪੱਥਰ ਵੀ ਲਗਾਇਆ ਗਿਆ ਹੈ। ਗੁਰਦੁਆਰਾ ਸਾਹਿਬ ਅੰਦਰ ਇਨ੍ਹਾਂ ਮ੍ਰਿਤਕ ਸਿੱਖਾਂ ਦੀਆਂ ਤਸਵੀਰਾਂ ਵੀ ਇਕ ਬੋਰਡ ਉਪਰ ਲਗਾਈਆਂ ਗਈਆਂ ਹਨ।

ਪਿੰਡ ਦੇ ਸਿੱਖ ਪਰਿਵਾਰ ਮੁਸਲਿਮ ਪਰਿਵਾਰਾਂ ਨਾਲ ਰਲ ਮਿਲਕੇ ਰਹਿ ਰਹੇ ਹਨ ਤੇ ਉਨ੍ਹਾਂ ਦੀ ਭਾਈਚਾਰਕ ਸਾਂਝ ਪਹਿਲਾਂ ਵਾਂਗ ਹੀ ਬਰਕਰਾਰ ਹੈ, ਪਰ ਦੋਸ਼ੀਆਂ ਬਾਰੇ ਸ਼ਨਾਖਤ ਨਾ ਹੋਣ ਕਰਕੇ ਭਵਿੱਖ ਦੀਆਂ ਪੀੜ੍ਹੀਆਂ ਦੇ ਮਨਾਂ ਵਿਚ ਪੈਦਾ ਹੋਣ ਵਾਲੀ ਗੁੱਥੀ ਨੂੰ ਸੁਲਝਾਉਣ ਲਈ ਸਾਰੀ ਸਚਾਈ ਦਾ ਸਾਹਮਣੇ ਆਉਣਾ ਬਹੁਤ ਜ਼ਰੂਰੀ ਹੈ। ਪਿੰਡ ਦੇ ਹੀ ਵਸਨੀਕ ਨਾਨਕ ਸਿੰਘ ਜੋ ਕਿ ਇਸ ਖੂਨੀ ਕਾਂਡ ਵਿਚ ਖੁਦ ਤਾਂ ਜ਼ਖਮੀ ਹੋਇਆ ਹੀ ਸੀ, ਉਨ੍ਹਾਂ ਦਾ ਨੌਜਵਾਨ ਪੁੱਤਰ ਗੁਰਮੀਤ ਸਿੰਘ ਵੀ 18 ਹੋਰ ਸਿੱਖਾਂ ਸਮੇਤ ਇਸ ਕਾਂਡ ਵਿਚ ਮਾਰਿਆ ਗਿਆ ਸੀ, ਨੇ ਦੱਸਿਆ ਕਿ ਉਸ ਨੂੰ ਸਾਰੀ ਘਟਨਾ ਅੱਜ ਤੱਕ ਪੂਰੀ ਤਰ੍ਹਾਂ ਕੱਲ੍ਹ ਵਾਂਗ ਯਾਦ ਹੈ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗਿਆਨੀ ਰਜਿੰਦਰ ਸਿੰਘ ਨੇ ਦੱਸਿਆ ਕਿ ਗੋਲੀ ਕਾਂਡ ਤੋਂ ਬਾਅਦ ਹਮਲਾਵਰ ਤਾਂ ਫਰਾਰ ਹੋ ਗਏ, ਪਰ ਡਰਦਿਆਂ ਕੋਈ ਵੀ ਪਿੰਡ ਵਾਸੀ ਦਹਿਸ਼ਤ ਕਾਰਨ ਘਰੋਂ ਬਾਹਰ ਨਹੀਂ ਸੀ ਨਿਕਲ ਰਿਹਾ। ਉਨ੍ਹਾਂ ਹੌਸਲਾ ਕਰਕੇ ਕੁਝ ਸਿੰਘਾਂ ਨੂੰ ਨਾਲ ਲਿਆ ਤੇ ਗੁਰਦੁਆਰਾ ਸਾਹਿਬ ਵਿਖੇ ਪੁੱਜ ਕੇ ਦੇਖਿਆ ਕਿ ਗੁਰਦੁਆਰਾ ਸਾਹਿਬ ਦਾ ਬਾਹਰੀ ਦ੍ਰਿਸ਼ ਬਹੁਤ ਹੀ ਭਿਆਨਕ ਸੀ। ਨਾਨਕ ਸਿੰਘ ਤੇ ਸਿਰਤਾਜ ਸਿੰਘ ਜ਼ਖਮੀ ਹਾਲਤ ਵਿਚ ਤੜਫ ਰਹੇ ਸਨ, ਕਿਉਂਕਿ ਨਾਨਕ ਸਿੰਘ ਦੇ ਲੱਕ ਵਿਚ ਤੇ ਸਰਤਾਜ ਸਿੰਘ ਦੇ ਛਾਤੀ ਤੇ ਪੇਟ ਵਿਚ ਗੋਲੀਆਂ ਲੱਗਣ ਕਾਰਨ ਉਹ ਖੂਨੋ ਖੂਨ ਹੋਏ ਪਏ ਸਨ। ਕੋਈ ਸਾਧਨ ਨਾ ਹੋਣ ਕਰਕੇ ਤੇ ਦਹਿਸ਼ਤ ਕਾਰਨ ਇਨ੍ਹਾਂ ਜ਼ਖਮੀਆਂ ਨੂੰ ਸਮੇਂ ਸਿਰ ਹਸਪਤਾਲ ਨਹੀਂ ਸੀ ਪਹੁੰਚਾਇਆ ਜਾ ਸਕਿਆ, ਜਿਸ ਕਾਰਨ ਸਰਤਾਜ ਸਿੰਘ ਆਪਣੇ ਘਰ ਵਿਚ ਹੀ ਤੜਫਦਾ ਮਰ ਗਿਆ।

ਗੁਰਦੁਆਰਾ ਸਾਹਿਬ ਦੇ ਚੇਅਰਮੈਨ ਮਿੱਠਾ ਸਿੰਘ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਬੇਸ਼ੱਕ ਪ੍ਰਸ਼ਾਸਨ ਵੱਲੋਂ ਗੁਰਦੁਆਰਾ ਸਾਹਿਬ ਦੇ ਸਾਹਮਣੇ ਚੌਕੀ ਬਣਾ ਕੇ ਸੀ.ਆਰ.ਪੀ ਦਾ ਪੱਕਾ ਪਹਿਰਾ ਲਗਾ ਦਿੱਤਾ ਗਿਆ ਹੈ, ਪਰ ਉਸ ਦਿਨ ਤੋਂ ਲੈ ਕੇ ਅੱਜ ਤੱਕ ਪਿਛਲੇ ਸਮੇਂ ਦੌਰਾਨ ਪਿੰਡ ਪੂਰੀ ਤਰ੍ਹਾਂ ਸ਼ਾਂਤ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਕੋਈ ਵੀ ਸਿੱਖ ਪਿੰਡ ਛੱਡ ਕੇ ਨਹੀਂ ਗਿਆ ਤੇ ਨਾ ਹੀ ਕਿਸੇ ਨੇ ਅਜਿਹਾ ਕਰਨ ਦੀ ਸੋਚੀ ਹੈ। ਪਿੰਡ ਦੇ ਲੋਕਾਂ ਦੀ ਮੰਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ 36 ਸ਼ਹੀਦ ਸਿੰਘਾਂ ਦੀ ਪਿੰਡ ਵਿਚ ਯਾਦਗਾਰ ਸਥਾਪਤ ਕਰੇ ਤਾਂ ਜੋ ਉਨ੍ਹਾਂ ਦੀ ਯਾਦ ਸਦੀਵੀਂ ਕਾਇਮ ਰੱਖੀ ਜਾ ਸਕੇ।

## ਘਟਨਾ ਦੀ ਨਿਰਪੱਖ ਜਾਂਚ ਕਰਵਾਉਣ ਤੋਂ ਪਾਸਾ ਵੱਟ ਰਹੀ ਹੈ ਸਰਕਾਰ

ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਸਰਕਾਰ ਘਟਨਾ ਦੀ ਨਿਰਪੱਖ ਜਾਂਚ ਕਰਵਾਉਣ ਤੋਂ ਪਾਸਾ ਵੱਟਦੀ ਆ ਰਹੀ ਹੈ। ਪੀੜਤ ਪਰਿਵਾਰ ਇਸ ਹੌਲਨਾਕ ਘਟਨਾ ਦੀ ਉਚ ਪੱਧਰੀ ਜਾਂਚ ਕਰਵਾਉਣ ਲਈ ਪ੍ਰਧਾਨ ਮੰਤਰੀ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਤੇ ਮਨੁੱਖੀ ਅਧਿਕਾਰ ਸੰਗਠਨ ਕੋਲ ਕਈ ਵਾਰੀ ਗੁਹਾਰ ਲਗਾ ਚੁੱਕੇ ਹਨ, ਪਰ ਉਨ੍ਹਾਂ ਦੀ ਇਸ ਮੰਗ ਉਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਉਹ ਗੁੱਸੇ ਵਿਚ ਹਨ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਬੇਸ਼ੱਕ ਕੇਂਦਰ, ਪੰਜਾਬ ਸਰਕਾਰ, ਜੰਮੂ ਕਸ਼ਮੀਰ ਸਰਕਾਰ ਸਮੇਤ ਕਈ ਸੰਗਠਨਾਂ ਨੇ ਮਾਰੇ ਗਏ ਨਿਰਦੋਸ਼ ਸਿੱਖਾਂ ਦੇ ਪਰਿਵਾਰਾਂ ਨੂੰ ਮਾਇਕ ਸਹਾਇਤਾ ਦਿੱਤੀ ਹੈ ਤੇ ਜੰਮੂ ਕਸ਼ਮੀਰ ਸਰਕਾਰ ਵੱਲੋਂ ਇਕ-ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਮਿਲ ਗਈ ਹੈ, ਪਰ ਇਸ ਘਟਨਾ ਲਈ ਜ਼ਿੰਮੇਵਾਰ ਦੋਸ਼ੀਆਂ ਦੀ ਹਾਲੇ ਤੱਕ ਸ਼ਨਾਖਤ ਨਾ ਹੋਣ ਕਾਰਨ ਕਤਲੇਆਮ ਦੀ ਘਟਨਾ ਹਰ ਵੇਲੇ ਸੁਰਖੀਆਂ ਵਿਚ ਰਹਿ ਰਹੀ ਹੈ। ਹੋਲੀ ਵਾਲੇ ਦਿਨ 20 ਮਾਰਚ 2000 ਨੂੰ ਸ਼ਾਮ ਸਮੇਂ ਵਾਪਰੇ ਇਸ ਦਿਲ ਕੰਬਾਊ ਕਾਂਡ ਦੀ ਬੇਸ਼ੱਕ ਕਿਸੇ ਵੀ ਮੁਸਲਿਮ ਜਥੇਬੰਦੀ ਨੇ ਜ਼ਿੰਮੇਵਾਰੀ ਨਹੀਂ ਸੀ ਲਈ, ਪਰ ਇਸ ਘਟਨਾ ਪਿੱਛੇ ਅੱਤਵਾਦੀ ਸੰਗਠਨਾਂ ਦੇ ਹੱਥ ਦੀ ਚੱਲੀ ਚਰਚਾ ਨੂੰ ਪਿੰਡ ਚਿੱਠੀ ਸਿੰਘਪੁਰਾ ਦੇ ਸਿੱਖ ਮੰਨਣ ਲਈ ਤਿਆਰ ਨਹੀਂ ਹਨ। ਇਸ ਘਟਨਾ ਤੋਂ ਤੁਰੰਤ ਬਾਅਦ ਹੁਰੀਅਤ ਸਮੇਤ ਕਈ ਜਥੇਬੰਦੀਆਂ ਦੇ ਆਗੂਆਂ ਅਲੀਸ਼ਾਹ ਗਿਲਾਨੀ, ਸ਼ਬੀਰ ਸ਼ਾਹ, ਜਸੀਨ ਮਲਕ, ਉਮਰ ਫਾਰੂਖ, ਨਈਅਮ ਖਾਨ ਸਮੇਤ ਕਈ ਆਗੂਆਂ ਨੇ ਆਪਣੇ ਆਪ ਨੂੰ ਇਸ ਕਤਲੇਆਮ ਤੋਂ ਦੂਰ ਹੋਣ ਦੀ ਗੱਲ ਕਰਦਿਆਂ ਪਿੰਡ ਵਾਸੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਸੀ ਤੇ ਘਟਨਾ ਦੀ ਉਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਸੀ।

# ਪਟਕਾ ਬੰਨ੍ਹ ਕੇ ਖੇਡਣ ਤੋਂ ਰੋਕਣ 'ਤੇ ਫੀਬਾ ਵਿਰੁਧ ਰੋਸ

**ਅੰਮ੍ਰਿਤਸਰ:** ਅਰਬੀ ਦੇਸ਼ ਦੋਹਾ ਕਤਰ ਵਿਚ ਚੱਲ ਰਹੀ ਫੀਬਾ ਅੰਡਰ-18 ਏਸ਼ੀਅਨ ਬਾਸਕਟਬਾਲ ਚੈਂਪੀਅਨਸ਼ਿਪ ਦੌਰਾਨ ਭਾਰਤੀ ਸਿੱਖ ਖਿਡਾਰੀ ਅਨਮੋਲ ਸਿੰਘ ਨੂੰ ਫੀਬਾ ਕਮਿਸ਼ਨਰ ਵੱਲੋਂ ਸਿਰ 'ਤੇ ਛੋਟੀ ਦਸਤਾਰ (ਪਟਕਾ) ਸਜਾ ਕੇ ਬਾਸਕਿਟਬਾਲ ਖੇਡਣ ਤੋਂ ਰੋਕੇ ਜਾਣ ਨੂੰ ਮੰਦਭਾਗਾ ਦੱਸਦਿਆਂ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਇਸ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰੇਕ ਸਿੱਖ ਲਈ ਉਸ ਦੇ ਕੇਸ ਪਿਆਰੇ ਹਨ ਤੇ ਇਨ੍ਹਾਂ 'ਤੇ ਕੇਸਕੀ ਬੰਨ੍ਹਣ ਨਾਲ ਖੇਡ ਦੌਰਾਨ ਕਿਸੇ ਵੀ ਦੂਸਰੇ ਖਿਡਾਰੀ ਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ। ਇੰਟਰਨੈਸ਼ਨਲ ਬਾਸਕਿਟਬਾਲ ਫੈਡਰੇਸ਼ਨ (ਫੀਬਾ) ਵੱਲੋਂ ਇਸ ਤਰ੍ਹਾਂ ਕਰਨ ਨਾਲ ਸਿੱਖ ਖਿਡਾਰੀ ਦੀ ਮਾਨਸਿਕਤਾ ਨੂੰ ਭਾਰੀ ਸੱਟ ਵੱਜੀ ਹੈ।



ਉਧਰ ਭਾਰਤੀ ਬਾਸਕਿਟਬਾਲ ਸੰਘ (ਬੀ.ਐਫ.ਆਈ.) ਨੇ ਇਸ ਮਾਮਲੇ 'ਤੇ ਸਖਤ ਇਤਰਾਜ਼ ਜਤਾਉਂਦਿਆਂ ਫੀਬਾ ਏਸ਼ੀਆ ਦੀ ਆਲੋਚਨਾ ਕਰਦਿਆਂ ਕਿਹਾ ਇਹ ਇਕ ਅਣ ਉਚਿਤ, ਭੇਦਭਾਵਪੂਰਨ ਤੇ ਅਪਮਾਨਜਨਕ ਕਾਰਵਾਈ ਹੈ। ਬੀ.ਐਫ.ਆਈ. ਵੱਲੋਂ ਜਾਰੀ ਬਿਆਨ ਵਿਚ ਕਿਹਾ ਹੈ ਕਿ ਭਾਰਤੀ ਬਾਸਕਿਟਬਾਲ ਸੰਘ ਫੀਬਾ ਏਸ਼ੀਆ ਦੀ ਤਕਨੀਕੀ ਕਮੇਟੀ ਦੀ ਅਨਮੋਲ ਸਿੰਘ ਦੇ ਖਿਲਾਫ ਕੀਤੀ ਗਈ ਕਾਰਵਾਈ ਦੀ ਨਿੰਦਾ ਕਰਦਾ ਹੈ ਤੇ ਉਨ੍ਹਾਂ ਨੂੰ ਤੁਰੰਤ ਕੌਮਾਂਤਰੀ ਪੱਧਰ 'ਤੇ ਭਾਰਤੀ ਬਾਸਕਿਟਬਾਲ ਟੀਮਾਂ ਦਾ ਪ੍ਰਤੀਨਿਧ ਕਰ ਰਹੇ ਸਿੱਖ ਖਿਡਾਰੀਆਂ ਨਾਲ ਇਸ ਤਰਾਂ ਦੇ ਭੇਦਭਾਵ ਵਾਲੇ ਵਰਤਾਓ ਨੂੰ ਬੰਦ ਕਰਨ ਦੇ ਲਈ ਕਹਿੰਦਾ ਹੈ। ਬੀ.ਐਫ.ਆਈ. ਨੇ ਕਿਹਾ ਕਿ ਭਾਰਤੀ ਟੀਮ ਦੇ ਮੈਨੇਜਰ ਸ਼ਫੀਕ ਅਹਿਮਦ ਸ਼ੇਖ ਨਾਲ ਸੰਪਰਕ ਕੀਤਾ ਗਿਆ ਹੈ ਤੇ ਉਨ੍ਹਾਂ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਇਹ ਮਾਮਲਾ ਉਠਾਇਆ ਹੈ।

## ਕੋਹਲੀ ਦੀ ਮੁੜ ਨਿਯੁਕਤੀ 'ਤੇ ਮੋਹਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਇੰਟਰਨਲ ਆਡੀਟਰ ਐਸ.ਐਸ. ਕੋਹਲੀ ਦੀ ਮੁੜ ਨਿਯੁਕਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਧਰ ਕੋਹਲੀ ਨੂੰ ਸੇਵਾਮੁਕਤ ਕਰਨ ਤੇ ਮੁੜ ਨਿਯੁਕਤ ਕਰਨ ਬਾਰੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚੋਂ ਸ਼ਿਕਾਇਤਕਰਤਾ ਧਿਰ ਵੱਲੋਂ ਵਾਪਸ ਲੈ ਲਈ ਗਈ ਹੈ। ਇਹ ਪਟੀਸ਼ਨ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਦਾਇਰ ਕੀਤੀ ਗਈ ਸੀ। ਮਿਲੇ ਵੇਰਵਿਆਂ ਮੁਤਾਬਕ ਜਦੋਂ ਇਹ ਮਾਮਲਾ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਸਾਹਮਣੇ ਰੱਖਿਆ ਗਿਆ ਤਾਂ ਉਸ ਵੇਲੇ ਮੈਂਬਰਾਂ ਨੇ ਕੋਹਲੀ ਦੀ ਮੁੜ ਨਿਯੁਕਤੀ 'ਤੇ ਸਖਤ ਇਤਰਾਜ ਦਾ ਪ੍ਰਗਟਾਵਾ ਕੀਤਾ। ਇਸ ਮਾਮਲੇ ਨੂੰ ਲੈ ਕੇ ਤਲਖ਼ ਕਲਾਮੀ ਵੀ ਹੋਈ ਪਰ ਪ੍ਰਧਾਨ ਵੱਲੋਂ ਸਥਿਤੀ ਦੀ ਨਜ਼ਾਕਤ ਦੱਸਣ ਤੋਂ ਬਾਅਦ ਅੰਤ੍ਰਿੰਗ ਕਮੇਟੀ ਮੈਂਬਰਾਂ ਨੇ ਇਸ ਮਾਮਲੇ ਦੀ ਪੁਸ਼ਟੀ ਕਰ ਦਿੱਤੀ। ਇਥੇ ਦੱਸਣਯੋਗ ਹੈ ਕਿ ਅੰਤ੍ਰਿੰਗ ਕਮੇਟੀ ਦੀ ਪਹਿਲਾਂ ਹੋਈ ਇਕੱਤਰਤਾ ਵਿਚ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਹ ਫੈਸਲਾ ਲਾਗੂ ਹੋਣ ਤੋਂ 24 ਘੰਟਿਆਂ ਦੌਰਾਨ ਹੀ ਬਦਲ ਦਿੱਤਾ ਗਿਆ ਸੀ।

ਸਿਆਸੀ ਦਬਾਅ ਕਾਰਨ ਐਸ.ਐਸ. ਕੋਹਲੀ ਦੀ ਮੁੜ ਨਿਯੁਕਤੀ ਕਰ ਦਿੱਤੀ ਗਈ ਸੀ। ਫਿਲਹਾਲ ਇਹ ਮਾਮਲਾ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਵਿਚਾਰ ਅਧੀਨ ਹੈ। ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ ਨੇ ਇਸ ਮਾਮਲੇ ਵਿਚ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਨਵੰਬਰ 84: ਕੇਸ ਦਾ ਆਖਰੀ ਮੁਲਜ਼ਮ ਵੀ ਬਰੀ

**ਨਵੀਂ ਦਿੱਲੀ:** 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਗੁਰਦੁਆਰਾ ਪੁਲਬੰਗਸ਼ ਨੂੰ ਅੱਗ ਲਾਉਣ ਦੇ ਕੇਸ ਵਿਚ ਅਦਾਲਤ ਨੇ ਇਕ ਮੁਲਜ਼ਮ ਨੂੰ ਬਰੀ ਕਰ ਦਿੱਤਾ ਹੈ। ਭੀੜ ਨੇ ਇਥੇ ਤਿੰਨ ਜਣਿਆਂ ਨੂੰ ਜ਼ਿੰਦਾ ਸਾੜ ਦਿੱਤਾ ਸੀ ਜਦਕਿ ਅਦਾਲਤ ਨੇ ਆਖਿਆ ਕਿ ਸੀ.ਬੀ.ਆਈ. ਮੁਲਜ਼ਮ ਦੀ ਮੌਕੇ 'ਤੇ ਮੌਜੂਦਗੀ ਸਿੱਧ ਕਰਨ ਵਿਚ ਨਾਕਾਮ ਰਹੀ ਹੈ। ਇਸ ਕੇਸ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਦਾ ਨਾਂ ਵੀ ਆਇਆ ਸੀ ਪਰ ਸੀ.ਬੀ.ਆਈ. ਨੇ ਕਿਹਾ ਸੀ ਕਿ ਉਸ ਨੂੰ ਟਾਈਟਲਰ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਮਿਲਿਆ। ਬਾਅਦ ਵਿਚ ਅਦਾਲਤ ਨੇ ਸੀ.ਬੀ.ਆਈ. ਨੂੰ ਉਸ ਖਿਲਾਫ ਮਾਮਲੇ ਦੀ ਹੋਰ ਜਾਂਚ ਕਰਨ ਦਾ ਹੁਕਮ ਦਿੱਤਾ ਸੀ।

ਵਧੀਕ ਸੈਸ਼ਨ ਜੱਜ ਸੰਜੇ ਬਾਂਸਲ ਨੇ ਸੀ.ਬੀ.ਆਈ. ਦੇ ਕੇਸ ਨੂੰ ਕਮਜ਼ੋਰ ਕਰਾਰ ਦਿੰਦਿਆਂ ਮੁਲਜ਼ਮ ਸੁਰੇਸ਼ ਕੁਮਾਰ ਉਰਫ ਪਨੇਵਾਲਾ ਨੂੰ ਕਤਲ, ਦੰਗਾ ਤੇ ਧਰਮ ਸਥਾਨ ਦੀ ਬੇਹੁਰਮਤੀ ਜਿਹੇ ਵੱਖ-ਵੱਖ ਦੋਸ਼ਾਂ ਤੋਂ ਬਰੀ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਮੁਲਜ਼ਮ ਦੀ ਪਛਾਣ ਬਾਰੇ ਦਿੱਕਤ ਸੀ ਤੇ ਪੇਸ਼ ਕੀਤੇ ਗਏ ਰਿਕਾਰਡ ਮੁਤਾਬਕ ਇਸਤਗਾਸਾ ਖੁਦ ਹੀ ਇਸ ਬਾਰੇ ਸਪਸ਼ਟ ਨਹੀਂ ਸੀ। ਅਦਾਲਤ ਨੇ ਆਖਿਆ ਕਿ ਹਾਲਤ ਇੰਨੀ ਮਾੜੀ ਹੈ ਕਿ ਇਹ ਸਿੱਟਾ ਕੱਢਣਾ ਅਸੰਭਵ ਹੋ ਗਿਆ ਹੈ ਕਿ ਦੰਗਈ ਦਾ ਸਹੀ ਨਾਂ ਕੀ ਹੈ। ਇਹ ਕਹਿਣਾ ਪਵੇਗਾ ਕਿ ਇਸਤਗਾਸਾ ਦਾ ਕੇਸ ਬਹੁਤ ਹੀ ਕਮਜ਼ੋਰ ਹੈ। ਇਸ ਤੋਂ ਮੁਲਜ਼ਮ ਖਿਲਾਫ ਦੋਸ਼ ਬਿਲਕੁਲ ਵੀ ਸਾਬਤ ਨਹੀਂ ਹੁੰਦੇ। ਇਹ ਵੀ ਸਿੱਧ ਨਹੀਂ ਕੀਤਾ ਗਿਆ ਕਿ ਮੁਲਜ਼ਮ ਅਪਰਾਧ ਵੇਲੇ ਉਥੇ ਮੌਜੂਦ ਸੀ। ਟਾਈਟਲਰ ਬਾਰੇ ਅਦਾਲਤ ਨੇ ਕਿਹਾ ਕਿ ਸੀ.ਬੀ.ਆਈ. ਨੂੰ ਹਦਾਇਤ ਕੀਤੀ ਗਈ (ਪਿਛਲੇ ਸਾਲ) ਸੀ ਕਿ ਮਾਮਲੇ ਦੀ ਹੋਰ ਜਾਂਚ ਕੀਤੀ ਜਾਵੇ। ਟਾਈਟਲਰ ਮੁਤੱਲਕ ਜਾਂਚ ਅਜੇ ਚੱਲ ਰਹੀ ਹੈ।




ਇਕ ਨਵੰਬਰ 1984 ਨੂੰ ਉਤਰੀ ਦਿੱਲੀ ਵਿਚਲੇ ਗੁਰਦੁਆਰਾ ਪੁਲਬੰਗਸ਼ ਨੂੰ ਭੀੜ ਨੇ ਅੱਗ ਲਗਾ ਦਿੱਤੀ ਸੀ ਤੇ ਇਥੇ ਤਿੰਨ ਸਿੱਖ ਠਾਕੁਰ ਸਿੰਘ, ਬਾਦਲ ਸਿੰਘ ਤੇ ਗੁਰਚਰਨ ਸਿੰਘ ਨੂੰ ਮਾਰ ਦਿੱਤਾ ਗਿਆ ਸੀ। ਇਸ ਬਾਰੇ ਬਾੜਾ ਹਿੰਦੂ ਰਾਓ ਪੁਲਿਸ ਸਟੇਸ਼ਨ ਵਿਚ ਇਕ ਐਫ.ਆਈ.ਆਰ. ਦਰਜ ਕੀਤੀ ਗਈ ਸੀ ਤੇ ਅਪਰੈਲ 1992 ਵਿਚ 32 ਮੁਲਜ਼ਮਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ।

# ਫਿਲਮ 'ਕੌਮ ਦੇ ਹੀਰੇ' ਉਤੇ ਰੋਕ ਵਧੀਕੀ ਕਰਾਰ


**ਚੰਡੀਗੜ੍ਹ:** ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ 'ਤੇ ਆਧਾਰਤ ਫਿਲਮ 'ਕੌਮ ਦੇ ਹੀਰੇ' ਉਤੇ ਰੋਕ ਲਾਉਣ ਦਾ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੇ ਇਸ ਫਿਲਮ ਨੂੰ ਰਿਲੀਜ਼ ਕਰਾਉਣ ਲਈ ਖੁਦ ਨਵੀਂ ਦਿੱਲੀ ਜਾ ਕੇ ਕੇਂਦਰੀ ਨੇਤਾਵਾਂ ਨੂੰ ਮਿਲਣ ਦੀ ਗੱਲ ਆਖੀ ਹੈ।

ਅਕਾਲੀ ਦਲ ਦੇ ਜਨਰਲ ਸਕੱਤਰ ਤੇ ਕੋਰ ਕਮੇਟੀ ਮੈਂਬਰ ਸ. ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਜਦੋਂ ਫਿਲਮ ਨੂੰ ਭਾਰਤੀ ਸੈਂਸਰ ਬੋਰਡ ਨੇ ਹੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਅਕਾਲੀ ਦਲ ਇਕ ਲੋਕਰਾਜੀ ਪਾਰਟੀ ਹੋਣ ਕਾਰਨ ਸੈਂਸਰ ਬੋਰਡ ਦੇ ਫੈਸਲੇ ਨੂੰ ਦਰੁਸਤ ਮੰਨਦਿਆਂ ਇਸ 'ਤੇ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਕਿਹਾ ਕਿ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੈਂਸਰ ਬੋਰਡ ਨੂੰ ਇਸ ਫਿਲਮ ਬਾਰੇ ਆਪਣਾ ਫੈਸਲਾ ਮੁੜ ਵਿਚਾਰਨ ਲਈ ਕਿਹਾ ਹੈ। ਉਧਰ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਫਿਲਮ ਵਿਚਲੀ ਕਹਾਣੀ ਮਨਘੜ੍ਹਤ ਨਹੀਂ, ਬਲਕਿ ਸਿੱਖ ਕੌਮ ਨਾਲ ਜੋ ਕੁਝ ਵਾਪਰਿਆ, ਉਸ 'ਤੇ ਆਧਾਰਤ ਹੈ। ਸ਼੍ਰੋਮਣੀ ਕਮੇਟੀ ਇਸ ਫਿਲਮ ਨੂੰ ਰਿਲੀਜ਼ ਕਰਨ ਬਾਰੇ ਸੈਂਸਰ ਬੋਰਡ ਨੂੰ ਪੱਤਰ ਲਿਖੇਗੀ ਤੇ ਉਹ ਖੁਦ ਅਗਲੇ ਦਿਨੀਂ ਦਿੱਲੀ ਜਾ ਕੇ ਇਸ ਬਾਰੇ ਕੇਂਦਰੀ ਨੇਤਾਵਾਂ ਨੂੰ ਮਿਲਣਗੇ।




ਜ਼ਿਕਰਯੋਗ ਹੈ ਕਿ ਇਹ ਫਿਲਮ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਨਾਲ ਸਬੰਧਤ ਹੈ। ਇਸ ਫਿਲਮ ਦੇ ਰਿਲੀਜ਼ ਹੋਣ ਨਾਲ ਦੇਸ਼ ਦੇ ਇਕ ਹਿੱਸੇ ਵਿਚ ਅਮਨ-ਕਾਨੂੰਨ ਦੀ ਸਥਿਤੀ ਖਰਾਬ ਹੋਣ ਦਾ ਖਦਸ਼ਾ ਦੱਸਦੇ ਹੋਏ ਇਸ ਦੇ ਪ੍ਰਦਰਸ਼ਨ 'ਤੇ ਰੋਕ ਲਾਈ ਗਈ ਹੈ। ਪਾਬੰਦੀ ਦਾ ਫੈਸਲਾ ਫਿਲਮ ਦੇਖਣ ਉਪਰੰਤ ਸੂਚਨਾ ਤੇ ਪ੍ਰਸਾਰਨ ਮੰਤਰਾਲੇ, ਗ੍ਰਹਿ ਮੰਤਰਾਲੇ ਤੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਨੇ ਸਾਂਝੇ ਤੌਰ 'ਤੇ ਕੀਤਾ ਹੈ। ਸੀ.ਬੀ.ਐਫ.ਸੀ. ਦੀ ਚੇਅਰਪਰਸਨ ਲੀਲਾ ਸੈਮਸਨ ਨੇ ਫਿਲਮ ਉੱਤੇ ਪਾਬੰਦੀ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਫਿਲਮ ਦੇਖੀ ਤੇ ਇਹ ਫੈਸਲਾ ਕੀਤਾ ਕਿ ਇਹ ਫਿਲਮ ਰਿਲੀਜ਼ ਨਹੀਂ ਕੀਤੀ ਜਾਣੀ ਚਾਹੀਦੀ। ਬੋਰਡ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਿਫਾਰਸ਼ ਉੱਤੇ ਫਿਲਮ ਦੇਖੀ ਕਿਉਂਕਿ ਗ੍ਰਹਿ ਮੰਤਰਾਲੇ ਨੇ ਇਸ ਦੇ ਤੱਥਾਂ ਉੱਤੇ ਗੰਭੀਰ ਫਿਕਰਮੰਦੀ ਦਾ ਪ੍ਰਗਟਾਵਾ ਕੀਤਾ ਹੈ।

# ਸਰਕਾਰ ਦੀ 'ਗਰੀਬੀ' ਬਣੀ ਨਸ਼ਾ ਵਿਰੋਧੀ ਮੁਹਿੰਮ ਦੇ ਰਾਹ ਵਿਚ ਰੋੜਾ




**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਆਖਰੀ ਸਾਹਾਂ 'ਤੇ ਹੈ। ਸਰਕਾਰ ਵੱਲੋਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਆਰਥਿਕ ਤੰਗੀ ਇਸ ਮੁਹਿੰਮ ਦੇ ਰਾਹ ਵਿਚ ਵੱਡਾ ਰੋੜਾ ਬਣ ਗਈ ਹੈ। ਨਸ਼ਾ ਵਿਰੋਧੀ ਮੁਹਿੰਮ ਵਿਚ ਭਾਵੇਂ ਲੋਕਾਂ ਨੇ ਸ਼ੁਰੂ ਵਿਚ ਬੜਾ ਉਤਸ਼ਾਹ ਵਿਖਾਇਆ ਸੀ ਤੇ ਨਸ਼ੇ ਦੇ ਆਦੀ ਵੱਡੀ ਗਿਣਤੀ ਵਿਚ ਇਸ ਅਲਾਮਤ ਤੋਂ ਛੁਟਕਾਰਾ ਪਾਉਣ ਲਈ ਨਸ਼ਾ ਛਡਾਊ ਕੇਂਦਰਾਂ ਵਿਚ ਪੁੱਜੇ ਸਨ ਪਰ ਹੁਣ ਸਰਕਾਰ ਦੀ ਅਣਦੇਖੀ ਕਾਰਨ ਇਨ੍ਹਾਂ ਕੇਂਦਰਾਂ ਵਿਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਨਾਮਾਤਰ ਰਹਿ ਗਈ ਹੈ।

ਇਸ ਸਭ ਦਾ ਮੁੱਖ ਕਾਰਨ ਇਹ ਹੈ ਸਰਕਾਰ ਤੋਂ ਅਜੇ ਤਾਈਂ ਨਸ਼ਾ ਛੁਡਾਉਣ ਲਈ ਦਿੱਤੀ ਜਾਣ ਵਾਲੀ ਮੁੱਖ ਦਵਾਈ 'ਬੁਪਰੋ ਨੋਰਫਿਨ' ਦਾ ਬੰਦੋਬਸਤ ਨਹੀਂ ਹੋ ਸਕਿਆ ਹੈ। ਇਸ ਤੋਂ ਇਲਾਵਾ ਮਨੋਰੋਗ ਮਾਹਿਰ ਡਾਕਟਰ ਵੀ ਲੱਭਣੇ ਮੁਸ਼ਕਲ ਹੋਏ ਪਏ ਹਨ। ਸਰਕਾਰ ਨੇ ਮੁਹਿੰਮ ਨੂੰ ਮੁੜ ਤੋਂ ਹੁਲਾਰਾ ਦੇਣ ਲਈ ਪੀ.ਜੀ.ਆਈ. ਤੋਂ ਮਦਦ ਦੀ ਮੰਗ ਕੀਤੀ ਹੈ। ਸਰਕਾਰ ਵੱਲੋਂ 19 ਜੂਨ ਨੂੰ ਨਸ਼ਾ ਵਿਰੋਧੀ ਮੁਹਿੰਮ ਛੇੜਨ ਤੋਂ ਬਾਅਦ ਡੇਢ ਮਹੀਨੇ ਵਿਚ ਸੂਬੇ ਦੇ ਨਸ਼ਾ ਛੁਡਾਊ ਕੇਂਦਰਾਂ ਵਿਚ ਮਰੀਜ਼ਾਂ ਦੀ ਗਿਣਤੀ ਜਿੰਨੀ ਤੇਜ਼ੀ ਨਾਲ ਉੱਪਰ ਗਈ ਸੀ ਉਸ ਤੋਂ ਵੀ ਵਧੇਰੇ ਤੇਜ਼ੀ ਨਾਲ ਥੱਲੇ ਆ ਗਈ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ 19 ਜੂਨ ਤੋਂ 30 ਜੂਨ ਤੱਕ ਕੇਂਦਰਾਂ ਵਿਚ 89,616 ਮਰੀਜ਼ ਓ.ਪੀ.ਡੀ. ਵਿਚ ਆਏ ਸਨ ਤੇ ਇਨ੍ਹਾਂ ਵਿਚੋਂ 4,013 ਨੂੰ ਇਲਾਜ ਲਈ ਦਾਖਲ ਕੀਤਾ ਗਿਆ ਸੀ। ਜੁਲਾਈ ਵਿਚ ਵੱਖ-ਵੱਖ ਕੇਂਦਰਾਂ ਵਿਚ ਜਾਂਚ ਲਈ ਆਏ ਮਰੀਜ਼ਾਂ ਦੀ ਗਿਣਤੀ 1,12,265 ਸੀ ਤੇ ਇਨ੍ਹਾਂ ਵਿਚੋਂ 22,177 ਮਰੀਜ਼ਾਂ ਨੂੰ ਦਾਖਲ ਕਰ ਲਿਆ ਗਿਆ ਸੀ। ਚਾਲੂ ਮਹੀਨੇ ਦੇ 25 ਦਿਨਾਂ ਵਿਚ ਇਲਾਜ ਲਈ ਸਿਰਫ 921 ਮਰੀਜ਼ ਦਾਖਲ ਕੀਤੇ ਗਏ ਹਨ ਜਦੋਂਕਿ ਓ.ਪੀ.ਡੀ. ਵਿਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 43,107 ਰਹਿ ਗਈ ਹੈ। ਪਿਛਲੇ ਸਮੇਂ ਵਿਚ ਸਭ ਤੋਂ ਵੱਧ 30,367 ਮਰੀਜ਼ ਜ਼ਿਲ੍ਹਾ ਅੰਮ੍ਰਿਤਸਰ ਤੋਂ ਸਾਹਮਣੇ ਆਏ ਹਨ। ਦੂਜੇ ਨੰਬਰ 'ਤੇ ਬਠਿੰਡਾ ਤੋਂ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 25,581 ਹੈ। ਉਸ ਤੋਂ ਬਾਅਦ ਸੰਗਰੂਰ ਤੇ ਲੁਧਿਆਣਾ ਦੇ ਮਰੀਜ਼ ਹਨ।

ਸੂਤਰ ਦੱਸਦੇ ਹਨ ਕਿ ਮੁਹਿੰਮ ਸ਼ੁਰੂ ਕਰਨ ਦੇ ਦੋ ਮਹੀਨਿਆਂ ਬਾਅਦ ਵੀ ਹਸਪਤਾਲਾਂ ਵਿਚ ਨਸ਼ੇ ਦੇ ਇਲਾਜ ਲਈ ਵਰਤੀ ਜਾਣ ਵਾਲੀ ਮੁੱਖ ਦਵਾਈ 'ਬਿਪਰੋ ਨੋਰਫਿਨ' ਵੀ ਹਸਪਤਾਲਾਂ ਵਿਚ ਉਪਲਬਧ ਨਹੀਂ ਕਰਵਾਈ ਗਈ ਹੈ। ਵਿਭਾਗ ਵੱਲੋਂ ਦਵਾਈ ਲਈ ਅਜੇ ਟੈਂਡਰ ਹੀ ਮੰਗੇ ਗਏ ਹਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਕੋਲ ਪਹਿਲਾਂ ਪਈ ਦਵਾਈ ਨਾਲ ਹੀ ਸ਼ੁਰੂ-ਸ਼ੁਰੂ ਵਿਚ ਕੰਮ ਚਲਾ ਲਿਆ ਗਿਆ ਸੀ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਨੇ ਪੀ.ਜੀ.ਆਈ. ਤੋਂ ਮੁਹਿੰਮ ਨੂੰ ਚੱਲਦਿਆਂ ਰੱਖਣ ਲਈ ਹਦਾਇਤਾਂ ਮੰਗੀਆਂ ਹਨ। ਪੀ.ਜੀ.ਆਈ. ਦੇ ਡਾਕਟਰ ਵਾਸੂ ਤੇ ਅਵਸਥੀ ਦਾ ਕਹਿਣਾ ਹੈ ਕਿ ਪੰਜਾਬ ਵਿਚ ਮੁਹਿੰਮ ਨੂੰ ਸਫਲ ਬਣਾਉਣ ਲਈ ਕੌਂਸਲਿੰਗ ਦੀ ਵੱਡੀ ਘਾਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਰੀਜ਼ ਤੇ ਪਰਿਵਾਰ ਦੋਹਾਂ ਦੀ ਬਰਾਬਰ ਕੌਂਸਲਿੰਗ ਲਾਜ਼ਮੀ ਹੈ। ਸੂਬੇ ਵਿਚ ਜ਼ਿਲ੍ਹਾ ਸਿਵਲ ਹਸਪਤਾਲਾਂ ਤੋਂ ਇਲਾਵਾ 13 ਨਵੇਂ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ ਪਰ ਇਨ੍ਹਾਂ ਲਈ ਮਨੋਰੋਗ ਮਾਹਿਰ ਡਾਕਟਰ ਨਹੀਂ ਮਿਲ ਰਹੇ ਹਨ। ਮਨੋਰੋਗ ਮਾਹਿਰ ਡਾਕਟਰਾਂ ਦੀ ਭਰਤੀ ਲਈ ਸਿਹਤ ਵਿਭਾਗ ਵੱਲੋਂ ਪੰਜਾਬ ਤੋਂ ਬਾਹਰੋਂ ਦਿੱਲੀ ਵਿਚ ਵੀ ਇੰਟਰਵਿਊ ਰੱਖ ਕੇ ਦੇਖ ਲਈ ਗਈ ਹੈ।

ਕਪੂਰਥਲਾ ਹਾਊਸ ਵਿਖੇ ਦੋ ਅਗਸਤ ਨੂੰ 19 ਮਨੋਰੋਗ ਮਾਹਿਰਾਂ ਦੀ ਭਰਤੀ ਲਈ ਰੱਖੀ ਇੰਟਰਵਿਊ ਵਿਚ ਤਿੰਨ ਉਮੀਦਵਾਰਾਂ ਨੇ ਨੌਕਰੀ ਲਈ ਹਾਮੀ ਭਰੀ ਸੀ ਪਰ ਉਹ ਵੀ ਆਪਣਾ ਨਿਯੁਕਤੀ ਪੱਤਰ ਲੈਣ ਲਈ ਨਹੀਂ ਆਏ ਹਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧਕੀ ਨਿਰਦੇਸ਼ਕ ਹੁਸਨ ਲਾਲ ਦਾ ਕਹਿਣਾ ਹੈ ਕਿ ਸਰਕਾਰ ਦੀ ਮੁਹਿੰਮ ਕਾਫ਼ੀ ਹੱਦ ਤੱਕ ਸਫਲ ਹੋਈ ਹੈ, ਜਿਸ ਕਾਰਨ ਓ.ਪੀ.ਡੀ. ਵਿਚ ਮਰੀਜ਼ਾਂ ਦੀ ਗਿਣਤੀ ਘਟੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ ਗੰਭੀਰ ਮਰੀਜ਼ਾਂ ਨੂੰ ਹੀ ਦਾਖਲ ਕੀਤਾ ਜਾ ਰਿਹਾ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਨੇ ਕਿਹਾ ਹੈ ਕਿ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਪੀ.ਜੀ.ਆਈ. ਤੋਂ ਗਾਈਡਲਾਈਨਜ਼ ਮੰਗੀਆਂ ਗਈਆਂ ਹਨ।

## ਪੰਜਾਬ ਦਾ ਜੇਲ੍ਹ ਅਮਲਾ ਹੀ ਨਿਕਲਿਆ ਨਸ਼ੇੜੀ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਹਵਾਲਾਤੀਆਂ ਨੂੰ ਮਿਲਣ ਵਾਲੇ ਨਸ਼ੇ 'ਤੇ ਕਾਬੂ ਪਾਉਣ ਲਈ ਜੇਲ੍ਹ ਵਿਭਾਗ ਵੱਲੋਂ ਤਾਇਨਾਤ ਸੁਰੱਖਿਆ ਅਮਲਾ ਹੀ ਨਸ਼ਿਆਂ ਵਿਚ ਫਸਿਆ ਹੋਇਆ ਹੈ। ਸਰਕਾਰ ਨੂੰ ਪਹਿਲਾਂ ਸਿਰਫ ਸ਼ੱਕ ਸੀ ਕਿ ਜੇਲ੍ਹਾਂ ਅੰਦਰ ਨਸ਼ੇ ਮਿਲਣ ਪਿੱਛੇ ਸਟਾਫ ਦਾ ਹੱਥ ਹੈ ਪਰ ਹੁਣ ਇਹਦੀ ਅਸਲੀਅਤ ਜੱਗ ਜ਼ਾਹਿਰ ਹੋ ਗਈ ਹੈ। ਜੇਲ੍ਹ ਸਟਾਫ ਦੇ ਪਹਿਲੀ ਵਾਰ ਕੀਤੇ ਗਏ ਡੋਪ ਟੈਸਟ ਨੇ ਸਰਕਾਰ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਡੋਪ ਟੈਸਟ ਦੌਰਾਨ ਕਪੂਰਥਲਾ ਜੇਲ੍ਹ ਦੇ ਚਾਰ ਵਾਰਡਨ, ਫਿਰੋਜ਼ਪੁਰ ਜੇਲ੍ਹ ਦੇ ਦੋ ਵਾਰਡਨ ਤੇ ਪੈਸਕੋ ਰਾਹੀਂ ਜੇਲ੍ਹ ਦੀ ਸੁਰੱਖਿਆ ਵਿਚ ਤਾਇਨਾਤ ਛੇ ਸਾਬਕਾ ਫੌਜੀ ਵੀ ਪਾਜ਼ੇਟਿਵ ਪਾਏ ਗਏ। ਅੰਮ੍ਰਿਤਸਰ ਜੇਲ੍ਹ ਦੇ ਵੀ ਕਈ ਮੁਲਾਜ਼ਮ ਨਸ਼ੇ ਦੇ ਆਦੀ ਮਿਲੇ ਹਨ। ਹੋਰਨਾਂ ਜੇਲ੍ਹਾਂ ਦੇ ਟੈਸਟਾਂ ਦੇ ਨਤੀਜਿਆਂ ਦੀ ਉਡੀਕ ਕੀਤੀ ਜਾ ਰਹੀ ਹੈ। ਡੋਪ ਟੈਸਟ ਦੇ ਨਤੀਜਿਆਂ ਤੋਂ ਪ੍ਰੇਸ਼ਾਨ ਜੇਲ੍ਹ ਪ੍ਰਸ਼ਾਸਨ ਨੇ ਜੇਲ੍ਹਾਂ ਵਿਚ ਹੋਰ ਮੁਲਾਜ਼ਮਾਂ ਦੇ ਟੈਸਟ ਕਰਨ ਤੇ ਨਸ਼ਿਆਂ ਦੀ ਆਮਦ ਨੂੰ ਰੋਕਣ ਲਈ ਹਰੇਕ ਜੇਲ੍ਹ ਵਿਚ ਐਂਟੀ ਡਰੱਗਸ ਸੈੱਲ ਸਥਾਪਤ ਕਰਨ ਦੇ ਹੁਕਮ ਦਿੱਤੇ ਹਨ। ਕਿਸੇ ਸਰਕਾਰੀ ਵਿਭਾਗ ਵਿਚ ਅਜਿਹੇ ਸੈੱਲ ਪਹਿਲੀ ਵਾਰ ਕਾਇਮ ਕੀਤੇ ਜਾਣਗੇ। ਜੇਲ੍ਹ ਵਿਭਾਗ ਨੇ ਡੋਪ ਟੈਸਟ ਵਿਚ ਫੜੇ ਗਏ ਜੇਲ੍ਹ ਵਾਰਡਨਾਂ ਨੂੰ ਨੋਟਿਸ ਜਾਰੀ ਕਰਕੇ ਇਲਾਜ ਕਰਾਉਣ ਜਾਂ ਕਾਰਵਾਈ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਪੈਸਕੋ ਤੋਂ ਠੇਕੇ 'ਤੇ ਲਏ ਗਏ ਗਾਰਡਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਪੁੱਛਿਆ ਗਿਆ ਹੈ ਕਿ ਉਨ੍ਹਾਂ ਨੂੰ ਨੌਕਰੀ ਤੋਂ ਕਿਉਂ ਨਾ ਬਰਖਾਸਤ ਕਰ ਦਿੱਤਾ ਜਾਵੇ। ਏ.ਡੀ.ਜੀ.ਪੀ. (ਜੇਲ੍ਹਾਂ) ਆਰ.ਐਸ. ਮੀਨਾ, ਜਿਨ੍ਹਾਂ ਨੇ ਸ਼ੱਕ ਪੈਣ 'ਤੇ ਜੇਲ੍ਹ ਅਮਲੇ ਦੇ ਟੈਸਟ ਕਰਾਉਣ ਦੇ ਹੁਕਮ ਦਿੱਤੇ ਸਨ, ਨੇ ਕਿਹਾ ਕਿ ਜੇਲ੍ਹ ਵਿਭਾਗ ਵਿਚ ਅਜਿਹੇ ਟੈਸਟ ਪਹਿਲੀ ਵਾਰ ਹੋਏ ਹਨ ਤੇ ਉਨ੍ਹਾਂ ਉਮੀਦ ਜਤਾਈ ਕਿ ਹੋਰ ਮਹਿਕਮੇ ਵੀ ਆਪਣੇ ਮੁਲਾਜ਼ਮਾਂ ਦਾ ਟੈਸਟ ਕਰਾਉਣਗੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਆਦਤ ਸਿਰਫ ਹਵਾਲਾਤੀਆਂ ਵਿਚ ਨਹੀਂ ਹੈ।

# ਮੋਗਾ ਮੁਕਾਬਲਾ: ਚੰਡੀਗੜ੍ਹ ਪੁਲਿਸ ਨੂੰ ਕਲੀਨ ਚਿੱਟ




**ਚੰਡੀਗੜ੍ਹ:** ਚੰਡੀਗੜ੍ਹ ਦੀ ਅਪਰਾਧ ਸ਼ਾਖਾ ਦੇ ਪੁਲਿਸ ਅਧਿਕਾਰੀਆਂ ਨੂੰ ਆਪਣੇ ਦੁਸ਼ਮਣ ਸਮਝ ਕੇ ਗੋਲੀ ਚਲਾਉਣ ਕਾਰਨ ਮੋਗਾ ਗੋਲੀ ਕਾਂਡ ਵਾਪਰਿਆ ਸੀ। ਚੰਡੀਗੜ੍ਹ ਪੁਲਿਸ ਦੀ ਅਪਰਾਧ ਸ਼ਾਖਾ ਦੀ ਟੀਮ ਨਾਲ ਮੋਗਾ ਵਿਖੇ 25 ਜੂਨ ਨੂੰ ਹੋਏ ਮੁਕਾਬਲੇ ਦੀ ਮੈਜਿਸਟਰੇਟੀ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਏ ਹਨ। ਦੱਸਣਯੋਗ ਹੈ ਕਿ 25 ਜੂਨ ਨੂੰ ਹੋਏ ਇਸ ਮੁਕਾਬਲੇ ਦੌਰਾਨ ਸੁਖਦੇਵ ਸਿੰਘ ਕਾਰ ਬਜ਼ਾਰ ਵਾਲੇ ਤੇ ਉਸ ਦਾ ਸਾਥੀ ਇੰਦਰਜੀਤ ਸਿੰਘ ਉਰਫ ਗੋਰਾ ਹਲਾਕ ਹੋ ਗਏ ਸਨ। ਦੂਜੇ ਪਾਸੇ ਚੰਡੀਗੜ੍ਹ ਪੁਲਿਸ ਦੀ ਅਪਰਾਧ ਸ਼ਾਖਾ ਦੇ ਸਬ ਇੰਸਪੈਕਟਰ ਰਾਜਦੀਪ ਸਿੰਘ ਤੇ ਸਿਪਾਹੀ ਸੁਰਿੰਦਰ ਕੁਮਾਰ ਗੋਲੀਆਂ ਵੱਜਣ ਕਾਰਨ ਗੰਭੀਰ ਜ਼ਖ਼ਮੀ ਹੋ ਗਏ ਸਨ। ਮੋਗਾ ਦੇ ਐਸ.ਡੀ.ਐਮ. ਵੱਲੋਂ ਕੀਤੀ ਗਈ ਮੈਜਿਸਟਰੇਟੀ ਜਾਂਚ ਦੀ ਰਿਪੋਰਟ ਉਨ੍ਹਾਂ ਪਿਛਲੇ ਦਿਨੀਂ ਜ਼ਿਲ੍ਹਾ ਮੈਜਿਸਟਰੇਟ ਨੂੰ ਸੌਂਪ ਦਿੱਤੀ ਸੀ ਜੋ ਹੁਣ ਅਗਲੀ ਕਾਰਵਾਈ ਲਈ ਮੋਗਾ ਦੇ ਐਸ.ਐਸ.ਪੀ. ਨੂੰ ਸੌਂਪੀ ਗਈ ਹੈ। ਸੂਤਰਾਂ ਮੁਤਾਬਕ ਰਿਪੋਰਟ ਵਿਚ ਇਹ ਸਿੱਟਾ ਕੱਢਿਆ ਹੈ ਕਿ ਸੁਖਦੇਵ ਸਿੰਘ ਨੇ ਭੁਲੇਖੇ ਨਾਲ ਚੰਡੀਗੜ੍ਹ ਦੀ ਅਪਰਾਧ ਸ਼ਾਖਾ ਦੀ ਪੁਲਿਸ ਉਪਰ ਗੋਲੀ ਚਲਾਈ ਜਾਪਦੀ ਹੈ। ਰਿਪੋਰਟ ਅਨੁਸਾਰ ਸੁਖਦੇਵ ਸਿੰਘ ਦੀ ਪਿੰਡ ਸਿੰਘਾਂਵਾਲਾ ਵਿਖੇ ਦੁਸ਼ਮਣੀ ਸੀ ਤੇ ਘਟਨਾ ਮੌਕੇ ਉਸ ਨੇ ਪੁਲਿਸ ਵਾਲਿਆਂ ਨੂੰ ਸ਼ਾਇਦ ਆਪਣੇ ਦੁਸ਼ਮਣ ਸਮਝ ਲਿਆ ਸੀ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਮੌਕੇ ਦੇ ਗਵਾਹ ਸੁਖਪਾਲ ਸਿੰਘ ਉਰਫ ਖ਼ੁਸ਼ਪਿੰਦਰ ਸਿੰਘ ਅਨੁਸਾਰ ਸੁਖਦੇਵ ਸਿੰਘ ਨੂੰ ਉਨ੍ਹਾਂ ਨੇ ਘਟਨਾ ਮੌਕੇ ਆਵਾਜ਼ ਦਿੱਤੀ ਸੀ ਕਿ ਗੋਲੀ ਨਾ ਚਲਾਓ, ਉਹ ਕਰਾਈਮ ਬ੍ਰਾਂਚ ਚੰਡੀਗੜ੍ਹ ਤੋਂ ਹਨ।

ਚੰਡੀਗੜ੍ਹ ਪੁਲਿਸ ਦੇ ਬਾਕੀ ਸਾਰੇ ਜਵਾਨਾਂ ਮੁਤਾਬਕ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਟੀਮ ਦੇ ਇੰਚਾਰਜ ਇੰਸਪੈਕਟਰ ਰਣਜੋਧ ਸਿੰਘ ਨੇ ਵੀ ਆਵਾਜ਼ ਦਿੱਤੀ ਸੀ ਕਿ ਗੋਲੀ ਨਾ ਚਲਾਈ ਜਾਵੇ। ਇਸ ਘਟਨਾ ਦੀ ਪੁਲਿਸ ਵੱਲੋਂ ਬਣੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਖਰੇ ਤੌਰ 'ਤੇ ਜਾਂਚ ਕਰ ਰਹੀ ਹੈ। ਚੇਤੇ ਕਰਵਾਇਆ ਜਾਂਦਾ ਹੈ ਕਿ ਸੈਕਟਰ-22 ਵਿਖੇ ਇਕ ਮੁੰਡੇ ਦੀ ਕੁੱਟਮਾਰ ਕਰਨ ਦੇ ਮਾਮਲੇ ਵਿਚ ਚੰਡੀਗੜ੍ਹ ਦੀ ਕਰਾਈਮ ਬ੍ਰਾਂਚ ਦੀ ਟੀਮ 25 ਜੂਨ ਨੂੰ ਦੋ ਮੁਲਜ਼ਮਾਂ ਖ਼ੁਸ਼ਵਿੰਦਰ ਸਿੰਘ ਤੇ ਗੁਰਚਰਨ ਸਿੰਘ ਉਰਫ ਰਿੰਕੂ ਨੂੰ ਮੋਗੇ ਤੋਂ ਗ੍ਰਿਫ਼ਤਾਰ ਕਰਨ ਗਈ ਸੀ, ਜਿਸ ਦੌਰਾਨ ਇਹ ਮੁਕਾਬਲਾ ਹੋਇਆ ਸੀ।

# ਪਰਲ ਗਰੁਪ ਨੂੰ ਨਿਵੇਸ਼ਕਾਂ ਦੇ ਪੈਸੇ ਮੋੜਨ ਦੇ ਹੁਕਮ

**ਚੰਡੀਗੜ੍ਹ:** ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੇ ਪਰਲ ਐਗਰੋਟੈਕ ਕਾਰਪੋਰੇਸ਼ਨ ਲਿਮਟਿਡ (ਪੀ.ਏ.ਸੀ.ਐਲ.) ਦੀਆਂ ਕੁਲੈਕਟਿਵ ਇਨਵੈਸਟਮੈਂਟ ਸਕੀਮਾਂ (ਸੀ.ਆਈ.ਐਸ.) ਉਪਰ ਰੋਕ ਲਾ ਕੇ ਲੱਖਾਂ ਨਿਵੇਸ਼ਕਾਂ ਦੇ ਤਕਰੀਬਨ 45 ਹਜ਼ਾਰ ਕਰੋੜ ਰੁਪਏ ਵਿਆਜ ਸਮੇਤ ਵਾਪਸ ਕਰਨ ਦੇ ਹੁਕਮ ਦਿੱਤੇ ਹਨ। ਦੱਸਣਯੋਗ ਹੈ ਕਿ ਇਨ੍ਹਾਂ ਵਿਚੋਂ ਲੱਖਾਂ ਨਿਵੇਸ਼ਕ ਪੰਜਾਬ ਨਾਲ ਸਬੰਧਤ ਹਨ। ਸੇਬੀ ਦੇ ਇਸ ਵੱਡੇ ਫੈਸਲੇ ਮੁਤਾਬਕ ਕੰਪਨੀ ਨੇ ਕੁਝ ਨਿਵੇਸ਼ਕਾਂ ਨੂੰ ਜ਼ਮੀਨ ਮੁਹੱਈਆ ਕੀਤੀ ਹੈ ਤੇ ਕਈਆਂ ਨਾਲ ਅਜਿਹਾ ਵਾਅਦਾ ਵੀ ਕੀਤਾ ਹੈ।



ਦੱਸਣਯੋਗ ਹੈ ਕਿ ਪੀ.ਏ.ਸੀ.ਐਲ. ਤੇ ਇਸ ਦੇ ਪ੍ਰਬੰਧਕਾਂ ਖਿਲਾਫ਼ ਸੀ.ਬੀ.ਆਈ. ਵੀ ਵੱਖਰੇ ਤੌਰ 'ਤੇ ਜਾਂਚ ਕਰ ਰਹੀ ਹੈ। ਪਰਲ ਗਰੁੱਪ ਦੇ ਐਮ.ਡੀ. ਨਿਰਮਲ ਸਿੰਘ ਭੰਗੂ ਦੀ ਅਗਵਾਈ ਹੇਠ ਇਸ ਗਰੁੱਪ ਵੱਲੋਂ ਪੰਜਾਬ ਵਿਚ ਕਈ ਵੱਡੇ ਪ੍ਰਾਜੈਕਟ ਲਾਏ ਗਏ ਹਨ। ਕੰਪਨੀ ਉਪਰ ਦੋਸ਼ ਲੱਗੇ ਹਨ ਕਿ ਜ਼ਮੀਨ ਦੇਣ ਦਾ ਵਾਅਦਾ ਕਰਕੇ ਲੋਕਾਂ ਕੋਲੋਂ ਪੈਸੇ ਇਕੱਠੇ ਕੀਤੇ ਸਨ। ਕੰਪਨੀ ਵੱਲੋਂ ਛੇ ਸਾਲਾਂ ਵਿਚ ਰਕਮ ਦੁੱਗਣੀ ਕਰਨ ਦਾ ਝਾਂਸਾ ਦਿੱਤਾ ਸੀ। ਸੇਬੀ ਨੇ ਹੁਣ ਇਸ ਕੰਪਨੀ ਨੂੰ ਆਪਣੀਆਂ ਸਾਰੀਆਂ ਸਕੀਮਾਂ ਬੰਦ ਕਰਕੇ ਤਿੰਨ ਮਹੀਨਿਆਂ ਵਿਚ ਵਿਆਜ ਸਮੇਤ ਰਕਮ ਵਾਪਸ ਕਰਨ ਲਈ ਆਖਿਆ ਹੈ। ਸੇਬੀ ਨੇ ਰਾਸ਼ੀ ਵਾਪਸ ਕਰਨ ਦੀ ਰਿਪੋਰਟ ਵੀ ਤਲਬ ਕੀਤੀ ਹੈ। ਇਸ ਤੋਂ ਇਲਾਵਾ ਕੰਪਨੀ ਦੀ ਪੂਰੀ ਜਾਇਦਾਦ ਦੇ ਵੇਰਵੇ ਵੀ ਤਲਬ ਕੀਤੇ ਹਨ। ਇਨ੍ਹਾਂ ਹੁਕਮਾਂ ਅਨੁਸਾਰ ਕੰਪਨੀ ਦੀ ਜਾਇਦਾਦ ਸਿਰਫ ਨਿਵੇਸ਼ਕਾਂ ਦੀ ਰਾਸ਼ੀ ਵਾਪਸ ਕਰਨ ਲਈ ਹੀ ਵੇਚੀ ਜਾ ਸਕਦੀ ਹੈ।

# ਗੁਮਨਾਮ ਜ਼ਿੰਦਗੀ ਜੀਅ ਰਹੇ ਨੇ ਅਫਗਾਨਿਸਤਾਨ ਦੇ ਸਿੱਖ



**ਕਾਬੁਲ:** ਅਫ਼ਗਾਨਿਸਤਾਨ ਵਿਚ ਸਿੱਖਾਂ ਨੂੰ ਬੜੇ ਮਾੜੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਘੱਟ-ਗਿਣਤੀਆਂ ਦੀ ਸਰਕਾਰੇ-ਦਰਬਾਰੇ ਕੋਈ ਪੁੱਛ-ਪ੍ਰਤੀਤ ਨਹੀਂ। ਸਿੱਖਿਆ, ਰੁਜ਼ਗਾਰ, ਕਾਰੋਬਾਰ ਆਦਿ ਪੱਖੋਂ ਇਨ੍ਹਾਂ ਨਾਲ ਲਗਾਤਾਰ ਸ਼ੋਸ਼ਣ ਤੇ ਵਿਤਕਰਾ ਹੋ ਰਿਹਾ ਹੈ। ਥੋੜ੍ਹੇ ਦਿਨ ਪਹਿਲਾਂ ਜਹਾਜ਼ ਵਿਚ ਲੁਕ ਕੇ ਇੰਗਲੈਂਡ ਪੁੱਜੇ ਸਿੱਖਾਂ ਦੀ ਘਟਨਾ ਨੇ ਇਕ ਵਾਰ ਫਿਰ ਇਨ੍ਹਾਂ ਦੀ ਹਾਲਤ ਵੱਲ ਸਭ ਦਾ ਧਿਆਨ ਖਿੱਚਿਆ ਹੈ। ਇੰਗਲੈਂਡ ਵਿਚ ਪੁੱਛ-ਪੜਤਾਲ ਦੌਰਾਨ ਸਿੱਖਾਂ ਨੇ ਦੱਸਿਆ ਕਿ ਅਫ਼ਗਾਨਿਸਤਾਨ ਵਿਚ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਉਹ ਕਹਿੰਦੇ ਹਨ ਕਿ ਬਹੁ-ਗਿਣਤੀ ਮੁਸਲਮਾਨਾਂ ਹੱਥੋਂ ਉਨ੍ਹਾਂ ਨਾਲ ਰੱਜ ਕੇ ਵਿਤਕਰਾ ਹੋ ਰਿਹਾ ਹੈ। ਸਿੱਖ ਬੱਚਿਆਂ ਨੂੰ ਸਕੂਲਾਂ ਵਿਚ ਵੜਨ ਦੀ ਇਜਾਜ਼ਤ ਨਹੀਂ। ਜੇਕਰ ਉਹ ਹੌਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਡਰਾਇਆ-ਧਮਕਾਇਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਵੀ ਵਾਪਰੀਆਂ ਹਨ ਜਦ ਮੁਸਲਮਾਨ ਬੱਚਿਆਂ ਨੇ ਉਨ੍ਹਾਂ ਦੇ ਕੇਸ ਕੱਟ ਦਿੱਤੇ।

ਸਿੱਖ ਔਰਤਾਂ ਘਰੋਂ ਬਾਹਰ ਨਹੀਂ ਨਿਕਲਦੀਆਂ ਕਿਉਂਕਿ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਵਿਤਕਰੇ ਦਾ ਸ਼ਿਕਾਰ ਕਈ ਸਿੱਖ ਜਿਹੜੇ ਪਹਿਲਾਂ ਅਮੀਰ ਕਾਰੋਬਾਰੀ ਸਨ, ਹੁਣ ਮਜ਼ਦੂਰ ਬਣ ਕੇ ਰਹਿ ਗਏ ਹਨ।

ਕਈ ਸਿੱਖ ਬੱਚਿਆਂ ਨੇ ਦੱਸਿਆ ਹੈ ਕਿ ਪਠਾਣ ਸਾਨੂੰ ਕੁੱਟਦੇ ਹਨ ਤੇ ਡਰਾਉਂਦੇ ਹਨ। ਸਿੱਖ ਪਰਵਾਰਾਂ ਨੂੰ ਇਸਲਾਮ ਧਰਮ ਕਬੂਲਣ ਲਈ ਵਾਰ-ਵਾਰ ਕਿਹਾ ਜਾਂਦਾ ਹੈ। ਅਫ਼ਗਾਨਿਸਤਾਨ ਵਿਚ ਹਿੰਦੂ ਅਤੇ ਸਿੱਖ ਕੌਂਸਲ ਦੇ ਮੁਖੀ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਅਫ਼ਗਾਨਿਸਤਾਨ ਵਿਚ ਹੁਣ ਤਕਰੀਬਨ 500 ਸਿੱਖ ਪਰਿਵਾਰ ਬਚੇ ਹਨ ਜਿਹੜੇ ਗੁਮਨਾਮੀ ਦੀ ਜ਼ਿੰਦਗੀ ਜੀਅ ਰਹੇ ਹਨ। ਦੁੱਖ ਦੀ ਗੱਲ ਹੈ ਕਿ ਉਨ੍ਹਾਂ ਕੋਲ ਦੇਸ਼ ਛੱਡ ਕੇ ਜਾਣ ਜੋਗੇ ਪੈਸੇ ਵੀ ਨਹੀਂ।

ਉਨ੍ਹਾਂ ਵੱਖ-ਵੱਖ ਮੰਤਰੀਆਂ ਨਾਲ ਗੱਲਬਾਤ ਵੀ ਕੀਤੀ ਹੈ ਪਰ ਕੋਈ ਵੀ ਮਦਦ ਲਈ ਅੱਗੇ ਨਹੀਂ ਆਇਆ। ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਭਾਰਤ ਦੀਆਂ ਕਈ ਗੁਰਦੁਆਰਾ ਕਮੇਟੀਆਂ ਨੂੰ ਵੀ ਮਦਦ ਲਈ ਕਿਹਾ ਪਰ ਉਨ੍ਹਾਂ ਨੇ ਵੀ ਦਿਲਚਸਪੀ ਨਹੀਂ ਵਿਖਾਈ। ਅਵਤਾਰ ਸਿੰਘ ਖ਼ੁਦ ਇਸ ਨਫ਼ਰਤ ਤੇ ਵਿਤਕਰੇਬਾਜ਼ੀ ਦਾ ਸ਼ਿਕਾਰ ਹਨ। ਉਨ੍ਹਾਂ ਇਸ ਜੰਗ ਵਿਚ ਪਰਿਵਾਰ ਦੇ 16 ਜੀਅ ਗੁਆਏ ਹਨ ਪਰ ਫਿਰ ਉਹ ਇਥੋਂ ਦੇ ਸਿੱਖ ਭਰਾਵਾਂ ਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੇ।

ਦੱਸਣਯੋਗ ਹੈ ਕਿ ਪਿਛਲੇ ਹਫਤੇ ਬਰਤਾਨੀਆ ਦੀ ਬੰਦਰਗਾਹ ਉਤੇ ਜਹਾਜ਼ ਵਿਚ ਲੁਕ ਕੇ ਪੁੱਜੇ 35 ਅਫਗਾਨ ਸਿੱਖਾਂ ਨੂੰ ਸਥਾਨਕ ਪੁਲਿਸ ਨੇ ਕਾਬੂ ਕਰ ਲਿਆ ਸੀ। ਬ੍ਰਿਟਿਸ਼ ਪੁਲਿਸ ਮੁਤਾਬਕ ਇਹ ਲੋਕ 'ਮਨੁੱਖੀ ਸਮਗਲਿੰਗ' ਦਾ ਸ਼ਿਕਾਰ ਬਣੇ ਹਨ। ਸ਼ੁਰੂਆਤੀ ਪੜਤਾਲ ਦੌਰਾਨ ਬ੍ਰਿਟਿਸ਼ ਪੁਲਿਸ ਨੇ ਸਮਝਿਆ ਕਿ ਇਹ ਲੋਕ ਭਾਰਤ ਤੋਂ ਆਏ ਹਨ। ਇਥੇ ਪੁੱਜੇ ਪੈਂਤੀ ਵਿਅਕਤੀਆਂ ਵਿਚੋਂ ਇਕ ਦੀ ਮੌਤ ਹੋ ਗਈ ਸੀ ਤੇ ਇਸ ਮਾਮਲੇ ਦੀ ਜਾਂਚ ਜਾਰੀ ਹੈ। ਇਥੇ ਪੁੱਜਣ ਮੌਕੇ ਇਹ ਲੋਕ ਪੂਰੀ ਤਰ੍ਹਾਂ ਨਿਢਾਲ ਹੋ ਚੁੱਕੇ ਸਨ ਤੇ ਪਾਣੀ ਤੇ ਖ਼ੂਨ ਦੀ ਕਮੀ ਦਾ ਸ਼ਿਕਾਰ ਸਨ। ਹਸਪਤਾਲ ਵਿਚ ਮੁਢਲੀ ਸਹਾਇਤਾ ਦੇਣ ਉਪਰੰਤ ਇਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਐਸੈਕਸ ਪੁਲਿਸ ਇਸ ਤਰ੍ਹਾਂ ਦੀ ਘਟਨਾ ਤੋਂ ਬੇਹੱਦ ਹੈਰਾਨ ਹੈ ਤੇ ਇੰਟਰਪੋਲ ਤੇ ਹੋਰ ਏਜੰਸੀਆਂ ਦੀ ਸਹਾਇਤਾ ਲਈ ਜਾ ਰਹੀ ਹੈ। ਭਾਰਤੀ ਸਫਾਰਤਖਾਨੇ ਦਾ ਅਮਲਾ ਇਨ੍ਹਾਂ ਲੋਕਾਂ ਦੀ ਨਾਗਰਿਕਤਾ ਨਿਰਧਾਰਤ ਕਰਨ ਲਈ ਬ੍ਰਿਟਿਸ਼ ਅਧਿਕਾਰੀਆਂ ਦੇ ਸੰਪਰਕ ਵਿਚ ਹੈ। ਐਸੈਕਸ ਪੁਲਿਸ ਦੇ ਸੁਪਰਡੈਂਟ ਟਰੈਵਰ ਰੋਜ ਨੇ ਦੱਸਿਆ ਕਿ ਉਹ ਇਨ੍ਹਾਂ ਲੋਕਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾਉਣ ਲਈ ਯਤਨਸ਼ੀਲ ਹਨ ਤੇ ਇਸ ਘਟਨਾ ਪਿੱਛੇ ਦੋਸ਼ੀਆਂ ਦੀ ਭਾਲ ਕਰਕੇ ਮਾਮਲੇ ਦੀ ਤਹਿ ਤੱਕ ਪੁੱਜਿਆ ਜਾਵੇਗਾ।

ਸਿੱਖ ਆਗੂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਹੱਕਾਂ ਦਾ ਘਾਣ ਹੁੰਦਾ ਹੈ ਤੇ ਅਫਗਾਨ ਲੋਕ ਉਨ੍ਹਾਂ ਨਾਲ ਬੁਰਾ ਵਿਹਾਰ ਕਰਦੇ ਹਨ। ਉਨ੍ਹਾਂ ਨਾਲ ਵਿਤਕਰਾ ਹੁੰਦਾ ਹੈ, ਉਨ੍ਹਾਂ ਦੇ ਬੱਚੇ ਸਕੂਲ ਨਹੀਂ ਜਾ ਸਕਦੇ। ਜ਼ਮੀਨਾਂ ਖੋਹ ਲਈਆਂ ਜਾਂਦੀਆਂ ਹਨ। ਇਸ ਕਰਕੇ ਬਹੁਤੇ ਸਿੱਖ ਅਫਗਾਨਿਸਤਾਨ ਵਿਚੋਂ ਭੱਜਣ ਲਈ ਮਜਬੂਰ ਹੋ ਰਹੇ ਹਨ। ਅਫਗਾਨਿਸਤਾਨ ਵਿਚ ਸਿੱਖ ਕਾਬੁਲ, ਜਲਾਲਾਬਾਦ ਤੇ ਕੰਧਾਰ ਵਿਚ ਹੀ ਹਨ ਤੇ ਉਹ ਮਜ਼ਦੂਰੀ, ਕੱਪੜਿਆਂ ਦਾ ਜਾਂ ਰਵਾਇਤੀ ਦਵਾਈਆਂ ਦਾ ਕਾਰੋਬਾਰ ਕਰਦੇ ਹਨ।

# ਮਿੱਝ ਕੱਢਣਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਹੋਰ ਸ਼ਬਦਾਂ ਦੀ ਮਿੱਝ ਕਢਦੇ ਰਹੀਦਾ ਹੈ, ਕਿਉਂ ਨਾ ਅੱਜ ਮਿੱਝ ਦੀ ਮਿੱਝ ਕੱਢੀ ਜਾਵੇ। ਕਿਸੇ ਵਿਸ਼ੇ ਦੀ ਲੋੜੋਂ ਵਧ ਪੜਤਾਲ ਕਰਨ ਜਾਂ ਖਿਚ-ਧੂਹ ਨੂੰ ਵੀ ਮਿੱਝ ਕੱਢਣਾ ਕਹਿ ਦੇਈਦਾ ਹੈ। ਕਚੂਮਰ ਕੱਢਣਾ ਦੇ ਵੀ ਲਗਭਗ ਇਹੋ ਅਰਥ ਹਨ। ਕੁਝ ਥਾਂਵਾਂ 'ਤੇ ਇਸ ਸ਼ਬਦ ਦਾ ਰੂਪ ਮਿੰਜ ਵੀ ਮਿਲਦਾ ਹੈ ਤੇ ਸ਼ਬਦ ਜੋੜ ਮਿੱਝ ਵੀ ਚਲਦਾ ਹੈ। ਗਹਿਗੱਚ ਲੜਾਈ ਵਿਚ ਮਿੱਝ ਹੀ ਮਿੱਝ ਪਈ ਦਿਸਦੀ ਹੈ, ਵੀਭਤਸ ਰਸ ਮਿੱਝ ਦੇ ਦ੍ਰਿਸ਼ ਤੋਂ ਬਿਨਾ ਉਜਾਗਰ ਹੀ ਨਹੀਂ ਹੋ ਸਕਦਾ, "ਰਣ ਵਿਚ ਘੱਤੀ ਘਾਣੀ ਲੋਹੂ ਮਿਝ ਦੀ।" (ਚੰਡੀ ਦੀ ਵਾਰ) ਨਜਾਬਤ ਰਚਿਤ ਨਾਦਰ ਸ਼ਾਹ ਦੀ ਵਾਰ ਲੈ ਲਵੋ,

ਓਥੇ ਨਾਲੇ ਵਗੇ ਸਨ ਰੱਤ ਦੇ,
ਮਿੱਝ ਬੇਹਿਸਾਬੀ,
ਭਰ ਖੱਪਰ ਪੀਤੇ ਜੋਗਣਾਂ,
ਬਹੁੰ ਹੋਈ ਸਾਂ ਰਾਜ਼ੀ।

ਹੋਰ ਤਾਂ ਹੋਰ ਵਾਰਿਸ ਵੀ ਮਿੱਝ ਤੋਂ ਬਿਨਾਂ ਦਵੰਦ ਦੀ ਘੋਰਤਾ ਨਹੀਂ ਦਰਸਾ ਸਕਦਾ,

ਸਣੇ ਜੋਗੀ ਦੇ ਮਾਰ ਕੇ ਮਿੱਝ ਕੱਢੂੰ,
ਜੈਦੀ ਚਾਵੜਾਂ ਪਈ ਦਖਾਵਨੀ ਹੈਂ।
ਤੇਰਾ ਯਾਰ ਜਾਨੀ ਅਸਾਂ ਨਾ ਭਾਵੇ,
ਹੁਣੇ ਹੋਰ ਕੀ ਮੂੰਹੋਂ ਅਖਾਵਨੀ ਹੈਂ।
ਸੱਭਾ ਅੜਤਨੇ ਪੜਤਨੇ ਪਾੜ ਸੁੱਟੂੰ,
ਐਵੇਂ ਸ਼ੇਖੀਆਂ ਪਈ ਜਗਾਵਨੀ ਹੈਂ।
ਦੇਖ ਜੋਗੀ ਨੂੰ ਮਾਰ ਖਦੇੜ ਕੱਢਾਂ ਦੇਖਾਂ,
ਓਸ ਨੂੰ ਆ ਛਡਾਵਨੀ ਹੈਂ।

ਮੋਟੇ ਤੌਰ 'ਤੇ ਮਿੱਝ ਹੱਡੀਆਂ ਦੇ ਗੁੱਦੇ ਨੂੰ ਆਖਿਆ ਜਾਂਦਾ ਹੈ। ਮੀਟ ਦੀਆਂ ਸੰਘੀਆਂ ਚੂਸਣ ਵਾਲਿਆਂ ਨੂੰ ਪਤਾ ਹੈ ਕਿ ਇਹ ਕਿੰਨੀ ਸੁਆਦੀ ਹੁੰਦੀ ਹੈ। ਹੱਡੀਆਂ ਚੂਸਣਾ ਮੁਹਾਵਰੇ ਵਿਚ ਵੀ ਅਸਲ ਵਿਚ ਮਿੱਝ ਚੂਸਣ ਵੱਲ ਹੀ ਸੰਕੇਤ ਹੈ। ਇਹ ਗੁੱਦਾ ਨਰਮ, ਚਰਬੀਲਾ ਅਤੇ ਬਰੀਕ ਧਮਨੀਆਂ ਭਰਿਆ ਹੁੰਦਾ ਹੈ। ਮਿੱਝ ਇਕ ਤਰ੍ਹਾਂ ਲਹੂ ਬਣਾਉਣ ਵਾਲੀ ਫੈਕਟਰੀ ਹੈ। ਉਂਜ ਮਿੱਝ ਸਰੀਰ ਵਿਚਲੀ ਚਰਬੀ ਜਾਂ ਵਸਾ ਨੂੰ ਵੀ ਆਖ ਦਿੰਦੇ ਹਾਂ। ਬ੍ਰਿਛ, ਪੌਦੇ ਆਦਿ ਦੇ ਰਸ 'ਤੇ ਵੀ ਮਿੱਝ ਸ਼ਬਦ ਢੁਕਾਇਆ ਗਿਆ ਹੈ। ਆਯੁਰਵੇਦ ਅਨੁਸਾਰ ਮਿੱਝ ਤੋਂ ਹੀ ਸ਼ੁਕਰਾਣੂ ਬਣਦੇ ਹਨ। ਮਿੱਝ ਦਾ ਸੰਸਕ੍ਰਿਤ ਰੂਪ ਮੱਜਾ ਹੈ ਤੇ ਇਸ ਦਾ ਧਾਤੂ ਮੱਜ ਹੈ ਜਿਸ ਦਾ ਅਰਥ ਡੁੱਬਣਾ, ਚੁਭੀ ਮਾਰਨਾ ਆਦਿ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਕਈ ਰੂਪਾਂ ਵਿਚ ਆਇਆ ਹੈ ਜਿਵੇਂ ਮਜਨ, ਮਜਨਿ, ਮਜਨੁ, ਮਜਨਾ, ਮਜਨਾਇਆ, ਮਜਨਾਗਾ, ਮਜਨੀਠਾ ਆਦਿ। ਪਾਣੀ ਵਿਚ ਚੁੱਭੀ ਇਸ਼ਨਾਨ ਕਰਨ ਲਈ ਮਾਰੀ ਜਾਂਦੀ ਹੈ, ਖਾਸ ਤੌਰ 'ਤੇ ਤੀਰਥ ਸਥਾਨਾਂ 'ਤੇ। ਗੁਰੂ ਗ੍ਰੰਥ ਸਾਹਿਬ ਵਿਚ ਆਏ ਇਸ ਦੇ ਸ਼ਬਦ ਰੂਪਾਂ ਵਿਚ ਮੁਖ ਭਾਵ ਇਸ਼ਨਾਨ ਦਾ ਹੀ ਹੈ। ਗੁਰੂਆਂ ਭਗਤਾਂ ਨੇ ਧਾਰਮਕ ਕਰਮ ਵਜੋਂ ਰਸਮੀ ਇਸ਼ਨਾਨ ਦੀ ਜ਼ਬਰਦਸਤ ਨਿਖੇਧੀ ਕੀਤੀ ਹੈ। ਕੁਝ ਮਿਸਾਲਾਂ ਲੈਂਦੇ ਹਾਂ- "ਵਰਤ ਨੇਮ ਮਜਨ ਤਿਸੁ ਪੂਜਾ॥ ਬੇਦ ਪੁਰਾਨ ਤਿਨਿ ਸਿਮ੍ਰਿਤਿ ਸੁਨੀਜਾ॥ ਮਹਾ ਪੁਨੀਤ ਜਾ ਕਾ ਨਿਰਮਲ ਥਾਨੁ॥ (ਗੁਰੂ ਅਰਜਨ ਦੇਵ); "ਤੀਰਥ ਮਜਨੁ ਗੁਰ ਵੀਚਾਰਾ" (ਗੁਰੂ ਨਾਨਕ ਦੇਵ); "ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥" (ਭਗਤ ਕਬੀਰ); ਮਜਨ ਤੋਂ ਹੀ ਮਗਨ ਸ਼ਬਦ ਵੀ ਬਣਿਆ ਹੈ ਜਿਸ ਦਾ ਅਰਥ ਦਿਮਾਗੀ ਤੌਰ 'ਤੇ ਡੁੱਬਿਆ



ਜਾਂ ਮਸਤ ਹੁੰਦਾ ਹੈ। "ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨਾ ਮਨ ਕੀ ਕਾਈ" (ਗੁਰੂ ਤੇਗ ਬਹਾਦਰ); "ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ" (ਗੁਰੂ ਅਰਜਨ ਦੇਵ)।

ਇਸ ਦੇ ਡੁੱਬਣ ਜਾਂ ਧੱਸਣ ਦੇ ਭਾਵ ਤੋਂ ਹੀ ਬੈਠਣ ਦੇ ਭਾਵ ਆ ਜਾਂਦੇ ਹਨ, ਇਥੋਂ ਤੱਕ ਕਿ ਬਰਬਾਦ ਜਾਂ ਤਬਾਹ ਹੋਣ ਦੇ ਅਰਥ ਵੀ ਜੁੜ ਜਾਂਦੇ ਹਨ। ਬੇੜਾ ਡੁੱਬ ਜਾਣਾ ਜਾਂ ਪੈਸੇ ਡੁੱਬ ਜਾਣੇ ਵਿਚ ਤਬਾਹ ਹੋਣ ਦੇ ਸੰਕੇਤ ਹੀ ਹਨ। ਬੈਠਣ ਵਿਚ ਵੀ ਏਹੀ ਭਾਵ ਆ ਜਾਂਦੇ ਹਨ ਜਿਵੇਂ ਭੱਠਾ ਬਹਿ ਜਾਣਾ। ਸੋ, ਮੱਜ ਦੇ ਬੈਠਣ ਦੇ ਭਾਵ ਤੋਂ ਇਹ ਸ਼ਬਦ ਉਸ ਚੀਜ਼ ਦਾ ਅਰਥਾਵਾਂ ਬਣ ਜਾਂਦਾ ਹੈ ਜੋ ਕਿਸੇ ਹੋਰ ਚੀਜ਼ ਵਿਚ ਬੈਠੀ ਜਾਂ ਸਥਿਤ ਹੈ। ਮਿੱਝ ਹੱਡੀਆਂ ਦੇ ਵਿਚ ਹੀ ਤਾਂ ਬੈਠੀ ਹੋਈ ਹੈ। ਮੱਜ ਤੋਂ ਸੰਸਕ੍ਰਿਤ ਵਿਚ ਮੇਜਸ ਸ਼ਬਦ ਵੀ ਬਣਿਆ ਹੈ ਜਿਸ ਦੇ ਵੀ ਲਗਭਗ ਏਹੋ ਅਰਥ ਹਨ। ਇਸ ਤੋਂ ਫਿਰ ਸ਼ਬਦ ਬਣਿਆ ਮੇਦ। ਉਂਜ ਮੇਦ ਦਾ ਅਰਥ ਵੀ ਮਿੱਝ ਹੀ ਹੈ ਪਰ ਆਯੁਰਵੇਦ ਵਿਚ ਤਕਨੀਕੀ ਤੌਰ 'ਤੇ ਫਰਕ ਪੈ ਗਿਆ ਹੈ। ਸਰੀਰ ਦੇ ਸੱਤ ਧਾਤੂ ਮੰਨੇ ਗਏ ਹਨ ਜਿਨ੍ਹਾਂ ਤੋਂ ਇਸ ਦੀ ਰਚਨਾ ਹੋਈ ਹੈ। ਰਸ, ਰਕਤ, ਮਾਸ, ਮੇਦ, ਅਸਥੀਮੱਜਾ ਅਤੇ ਸ਼ੁਕਰ। ਆਯੁਰਵੈਦਿਕ ਗ੍ਰੰਥ "ਭਾਵਪ੍ਰਕਾਸ਼" ਅਨੁਸਾਰ ਸਰੀਰ ਦੇ ਅੰਦਰਲੀ ਅਗਨੀ ਨਾਲ ਜਦ ਮਾਸ ਬਣਦਾ ਹੈ ਤਾਂ ਮੇਦ ਪੈਦਾ ਹੁੰਦਾ ਹੈ। ਇਹ ਪੇਟ ਵਿਚ ਇਕੱਠਾ ਹੁੰਦਾ ਹੈ। ਇਸ ਤੋਂ ਆਮ ਅਰਥ ਚਰਬੀ ਦਾ ਹੀ ਲਿਆ ਜਾਂਦਾ ਹੈ। ਇਸੇ ਲਈ ਮੇਦ ਰੋਗ ਚਰਬੀ ਦੇ ਵਧਣ ਜਾਂ ਮੋਟਾ ਹੋਣ ਨੂੰ ਕਹਿੰਦੇ ਹਨ। ਇਸ ਤੋਂ ਅੱਗੇ ਮੇਦਨੀ ਸ਼ਬਦ ਬਣਿਆ ਹੈ ਜਿਸ ਦਾ ਅਰਥ ਧਰਤੀ ਹੈ। ਇਸ ਵਿਚ ਧਰਤੀ ਦੇ ਉਪਜਾਊਪਣ ਅਤੇ ਬਹੁਤ ਵੱਡੀ ਹੋਣ ਦੇ ਭਾਵ ਹਨ। "ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥" (ਗੁਰੂ ਨਾਨਕ ਦੇਵ); "ਨਹ ਸਿਵ ਸਕਤੀ ਜਲੁ ਪਵਨਾ ਤਹ ਅਕਾਰ ਨਹੀ ਮੇਦਨੀ॥" (ਗੁਰੂ ਅਰਜਨ ਦੇਵ); 'ਚੰਡੀ ਦੀ ਵਾਰ' ਵਿਚ ਵੀ ਮੇਦਨੀ ਦਾ ਜ਼ਿਕਰ ਆਉਂਦਾ ਹੈ, "ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥ ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥"

ਪੁਰਾਣਾਂ ਅਨੁਸਾਰ ਮੇਦਨੀ (ਪ੍ਰਿਥਵੀ) ਦੀ ਰਚਨਾ ਬਾਰੇ ਮਹਾਨ ਕੋਸ਼ ਵਿਚ ਇਸ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ, "ਮਹਾਭਾਰਤ ਅਤੇ ਕਾਲਿਕਾ ਪੁਰਾਣ ਵਿਚ ਕਥਾ ਹੈ ਕਿ ਸੁੱਤੇ ਪਏ ਵਿਸ਼ਨੂੰ ਦੇ ਕੰਨ ਵਿਚੋਂ ਮਧੁ ਅਤੇ ਕੈਟਭ ਉਪਜੇ। ਬ੍ਰਹਮਾ ਉਦੋਂ ਅਜੇ ਜੰਮਿਆ ਹੀ ਸੀ। ਦੋਵੇਂ ਉਸ ਨੂੰ ਖਾਣ ਲਈ ਲਪਕੇ। ਇਸ ਪੁਰ ਵਿਸ਼ਨੂੰ ਨੇ ਦੋਹਾਂ ਨੂੰ ਮਾਰਿਆ। ਹਰਿਵੰਸ਼ ਪੁਰਾਣ ਵਿਚ ਲਿਖਿਆ ਹੈ ਕਿ ਮਧੁ ਅਤੇ ਕੈਟਭ ਦੀ ਮਿੰਜ (ਮੇਦਾ) ਜੋ ਸਮੁੰਦਰ 'ਤੇ ਫੈਲੀ, ਉਸ ਤੋਂ ਪ੍ਰਿਥਵੀ ਬਣੀ, ਮੇਦਨੀ ਨਾਮ ਦਾ ਮੂਲ ਭੀ ਇਹੀ ਹੈ।" ਇਸ ਤਰ੍ਹਾਂ ਮਿਥ ਅਨੁਸਾਰ ਵੀ ਮੇਦਨੀ ਦੀ ਵਿਸ਼ੇਸ਼ਤਾ ਮਿੱਝ ਵਰਗੀ ਹੀ ਹੈ, ਅਰਥਾਤ ਜਿਵੇਂ ਮਿੱਝ ਹੱਡੀਆਂ ਵਿਚ ਬੈਠੀ ਹੋਈ ਹੈ, ਉਸੇ ਤਰ੍ਹਾਂ ਮੇਦਨੀ (ਸਮੁੰਦਰ) ਉਤੇ ਬੈਠੀ ਹੋਈ ਹੈ। ਕਿਸੇ ਚੀਜ਼ ਦੇ ਅੰਦਰ ਬੈਠੇ ਹੋਣ ਤੋਂ ਇਸ ਦੇ ਰਸ, ਸਾਰ ਜਾਂ ਨਿਚੋੜ ਦੇ ਭਾਵ ਵੀ ਨਿਕਲਦੇ ਹਨ।

ਮੱਜਾ ਦਾ ਅਵੇਸਤਾ ਰੂਪ ਮਸਜਾ ਹੈ। ਵਰਣਵਿਪਰੈ ਦੁਆਰਾ ਇਸ ਦਾ ਫਾਰਸੀ ਰੂਪ ਹੋਇਆ ਮਗਜ਼। ਇਹ ਸ਼ਬਦ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਦਾਖਿਲ ਹੋ ਗਿਆ। ਧਿਆਨ ਦਿਓ ਮਗਜ਼ ਵਿਚ ਵੀ ਦਿਮਾਗ, ਮੱਜਾ, ਗਿਰੀ, ਸਾਰ, ਰਸ, ਨਿਚੋੜ ਆਦਿ ਦੇ ਭਾਵ ਹਨ। ਸਿਰ ਵਿਚ ਮਗਜ਼ ਉਸੇ ਤਰ੍ਹਾਂ ਟਿਕਿਆ ਹੋਇਆ ਹੈ ਜਿਵੇਂ ਮਿੱਝ ਹੱਡੀਆਂ ਵਿਚ। ਬਦਾਮ ਵਗੈਰਾ ਚਾਰੇ ਮਗਜ਼ ਛਿੱਲ ਵਿਚ ਉਸੇ ਤਰ੍ਹਾਂ ਟਿਕੇ ਹੋਏ ਹਨ ਜਿਵੇਂ ਮਿੱਝ। ਜਿਸ ਤਰ੍ਹਾਂ ਹੱਡੀਆਂ ਭੰਨ ਕੇ ਮਿੱਝ ਕੱਢ ਲਈਦੀ ਹੈ, ਉਸੇ ਤਰ੍ਹਾਂ ਬਦਾਮ ਭੰਨ ਕੇ ਮਗਜ਼ ਕੱਢ ਲਈਦੇ ਹਨ। ਅਖਰੋਟ ਦੀ ਗਿਰੀ ਦੀ ਤਾਂ ਸ਼ਕਲ ਵੀ ਮਨੁਖੀ ਦਿਮਾਗ ਨਾਲ ਮਿਲਦੀ ਜੁਲਦੀ ਹੁੰਦੀ ਹੈ। ਇਸੇ ਲਈ ਵਿਸ਼ਵਾਸ ਹੈ ਕਿ ਮਗਜ਼ ਖਾਣ ਨਾਲ ਦਿਮਾਗ ਵਧਦਾ ਹੈ। ਮੇਰਾ ਨਹੀਂ ਖਿਆਲ ਡਾਕਟਰੀ ਸਾਇੰਸ ਅਨੁਸਾਰ ਇਹ ਗੱਲ ਬਹੁਤੀ ਸਹੀ ਹੋਵੇ। ਇਸ ਵਿਚਾਰ ਵਿਚ ਜਾਦੂ ਸੋਚਣੀ ਕੰਮ ਕਰ ਰਹੀ ਹੈ ਜਿਸ ਅਨੁਸਾਰ ਸਮਾਨ ਕਿਰਿਆਵਾਂ ਜਾਂ ਚੀਜ਼ਾਂ ਮਨੁਖੀ ਮਨ, ਸਰੀਰ ਜਾਂ ਵਸਤੂਗਤ ਸੰਸਾਰ 'ਤੇ ਸਮਾਨ ਪ੍ਰਭਾਵ ਪੈਦਾ ਕਰਦੀਆਂ ਹਨ। ਮਗਜ਼ ਤੋਂ ਹੀ ਮਗਜ਼ਮਾਰੀ ਕਰਨਾ ਤੇ ਮਗਜ਼ ਚੱਟਣਾ ਜਿਹੇ ਮੁਹਾਵਰੇ ਵੀ ਬਣੇ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ ਅਰਬੀ ਵਲੋਂ ਆਇਆ ਸ਼ਬਦ 'ਦਿਮਾਗ' ਵੀ ਦਰਅਸਲ ਭਾਰੋਪੀ ਅਸਲੇ ਦਾ ਹੈ। ਇਸ ਸ਼ਬਦ ਦਾ ਸੰਧੀਛੇਦ ਜੇ 'ਦਿ+ਮਾਗ' ਕੀਤਾ ਜਾਵੇ ਤਾਂ 'ਮਾਗ' ਅੰਸ਼ ਮੱਜਾ ਜਾਂ ਮਸਜਾ ਦਾ ਰੂਪ ਹੋ ਸਕਦਾ ਹੈ। ਅਰਬੀ ਵਿਚ ਮਿੱਝ ਲਈ ਮਗ ਸ਼ਬਦ ਮੌਜੂਦ ਹੈ। ਇਸੇ ਤਰ੍ਹਾਂ ਭੇਜਾ ਸ਼ਬਦ ਵੀ ਮੱਜਾ ਦਾ ਹੀ ਵਿਉਤਪਤ ਰੂਪ ਹੈ। ਯਾਦ ਰਹੇ, ਭੇਜਾ ਦਾ ਅਰਥ ਵੀ ਦਿਮਾਗ ਹੀ ਹੈ ਭਾਵੇਂ ਵਿਅੰਗ ਸੁਰ ਵਿਚ।

ਮਿੱਝ ਨੂੰ ਅੰਗਰੇਜ਼ੀ ਵਿਚ marrow ਆਖਿਆ ਜਾਂਦਾ ਹੈ। ਇਸ ਦੇ ਕਈ ਹੋਰ ਅਰਥ ਵੀ ਲਗਭਗ ਉਹੀ ਹਨ ਜੋ ਮਿੱਝ ਜਾਂ ਮੱਜਾ ਦੇ ਹਨ। ਮਸਲਨ ਕਿਸੇ ਚੀਜ਼ ਦਾ ਕੇਂਦਰੀ ਜਾਂ ਅੰਦਰੂਨੀ ਭਾਗ ਯਾਨਿ ਰਸ, ਨਿਚੋੜ, ਸਾਰ। ਇਕ ਵਰਤੋਂ ਦੇਖੋ, to pierce to the marrow of a problem. ਇਸ ਦਾ ਇਕ ਅਰਥ ਸ਼ਕਤੀ, ਸਾਹਸੱਤ ਵੀ ਹੈ ਜਿਵੇਂ Fear took the marrow out of him. ਹੋਰ ਅਰਥ ਹਨ ਤਾਕਤਵਰ ਭੋਜਨ, ਪੌਦਿਆਂ ਦਾ ਰਸ ਆਦਿ। ਇਸ ਸ਼ਬਦ ਦਾ ਭਾਰੋਪੀ ਮੂਲ ਹੈ ਮੋਗਜ਼ੋ ਜਿਸ ਦਾ ਅਰਥ ਮਿੱਝ ਜਾਂ ਮੱਜਾ ਹੀ ਹੈ। ਪ੍ਰਾਗ ਜਰਮੈਨਿਕ ਵਿਚ ਇਸ ਦਾ ਰੂਪ ਸੀ ਮਾਜ਼ਗਾ ਜਿਸ ਤੋਂ ਪੁਰਾਣੀ ਅੰਗਰੇਜ਼ੀ ਵਿਚ mearg ਜਿਹਾ ਸ਼ਬਦ ਬਣਿਆ ਜੋ ਅੱਗੇ ਬਦਲ ਕੇ ਮੈਰੋ ਬਣ ਗਿਆ। ਡੱਚ ਵਿਚ ਇਸ ਦਾ ਸੁਜਾਤੀ ਹੈ 'ਮਰਗ' ਅਤੇ ਜਰਮਨ ਵਿਚ 'ਮਾਰਕ।' ਲਿਥੂਏਨੀਅਨ ਵਿਚ ਇਸ ਦੇ ਸੁਜਾਤੀ ਸ਼ਬਦ ਦੇ ਅਰਥ ਹਨ ਦਿਮਾਗ। ਬਹੁਤ ਸਾਰੀਆਂ ਹਿੰਦ-ਇਰਾਨੀ ਭਾਸ਼ਾਵਾਂ ਵਿਚ ਵੀ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਲਾਤੀਨੀ ਵਿਚ ਇਸ ਦਾ ਸੁਜਾਤੀ ਰੂਪ ਹੈ mergere ਜਿਸ ਦੇ ਅਰਥ ਹਨ ਡੁਬਣਾ, ਡੁਬੋਣਾ ਆਦਿ। ਇਸ ਤੋਂ ਅੰਗਰੇਜ਼ੀ ਦੇ ਸ਼ਬਦ merge, merger, emerge ਅਤੇ submerge ਬਣੇ ਹਨ।

ਅੰਗਰੇਜ਼ੀ immerse ਸ਼ਬਦ ਦਾ ਖੁਰਾ ਵੀ ਏਧਰ ਹੀ ਹੈ। ਅਜੋਕੀ ਫਰਾਂਸੀਸੀ ਵਿਚ ਇਸ ਲਈ ਸ਼ਬਦ ਹੈ moelle, ਇਤਾਲਵੀ ਵਿਚ midollo ਰੂਸੀ ਵਿਚ mozga ਅਤੇ ਗਰੀਕ ਵਿਚ myelou. ਅੰਗਰੇਜ਼ੀ ਵਿਚ ਇਸ ਦਾ ਇਕ ਸੰਯੋਜਨੀ ਰੂਪ myelo ਜਾਂ myel ਵੀ ਹਨ ਜਿਨ੍ਹਾਂ ਦਾ ਅਰਥ ਮਿੱਝ ਜਾਂ ਸੁਸ਼ਮਨਾ ਨਾੜੀ ਹੈ। ਇਸ ਤੋਂ ਡਾਕਟਰੀ ਦੇ ਕੁਝ ਤਕਨੀਕੀ ਸ਼ਬਦ ਬਣੇ ਹਨ ਜਿਵੇਂ myelocite myelitis, myeloma ਆਦਿ।

# ਜਥੇਦਾਰ ਟੌਹੜਾ ਦਾ ਬੈਂਕ ਲਾਕਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਨੇ ਸਿੱਖ ਗੁਰਦੁਆਰਿਆਂ ਵਿਚ ਚੜ੍ਹ ਰਹੇ ਚੜ੍ਹਾਵਿਆਂ ਦਾ ਵੱਡਾ ਮਸਲਾ ਸਾਹਮਣੇ ਲੈ ਆਂਦਾ ਹੈ। ਗੋਲਕਾਂ ਵਿਚ ਅੰਤਾਂ ਦੀ ਨਕਦੀ ਤੋਂ ਬਿਨਾ ਸੋਨਾ-ਚਾਂਦੀ ਦੀ ਹੋਂਦ ਵੀ ਦੱਸੀ ਜਾ ਰਹੀ ਹੈ। ਪ੍ਰਤੱਖ ਹੈ ਕਿ ਹਰਿਆਣਾ ਦੀ ਸਿੱਖ ਸੰਗਤ ਇਸ ਮਾਇਆ ਦੀ ਵਰਤੋਂ ਆਪਣੇ ਰਾਜ ਵਿਚ ਕਰਨਾ ਚਾਹੁੰਦੀ ਹੈ ਤੇ ਪੰਜਾਬ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦਾ ਦਬਦਬਾ ਹੈ, ਇਸ ਮਾਇਆ ਨੂੰ ਖੁੱਸਣ ਨਹੀਂ ਦੇਣਾ ਚਾਹੁੰਦਾ। ਹਰਿਆਣਾ ਵਿਚ ਗੁਰਦੁਆਰਿਆਂ ਦੀ ਸੰਖਿਆ ਸੌ ਦੇ ਲਗਪਗ ਹੈ, ਜਿਨ੍ਹਾਂ ਵਿਚੋਂ ਸੱਤ ਗੁਰਦਵਾਰੇ ਇਤਿਹਾਸਕ ਹਨ। ਇਨ੍ਹਾਂ ਦਾ ਸਾਲਾਨਾ ਚੜ੍ਹਾਵਾ 300 ਕਰੋੜ ਰੁਪਏ ਦੱਸਿਆ ਜਾਂਦਾ ਹੈ।

ਹਰਿਆਣਾ ਤੇ ਪੰਜਾਬ ਦੀ ਸਿੱਖ ਸੰਗਤ ਵਿਚ ਆਈ ਇਸ ਤਰੇੜ ਨੇ ਮੇਰਾ ਧਿਆਨ ਇੱਕ ਬੜੀ ਦਿਲਚਸਪ ਘਟਨਾ ਵੱਲ ਖਿੱਚਿਆ ਹੈ। ਮੇਰਾ ਕਵੀ ਮਿੱਤਰ ਦਰਸ਼ਨ ਬੁੱਟਰ ਪੰਜਾਬ ਸਿੰਧ ਬੈਂਕ ਵਿਚ ਤਾਇਨਾਤ ਹੈ। ਉਸ ਦੀ ਕਾਵਿ-ਪੁਸਤਕ 'ਮਹਾਂਕੰਬਣੀ' ਨੂੰ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲਿਆਂ ਦੋ ਸਾਲ ਹੋ ਗਏ ਹਨ। ਉਹ ਨਾਭਾ ਨੇੜੇ ਪਿੰਡ ਬੂਹੀ ਦਾ ਰਹਿਣ ਵਾਲਾ ਹੈ। ਪੰਜਾਬ ਦਾ ਸਾਬਕਾ ਕੈਬਿਨਟ ਮੰਤਰੀ ਹਰਮੇਲ ਸਿੰਘ ਉਸ ਦਾ ਚਾਚਾ ਹੈ ਜਿਹੜਾ ਜਥੇਦਾਰ ਟੌਹੜਾ ਦੀ ਧੀ ਕੁਲਦੀਪ ਕੌਰ ਦਾ ਪਤੀ ਹੈ। ਸਬੱਬ ਨਾਲ ਦਰਸ਼ਨ ਬੁੱਟਰ 2011 ਤੋਂ ਪੰਜਾਬ ਸਿੰਧ ਬੈਂਕ ਦੀ ਟੌਹੜਾ ਸ਼ਾਖਾ ਵਿਚ ਮੈਨੇਜਰ ਹੈ। ਇਹ ਉਹ ਸ਼ਾਖਾ ਹੈ ਜਿਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਗਾਤਾਰ ਛੱਬੀ ਸਾਲ ਪ੍ਰਧਾਨ ਰਹਿ ਚੁੱਕੇ ਦਮ ਖਮ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਲੇਖਾ-ਜੋਖਾ ਰਿਹਾ ਹੈ। ਜਥੇਦਾਰ ਜੀ ਮਾਰਚ 2004 ਵਿਚ ਅੱਸੀ ਵਰ੍ਹੇ ਦੀ ਭਰਪੂਰ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ। ਬੁੱਟਰ ਦੇ ਇਸ ਸ਼ਾਖਾ ਵਿਚ ਆਉਣ ਉਪ੍ਰੰਤ ਇਹ ਗੱਲ ਖੁੱਲ੍ਹੀ ਕਿ ਇਸ ਸ਼ਾਖਾ ਵਿਚ ਸਵਰਗੀ ਟੌਹੜਾ ਦਾ ਲਾਕਰ ਸੀ ਜਿਸ ਦੀ ਚਾਬੀ ਟੌਹੜਾ ਪਰਿਵਾਰ ਕੋਲ ਨਾ ਹੋਣ ਕਾਰਨ ਇਹ ਲਾਕਰ ਅੱਠ ਸਾਲ ਤੋਂ ਬੰਦੀ ਪਿਆ ਸੀ। ਲਾਕਰ ਵਿਚ ਕੀ ਸੀ ਕਿਸੇ ਨੂੰ ਕੁਝ ਨਹੀਂ ਸੀ ਪਤਾ। ਸੋਨਾ-ਚਾਂਦੀ ਤੇ ਨਕਦੀ ਵੀ ਹੋ ਸਕਦੀ ਸੀ ਤੇ ਕੋਈ ਬਹੁਤ ਵੱਡਾ ਭੇਤ ਵਾਲਾ



ਸਵਰਗੀ ਗੁਰਚਰਨ ਸਿੰਘ ਟੌਹੜਾ

ਦਸਤਾਵੇਜ਼ ਵੀ। ਲਾਕਰ ਅੰਦਰਲੀ ਸਮੱਗਰੀ ਬਾਰੇ ਧੁਖ ਧੁਖੀ ਇਸ ਦਾ ਤਾਲਾ ਤੁੜਵਾਇਆਂ ਹੀ ਖਤਮ ਹੋ ਸਕਦੀ ਸੀ। ਤਾਲਾ ਤੋੜਨ ਦੀ ਕਾਰਵਾਈ ਕਰਨ ਵਾਸਤੇ ਹੋਰਨਾਂ ਸ਼ਰਤਾਂ ਤੋਂ ਬਿਨਾ ਪਰਿਵਾਰ ਨੂੰ 6,000 ਰੁਪਏ ਨਕਦ ਭਰਨੇ ਪੈਣੇ ਸਨ। ਇਹ ਕੋਈ ਵੱਡੀ ਗੱਲ ਨਹੀਂ ਸੀ। ਪਰਿਵਾਰ ਨੇ ਦੇ ਦਿੱਤੇ। ਸ਼ਰਤਾਂ ਅਨੁਸਾਰ ਲੋੜੀਂਦੇ ਮੈਂਬਰਾਂ ਦੀ ਹਾਜ਼ਰੀ ਵਿਚ ਖੁੱਲ੍ਹੇ ਲਾਕਰ ਵਿਚ ਹੱਥ ਪਾ ਕੇ ਵੇਖਿਆ ਗਿਆ ਤਾਂ ਇਸ ਦੇ ਸਭ ਖੱਲ ਖੂੰਜੇ ਟੋਹਣ ਉਤੇ ਵੀ ਇਸ ਵਿਚੋਂ ਕੁਝ ਨਹੀਂ ਮਿਲਿਆ। ਸੋਨਾ, ਚਾਂਦੀ ਜਾਂ ਪੈਸੇ ਤਾਂ ਕੀ ਹੋਣੇ ਸਨ ਕੋਈ ਭੇਤ ਵਾਲਾ ਕਾਗਜ਼ ਤੱਕ ਵੀ ਨਹੀਂ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਪ੍ਰਧਾਨ ਦਾ ਲਾਕਰ ਜਿਸ ਦੀ ਦੇਖ-ਰੇਖ ਹੇਠ ਪੂਰੇ 26 ਸਾਲ ਸੈਂਕੜੇ ਗੁਰਦੁਆਰਿਆਂ ਦੇ ਗੋਲਕ ਭਰ ਭਰ ਖਾਲੀ ਹੁੰਦੇ ਰਹੇ, ਬਿਲਕੁਲ ਖਾਲੀ ਸੀ।

ਇਹ ਵੀ ਸਬੱਬ ਦੀ ਗੱਲ ਹੈ ਕਿ ਪੰਜਾਬੀ ਕਵੀ ਦਰਸ਼ਨ ਬੁੱਟਰ ਨੇ ਬੈਂਕ ਦੀ ਉਸ ਸ਼ਾਖਾ ਦਾ ਮੈਨੇਜਰ ਲਗਣਾ ਸੀ ਜਿਸ ਵਿਚ ਉਸ ਦੇ ਚਾਚਾ ਹਰਮੇਲ ਸਿੰਘ ਦੇ ਸਹੁਰਾ ਪਰਿਵਾਰ ਦਾ ਲਾਕਰ ਸੀ। ਇਹ ਵੀ ਕਿ ਉਸ ਦੀ ਹੋਂਦ ਨੇ ਇਹ ਗੱਲ ਜਗ ਜ਼ਾਹਰ ਕਰਨੀ ਸੀ ਕਿ ਸਿੱਖ ਸੰਗਤਾਂ ਦਾ ਸਤਿਕਾਰਤ ਜਥੇਦਾਰ ਸੁੱਚੇ ਹੱਥੀਂ ਇਸ ਦੁਨੀਆਂ ਤੋਂ ਤੁਰ ਗਿਆ ਸੀ। ਚੇਤੇ ਰਹੇ ਕਿ ਬੁੱਟਰ ਨੂੰ ਉਸ ਦੀ ਕਾਵਿ-ਪੁਸਤਕ 'ਮਹਾਂਕੰਬਣੀ' ਉਤੇ ਭਾਰਤੀ ਸਾਹਿਤ ਅਕਾਡਮੀ ਦਾ ਸਰਵ ਉਚ ਸਨਮਾਨ ਮਿਲ ਚੁੱਕਾ ਹੈ। ਖਾਲੀ ਲਾਕਰ ਵਾਲੀ ਗੱਲ ਵੀ ਤਾਂ ਮਹਾਂਕੰਬਣੀ ਰਹੀ ਹੈ। ਖਾਸ ਕਰ ਅੱਜ ਦੀ ਗੋਲਕ ਚਰਚਾ ਦੇ ਪ੍ਰਸੰਗ ਵਿਚ!

**ਪਾਸ਼ ਦੇ ਖੇਤ ਤੇ ਅਨੀਤਾ ਦਾ ਅੰਬਰ:** ਪੰਜਾਬੀ ਵਿਚ ਇਕ-ਬਚਨੀ ਨਾਟਕ (ਸੋਲੋ) ਦੀ ਪੇਸ਼ਕਾਰੀ ਬਲਰਾਜ ਸਾਹਨੀ ਨੇ ਸ਼ੁਰੂ ਕੀਤੀ ਸੀ। ਗੁਰਸ਼ਰਨ ਸਿੰਘ ਦੇ ਇਕ ਨੁਕੜ ਨਾਟਕ ਦੇ ਮੰਚਨ ਸਮੇਂ। ਇਸ ਨੂੰ ਨਵਾਂ ਮੋੜ ਦੇਣ ਵਾਲਾ ਵੀ ਫਿਲਮੀ ਦੁਨੀਆਂ ਦਾ ਅਭਿਨੇਤਾ ਰਾਣਾ ਰਣਬੀਰ ਹੈ। ਪਿਛਲੇ ਦਿਨੀਂ ਉਸ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਪਾਸ਼ ਦੇ ਜੀਵਨ 'ਤੇ ਰਚਨਾਕਾਰੀ ਨੂੰ ਤਰਤੀਬ ਦੇ ਕੇ ਕਮਾਲ ਦਾ ਇਕ ਬਚਨੀ ਨਾਟਕ ਖੇਡਿਆ। ਪਾਸ਼ ਨੇ 28 ਵਰ੍ਹੇ ਦੀ ਉਮਰ ਤੱਕ 'ਲੋਹ ਕਥਾ', 'ਉਡਦੇ ਬਾਜ਼ਾਂ ਮਗਰ', ਅਤੇ 'ਸਾਡੇ ਸਮਿਆਂ ਵਿਚ' ਤਿੰਨ ਕਾਵਿ ਸੰਗ੍ਰਿਹ ਹੀ ਨਹੀਂ ਅਨੇਕਾਂ ਚਿੱਠੀਆਂ ਤੇ ਵਾਰਤਕ ਟੁਕੜੀਆਂ ਲਿਖੀਆਂ। ਇਨ੍ਹਾਂ ਨੂੰ ਇਕ ਬਚਨੀ ਮੰਚਨ ਦਾ ਰੂਪ ਰਾਣਾ ਨੇ ਦਿੱਤਾ ਹੈ ਜਿਸ ਨੂੰ ਪ੍ਰਸਤੁਤ ਕਰਾਉਣ ਵਾਲਾ ਸੁਚੇਤਕ ਰੰਗ-ਮੰਚ ਮੁਹਾਲੀ ਹੈ। ਇੱਕ ਘੰਟੇ ਤੋਂ ਵਧ ਮੰਚਨ ਵਾਲੇ ਇਸ ਨਾਟਕ ਵਿਚ ਉਸ ਨੇ ਪਾਸ਼ ਦੀ ਹੱਤਿਆ ਤੱਕ ਦੇ ਸਾਰੇ ਜੀਵਨ ਨੂੰ ਇੱਕੋ ਸਾਹ ਪੇਸ਼ ਕੀਤਾ ਹੈ, ਜਿਸ ਦਾ ਕੋਈ ਜਵਾਬ ਨਹੀਂ। ਉਸ ਨੇ ਪਾਸ਼ ਦੇ ਕਮਾਲ ਨੂੰ ਉਸ ਦੇ ਜੱਟ ਪਿਛੋਕੜ ਵਿਚ ਪਰੋਇਆ ਹੈ; ਧਰਤੀ ਦਾ ਲਾਲ ਬਣ ਕੇ। ਸੋਹਣ ਸਿੰਘ ਸੰਧੂ ਦਾ ਪੁੱਤ ਤੇ ਰਾਜਵਿੰਦਰ ਕੌਰ ਸੰਧੂ ਦਾ ਪਤੀ ਕਹਿ ਕੇ। ਇਸ ਨੇ ਮੈਨੂੰ ਭੂਸ਼ਨ ਧਿਆਨਪੁਰੀ ਦੀ ਪੁਰਾਣੀ ਰਚਨਾ ਚੇਤੇ ਕਰਵਾ ਦਿੱਤੀ ਹੈ ਜਿਸ ਵਿਚ ਉਸ ਨੇ ਪਾਸ਼ ਨੂੰ ਕਾਦਰ ਯਾਰ ਨਾਲ ਮੇਲਿਆ ਸੀ। ਇਹ ਟੁਕੜੀ ਉਸ ਨੇ ਮੇਰੇ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਣਨ ਵੇਲੇ ਟ੍ਰਿਬਿਊਨ ਦੇ ਉਪ ਸੰਪਾਦਕ ਸ਼ਮਸ਼ੇਰ ਸੰਧੂ ਵਲੋਂ ਕਹਾਣੀਕਾਰ ਵਰਿਆਮ ਸੰਧੂ ਨੂੰ ਖਤ ਵਜੋਂ ਲਿਖੀ ਸੀ ਤੇ ਮੈਂ ਉਦੋਂ ਨਹੀਂ ਸੀ ਛਾਪੀ (ਦੇਖੋ ਅੰਤਿਕਾ)।

ਗੁਸਤਾਖੀ ਮੁਆਫ 'ਖੇਤਾਂ ਦਾ ਪੁੱਤ' ਨਾਂ ਦੀ ਇੱਕ-ਬਚਨੀ ਮੈਨੂੰ 'ਚਿੜੀ ਦੀ ਅੰਬਰ ਵੱਲ ਉਡਾਣ' ਤੋਂ ਦੂਰ ਲੈ ਗਈ ਹੈ ਜਿਸ ਦਾ ਅਗਲੇ



ਅਨੀਤਾ

ਦਿਨ ਸੌਵਾਂ ਸ਼ੋਅ ਹੋਣ ਦੇ ਬਾਵਜੂਦ ਦਰਸ਼ਕਾਂ ਨੂੰ ਬਿੰਨ੍ਹ ਕੇ ਬਿਠਾਈ ਰੱਖਣ ਵਾਲਾ ਸੀ। ਜੇ ਪਾਸ਼ ਦੇ ਨਾਟਕ ਨੇ ਪੰਜਾਬ ਦੀ ਕਿਸਾਨੀ ਦੇ ਦਮ ਖਮ ਨੂੰ ਉਭਾਰਿਆ ਤਾਂ ਦੂਜੇ ਨਾਟਕ ਨੇ ਸਾਡੀਆਂ ਮਾਂਵਾਂ, ਭੈਣਾਂ ਤੇ ਧੀਆਂ ਦਾ ਮਾਣ ਸਨਮਾਨ ਚਿਤਰਿਆ ਹੈ। ਇਹ ਨਾਟਕ ਗੁਰਮਿੰਦਰ ਸਿੱਧੂ ਦੀ ਕਵਿਤਾ 'ਤੇ ਆਧਾਰਤ ਹੈ। ਜਿਵੇਂ ਅਨੀਤਾ ਨੂੰ ਉਸ ਦਾ ਜੀਵਨ ਸਾਥੀ ਸ਼ਬਦੀਸ਼ ਸਹਿਯੋਗ ਦੇ ਰਿਹਾ ਹੈ, ਰਾਣਾ ਰਣਬੀਰ ਨਾਲ ਉਸ ਦੀ ਸਾਥਣ ਦਵਿੰਦਰਪਾਲ ਕੌਰ ਤੇ ਉਨ੍ਹਾਂ ਦੇ ਬੱਚੇ ਸੀਰਤ ਤੇ ਵਾਰਸ ਵੀ ਹਨ। ਮੈਨੂੰ ਸੁਚੇਤਕ ਮੰਚ ਦੇ ਇਸ ਕਾਰਜ ਨੂੰ ਪੰਜਾਬੀ ਨਾਟਕ ਦੀ ਸ਼ਤਾਬਦੀ ਵਿਚ ਪਰੋਂਦਿਆਂ ਖੁਸ਼ੀ ਹੋ ਰਹੀ ਹੈ। ਖਾਸ ਕਰਕੇ ਇਸ ਲਈ ਕਿ ਹੁਣ ਚੰਡੀਗੜ੍ਹ ਰਾਜਨੀਤਕ ਰਾਜਧਾਨੀ ਨਾਲੋਂ ਪੰਜਾਬੀ ਰੰਗ-ਮੰਚ ਦੀ ਰਾਜਧਾਨੀ ਬਣਦਾ ਜਾ ਰਿਹਾ ਹੈ।

**ਅੰਤਿਕਾ:**

*(ਭੂਸ਼ਨ ਧਿਆਨਪੁਰੀ ਦਾ ਪਾਸ਼ ਤੇ ਕਾਦਰ ਯਾਰ)*

ਲਿਖਿਆ ਖਤ ਸ਼ਮਸ਼ੇਰ ਵਰਿਆਮ ਤਾਈਂ
ਅਸੀਂ ਸਦਾ ਹੀ ਰਹੇ ਸਰਦਾਰ ਸੰਧੂ
ਸਾਡਾ ਸੰਤ ਸੰਧੂ ਸਾਡਾ ਪਾਸ਼ ਸੰਧੂ
ਪੂਰਨ ਭਗਤ ਵਾਲਾ ਕਾਦਰਯਾਰ ਸੰਧੂ
ਸਾਡੀ ਕਲਗੀ ਨੂੰ ਨਵਾਂ ਏ ਖੰਭ ਲੱਗਾ
ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ
ਜੱਟ ਚੜ੍ਹਿਆ ਸੁਹਾਗੇ ਨਹੀਂ ਮਾਣ ਹੁੰਦਾ
ਇਹ ਤਾਂ ਆਇਆ ਅਖਬਾਰ ਸਵਾਰ ਸੰਧੂ।

# ਬਸੰਤ ਸਿੰਹੁ ਹੁਣ ਇਥੇ ਨਹੀਂ ਰਹਿੰਦਾ

ਨੋਕ-ਝੋਕ



ਐਸ. ਅਸ਼ੋਕ ਭੌਰਾ

*ਚੰਗੀ ਗੱਲ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਬਾਕੀ ਉਨ੍ਹਾਂ ਬਾਰੇ ਕੀ ਸੋਚਦੇ ਹਨ। ਜਿੱਦਣ ਪਤਾ ਲੱਗ ਗਿਆ, ਕਿਸੇ ਨੇ ਮੋਢਾ ਨਹੀਂ ਦੇਣਾ, ਲਾਸ਼ ਧੂਹ ਕੇ ਹੀ ਸ਼ਮਸ਼ਾਨਘਾਟ ਤੱਕ ਲੈ ਕੇ ਜਾਣੀ ਪਵੇਗੀ। ਇਸ ਲਈ ਜੇ ਕੋਈ ਚੱਜ ਦਾ ਬੰਦਾ ਬਣਨ ਲਈ ਚੰਗੀ ਜਾਂ ਧਾਰਮਿਕ ਪੁਸਤਕ ਚੋਰੀ ਕਰ ਲਵੇ, ਤਾਂ ਉਸ ਨੂੰ ਮੁਆਫ਼ ਕਰ ਦੇਣ ਦੇ ਨਾਲ-ਨਾਲ ਸਨਮਾਨਿਤ ਕਰਨ ਵਿਚ ਵੀ ਗੁਸਤਾਖੀ ਨਹੀਂ ਸਮਝਣੀ ਚਾਹੀਦੀ। ਵੇਖਿਆ ਹੋਣਾ ਹੈ, ਕਈ ਬੰਦੇ ਲੰਗਰ ਹਾਲ ਵਿਚੋਂ ਹੀ ਪਰਤ ਆਉਂਦੇ ਹਨ। ਉਨ੍ਹਾਂ ਦਾ ਢਿੱਡ ਤਾਂ ਆਫਰਿਆ ਹੋ ਸਕਦੈ, ਰੂਹ ਮੰਗਤਿਆਂ ਵਾਂਗ ਚੁਰਾਹੇ ਵਿਚ ਖੜ੍ਹੀ ਕਰ ਆਉਂਦੇ ਹਨ। ਕਈ ਲੋਕਾਂ ਨੇ ਸ਼ੌਕ ਵਿਚ ਘੋੜੀ ਤਾਂ ਰੱਖ ਲਈ ਸੀ ਪਰ ਘੋੜੀ 'ਤੇ ਚੜ੍ਹਨ ਲਈ ਪੌੜੀ ਹੀ ਲਾਉਂਦੇ ਰਹੇ। ਕਈ ਵਿਚਾਰਿਆਂ ਨੂੰ ਰਾਸ਼ਨ ਕਾਰਡ ਜਾਂ ਵੋਟਰ ਸੂਚੀ 'ਤੇ ਹੀ ਪਤੀ ਲਿਖਣ ਦਾ ਮਾਣ ਪ੍ਰਾਪਤ ਹੁੰਦਾ ਹੈ। ਘਰ ਵਿਚ ਉਨ੍ਹਾਂ ਨਾਲੋਂ ਦਰਵੇਸ਼ ਦੀ ਪੁੱਛ-ਗਿੱਛ ਵੱਧ ਹੁੰਦੀ ਹੈ। ਇਹ ਲੋਕ ਇਹੀ ਸੋਚਦੇ ਤੁਰ ਜਾਂਦੇ ਹਨ ਕਿ ਜੋਗਿੰਦਰ ਕੌਰ ਸਾਨੂੰ ਸਿਹਰੇ ਬੰਨ੍ਹ ਕੇ ਕਿਉਂ ਨਾ ਵਿਆਹੁਣ ਆਈ! ਅਸਲ ਵਿਚ ਅਜਿਹੇ ਲੋਕ ਸਿਰਫ ਸਫੈਦੇ ਵਾਂਗ ਵਧਣ ਦਾ ਹੀ ਮਾਣ ਕਰੀ ਜਾਂਦੇ ਹਨ। ਮੋਰ ਤੇ ਕਬੂਤਰ ਇਕੱਠੇ ਤੁਰੇ ਜਾ ਰਹੇ ਸਨ। ਘਟਾ ਕਾਲੀ ਚੜ੍ਹੀ, ਮੋਰ ਨੇ ਮਸਤ ਹੋ ਕੇ ਖੰਭ ਖਿਲਾਰ ਕੇ ਸ਼ੌਕ ਦਾ ਪਹਿਲਾ ਗੇੜਾ ਹੀ ਦਿੱਤਾ ਸੀ ਕਿ ਅੱਖ ਵਿਚੋਂ ਅੱਥਰੂ ਟਪਕ ਪਿਆ। ਖੁਸ਼ੀ ਤੋਂ ਬਾਅਦ ਚਿਹਰੇ 'ਤੇ ਉਦਾਸੀ ਵੇਖ ਕੇ ਕਬੂਤਰ ਨੇ ਪੁੱਛਿਆ, "ਮਿੱਤਰਾ ਇਹ ਕੀ?" ਮੋਰ ਬੋਲਿਆ, "ਰੱਬ ਨੇ ਸਾਰਾ ਕੁਛ ਹੱਥੀਂ ਬਣਾ ਕੇ ਪੈਰਾਂ ਦਾ ਠੇਕਾ ਜਿਵੇਂ ਸਰਕਾਰੀ ਠੇਕੇਦਾਰ ਨੂੰ ਦੇ ਦਿੱਤਾ ਹੋਵੇ।" ਕਬੂਤਰ ਹੱਸ ਪਿਆ, "ਖੂਬਸੂਰਤੀ ਉਤੇ ਮਾਣ ਕਰਨ ਵਾਲਿਆ ਮੂਰਖਾ! ਨਹੀਂ ਸਮਝ ਸਕਦਾ ਕਾਦਰ ਦੀ ਕੁਦਰਤ ਨੂੰ, ਕੰਨ ਖੋਲ੍ਹ ਤੇ ਸੁਣ... ਸਿਰ 'ਤੇ ਤੇਰੇ ਕਲਗੀ ਲਗਾ ਕੇ ਤੈਨੂੰ ਬਾਦਸ਼ਾਹ ਬਣਾਉਣ ਵਾਲੇ ਨੇ ਪੈਰਾਂ ਨੂੰ ਕਰੂਪ ਤਾਂ ਰੱਖਿਐ, ਪਈ ਉਪਰ ਨੂੰ ਦੇਖ ਕੇ ਨਹੀਂ, ਥੱਲੇ ਨੂੰ ਦੇਖ ਕੇ ਜਿਉਣਾ ਚਾਹੀਦੈ।"... ਤੇ ਮੋਰ ਨੇ ਕਬੂਤਰ ਨੂੰ ਕਲਾਵੇ 'ਚ ਘੁੱਟ ਲਿਆ। ਇਸ਼ਾਰਿਆਂ ਵਿਚ ਕੁਦਰਤ ਨੇ ਬੜਾ ਕੁਝ ਸਮਝਾਉਣ ਦਾ ਯਤਨ ਕੀਤਾ ਹੈ ਪਰ ਮਨੁੱਖ ਨੇ ਅਕਲ 'ਤੇ ਮਿਰਚਾਂ ਮਲ ਲਈਆਂ ਹਨ। ਜਿਨ੍ਹਾਂ ਨੇ ਉਸ ਦਾ ਭੇਤ ਸਮਝ ਲਿਆ ਸੀ, ਉਹ ਮਹਾਂਪੁਰਸ਼ ਬਣ ਗਏ। ਜਿਨ੍ਹਾਂ ਕੋਲ ਵੀ ਅਥਾਹ ਧਨ ਆਇਆ, ਉਹ ਕਬੀਲਦਾਰ ਹੋ ਕੇ ਵੀ ਸ਼ੈਤਾਨ ਮਨ ਦੀ ਬਣਾਈ ਇਸਤਰੀ ਲੱਭਣ ਦੇ ਗੁਨਾਹ ਕਰਨ ਲੱਗ ਪਏ, ਕਿਉਂਕਿ ਉਪਰ ਵਾਲਾ ਜਾਣਦਾ ਹੈ ਕਿ ਇਨ੍ਹਾਂ ਨੂੰ ਮੂਧੇ ਮੂੰਹ ਲੰਮੇ ਪਾਉਣ ਲਈ ਇਹੋ ਬੋਫੋਰਜ਼ ਤੋਪ ਕਾਰਗਰ ਹੋਵੇਗੀ। ਲੋਕ ਜਿਸ ਦੇ ਹੱਕ ਵਿਚ ਹੋਣ ਲਈ ਕਾਹਲੇ ਹੁੰਦੇ ਹਨ, ਉਹ ਆਪਣੇ ਆਪ ਦੇ ਵਿਰੁਧ ਹੋ ਗਏ ਹੁੰਦੇ ਹਨ। ਬਸੰਤ ਸਿੰਹੁ ਦੇ ਮਾਮਲੇ ਵਿਚ ਧਿਆਨ ਨਾਲ ਵੇਖਿਓ... ਕਈਆਂ ਨੂੰ ਰੱਬ ਤੋਂ ਪਹਿਲਾਂ ਹੋਰ ਹੀ ਕੋਈ ਲੁੱਟ ਲੈਂਦਾ ਹੈ।*

ਕਈਆਂ ਦੀ ਜ਼ਿੰਦਗੀ ਵਿਚ ਤਾਸ਼ ਦੀ ਖੇਡ ਵਾਂਗ ਯੱਕੇ ਤਾਂ ਚਾਰੇ ਆ ਗਏ ਸਨ, ਚਾਲ ਵੀ ਠੀਕ ਸੀ ਪਰ ਬਾਜ਼ੀ ਫਿਰ ਵੀ ਜਿੱਤੀ ਨਹੀਂ ਜਾ ਸਕੀ। ਹੋਣੀ ਜੇ ਬਾਹਾਂ ਖਿਲਾਰ ਕੇ ਮਗਰ ਪੈ ਜਾਵੇ ਤਾਂ ਪੱਛਮ ਦੇ ਬੁੱਲੇ ਵੀ ਵਰੋਲਿਆਂ ਵਿਚ ਬਦਲ ਜਾਂਦੇ ਹਨ। ਕਈ ਵਾਰ ਬੰਦਾ ਸੁੱਤਾ ਤਾਂ ਠੀਕ ਹੁੰਦਾ ਹੈ ਪਰ ਮੰਜਾ ਹੀ ਘੁੰਮ ਜਾਂਦਾ ਹੈ। ਜੰਗਲਾਂ 'ਚ ਜਾ ਕੇ ਬਾਦਸ਼ਾਹ ਸ਼ਿਕਾਰ ਤਾਂ ਖੇਡਦੇ ਰਹੇ ਨੇ, ਕਿਉਂਕਿ ਉਹ ਜਾਣ ਗਏ ਹੁੰਦੇ ਨੇ ਕਿ ਵੱਡੇ ਦਿਮਾਗੀ ਹੋਣ ਦਾ ਦਾਅਵਾ ਕਰਨ ਵਾਲਾ ਮਨੁੱਖ ਜੇ ਗੱਦੀ 'ਤੇ ਬੈਠ ਕੇ ਮੂਰਖ ਬਣਾਇਆ ਜਾ ਸਕਦਾ ਹੈ ਤਾਂ ਜਾਨਵਰ ਕਿਹੜੇ ਬਾਗ ਦੀ ਮੂਲੀ ਹਨ। ਉਂਜ, ਇਸ ਗੱਲ ਤੋਂ ਬਾਦਸ਼ਾਹੀਆਂ ਤਕਰੀਬਨ ਸਾਰੀਆਂ ਹੀ ਅਗਿਆਨੀ ਰਹੀਆਂ ਹਨ ਕਿ ਜਦੋਂ ਪਰਜਾ ਸ਼ਿਕਾਰ ਖੇਡਦੀ ਹੈ ਤਾਂ ਜਿੱਤ ਬਿਨਾਂ ਹਥਿਆਰਾਂ ਤੋਂ ਵੀ ਹੋ ਸਕਦੀ ਹੈ।

ਜਿਹੜੇ ਅਖਵਾਉਂਦੇ ਤਾਂ ਆਪਣੇ ਆਪ ਨੂੰ ਸਿਆਣੇ ਹਨ ਪਰ ਮਾਂ ਦਾ ਸੰਕਲਪ ਹੋਰ ਲੱਭਣ ਦਾ ਯਤਨ ਕਰ ਰਹੇ ਹਨ, ਉਨ੍ਹਾਂ ਦਾ ਸਫਰ ਤੇ ਉਦਮ ਹਮੇਸ਼ਾ ਲੰਗੜੇ ਹੀ ਰਹਿਣਗੇ। ਪੁੱਤ ਜੰਮਣ 'ਤੇ ਲੋਹੜੀ ਵੰਡਣ ਦੀ ਖੁਸ਼ੀ ਤਾਂ ਹਰ ਕੋਈ ਕਰਦਾ ਹੈ, ਪਰ ਇਸ ਗੱਲ ਦਾ ਅਹਿਸਾਸ ਸਮਾਂ ਪਾ ਕੇ ਹੀ ਹੁੰਦਾ ਹੈ ਕਿ ਅੰਬਾਂ ਦੇ ਬਾਗ ਵਿਚ ਉਗੀਆਂ ਕਿੱਕਰਾਂ ਕੰਡਿਆਂ ਨਾਲ ਭਰ ਜਾਂਦੀਆਂ ਤਾਂ ਕੋਈ ਗੱਲ ਨਹੀਂ ਸੀ, ਪੈਰਾਂ ਵਿਚ ਚੋਭ ਲੱਗ ਜਾਂਦੀ ਤਾਂ ਵੀ ਸਰ ਜਾਂਦਾ, ਪਰ ਪਿੰਡਾ ਵੀ ਪੱਛਿਆ ਗਿਆ, ਤੇ ਅੰਬਾਂ ਨੂੰ ਬੂਰ ਪੈਣ ਦੀ ਆਸ ਵੀ ਮੁੱਕ ਗਈ।

ਇਕ ਵਾਰੀ ਤਾਂ ਚਲੋ ਰੱਬ ਦੀ ਰਜ਼ਾ ਨਾਲ ਮਰਨਾ ਪੈਂਦਾ ਹੈ, ਪਲ-ਪਲ ਮਰਨ ਲਈ ਦੋਸ਼ ਕਿਸ ਸਿਰ ਮੜ੍ਹਿਆ ਜਾਵੇ? ਸ਼ਾਇਦ ਧੋਤੀ ਤੇ ਬੋਦੀ, ਜਾਂ ਮੁੱਲਾ ਤੇ ਕਾਜ਼ੀ, ਜਾਂ ਪਾਦਰੀ ਤੇ ਭਾਈ ਵੀ ਇਸ ਮਾਮਲੇ ਵਿਚ ਸਾਹ ਹੀ ਘੜੀਸ ਲੈਣ। ਕਈਆਂ ਨੇ ਸਿਆੜ ਤਾਂ ਸਿੱਧੇ ਵਾਹੁਣ ਵਿਚ ਬੜੀ ਵਾਹ ਲਾਈ, ਪਰ ਬਦਕਿਸਮਤੀ ਨਾਲ ਫਸਲ ਫਿਰ ਵੀ ਬੇਤਰਤੀਬੀ ਹੀ ਜੰਮੀ।

ਮਧਾਣੀ ਨਾਲ ਚਾਟੀ ਤਾਂ ਝਗੜ ਪਵੇ, ਮੰਨ ਲੈਂਦੇ ਹਾਂ ਪਰ ਇਥੇ ਬੂਰੀ ਮੱਝ ਸਿੰਗ ਖਿਲਾਰ ਕੇ ਅੱਖਾਂ ਅੱਡੀ ਖੜ੍ਹੀ ਹੈ। ਆਪਾਂ ਮੰਨਦੇ ਹਾਂ ਕਿ ਜਦੋਂ ਹਲਟ ਦਾ ਕੁੱਤਾ ਬੇਕਾਬੂ ਹੋ ਜਾਵੇ ਤਾਂ ਟਿੰਡਾਂ ਖੂਹ ਵਿਚੋਂ ਪਾਣੀ ਤਾਂ ਨਹੀਂ ਕੱਢਦੀਆਂ, ਗੋਡੇ ਭਨਾਉਣ ਦਾ ਡਰ ਪੈਦਾ ਹੋ ਜਾਂਦਾ ਹੈ।

ਨਾਂ ਤਾਂ ਬਸੰਤ ਪੰਚਮੀ ਵਾਲੇ ਦਿਨ ਘਰਦਿਆਂ ਨੇ ਭਾਈ ਨੂੰ ਪੁੱਛ ਕੇ 'ਬ' ਤੇ ਬਸੰਤ ਸਿੰਹੁ ਰੱਖਿਆ ਸੀ ਪਰ ਬਸੰਤ ਕਿੰਨੀ ਕੁ ਸੀ, ਉਹ ਪਤਝੜ ਨੇ ਗੋਡਿਆਂ ਹੇਠ ਲੈ ਲਈ।

ਹਿਮਾਚਲ ਦਾ ਰਾਮ ਪ੍ਰਕਾਸ਼ ਤੇ ਪੰਜਾਬ ਦਾ ਬਸੰਤ ਸਿੰਹੁ ਫੌਜ ਵਿਚ ਭਰਤੀ ਤਾਂ ਸ਼ਿਮਲੇ ਤੇ ਜਲੰਧਰ ਤੋਂ ਹੋਏ ਸਨ, ਪਰ ਰੰਗਰੂਟੀ ਵੇਲੇ ਗੂੜ੍ਹੇ ਮਿੱਤਰ ਬਣ ਗਏ। ਬਸੰਤ ਸਿੰਹੁ ਸਾਬਤ ਸਬੂਤ ਸਿੱਖ ਅਤੇ ਰਾਮ ਪ੍ਰਕਾਸ਼ ਉਸਤਰਾ ਜਿਵੇਂ ਜੇਬ ਵਿਚ ਰੱਖਦਾ ਹੋਵੇ। ਮੁੱਛ ਤੋਂ ਸਿਵਾ ਮੂੰਹ 'ਤੇ ਦਾੜ੍ਹੀ ਦਾ ਰੋਮ ਵੀ ਨਹੀਂ ਸੀ ਦਿਸਣ ਦਿੰਦਾ। ਦੋਹਾਂ ਨੂੰ ਭਰਤੀ ਹੋਇਆਂ ਮਸਾਂ ਚਾਰ ਕੁ ਸਾਲ ਹੋਏ ਹੋਣਗੇ ਕਿ ਪਾਕਿਸਤਾਨ ਨਾਲ ਸੰਨ ਇਕੱਤਰ ਦੀ ਜੰਗ ਛਿੜ ਪਈ। ਜੰਮੂ ਤੋਂ ਉਨ੍ਹਾਂ ਦੀ ਪੂਰੀ ਡਿਵੀਜ਼ਨ ਅਖਨੂਰ ਬਾਰਡਰ 'ਤੇ ਲਾ ਦਿੱਤੀ ਗਈ। ਬਸੰਤ ਸਿੰਹੁ ਤਾਂ ਦੋ ਮਹੀਨੇ ਦੀ ਛੁੱਟੀ ਕੱਟ ਕੇ ਗਿਆ ਸੀ, ਪਰ ਰਾਮ ਪ੍ਰਕਾਸ਼ ਦੀ ਛੁੱਟੀ 'ਤੇ ਜਾਣ ਦੀ ਤਿਆਰੀ ਵਿਚੇ ਲਟਕ ਗਈ। ਵਿਆਹ ਵੀ ਉਹਦਾ ਸਾਲ ਕੁ ਪਹਿਲਾਂ ਹੀ ਹੋਇਆ ਹੋਵੇਗਾ, ਪਰ ਉਹ ਜੰਗ ਦਾ ਮੋਰਚਾ ਸੰਭਾਲ ਰਿਹਾ ਸੀ। ਫਿਰ ਇਕ ਰਾਤ ਪਤਾ ਨਹੀਂ, ਦੁਸ਼ਮਣ ਦਾ ਕੀ ਹਮਲਾ ਹੋਇਆ ਕਿ ਕਈ ਫੌਜੀਆਂ ਦੀਆਂ ਲਾਸ਼ਾਂ ਹੀ ਮਿਲੀਆਂ ਤੇ ਕਈਆਂ ਦੀ ਉਘ-ਸੁੱਘ ਨਾ ਲੱਗੀ। ਬਸੰਤ ਸਿੰਹੁ ਲਾਸ਼ਾਂ ਦੇ ਢੇਰ ਵਿਚ ਰਾਮ ਪ੍ਰਕਾਸ਼ ਨੂੰ ਲੱਭਦਾ ਰਿਹਾ ਪਰ ਕੁਝ ਹੱਥ ਨਾ ਲੱਗਾ।

ਜੰਗ ਤਾਂ ਖ਼ੈਰ ਉਹ ਜਿੱਤੀ ਗਈ, ਪਰ ਬਸੰਤ ਸਿੰਹੁ ਹਾਰਿਆ ਹੋਇਆ ਇਸ ਕਰ ਕੇ ਮਹਿਸੂਸ ਕਰ ਰਿਹਾ ਸੀ ਕਿ ਯਾਰ ਸ਼ਾਇਦ ਹੁਣ ਸਦਾ ਲਈ ਗੁਆਚ ਗਿਆ ਸੀ।

ਸਾਲ 1985 ਵਿਚ ਬਸੰਤ ਸਿੰਘ ਸਿਪਾਹੀ ਤੋਂ ਨਾਇਬ ਸੂਬੇਦਾਰ ਬਣ ਕੇ ਪੈਨਸ਼ਨ ਆ ਗਿਆ। ...ਤੇ ਚਾਰ ਦਹਾਕਿਆਂ ਪਿੱਛੋਂ ਜਦੋਂ ਪਾਕਿਸਤਾਨ ਨੇ ਸੰਧੀ ਤਹਿਤ ਜੰਗੀ ਕੈਦੀ ਛੱਡੇ, ਤਾਂ ਬੁੱਢਾ ਹੋਇਆ ਰਾਮ ਪ੍ਰਕਾਸ਼ ਵੀ ਘਰ ਪਰਤ ਆਇਆ। ਉਹਦੀ ਪਤਨੀ ਆਸ ਮੁਕਾ ਚੁੱਕੇ ਪਰਿਵਾਰ ਨੇ ਛੋਟੇ ਭਰਾ ਦੇ ਬਿਠਾ ਦਿੱਤੀ ਸੀ, ਤੇ ਉਹ ਹੱਡੀਆਂ ਦੀ ਮੁੱਠ ਨਾਲ 'ਕੱਲੀ ਜ਼ਿੰਦਗੀ ਖਿੱਚਣ ਜੋਗਾ ਰਹਿ ਗਿਆ ਸੀ।

ਫਕੀਰਾਂ ਵਰਗੀ ਜ਼ਿੰਦਗੀ ਗੁਜ਼ਾਰਨ ਵਾਲੇ ਰਾਮ ਪ੍ਰਕਾਸ਼ ਦੇ ਫਿਰ ਦਸ ਕੁ ਸਾਲ ਹੋਰ ਟੁੱਟ-ਭੱਜ ਵਾਂਗ ਗੁਜ਼ਰ ਗਏ। ਇਕ ਦਿਨ ਕਿਤੇ ਪੜਛੱਤੀ 'ਤੇ ਪਏ ਪੁਰਾਣੇ ਟਰੰਕ ਦੀ ਫਰੋਲਾ-ਫਰਾਲੀ ਕਰਦਿਆਂ ਉਹਦੇ ਹੱਥ ਪੁਰਾਣੇ ਮਿੱਤਰ ਬਸੰਤ ਸਿੰਹੁ ਦੀ ਤਸਵੀਰ ਲੱਗ ਗਈ। ਲਾਜਵੰਤੀ ਮੁਰਝਾ ਕੇ ਖਿੜ ਪਈ। ਉਹਦੇ ਅੰਦਰ ਚਾਵਾਂ ਦੀ ਛਿੰਝ ਪੈਣ ਲੱਗ ਪਈ। ਗਿਆ ਤਾਂ ਉਹ ਇਕ ਵਾਰ ਹੀ ਸੀ, ਪਰ ਪਿੰਡ ਯਾਰ ਦਾ ਚੇਤੇ ਆ ਗਿਆ। ਫੌਜੀਆਂ ਦੇ ਸੁਭਾਅ ਨੂੰ ਜਾਣਨ ਵਾਲਿਆਂ ਨੂੰ ਪਤੈ ਕਿ ਫੌਜੀ ਕਈ ਵੇਰ ਫੌਜਣ ਨਾਲ ਵੀ ਐਨਾ ਤਿਹੁ ਨਹੀਂ ਕਰਦੇ ਜਿੰਨਾ ਬੈਰਕਾਂ ਵਿਚ 'ਕੱਠੇ ਰਹਿਣ ਵਾਲੇ ਫੌਜੀ ਮਿੱਤਰਾਂ ਨਾਲ ਕਰਦੇ ਹਨ।



ਛੋਟੇ ਜਿਹੇ ਬੈਗ ਵਿਚ ਰਾਮ ਪ੍ਰਕਾਸ਼ ਕੁੜਤਾ ਪਜਾਮਾ, ਸ਼ੇਵ ਦਾ ਸਾਮਾਨ ਤੇ ਪੈਂਟ-ਕਮੀਜ਼ ਪਾ ਕੇ ਅਗਲੇ ਦਿਨ ਲਾਰੀ ਫੜ ਯਾਰ ਬਸੰਤ ਸਿੰਹੁ ਦੇ ਪਿੰਡ ਨੂੰ ਜਾਂਦੇ ਕੋਹ ਕੁ ਲੰਮੇ ਕੱਚੇ ਪੈਂਡੇ 'ਤੇ ਟੈਂਪੂ ਵਿਚੋਂ ਉਤਰ ਕੇ ਖਿਆਲਾਂ ਦੀਆਂ ਕਬੂਤਰੀਆਂ ਉਡਾਉਂਦਾ ਤੁਰਿਆ ਜਾ ਰਿਹਾ ਸੋਚੇ... 'ਬਸੰਤ ਸਿੰਹੁ ਨੂੰ ਅੱਧਾ ਘੰਟਾ ਨਾ ਜੱਫੀ ਵਿਚੋਂ ਕੱਢੂੰ। ਪੁੱਛੂੰਗਾ ਮਿੱਤਰਾ... ਤੂੰ ਤਾਂ ਖਾ ਕੇ ਫਿਰ ਵਿਹਲੀਆ ਆ ਗਿਐ, ਮੈਨੂੰ ਪੁੱਛ... ਕਿਵੇਂ ਧੱਕੇ ਖਾਧੇ ਨੇ ਪੂਰੇ ਅਠੱਤੀ ਸਾਲ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ।' ਪਿੰਡ ਵੜਦਿਆਂ ਸਾਰ ਉਥੇ ਖੇਡਦੇ ਮੁੰਡਿਆਂ ਨੂੰ ਉਹਨੇ ਪੁੱਛਿਆ, "ਗੱਭਰੂਓ! ਭਲਾ ਬਸੰਤ ਸਿੰਹੁ ਦਾ ਘਰ ਕਿਥੇ ਕੁ ਐ?"

"ਫੌਜੀ ਦਾ?"

"ਆਹੋ... ਓਹੀ।"

"ਉਥੇ ਭਾਈਆ ਕੀਹਨੂੰ ਮਿਲਣੈ?"

"ਬਸੰਤ ਸਿੰਹੁ ਨੂੰ।"

ਮੁੰਡ੍ਹੀਰ ਉਚੀ ਦੇਣੀ ਹੱਸ ਪਈ।

"ਜਾਹ... ਮਿਲ ਲੈ ਜਾ ਕੇ।" ਜਿਵੇਂ ਸਾਰਿਆਂ ਨੇ ਟਿੱਚਰ ਜਿਹੀ ਕਰ ਦਿੱਤੀ ਹੋਵੇ।

...ਘਰ ਤਾਂ ਉਹੀ ਹੈ ਚੁਗਾਠ ਦੇ ਮੱਥੇ ਵਿਚ ਲੱਗੇ ਕੁੰਡੇ ਵਾਲਾ ਪਰ ਬੂਹਾ ਬੰਦ ਐ। ਜਿੰਦਾ ਹੈ ਨ੍ਹੀਂ... ਕੁੰਡਾ ਲੱਗਿਆ ਪਿਐ।

ਕੋਲੋਂ ਲੰਘਦੇ ਅੱਧਖੜ ਜਿਹੀ ਉਮਰ ਦੇ ਬੰਦੇ ਕੋਲੋਂ ਉਹਨੇ ਬੜੀ ਹਲੀਮੀ ਨਾਲ ਪੁੱਛਿਆ, "ਭਲਾ ਬਸੰਤ ਸਿੰਹੁ ਕਿਤੇ ਗਿਆ ਹੋਇਐ, ਘਰ ਵੀ ਕੋਈ ਨ੍ਹੀਂ ਲਗਦਾ।"

"ਜਵਾਬ ਪੜ੍ਹ ਲਵੋ, ਬੂਹੇ 'ਤੇ ਮਸ਼ੀਨ ਵਾਲੇ ਕਾਲੇ ਤੇਲ ਨਾਲ ਲਿਖਿਆ ਤਾਂ ਹੋਇਐ।"

"ਜੁਆਨਾ, ਮੈਨੂੰ ਪੰਜਾਬੀ ਪੜ੍ਹਨੀ ਨ੍ਹੀਂ ਆਉਂਦੀ।"

"ਇਹ ਲਿਖਿਆ, ਪਈ ਬਸੰਤ ਸਿੰਹੁ ਹੁਣ ਇਥੇ ਨ੍ਹੀਂ ਰਹਿੰਦਾ।"

"ਸ਼ਹਿਰ ਰਹਿਣ ਲੱਗ ਪਿਆ ਹੋਣਾ ਸਾਰਾ ਟੱਬਰ?"

"ਤੁਸੀਂ ਬਾਹਰੋਂ ਆਏ ਲਗਦੇ ਆਂ?"

"ਹਾਂ ਮੈਂ ਸ਼ਿਮਲੇ ਨੇੜਿਓਂ ਆਇਆਂ।"

"ਤਾਂ ਹੀ। ਭਾਈਆ ਬਸੰਤ ਸਿੰਹੁ ਹੁਣ ਬਿਰਧ ਆਸ਼ਰਮ ਵਿਚ ਰਹਿੰਦੈ ਸ਼ੀਰੇਵਾਲ।"

"ਜੁਆਨਾ ਫਿਰ ਮੈਨੂੰ ਸ਼ੀਰੇਵਾਲ ਦਾ ਰਾਹ ਦੱਸ ਦੇ। ਮੈਂ ਉਥੇ ਜਾ ਮਿਲਦਾ ਉਹਨੂੰ।"

ਤੇ ਸੁਦਾਮੇ ਨੂੰ ਮਿਲਣ ਲਈ ਕ੍ਰਿਸ਼ਨ ਜਿਵੇਂ ਚੱਲ ਪਿਆ ਹੋਵੇ। ਰਾਮ ਪ੍ਰਕਾਸ਼ ਉਨ੍ਹੀਂ ਪੈਰੀਂ ਮੁੜ ਵਾਹੋ-ਦਾਹੀ ਸ਼ੀਰੇਵਾਲ ਦੇ ਬਿਰਧ ਆਸ਼ਰਮ ਪੁੱਜ ਗਿਆ।

ਲੌਢਾ ਵੇਲਾ। ਸੀਖਾਂ ਵਾਲੇ ਗੇਟ ਥਾਣੀਂ ਉਹਨੇ ਪਛਾਣ ਲਿਆ... ਅਹੁ ਬੈਠਾ ਆਪਣਾ ਪੁਰਾਣਾ ਯਾਰ। ਚਿੱਟੀ ਦਾੜ੍ਹੀ। ਸਿਰ 'ਤੇ ਮੈਲਾ ਜਿਹਾ ਸਾਫ਼ਾ, ਤੇ ਮਨ ਵਿਚ ਸੋਚਿਆ... ਇਹ ਤਾਂ ਜਮਾਂ ਈ ਬੁੱਢਾ ਹੋ ਗਿਆ। ਝੋਟੇ ਵਰਗਾ ਹੁੰਦਾ ਸੀ ਫੌਜ ਵਿਚ।

ਗੇਟ ਖੁੱਲ੍ਹਦੇ ਸਾਰ ਉਹ ਭੱਜ ਕੇ ਬਸੰਤ ਸਿੰਹੁ ਕੋਲ ਬਾਹਾਂ ਫੈਲਾ ਕੇ ਆਪਣਾ ਬੈਗ ਸੁੱਟ ਭੱਜਾ ਗਿਆ। ਉਹਨੇ ਇਕ ਵਾਰ ਮੂੰਹ ਉਪਰ ਨੂੰ ਚੁੱਕ ਕੇ ਵੇਖਿਆ, ਤੇ ਫਿਰ ਨਾਲ ਮੰਜੇ 'ਤੇ ਬੈਠੇ ਬਜ਼ੁਰਗ ਨਾਲ ਗੱਲਾਂ ਕਰਨ ਲੱਗ ਪਿਆ।

ਰਾਮ ਪ੍ਰਕਾਸ਼ ਨੂੰ ਲੱਗਾ ਸ਼ਾਇਦ ਮੈਂ ਗਲਤ ਥਾਂ 'ਤੇ ਆ ਗਿਆ ਹਾਂ, ਪਰ ਮੱਥੇ 'ਤੇ ਉਹੀ ਡੂੰਘੀ ਸੱਟ ਦਾ ਨਿਸ਼ਾਨ, ਖੱਬੇ ਹੱਥ ਦੀਆਂ ਛੇ ਉਂਗਲਾਂ, ਪੈਰ ਦੀ ਚੀਚੀ ਨਾਲ ਦੀ ਉਂਗਲੀ 'ਤੇ ਚੜ੍ਹੀ ਹੋਈ ਐ, ਹੈ ਤਾਂ ਉਹੀ। ਐਨਾ ਨਿਰਮੋਹਾ ਬਸੰਤ ਸਿੰਹੁ ਹੋ ਨ੍ਹੀਂ ਸਕਦਾ। ਉਹਨੇ ਸੁਆਲ ਕਰ ਹੀ ਲਿਆ, "ਤੇਰਾ ਨਾਂ ਬਸੰਤ ਸਿੰਹੁ ਨ੍ਹੀਂ?"

"ਹਾਂ।"

"ਮੈਂ ਤੇਰਾ ਮਿੱਤਰ ਹਾਂ... ਹਿਮਾਚਲੀਆ ਰਾਮ ਪ੍ਰਕਾਸ਼। ਆਪਾਂ ਫੌਜ 'ਚ ਨ੍ਹੀਂ 'ਕੱਠੇ ਹੁੰਦੇ ਸੀ?"

"ਅੱਛਾ! ਉਹ ਬਸੰਤ ਸਿੰਹੁ... ਹੁਣ ਇਥੇ ਨ੍ਹੀਂ ਰਹਿੰਦਾ।"

ਤੇ ਜਦ ਨੂੰ ਗੋਰਖਾ ਥਾਲ ਵਿਚ ਦੋ ਸੁੱਕੇ ਪ੍ਰਸ਼ਾਦੇ ਤੇ ਛੋਲਿਆਂ ਦੀ ਦਾਲ ਪਾ ਕੇ ਰੱਖ ਲਿਆਇਆ।

ਰਾਮ ਪ੍ਰਕਾਸ਼ ਦੇ ਚੇਤਿਆਂ ਦੀ ਫਿਰਕੀ ਘੁੰਮ ਗਈ। ਦਿਮਾਗ ਦਾ ਕੈਮਰਾ ਫੌਜ ਦੀ ਮੈੱਸ ਵਿਚ ਚਲਾ ਗਿਆ। ਜਿੱਦਣ ਛੋਲਿਆਂ ਦੀ ਦਾਲ ਬਣੀ ਹੁੰਦੀ, ਬਸੰਤ ਸਿੰਹੁ ਦੋ ਵਾਰ ਪੁਆਉਂਦਾ, ਤੇ ਨਾਲ ਘਰੋਂ ਲਿਆਂਦੇ ਦੇਸੀ ਘਿਓ ਦੇ ਡੱਬੇ ਵਿਚੋਂ ਦੋ ਵੱਡੇ ਚਮਚੇ। ਤੇ ਉਹ ਫਿਰ ਬੋਲਿਆ, "ਬਸੰਤ ਸਿੰਹਾਂ, ਤੂੰ ਝੂਠ ਬੋਲਦੈਂ। ਮੈਂ ਤੈਨੂੰ ਐਡੀ ਦੂਰੋਂ ਮਿਲਣ ਆਇਆਂ। ਘਿਓ ਦੇ ਦੋ ਚਮਚੇ ਲਿਆਵਾਂ ਜਿਵੇਂ ਮੈੱਸ 'ਚ ਪਾਉਂਦਾ ਹੁੰਦਾ ਸੀ।"

"ਨਹੀਂ ਯਾਰ, ਤੂੰ ਭਰਮ ਵਿਚ ਐਂ। ਮੈਂ ਤੈਨੂੰ ਕਿਹਾ ਨਾ, ਉਹ ਬਸੰਤ ਸਿੰਹੁ ਇਥੇ ਨਹੀਂ ਰਹਿੰਦਾ। ਤੂੰ ਪ੍ਰਸ਼ਾਦਾ ਛਕਣਾ ਤਾਂ ਛਕ ਲੈ।"

ਤੇ ਰਾਮ ਪ੍ਰਕਾਸ਼ ਨੇ ਕਲਮ ਤਾਂ ਸਿਆਹੀ ਦੀ ਦਵਾਤ ਵਿਚੋਂ ਕੱਢ ਲਈ ਸੀ, ਪਰ ਨਿੱਬ ਅੰਦਰ ਟੁੱਟ ਗਈ ਸੀ। ਉਹ ਉਨ੍ਹੀਂ ਪੈਰੀਂ ਉਸੇ ਸੀਖਾਂ ਵਾਲੇ ਗੇਟ ਵੱਲ ਥਿੜਕਦੇ ਕਦਮੀਂ ਮੁੜ ਪਿਆ ਜਿਵੇਂ ਕਤਲ ਤਾਂ ਹੋ ਗਿਆ ਹੋਵੇ ਪਰ ਲਾਸ਼ ਗੁਆਚ ਜਾਵੇ।

ਹਾਲੇ ਰਾਮ ਪ੍ਰਕਾਸ਼ ਨੇ ਇਕ ਪੈਰ ਹੀ ਗੇਟ ਤੋਂ ਬਾਹਰ ਰੱਖਿਆ ਸੀ ਕਿ ਉਹਨੂੰ ਉਸੇ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਨੇ ਬਾਹੋਂ ਫੜ ਅੰਦਰ ਖਿੱਚ ਲਿਆ, "ਤੂੰ ਬਸੰਤ ਸਿੰਹੁ ਨੂੰ ਮਿਲਣਾ ਚਾਹੁੰਨਾ?"

"ਹਾਂ।"

"ਆ ਮੈਂ ਦੱਸਦਾਂ ਉਹ ਕਿਥੇ ਰਹਿੰਦਾ।"

ਤੇ ਉਹ ਉਹਨੂੰ ਆਸ਼ਰਮ ਦੀਆਂ ਪੌੜੀਆਂ ਚੜ੍ਹਾ ਕੇ ਛੱਤ 'ਤੇ ਲੈ ਗਿਆ। ਆਖਣ ਲੱਗਾ, "ਮਿੱਤਰਾ ਜਿਸ ਮਿੱਤਰ ਨੂੰ ਤੂੰ ਲੱਭਦਾ ਫਿਰਦੈਂ, ਉਹਨੂੰ ਮੈਂ ਜਾਣਦਾਂ।"

"ਤੂੰ ਤਾਂ ਹੈ?"

"ਉਹ ਬਸੰਤ ਸਿੰਹੁ ਇਥੇ ਨਹੀਂ ਰਹਿੰਦਾ।"

"ਕਿਥੇ ਐ ਫਿਰ?"

"ਸੁਣ... ਜਿੱਦਣ ਉਹ ਫੌਜ ਵਿਚੋਂ ਪੈਨਸ਼ਨ ਆਇਆ ਸੀ, ਵੱਡੀ ਧੀ ਦਾ ਰਿਸ਼ਤਾ ਭਗਵਾਨ ਕੌਰ ਕਰ ਚੁੱਕੀ ਸੀ।"

"ਹਾਂ, ਮੈਨੂੰ ਯਾਦ ਆ ਗਿਆ। ਤੇਰੀ ਘਰਵਾਲੀ ਦਾ ਨਾਂ ਭਗਵਾਨ ਕੌਰ ਸੀ।"

"ਮੈਂ ਉਹ ਨਹੀਂ ਹਾਂ।... ਬਸੰਤ ਸਿੰਹੁ ਨੇ ਆ ਕੇ ਅੰਮ੍ਰਿਤਪਾਨ ਕਰ ਲਿਆ ਸੀ। ਉਹ ਚਾਹੁੰਦਾ ਸੀ ਧੀ ਕਿਸੇ ਗੁਰਸਿੱਖ ਨਾਲ ਵਿਆਹਾਂ, ਪਰ ਉਹ ਭਗਵਾਨ ਕੌਰ ਦੇ ਕੀਤੇ ਨੂੰ ਉਲਟਾ ਨਾ ਸਕਿਆ। ਧੀ ਤੋਰ ਦਿੱਤੀ। ਕਈ ਵਰ੍ਹੇ ਪਤਾ ਈ ਨਾ ਲੱਗਾ ਕਿ ਜੁਆਈ ਨਸ਼ਾ-ਪੱਤਾ ਕਰਦਾ ਸੀ। ਕਿੱਲਾ ਜ਼ਮੀਨ ਵਿਚੋਂ ਚਾਰ ਕਨਾਲ ਵੇਚ ਕੇ ਧੀ ਨੂੰ ਦੇ ਦਿੱਤੇ, ਇਸ ਲਈ ਕਿ ਉਹ ਕਿਸੇ ਵੱਡੇ ਮੁਲਕ ਨੂੰ ਜਾਣ ਦੀ ਆਖ ਰਿਹਾ ਸੀ। ਹਲਕੇ ਕੁੱਤੇ ਵਾਂਗ ਉਹ ਵੀ ਚੱਟ ਗਿਆ।"

"ਖਾਂਦਾ ਕੀ ਸੀ?"

"ਸੀ ਤਾਂ ਕੰਜਰ ਦਾ ਰਾਜ ਕੁਮਾਰਾਂ ਵਰਗਾ, ਪੀਂਦਾ ਚਿੱਟਾ ਸੀ। ਰੰਗ ਕਾਲਾ ਸੁਆਹ ਵਰਗਾ ਕਰ ਲਿਆ ਸੀ।"

"ਆਹੀ ਚਿੱਟਾ ਜਿਹਦਾ ਹੁਣ ਰੌਲਾ ਬੜਾ ਪੈਂਦਾ।"

"ਹੋਰ ਕਿਤੇ ਉਹ ਘਰ ਬਣਾਉਣ ਲੱਗ ਪਿਆ ਸੀ। ਬਸੰਤ ਸਿੰਹੁ ਦਾ ਜਿਹੜਾ ਛੋਟਾ ਮੁੰਡਾ ਸੀ ਦਰਜੀ ਦਾ ਕੰਮ ਕਰਦਾ... ਲੁੱਚੇ ਨੇ ਉਹ ਵੀ 'ਜੀਜਾ ਜੀ ਜੀਜਾ ਜੀ' ਕਹਿੰਦਿਆਂ ਨਾਲ ਰਲਾ ਲਿਆ।"

"ਫਿਰ ਜਿਹੜੀ ਚਾਰ ਕਨਾਲਾਂ ਬਚਦੀ ਸੀ, ਬਸੰਤ ਸਿੰਹੁ ਨੂੰ ਡਰਾ ਕੇ ਉਹ ਉਹਨੇ ਵੇਚ ਵੱਟ ਲਈ।"

"ਹਾਂ, ਮੈਂ ਜਾਣਦਾ ਸੀ ਛੋਟੇ ਤੀਰਥ ਨੂੰ। ਉਹ ਤਾਂ ਮੁੰਡਾ ਈ ਬੜਾ ਸਾਊ ਸੀ।"

"ਰਾਮ ਪ੍ਰਕਾਸ਼ਾ! ਸਾਊ ਈ ਤਾਂ ਉਜੜੇ ਨੇ ਸਾਰੇ। ਬੜਾ ਬਹਾਦਰ ਚਾਰ ਕਨਾਲਾਂ ਵੇਚਣ ਨੂੰ ਅੜਿੱਕਾ ਬਣਦਾ ਸੀ, ਉਹ ਹਰਾਮਜ਼ਾਦੇ ਛੋਟੇ ਨੇ ਪਹਿਲਾਂ ਚਿੱਟਾ ਪੀਣ ਲਾਇਆ, ਤੇ ਫਿਰ ਵੇਚਣ ਵੀ ਲੱਗ ਪਿਆ।"

"ਤੇ ਕੁੜੀ ਸਵਿੱਤਰੀ ਠੀਕ-ਠਾਕ ਐ?"

"ਉਹਨੂੰ ਵੀ ਹੋ ਗਏ ਠੀਕ-ਠਾਕ ਹੋਈ ਨੂੰ... ।"

"ਸਵਿੱਤਰੀ ਰੋਕਦੀ ਸੀ ਕੰਜਰ ਨੂੰ ਖਾਣ-ਪੀਣ ਤੋਂ। ਉਹਨੇ ਰੱਸੀ ਦਾ ਵੱਟ ਹੀ ਉਧੇੜ'ਤਾ। ਉਹ ਵੀ ਲਾ ਲਈ ਸੀ ਚਿੱਟਾ ਪੀਣ। ਬਾਂਸ ਈ ਜੜ੍ਹੋਂ ਪੱਟ'ਤਾ।"

"ਅੱਛਾ! ਕੁੜੀਆਂ ਵੀ ਪੀਣ ਲੱਗ ਪਈਆਂ?"

"ਹਾਂ, ਬਹੁਤਿਆਂ ਘਰਾਂ ਵਿਚ ਵੈਲੀ ਵੀ, ਤੇ ਵੈਲਣਾਂ ਵੀ 'ਕੱਠੇ ਰਹਿੰਦੇ ਨੇ।"

"ਕੁਝ ਸੁਧਾਰ ਹੋਇਆ ਕਿ ਨਹੀਂ?"

"ਸੁਧਾਰ ਕੀ ਹੋਣਾ ਸੀ, ਤਿੰਨੇ ਸਵਰਗ ਸੁਧਾਰ ਗਏ ਨੇ।"

"ਜੁਆਈ ਨੂੰ ਸਾਲ ਕੁ ਹੋ ਗਿਆ ਮਰੇ ਨੂੰ, ਸਵਿੱਤਰੀ ਨੇ ਆਪਣੀ ਮਾਸੂਮ ਦਾ ਗਲ ਘੁੱਟ ਕੇ ਫਾਹਾ ਲੈ ਲਿਆ ਸੀ, ਤੇ ਮਹੀਨਾ ਕੁ ਹੋਇਆ ਤੀਰਥ ਬੱਸ ਅੱਡੇ 'ਤੇ ਮਰਿਆ ਪਿਆ ਲੱਭਿਆ।"

"ਭਗਵਾਨ ਕੌਰ ਵੀ ਘਰ ਹੈ ਨ੍ਹੀਂ ਸੀ?"

"ਵੱਡਾ ਬਹਾਦਰ-ਜੁੰਡਲੀ ਵਿਚ ਰਲ ਗਿਆ ਸੀ। ਨਾਲ ਦਿਆਂ ਨੂੰ ਆਂਹਦਾ, ਅੱਜ ਹੈ ਨ੍ਹੀਂ ਕੁਛ ਕੋਲ... ਨਾ ਪੈਸਾ ਨਾ ਚਿੱਟਾ। ਕਹਿੰਦਾ, ਮੇਰੀ ਮਾਂ ਦੀਆਂ ਬਾਲੀਆਂ ਲਾਹ ਕੇ ਲਿਆ। ਗਿਆ ਤਾਂ ਉਹ ਮੂੰਹ ਬੰਨ੍ਹ ਕੇ, ਛਾਲ ਮਾਰਨ ਲੱਗੇ ਦੇ ਮੂੰਹ ਤੋਂ ਕੱਪੜਾ ਲਹਿ ਗਿਆ। ਭਗਵਾਨ ਕੌਰ ਨੇ ਪਾ'ਤੀ ਰੌਲੀ, ਪਈ ਇਹ ਤਾਂ ਬਹਾਦਰ ਦਾ ਮਿੱਤਰ ਐ ਧੰਨੇ ਦਾ ਬਲਵੰਤ। ਉਹਨੇ ਗਲਾ ਘੁੱਟ ਕੇ ਭਗਵਾਨ ਕੌਰ ਪਾਰ ਬੁਲਾ'ਤੀ। ਮੁੜਦੀ ਵਾਰ ਘਾਬਰਿਆ ਬਾਹਰਲੀ ਕੰਧ ਤੋਂ ਜਾ ਪਿਆ। ਫੜ ਲਿਆ ਲੋਕਾਂ ਨੇ। ਦੱਸ'ਤਾ ਪਤੰਦਰ ਨੇ ਸੱਚ। ਅੱਜ ਕੱਲ੍ਹ ਦੋਵੇਂ ਜੇਲ੍ਹ 'ਚ ਨੇ।"

"ਤੇਰੇ ਨਾਲ ਤਾਂ ਫਿਰ ਬਸੰਤ ਸਿੰਹਾਂ ਡਾਢੇ ਨੇ ਦੋਹੀਂ ਹੱਥੀਂ ਕਰ'ਤੀ।"

"ਮੇਰੇ ਨਾਲ ਨਹੀਂ, ਬਸੰਤ ਸਿੰਹੁ ਨਾਲ ਕਹਿ। ਕਿਉਂਕਿ ਉਹ ਬਸੰਤ ਸਿੰਹੁ ਕਹੱਤਰ ਦੀ ਜੰਗ ਤਾਂ ਜਿੱਤ ਆਇਆ ਸੀ ਪਰ ਘਰ 'ਚ ਇਸ ਕਰ ਕੇ ਹਾਰ ਗਿਆ ਕਿ ਹੁਣ ਇਹ ਲੜਾਈ ਘਰ-ਘਰ ਦੀ ਹੋ ਗਈ ਹੈ ਤੇ ਖਾਨਾਜੰਗੀ ਨਾ ਮੁੱਕਦੀ ਹੁੰਦੀ ਐ, ਨਾ ਛੇਤੀ ਜਿੱਤੀ ਜਾ ਸਕਦੀ ਹੈ।"

"ਘਰ ਨੂੰ ਕੁੰਡਾ ਈ ਲੱਗਿਆ ਹੋਇਐ?"

"ਉਥੇ ਹੈ ਕੀ, ਹੁਣ ਬਚਿਆ ਕੀ ਐ ਜਿਹੜਾ ਕੋਈ ਲੁੱਟੂ... ਪਿੰਡ ਵਾਲੇ ਆਂਹਦੇ ਸੀ ਘਰ ਵੇਖ ਜਾ। ਬਸੰਤ ਸਿੰਹੁ ਕਹਿੰਦਾ, ਨਹੀਂ, ਉਲੂ ਦੱਸਿਆ ਕਰਨਗੇ ਅਗਲੀਆਂ ਨਸਲਾਂ ਨੂੰ, ਕਿ ਇਥੇ ਬਸੰਤ ਸਿੰਹੁ ਕਿਉਂ ਨਹੀਂ ਰਹਿੰਦਾ ਸੀ। ਹੁਣ ਬਸੰਤ ਸਿੰਹੁ ਪੈਨਸ਼ਨ ਬਿਰਧ ਆਸ਼ਰਮ ਨੂੰ ਦੇ ਦਿੰਦੈ, ਤੇ ਸੁੱਕੀਆਂ ਰੋਟੀਆਂ ਉਤੇ ਆਚਾਰ ਮਲ ਕੇ ਢਿੱਡ ਨੂੰ ਝੁਲਕਾ ਲਾ ਰਿਹੈ।"

"ਆ ਜਾ ਮਿੱਤਰਾ, ਇਕ ਵਾਰ ਗਲੇ ਲੱਗ ਕੇ ਤਾਂ ਮਿਲ ਲੈ।"

"ਜਾ ਰਾਮ ਪ੍ਰਕਾਸ਼ ਚਲੇ ਜਾਹ, ਮੈਂ ਤੇਰੀਆਂ ਆਂਦਰਾਂ ਨੂੰ ਹੋਰ ਸੇਕ ਨਹੀਂ ਦੇਣਾ ਚਾਹੁੰਦਾ। ਤੂੰ ਜਿਸ ਬਸੰਤ ਸਿੰਹੁ ਨੂੰ ਲੱਭਦੈਂ, ਉਹ ਹੁਣ ਇਥੇ ਨਹੀਂ ਰਹਿੰਦਾ। ਉਹ ਤਾਂ ਮਰ ਗਿਐ ਕਦੋਂ ਦਾ। ਸਿਰਫ਼ ਕੀਰਤਪੁਰ ਕੋਈ ਹੱਡ ਈ ਪਾਉਣ ਨਹੀਂ ਜਾਂਦਾ। ਅੱਜ ਤਾਂ ਤੂੰ ਇਕ ਬਸੰਤ ਸਿੰਹੁ ਨੂੰ ਲੱਭਣ ਆਇਐਂ, ਥੋੜ੍ਹਾ ਠਹਿਰ... ਹਰ ਘਰ ਵਿਚੋਂ ਬਸੰਤ ਸਿੰਹੁ ਰੋਜ਼ ਗੁਆਚਿਆ ਕਰਨੈ।"

... ਤੇ ਰਾਮ ਪ੍ਰਕਾਸ਼ ਜਿਸਮ ਉਥੇ ਛੱਡ ਕੇ, ਲੀੜੇ ਲੈ ਕੇ ਵਾਪਸ ਹਿਮਾਚਲ ਦੀਆਂ ਪਹਾੜੀਆਂ ਸਾਹੋ-ਸਾਹੀ ਹੋ ਕੇ ਚੜ੍ਹਨ ਲੱਗ ਪਿਆ ਸੀ।

ਗੁਰਮਤਿ ਵਿਚਾਰ

# ਗੁਰਮੁਖਿ ਜਿਤਾ ਮਨਮੁਖਿ ਹਾਰਿਆ



ਡਾ. ਗੁਰਨਾਮ ਕੌਰ, ਕੈਨੇਡਾ

ਸਚੁ ਸਚਾ ਸਤਿਗੁਰੁ ਅਮਰੁ ਹੈ
ਜਿਸੁ ਅੰਦਰਿ ਹਰਿ ਉਰ ਧਾਰਿਆ॥
ਸਚੁ ਸਚਾ ਸਤਿਗੁਰੁ ਪੁਰਖੁ ਹੈ
ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ॥
ਜਾ ਡਿਠਾ ਪੂਰਾ ਸਤਿਗੁਰੂ
ਤਾਂ ਅੰਦਰਹੁ ਮਨੁ ਸਾਧਾਰਿਆ॥
ਬਲਿਹਾਰੀ ਗੁਰ ਆਪਣੇ
ਸਦਾ ਸਦਾ ਘੁਮਿ ਵਾਰਿਆ॥
ਗੁਰਮੁਖਿ ਜਿਤਾ ਮਨਮੁਖਿ ਹਾਰਿਆ॥੧੭॥
(ਪੰਨਾ ੩੧੦)

ਸਤਾਰਵੀਂ ਪਉੜੀ ਤੋਂ ਪਹਿਲਾਂ ਦੂਜੇ ਸਲੋਕ ਵਿਚ ਸਤਿਗੁਰ ਦੀ ਵਡਿਆਈ ਦੱਸੀ ਹੈ, ਜਿਸ ਦਾ ਜ਼ਿਕਰ ਪਿਛਲੇ ਲੇਖ ਵਿਚ ਹੋ ਚੁੱਕਾ ਹੈ। ਇਸ ਪਉੜੀ ਵਿਚ ਦੱਸਿਆ ਹੈ ਕਿ ਸਤਿਗੁਰ ਵਿਚ ਕਿਹੜੇ ਕਿਹੜੇ ਗੁਣ ਹੁੰਦੇ ਹਨ, ਜਿਨ੍ਹਾਂ ਗੁਣਾਂ ਕਰਕੇ ਸਤਿਗੁਰੂ ਉਚੀ ਹਸਤੀ ਹੈ। ਗੁਰੂ ਰਾਮਦਾਸ ਸਤਿਗੁਰੂ ਦੇ ਗੁਣਾਂ ਦੀ ਸੰਖੇਪ ਵਿਆਖਿਆ ਕਰਦੇ ਹਨ ਕਿ ਸਤਿਗੁਰੂ ਉਸ ਅਕਾਲ ਪੁਰਖ ਦਾ ਅਮਰ ਸਰੂਪ ਹੈ ਕਿਉਂਕਿ ਉਸ ਨੇ ਆਪਣੇ ਹਿਰਦੇ ਅੰਦਰ ਉਸ ਪਰਮਾਤਮ-ਜੋਤਿ ਨੂੰ ਧਾਰਨ ਕੀਤਾ ਹੋਇਆ ਹੈ। ਇਸ ਪਰਮਾਤਮ ਜੋਤਿ ਦਾ ਹਿਰਦੇ ਅੰਦਰ ਅਨੁਭਵ ਕਰ ਲੈਣ ਕਰਕੇ ਸਤਿਗੁਰੂ ਨੇ ਆਪਣੇ ਅੰਦਰੋਂ ਕਾਮ, ਕ੍ਰੋਧ ਆਦਿ ਵਿਸ਼ੇ ਵਿਕਾਰਾਂ ਦੀ ਵਿਹੁ ਨੂੰ ਖਤਮ ਕਰ ਦਿੱਤਾ ਹੋਇਆ ਹੈ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਦੋਂ ਉਨ੍ਹਾਂ ਨੇ (ਜਾਂ ਕਿਸੇ ਵੀ ਮਨੁੱਖ ਨੇ) ਸਤਿਗੁਰ ਦੇ ਦਰਸ਼ਨ ਕਰ ਲਏ ਤਾਂ ਮਨ ਵਿਚ ਖਾਸ ਕਿਸਮ ਦਾ ਸਹਿਜ, ਧੀਰਜ ਆ ਗਿਆ। ਉਹ ਅਜਿਹੇ ਸਤਿਗੁਰੂ ਤੋਂ ਹਮੇਸ਼ਾ ਹਮੇਸ਼ਾ ਲਈ ਸਦਕੇ ਜਾਂਦੇ ਹਨ ਜਿਸ ਦੇ ਦਰਸ਼ਨ ਕੀਤਿਆਂ ਮਨ ਸਹਿਜ ਅਵਸਥਾ ਵਿਚ ਆ ਜਾਂਦਾ ਹੈ, ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਜਿਹੜਾ ਮਨੁੱਖ ਗੁਰੂ ਦੀ ਸਿੱਖਿਆ ਅਨੁਸਾਰ ਚੱਲਦਾ ਹੈ, ਗੁਰੂ ਦੇ ਸਨਮੁਖ ਹੋ ਕੇ ਚੱਲਦਾ ਹੈ, ਉਹ ਇਸ ਜੱਗ ਵਾਲੀ ਬਾਜੀ ਨੂੰ ਜਿੱਤ ਲੈਂਦਾ ਹੈ ਅਤੇ ਜਿਹੜਾ ਮਨੁੱਖ ਆਪਣੇ ਮਨ ਦੀਆਂ ਲਾਲਸਾਵਾਂ ਦੇ ਪਿੱਛੇ ਲੱਗ ਕੇ ਕਰਮ ਕਰਦਾ ਹੈ, ਉਹ ਸੰਸਾਰ ਦੀ ਬਾਜੀ ਨੂੰ ਹਾਰ ਜਾਂਦਾ ਹੈ।

ਅੱਗੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਦੱਸਦੇ ਹਨ ਕਿ ਜਿਸ ਮਨੁੱਖ 'ਤੇ ਅਕਾਲ ਪੁਰਖ ਦੀ ਮਿਹਰ ਹੋਈ ਹੈ, ਉਸ ਦਾ ਮੇਲ ਗੁਰੂ ਨਾਲ ਹੋ ਗਿਆ ਹੈ ਅਤੇ ਜਿਸ ਦਾ ਮੇਲ ਗੁਰੂ ਨਾਲ ਹੋ ਗਿਆ ਹੈ, ਉਹ ਗੁਰੂ ਦੇ ਸਨਮੁਖ ਹੋ ਕੇ ਪਰਮਾਤਮ-ਨਾਮ ਦਾ ਸਿਮਰਨ ਕਰਦਾ ਹੈ, ਅਕਾਲ ਪੁਰਖ ਦੇ ਨਾਮ ਨੂੰ ਧਿਆਉਂਦਾ ਹੈ। ਗੁਰੂ ਦੇ ਸਨਮੁਖ ਹੋ ਕੇ ਚੱਲਣ ਵਾਲਾ ਅਜਿਹਾ ਮਨੁੱਖ ਉਹੋ ਕੰਮ ਕਰਦਾ ਹੈ ਜੋ ਸਤਿਗੁਰ ਨੂੰ ਚੰਗੇ ਲੱਗਦੇ ਹਨ। ਅਜਿਹੇ ਮਨੁੱਖ ਦੇ ਹਿਰਦੇ ਵਿਚ ਸਤਿਗੁਰੂ ਅਕਾਲ ਪੁਰਖ ਦਾ ਨਾਮ ਵਸਾ ਦਿੰਦਾ ਹੈ ਅਰਥਾਤ ਗੁਰੂ ਦੇ ਸਨਮੁਖ ਹੋ ਕੇ ਨਾਮ ਜਪਣ ਨਾਲ ਮਨੁੱਖ ਗੁਰੂ ਨੂੰ ਚੰਗੇ ਲੱਗਣ ਵਾਲੇ ਕੰਮ ਕਰਦਾ ਹੈ ਜਿਸ ਕਰਕੇ ਸਤਿਗੁਰੂ ਰਾਹੀਂ ਉਹ ਆਪਣੇ ਅੰਦਰ ਪਰਮਾਤਮ-ਜੋਤਿ ਦਾ ਅਨੁਭਵ ਕਰ ਲੈਂਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਨਾਮ-ਰੂਪੀ ਖਜ਼ਾਨਾ ਵੱਸ ਜਾਂਦਾ ਹੈ, ਸਤਿਗੁਰੂ ਦੀ ਮਿਹਰ ਸਦਕਾ ਉਸ ਦੇ ਮਨ ਅੰਦਰੋਂ ਹਰ ਤਰ੍ਹਾਂ ਦੇ ਡਰ ਦੂਰ ਹੋ ਜਾਂਦੇ ਹਨ, ਉਹ ਭੈ-ਮੁਕਤ ਹੋ ਜਾਂਦਾ ਹੈ। ਜਿਹੜੇ ਮਨੁੱਖਾਂ ਦੀ ਰੱਖਿਆ ਵਾਹਿਗੁਰੂ ਆਪ ਕਰਨ ਲਈ ਤਿਆਰ ਹੁੰਦਾ ਹੈ, ਉਨ੍ਹਾਂ ਦਾ ਫਿਰ ਬਾਕੀ ਦੁਨੀਆਂ, ਜਿੰਨੇ ਮਰਜ਼ੀ ਜਤਨ ਕਰ ਲਵੇ, ਕੁਝ ਨਹੀਂ ਵਿਗਾੜ ਸਕਦੀ। ਗੁਰੂ ਸਾਹਿਬ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰ, ਜਿਸ ਨਾਲ ਅਕਾਲ ਪੁਰਖ ਤੈਨੂੰ ਇਸ ਲੋਕ ਅਤੇ ਪਰਲੋਕ ਵਿਚ ਹਰ ਤਰ੍ਹਾਂ ਦੇ ਭੈ ਤੋਂ ਮੁਕਤ ਕਰ ਦੇਵੇਗਾ,

ਕਰਿ ਕਿਰਪਾ ਸਤਿਗੁਰੁ ਮੇਲਿਓਨੁ
ਮੁਖਿ ਗੁਰਮੁਖਿ ਨਾਮੁ ਧਿਆਇਸੀ॥
ਸੋ ਕਰੇ ਜਿ ਸਤਿਗੁਰ ਭਾਵਸੀ
ਗੁਰੁ ਪੂਰਾ ਘਰੀ ਵਸਾਇਸੀ॥
ਜਿਨ ਅੰਦਰਿ ਨਾਮੁ ਨਿਧਾਨੁ ਹੈ
ਤਿਨ ਕਾ ਭਉ ਸਭੁ ਗਵਾਇਸੀ॥
ਜਿਨ ਰਖਣ ਕਉ ਹਰਿ ਆਪਿ ਹੋਇ
ਹੋਰ ਕੇਤੀ ਝਖਿ ਝਖਿ ਜਾਇਸੀ॥
ਜਨ ਨਾਨਕ ਨਾਮੁ ਧਿਆਇ ਤੂ
ਹਰਿ ਹਲਤਿ ਪਲਤਿ ਛੋਡਾਇਸੀ॥੧॥
(ਪੰਨਾ ੩੧੦)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਗੁਰੂ ਦੇ ਸਿੱਖ ਦੀ ਗੁਰੂ ਪ੍ਰਤੀ ਸ਼ਰਧਾ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਗੁਰਸਿੱਖਾਂ ਦੇ ਮਨ ਨੂੰ ਸਤਿਗੁਰੂ ਦੀ ਵਡਿਆਈ, ਸਤਿਗੁਰ ਦੀ ਸ਼ੋਭਾ ਸੁਣਨੀ ਚੰਗੀ ਲੱਗਦੀ ਹੈ। ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਹੇ ਅਕਾਲ ਪੁਰਖ ਤੂੰ ਸਤਿਗੁਰੂ ਦੀ ਪੈਜ ਰੱਖਦਾ ਹੈਂ ਅਤੇ ਸਤਿਗੁਰ ਦੀ ਵਡਿਆਈ ਦਿਨੋ ਦਿਨ ਵਧਦੀ ਹੈ। ਪਾਰਬ੍ਰਹਮ ਅਰਥਾਤ ਸਰਬ-ਉਚ ਅਕਾਲ ਪੁਰਖ ਸਾਰੇ ਜੀਵਾਂ ਨੂੰ ਵਿਕਾਰਾਂ ਆਦਿ ਤੋਂ ਬਚਾਉਂਦਾ ਹੈ, ਸਭ ਦੀ ਰੱਖਿਆ ਕਰਦਾ ਹੈ ਅਤੇ ਉਹ ਗੁਰ ਸਤਿਗੁਰ ਨੂੰ ਵੀ ਬਚਾਉਂਦਾ ਹੈ, ਉਸ ਦਾ ਮਿਹਰ ਭਰਿਆ ਹੱਥ ਸਦਾ ਗੁਰ ਸਤਿਗੁਰੂ ਦੇ ਸਿਰ 'ਤੇ ਹੁੰਦਾ ਹੈ। ਅਕਾਲ ਪੁਰਖ ਪਰਵਰਦਗਾਰ ਹੀ ਗੁਰ ਸਤਿਗੁਰ ਦੀ ਤਾਕਤ ਅਤੇ ਸਹਾਰਾ ਹੈ, ਉਸ ਪਰਵਰਦਗਾਰ ਨੇ ਹੀ ਮਿਹਰ ਕਰਕੇ ਸਾਰੇ ਜੀਵਾਂ ਨੂੰ ਸਤਿਗੁਰੂ ਦੇ ਅੱਗੇ ਲਿਆ ਕੇ ਨਿਵਾਇਆ ਹੈ। ਜਿਨ੍ਹਾਂ ਮਨੁੱਖਾਂ ਨੇ ਆਪਣੇ ਹਿਰਦੇ ਵਿਚ ਸਤਿਗੁਰ ਲਈ ਪ੍ਰੇਮ ਰੱਖ ਕੇ ਉਸ ਦੇ ਦਰਸ਼ਨ ਕੀਤੇ ਹਨ, ਸਤਿਗੁਰੂ ਉਨ੍ਹਾਂ ਦੇ ਸਾਰੇ ਪਾਪ ਦੂਰ ਕਰ ਦਿੰਦਾ ਹੈ। ਅਜਿਹੇ ਮਨੁੱਖ ਅਕਾਲ ਪੁਰਖ ਦੀ ਸੱਚੀ ਦਰਗਾਹ 'ਚ ਹਮੇਸ਼ਾ ਖਿੜੇ ਮੁਖੜੇ ਨਾਲ ਜਾਂਦੇ ਹਨ ਅਤੇ ਉਨ੍ਹਾਂ ਦੀ ਬਹੁਤ ਸ਼ੋਭਾ ਹੁੰਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜੇ ਮੇਰੇ ਵੀਰ ਸਤਿਗੁਰੂ ਦੇ ਅਜਿਹੇ ਸਿੱਖ ਹਨ ਉਹ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ,

ਗੁਰਸਿਖਾ ਕੈ ਮਨਿ ਭਾਵਦੀ
ਗੁਰ ਸਤਿਗੁਰ ਕੀ ਵਡਿਆਈ॥
ਹਰਿ ਰਾਖਹੁ ਪੈਜ ਸਤਿਗੁਰੂ ਕੀ
ਨਿਤ ਚੜੈ ਸਵਾਈ॥
ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ
ਪਾਰਬ੍ਰਹਮੁ ਛਡਾਈ॥
ਗੁਰ ਸਤਿਗੁਰ ਤਾਣੁ ਦੀਬਾਣੁ
ਹਰਿ ਤਿਨਿ ਸਭਿ ਆਣਿ ਨਿਵਾਈ॥
ਜਿਨੀ ਡਿਠਾ ਮੇਰਾ ਸਤਿਗੁਰੁ
ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ॥
ਹਰਿ ਦਰਗਹ ਤੇ ਮੁਖ ਉਜਲੇ
ਬਹੁ ਸੋਭਾ ਪਾਈ॥
ਜਨੁ ਨਾਨਕੁ ਮੰਗੈ ਧੂੜਿ ਤਿਨ
ਜੋ ਗੁਰ ਕੇ ਸਿਖ ਮੇਰੇ ਭਾਈ॥੨॥
(ਪੰਨਾ ੩੧੦)

ਅਗਲੀ ਪਉੜੀ 'ਚ ਅਧਿਆਤਮਕ ਅਨੁਭਵ ਦੇ ਰਹੱਸਾਤਮਕ ਸੁਆਦ ਦੀ ਗੱਲ ਕਰਦੇ ਹਨ ਕਿ ਇਸ ਨੂੰ ਜਿਨ੍ਹਾਂ ਨੇ ਚੱਖਿਆ ਹੈ, ਇਸ ਦੇ ਸੁਆਦ ਨੂੰ ਉਹ ਹੀ ਜਾਣਦੇ ਹਨ ਪਰ ਇਸ ਨੂੰ ਸ਼ਬਦਾਂ ਵਿਚ ਬਿਆਨ ਕਰ ਸਕਣਾ ਮੁਸ਼ਕਿਲ ਹੈ। ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਉਹ ਸੱਚਾ ਅਕਾਲ ਪੁਰਖ ਸ਼ਲਾਘਾਯੋਗ ਹੈ, ਉਸ ਦੀ ਸਿਫ਼ਤਿ-ਸਾਲਾਹ ਕਰਨੀ ਇੱਕ ਅਜਿਹੀ ਕਾਰ ਹੈ ਜੋ ਸਦਾ ਨਾਲ ਨਿਭਦੀ ਹੈ। ਇਸ ਲਈ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਸਦਾ ਉਸ ਸੱਚੇ ਪਰਵਦਗਾਰ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਅਰਥਾਤ ਇਸ ਨਾਲ ਨਿਭਣ ਵਾਲੀ ਕਾਰ ਵਿਚ ਲੱਗੇ ਰਹਿਣ। ਉਸ ਸੱਚੇ ਪਰਵਰਦਗਾਰ ਅਕਾਲ ਪੁਰਖ ਦੀ ਕੋਈ ਜੀਵ ਵੀ ਕੀਮਤ ਨਹੀਂ ਪਾ ਸਕਿਆ। ਜਿਨ੍ਹਾਂ ਮਨੁੱਖਾਂ ਨੇ ਸੱਚੇ ਪਰਮਾਤਮਾ ਦੇ ਨਾਮ ਦਾ ਸੁਆਦ ਚੱਖ ਲਿਆ ਹੈ, ਉਸ ਨੂੰ ਅਨੁਭਵ ਕਰ ਲਿਆ ਹੈ, ਉਹ ਰੱਜ ਕੇ ਤ੍ਰਿਪਤ ਹੋ ਗਏ ਹਨ, ਉਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦੀ ਭੁੱਖ ਨਹੀਂ ਰਹਿੰਦੀ। ਜਿਨ੍ਹਾਂ ਨੇ ਇਸ ਰਸ ਦਾ ਅਨੁਭਵ ਕੀਤਾ ਹੈ, ਇਸ ਨੂੰ ਉਹ ਜਾਣਦੇ ਵੀ ਹਨ ਪਰ ਦੱਸ ਨਹੀਂ ਸਕਦੇ। ਇਸ ਦੀ ਤੁਲਨਾ ਗੁਰੂ ਸਾਹਿਬ ਨੇ ਗੂੰਗੇ ਦੇ ਮਠਿਆਈ ਖਾਣ ਨਾਲ ਕੀਤੀ ਹੈ। ਗੂੰਗਾ ਬੰਦਾ ਮਠਿਆਈ ਖਾਂਦਾ ਹੈ ਤਾਂ ਉਹ ਮਠਿਆਈ ਦੇ ਸੁਆਦ ਨੂੰ ਆਪਣੇ ਮਨ ਵਿਚ ਅਨੁਭਵ ਵੀ ਕਰਦਾ ਹੈ ਅਤੇ ਜਾਣਦਾ ਵੀ ਹੈ ਪਰ ਬੋਲ ਨਾ ਸਕਣ ਕਰਕੇ ਉਸ ਨੂੰ ਦੱਸ ਨਹੀਂ ਸਕਦਾ। ਇਸੇ ਤਰ੍ਹਾਂ ਰਹੱਸਾਤਮਕ ਅਨੁਭਵ ਨੂੰ ਅਨੁਭਵੀ ਮਨੁੱਖ ਜਾਣਦਾ ਤਾਂ ਹੈ ਪਰ ਉਸ ਨੂੰ ਸ਼ਬਦਾਂ ਵਿਚ ਪ੍ਰਗਟ ਨਹੀਂ ਕਰ ਸਕਦਾ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਨੇ ਪੂਰੇ ਸਤਿਗੁਰੂ ਰਾਹੀਂ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕੀਤਾ ਹੈ, ਉਹ ਸਦਾ ਖੇੜੇ ਵਿਚ ਰਹਿੰਦੇ ਹਨ ਅਰਥਾਤ ਉਨ੍ਹਾਂ ਦਾ ਮਨ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ,

ਹਉ ਆਖਿ ਸਲਾਹੀ ਸਿਫਤਿ ਸਚੁ
ਸਚੁ ਸਚੇ ਕੀ ਵਡਿਆਈ॥
ਸਾਲਾਹੀ ਸਚੁ ਸਲਾਹ ਸਚੁ
ਸਚੁ ਕੀਮਤਿ ਕਿਨੈ ਨ ਪਾਈ॥
ਸਚੁ ਸਚਾ ਰਸੁ ਜਿਨੀ ਚਖਿਆ
ਸੇ ਤ੍ਰਿਪਤਿ ਰਹੇ ਆਘਾਈ॥
ਇਹੁ ਹਰਿ ਰਸੁ ਸੇਈ ਜਾਣਦੇ
ਜਿਉ ਗੂੰਗੈ ਮਿਠਿਆਈ ਖਾਈ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ
ਮਨਿ ਵਜੀ ਵਧਾਈ॥੧੮॥
(ਪੰਨਾ ੩੧੦-੧੧)

ਅੱਗੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਪਰਮਾਤਮਾ ਤੋਂ ਅਤੇ ਗੁਰੂ ਤੋਂ ਵਿਛੋੜੇ ਦੀ, ਵਿਯੋਗ ਦੀ ਪੀੜਾ ਕਿਹੋ ਜਿਹੀ ਹੁੰਦੀ ਹੈ, ਦਾ ਜ਼ਿਕਰ ਕਰਦੇ ਹਨ। ਜਿਸ ਤਰ੍ਹਾਂ ਰਹੱਸਾਤਮਕ ਅਨੁਭਵ ਦਾ ਸੁਆਦ ਜਿਸ ਨੇ ਚੱਖਿਆ ਹੈ, ਉਹੀ ਜਾਣਦਾ ਹੈ; ਇਸੇ ਤਰ੍ਹਾਂ ਵਿਛੋੜੇ ਦੀ ਪੀੜ ਜਾਂ ਸੱਲ ਕੀ ਹੁੰਦਾ ਹੈ, ਜਿਸ ਨੇ ਇਸ ਦਰਦ ਨੂੰ ਸਹਿਣ ਕੀਤਾ ਹੈ, ਉਹ ਹੀ ਜਾਣਦਾ ਹੈ। ਇਸ ਦਰਦ ਦੀ ਤੁਲਨਾ ਗੁਰੂ ਸਾਹਿਬ ਉਮਰਥਲ (ਅੰਦਰ ਦਾ ਫੋੜਾ) ਨਾਲ ਕਰਦੇ ਹਨ। ਉਹ ਫੁਰਮਾਉਂਦੇ ਹਨ ਕਿ ਜਿਨ੍ਹਾਂ ਦੇ ਸਰੀਰ ਅੰਦਰ ਗੰਢਧੁਧਾਣਾ ਫੋੜਾ ਹੈ, ਉਹ ਹੀ ਜਾਣਦੇ ਹਨ ਕਿ ਇਸ ਦਾ ਦਰਦ, ਇਸ ਦੀ ਤਕਲੀਫ਼ ਕਿਹੋ ਜਿਹੀ ਹੈ। ਇਸੇ ਤਰ੍ਹਾਂ ਜਿਨ੍ਹਾਂ ਦੇ ਹਿਰਦੇ ਵਿਚ ਵਿਛੋੜੇ ਦਾ ਸੱਲ ਹੈ, ਦਰਦ ਹੈ, ਜਿਨ੍ਹਾਂ ਨੇ ਇਸ ਨੂੰ ਸਹਿਣ ਕੀਤਾ ਹੈ, ਉਹੋ ਹੀ ਇਸ ਨੂੰ ਜਾਣਦੇ ਹਨ ਅਤੇ ਇਸ ਤੋਂ ਪੈਦਾ ਹੋਏ ਪ੍ਰੇਮ ਨੂੰ ਵੀ ਉਹ ਹੀ ਸਮਝਦੇ ਹਨ ਅਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਅਜਿਹੇ ਮਨੁੱਖਾਂ ਤੋਂ ਸਦਕੇ ਜਾਂਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਉਨ੍ਹਾਂ ਦਾ ਮੇਲ ਅਜਿਹੇ ਸੱਜਣ ਮਨੁੱਖਾਂ ਨਾਲ ਕਰਾਵੇ, ਅਜਿਹੇ ਗੁਰਮੁਖਿ ਸੱਜਣਾਂ ਦੇ ਦਰਸ਼ਨ ਦੀ ਖਾਤਰ ਉਨ੍ਹਾਂ ਦਾ ਸਿਰ ਵੀ ਭਾਵੇਂ ਉਨ੍ਹਾਂ ਦੇ ਚਰਨਾਂ ਹੇਠ ਰੁਲੇ,

ਜਿਨਾ ਅੰਦਰਿ ਉਮਰਥਲ
ਸੇਈ ਜਾਣਨਿ ਸੂਲੀਆ॥
ਹਰਿ ਜਾਣਹਿ ਸੇਈ ਬਿਰਹੁ
ਹਉ ਤਿਨ ਵਿਟਹੁ ਸਦ ਘੁਮਿ ਘੋਲੀਆ॥
ਹਰਿ ਮੇਲਹੁ ਸਜਣੁ ਪੁਰਖੁ ਮੇਰਾ
ਸਿਰੁ ਤਿਨ ਵਿਟਹੁ ਤਲ ਰੋਲੀਆ॥

ਇਸੇ ਦਾ ਜ਼ਿਕਰ ਅੱਗੇ ਤੋਰਦਿਆਂ ਦੱਸਦੇ ਹਨ ਕਿ ਜਿਹੜਾ ਸਿੱਖ ਗੁਰੂ ਦਾ ਦੱਸਿਆ ਹੋਇਆ ਕਾਰਜ ਕਰਦਾ ਹੈ ਅਰਥਾਤ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲਦਾ ਹੈ ਅਤੇ ਕਰਮ ਕਰਦਾ ਹੈ, ਉਹ ਉਨ੍ਹਾਂ ਦੇ ਗੁਲਾਮਾਂ ਦੇ ਵੀ ਗੁਲਾਮ ਹਨ। ਜਿਹੜੇ ਮਨੁੱਖ ਅਕਾਲ ਪੁਰਖ ਦੇ ਪ੍ਰੇਮ-ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਚੋਲੇ (ਗੁਰਮਤਿ ਵਿਚ ਸਰੀਰ ਨੂੰ ਚੋਲਾ ਵੀ ਕਿਹਾ ਹੈ) ਅਰਥਾਤ ਸਰੀਰ ਵੀ ਪਰਮਾਤਮ-ਪ੍ਰੇਮ ਦੇ ਰੰਗ ਵਿਚ ਰੰਗੇ ਹੋਏ ਹਨ। ਗੁਰੂ ਸਾਹਿਬ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਅਜਿਹੇ ਮਨੁੱਖਾਂ ਨੂੰ ਅਕਾਲ ਪੁਰਖ ਨੇ ਆਪਣੀ ਮਿਹਰ ਕਰਕੇ ਗੁਰੂ ਦੇ ਨਾਲ ਮਿਲਾਇਆ ਹੈ ਅਤੇ ਉਨ੍ਹਾਂ ਨੇ ਆਪਣਾ ਸਿਰ ਗੁਰੂ ਅੱਗੇ ਵੇਚ ਦਿੱਤਾ ਹੈ ਅਰਥਾਤ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਸਮਰਪਣ ਕਰ ਦਿੱਤਾ ਹੈ (ਇਸੇ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ 'ਸਿਰ ਦੀਜੈ ਕਾਣਿ ਨ ਕੀਜੈ' ਕਹਿ ਕੇ ਕੀਤਾ ਹੈ),

ਜੋ ਸਿਖ ਗੁਰ ਕਾਰ ਕਮਾਵਹਿ
ਹਉ ਗੁਲਮੁ ਤਿਨਾ ਕਾ ਗੋਲੀਆ॥
ਹਰਿ ਰੰਗਿ ਚਲੂਲੈ ਜੋ ਰਤੇ
ਤਿਨ ਭਿਨੀ ਹਰਿ ਰੰਗਿ ਚੋਲੀਆ॥
ਕਰਿ ਕਿਰਪਾ ਨਾਨਕ ਮੇਲਿ ਗੁਰ
ਪਹਿ ਸਿਰੁ ਵੇਚਿਆ ਮੋਲੀਆ॥੧॥
(ਪੰਨਾ ੩੧੧)

ਗੁਰੂ ਰਾਮਦਾਸ ਅਗਲੇ ਸਲੋਕ ਵਿਚ ਮਨੁੱਖੀ ਸਰੀਰ ਦੀ ਗੱਲ ਕਰਦੇ ਹੋਏ, ਸੰਤ-ਜਨਾਂ (ਰੱਬ ਦੇ ਪਿਆਰਿਆਂ ਭਗਤਾਂ) ਨੂੰ ਸੰਬੋਧਨ ਕਰਦੇ ਹਨ ਕਿ ਮਨੁੱਖ ਦਾ ਸਰੀਰ ਜੋ ਬੇਅੰਤ ਔਗੁਣਾਂ ਨਾਲ ਭਰਿਆ ਹੋਇਆ ਹੈ, ਇਸ ਨੂੰ ਕਿਸ ਤਰ੍ਹਾਂ ਸਾਫ ਕੀਤਾ ਜਾਵੇ, ਔਗੁਣਾਂ ਤੋਂ ਕਿਵੇਂ ਰਹਿਤ ਕੀਤਾ ਜਾਵੇ। ਬਾਣੀ ਅਨੁਸਾਰ ਹਉਮੈ ਰੂਪੀ ਮੈਲ ਮਨੁੱਖ ਦੇ ਮਨ ਨੂੰ, ਸਰੀਰ-ਰੂਪੀ ਚੋਲੇ ਨੂੰ ਗੰਦਾ ਕਰਦੀ ਹੈ, ਮਨੁੱਖ ਦੇ, ਉਸ ਦੇ ਸੋਮੇ ਕਰਤਾ ਪੁਰਖ ਨਾਲੋਂ ਵਿਛੋੜੇ ਦਾ ਕਾਰਨ ਬਣਦੀ ਹੈ, ਵਾਹਿਗੁਰੂ ਤੋਂ ਮਨੁੱਖ ਅੰਦਰ ਵਿੱਥ ਪੈਦਾ ਕਰਦੀ ਹੈ। ਗੁਰੂ ਰਾਮਦਾਸ ਦੱਸਦੇ ਹਨ ਕਿ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਮਨੁੱਖ ਗੁਣ ਪੈਦਾ ਕਰਦਾ ਹੈ ਜਿਸ ਨਾਲ ਇਹ ਹਉਮੈ ਦੀ ਮੈਲ ਧੋਤੀ ਜਾਂਦੀ ਹੈ ਅਤੇ ਸਰੀਰ/ਮਨ ਨਿਰਮਲ ਹੋ ਜਾਂਦਾ ਹੈ। ਜਿਹੜੇ ਮਨੁੱਖ ਪ੍ਰੇਮ ਨਾਲ ਵਾਹਿਗੁਰੂ ਦੇ ਸੱਚੇ ਨਾਮ ਨੂੰ ਖਰੀਦਦੇ ਹਨ ਇਹ ਨਾਮ ਦਾ ਸੱਚਾ ਸੌਦਾ ਲਾਭਦਾਇਕ ਰੂਪ ਵਿਚ ਉਨ੍ਹਾਂ ਦੇ ਨਾਲ ਰਹਿੰਦਾ ਹੈ। ਇਸ ਸੌਦੇ ਵਿਚ, ਇਸ ਵਪਾਰ ਵਿਚ ਕਦੇ ਘਾਟਾ ਨਹੀਂ ਹੁੰਦਾ, ਹਮੇਸ਼ਾ ਲਾਭ ਹੀ ਹੁੰਦਾ ਹੈ ਕਿਉਂਕਿ ਕਰਤਾ ਪੁਰਖ ਉਨ੍ਹਾਂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ, ਉਨ੍ਹਾਂ ਨੂੰ ਰਚਣਹਾਰ ਨਾਲ ਪ੍ਰੇਮ ਹੋ ਜਾਂਦਾ ਹੈ। ਗੁਰੂ ਰਾਮਦਾਸ ਸਾਹਿਬ ਫੁਰਮਾਉਂਦੇ ਹਨ ਕਿ ਸੱਚੇ ਨਾਮ ਦਾ ਵਪਾਰ ਉਹ ਕਰਦੇ ਹਨ, ਸੱਚੇ ਨਾਮ ਦੀ ਖ਼ਰੀਦ ਉਹ ਕਰਦੇ ਹਨ ਜਿਨ੍ਹਾਂ ਦੇ ਕੀਤੇ ਹੋਏ ਚੰਗੇ ਕਰਮਾਂ ਕਰਕੇ ਧੁਰ ਦਰਗਾਹ ਤੋਂ ਉਨ੍ਹਾਂ ਦੇ ਹਿਰਦੇ ਵਿਚ ਇਹ ਨਾਮ ਲਿਖਿਆ ਹੋਇਆ ਪ੍ਰਾਪਤ ਹੁੰਦਾ ਹੈ,

ਅਉਗਣੀ ਭਰਿਆ ਸਰੀਰੁ ਹੈ
ਕਿਉ ਸੰਤਹੁ ਨਿਰਮਲੁ ਹੋਇ॥
ਗੁਰਮੁਖਿ ਗੁਣ ਵੇਹਾਝੀਅਹਿ
ਮਲੁ ਹਉਮੈ ਕਢੈ ਧੋਇ॥
ਸਚੁ ਵਣੰਜਹਿ ਰੰਗ ਸਿਉ
ਸਚੁ ਸਉਦਾ ਹੋਇ॥
ਤੋਟਾ ਮੂਲਿ ਨ ਆਵਈ
ਲਾਹਾ ਹਰਿ ਭਾਵੈ ਸੋਇ॥
ਨਾਨਕ ਤਿਨ ਸਚੁ ਵਣੰਜਿਆ
ਜਿਨਾ ਧੁਰਿ ਲਿਖਿਆ ਪਰਾਪਤਿ ਹੋਇ॥੨॥
(ਪੰਨਾ ੩੧੧)

ਅੱਗੇ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ ਉਸ ਸੱਚੇ ਪਰਵਰਦਗਾਰ ਦੀ ਸਿਫ਼ਤਿ-ਸਾਲਾਹ ਕਰਨ ਦੀ ਗੱਲ ਕਰਦੇ ਹਨ ਜੋ ਨਿਰਾਲਾ ਅਤੇ ਸੱਚਾ ਪੁਰਖ ਪਰਮਾਤਮਾ ਹੈ ਕਿਉਂਕਿ ਉਸ ਦੀ ਕੀਤੀ ਹੋਈ ਸਿਫ਼ਤਿ ਸਾਲਾਹ ਹਮੇਸ਼ਾ ਜੀਵ ਦੇ ਨਾਲ ਨਿਭਦੀ ਹੈ। ਉਸ ਸੱਚੇ ਦਾ ਧਿਆਨ ਧਰਨ ਨਾਲ, ਉਸ ਦਾ ਸਿਮਰਨ ਕਰਨ ਨਾਲ ਉਹ ਮਨ ਦੇ ਅੰਦਰ ਸਦੀਵੀ ਵੱਸ ਜਾਂਦਾ ਹੈ, ਉਹ ਸੱਚਾ ਜੋ ਹਰ ਇੱਕ ਦਾ ਰਖਵਾਲਾ ਹੈ। ਜਿਹੜੇ ਉਸ ਸੱਚੇ ਨੂੰ ਸੱਚੇ ਮਨ ਨਾਲ ਅਰਾਧਦੇ ਹਨ, ਉਹ ਉਸ ਸੱਚੇ ਪਰਮਾਤਮਾ ਵਿਚ ਲੀਨ ਹੋ ਜਾਂਦੇ ਹਨ, ਉਨ੍ਹਾਂ ਦੀ ਸੁਰਤਿ ਉਸ ਨਾਲ ਇਕਸੁਰ ਹੋ ਜਾਂਦੀ ਹੈ। ਜਿਹੜੇ ਉਸ ਸੱਚੇ ਪਰਮਾਤਮਾ ਦਾ ਸਿਮਰਨ ਨਹੀਂ ਕਰਦੇ ਉਹ ਮੂਰਖ ਅਤੇ ਭੂਤਨੇ ਹਨ ਜੋ ਆਪਣੇ ਮਨ ਦੀਆਂ ਇੱਛਾਵਾਂ ਦੇ ਮਗਰ ਲੱਗ ਕਰਮ ਕਰਦੇ ਹਨ। ਉਹ ਆਪਣੇ ਮੂੰਹ ਤੋਂ ਸਦਾ ਬੇਤੁਕੀਆਂ, ਬੇਥਵੀਆਂ ਗੱਲਾਂ ਕਰਦੇ ਹਨ ਜਿਵੇਂ ਕੋਈ ਮਦ ਪੀਤੀ ਵਾਲਾ ਮਨੁੱਖ ਸ਼ਰਾਬੀ ਹੋ ਕੇ ਬੇਥਵੀਆਂ ਗੱਲਾਂ ਕਰਦਾ ਹੈ,

ਸਾਲਾਹੀ ਸਚੁ ਸਾਲਾਹਣਾ
ਸਚੁ ਸਚਾ ਪੁਰਖੁ ਨਿਰਾਲੇ॥
ਸਚੁ ਸੇਵੀ ਸਚੁ ਮਨਿ ਵਸੈ
ਸਚੁ ਸਚਾ ਹਰਿ ਰਖਵਾਲੇ॥
ਸਚੁ ਸਚਾ ਜਿਨੀ ਅਰਾਧਿਆ
ਸੇ ਜਾਇ ਰਲੇ ਸਚ ਨਾਲੇ॥
ਸਚੁ ਸਚਾ ਜਿਨੀ ਨ ਸੇਵਿਆ
ਸੇ ਮਨਮੁਖ ਮੂੜ ਬੇਤਾਲੇ॥
ਓਹ ਆਲੁ ਪਤਾਲੁ ਮੁਹਹੁ ਬੋਲਦੇ
ਜਿਉ ਪੀਤੈ ਮਦਿ ਮਤਵਾਲੇ॥੧੯॥
(ਪੰਨਾ ੩੧੧)

ਗੁਰਬਾਣੀ ਗਿਆਨ

## ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ

**ਆਸਾ ਮਹਲਾ ੫**
ਲਾਖ ਭਗਤ ਆਰਾਧਹਿ
ਜਪਤੇ ਪੀਉ ਪੀਉ॥
ਕਵਨ ਜੁਗਤਿ ਮੇਲਾਵਉ
ਨਿਰਗੁਣ ਬਿਖਈ ਜੀਉ॥੧॥
ਤੇਰੀ ਟੇਕ ਗੋਬਿੰਦ ਗੁਪਾਲ
ਦਇਆਲ ਪ੍ਰਭ॥
ਤੂੰ ਸਭਨਾ ਕੇ ਨਾਥ
ਤੇਰੀ ਸ੍ਰਿਸਟਿ ਸਭ॥੧॥ਰਹਾਉ॥
ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ॥
ਨਾਮ ਬਿਹੂਨੜਿਆ ਸੇ
ਮਰਨਿ ਵਿਸੂਰਿ ਵਿਸੂਰਿ॥੨॥
ਦਾਸ ਦਾਸਤਣ ਭਾਇ
ਮਿਟਿਆ ਤਿਨਾ ਗਉਣੁ॥
ਵਿਸਰਿਆ ਜਿਨਾ ਨਾਮੁ
ਤਿਨਾੜਾ ਹਾਲੁ ਕਉਣੁ॥੩॥
ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ॥
ਨਾਨਕ ਬੰਧਨ ਕਾਟਿ
ਮਿਲਾਵਹੁ ਆਪਿ ਪ੍ਰਭ॥੪॥

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਉਸ ਭਗਤ ਵਛਲ ਮਿਹਰਵਾਨ ਪ੍ਰਭ ਜੀ ਦੀ ਉਸਤਤ ਕਰਦੇ ਹਨ- ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ, ਹੇ ਮਿਹਰਾਂ ਦੇ ਮਾਲਕ ਪ੍ਰਭ ਜੀਓ! ਤੇਰੇ ਲੱਖਾਂ ਹੀ ਭਗਤ ਤੈਨੂੰ ਪਿਆਰਾ ਪਿਆਰਾ ਆਖ ਕੇ ਤੇਰਾ ਨਾਮ ਜਪਦੇ ਹਨ, ਤੇਰੀ ਆਰਾਧਨਾ ਕਰ ਰਹੇ ਹਨ; ਕਵਨ ਜੁਗਤਿ ਮੇਲਾਵਉ ਨਿਰਗੁਨ ਬਿਖਈ ਜੀਉ, ਪਰ ਹੇ ਮੇਰੇ ਪ੍ਰਭ! ਉਨ੍ਹਾਂ ਭਗਤਾਂ ਦੇ ਸਾਹਮਣੇ ਮੈਂ ਤਾਂ ਕੁਝ ਵੀ ਨਹੀਂ ਹਾਂ, ਮੈਂ ਔਗੁਣਾਂ ਨਾਲ ਭਰਿਆ ਜੀਵ ਤੈਨੂੰ ਕਿਸ ਤਰੀਕੇ ਨਾਲ ਮਿਲਾਂ?

ਤੇਰੀ ਟੇਕ ਗੋਬਿੰਦ ਗੁਪਾਲ ਦਇਆਲ ਪ੍ਰਭ॥
ਤੂੰ ਸਭਨਾ ਕੇ ਨਾਥ
ਤੇਰੀ ਸ੍ਰਿਸਟਿ ਸਭ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਮਿਹਰਵਾਨ ਸਤਿਗੁਰੂ ਆਖਦੇ ਹਨ, ਹੇ ਮੇਰੇ ਗੋਵਿੰਦ! ਹੇ ਮੇਰੇ ਗੋਪਾਲ ਪ੍ਰਭ ਜੀਓ! ਸਦਾ ਹੀ ਦਇਆਲਤਾ ਵਿਚ ਰਹਿਣ ਵਾਲੇ ਪ੍ਰਭ ਜੀਓ! ਮੈਨੂੰ ਤਾਂ ਸਦਾ ਤੇਰਾ ਹੀ ਓਟ ਆਸਰਾ ਹੈ, ਪ੍ਰਭ ਜੀਓ ਤੇਰਾ ਹੀ ਸਹਾਰਾ ਹੈ; ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ, ਹੇ ਦਇਆ ਦੇ ਸਾਗਰ ਮੇਰੇ ਬਖਸ਼ਣਹਾਰ ਪ੍ਰਭ ਜੀਓ! ਤੂੰ ਸਭ ਜੀਵਾਂ ਦਾ ਖਸਮ ਹੈਂ, ਮਾਲਕ ਹੈਂ, ਤੇ ਹੇ ਮੇਰੇ ਪ੍ਰੀਤਮ ਜੀਓ! ਇਹ ਸਾਰੀ ਸ੍ਰਿਸ਼ਟੀ ਤੇਰੀ ਹੀ ਪੈਦਾ ਕੀਤੀ ਹੋਈ ਹੈ।

ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ॥
ਨਾਮ ਬਿਹੂਨੜਿਆ ਸੇ ਮਰਨਿ ਵਿਸੂਰਿ ਵਿਸੂਰਿ॥੨॥

ਹੁਣ ਉਸ ਭਗਤ ਵਛਲ ਮਿਹਰਾਂ ਦੇ ਮਾਲਕ ਪ੍ਰਭੂ ਦੀ ਉਸਤਤ ਕਰਦੇ ਗੁਰਦੇਵ ਆਖਦੇ ਹਨ, ਹੇ ਮੇਰੇ ਮਿਹਰਵਾਨ ਪ੍ਰਭ ਜੀਓ! ਤੂੰ ਆਪਣੇ ਸੰਤਾਂ ਭਗਤਾਂ ਦੀ ਸਦਾ ਹੀ ਸਹਾਇਤਾ ਕਰਨ ਵਾਲਾ ਹੈਂ, ਤੇ ਤੇਰੇ ਭਗਤ ਜਨ ਵੀ ਤੈਨੂੰ ਹਰ ਸਮੇਂ ਆਪਣੇ ਨਾਲ ਹੀ ਜਾਣਦੇ ਹਨ; ਨਾਮ ਬਿਹੂਣੜਿਆ ਸੇ ਮਰਨਿ ਵਿਸੂਰਿ ਵਿਸੂਰਿ, ਪਰ ਜਿਹੜੇ ਕਰਮਹੀਣ, ਪ੍ਰਭੂ ਦੇ ਨਾਮ ਤੋਂ ਵਿਹੂਣੇ ਰਹਿ ਜਾਂਦੇ ਹਨ, ਉਹ ਵਿਕਾਰਾਂ ਵਿਚ ਫਸੇ ਝੂਰ-ਝੂਰ ਕੇ ਮਰਦੇ ਰਹਿੰਦੇ ਹਨ।

ਦਾਸ ਦਾਸਤਣ ਭਾਇ
ਮਿਟਿਆ ਤਿਨਾ ਗਉਣੁ॥
ਵਿਸਰਿਆ ਜਿਨਾ ਨਾਮੁ
ਤਿਨਾੜਾ ਹਾਲੁ ਕਉਣੁ॥੩॥

ਗੁਰਦੇਵ ਪਿਤਾ ਜੀ ਆਖ ਰਹੇ ਹਨ, ਹੇ ਪਰਮ ਪਿਤਾ! ਜਿਹੜੇ ਵੱਡੇ ਭਾਗੇ ਜੀਵ ਤੇਰੇ ਦਾਸਾਂ ਦੇ ਵੀ ਦਾਸ ਹੋਣ ਦੀ ਭਾਵਨਾ ਨੂੰ ਆਪਣੇ ਅੰਦਰ ਵਸਾਈ ਰੱਖਦੇ ਹਨ, ਉਨ੍ਹਾਂ ਦਾ ਜਨਮ ਤੇ ਮਰਨ ਦਾ ਗੇੜ ਸਦਾ-ਸਦਾ ਲਈ ਹੀ ਮੁੱਕ ਜਾਂਦਾ ਹੈ; ਵਿਸਰਿਆ ਜਿਨਾ ਨਾਮੁ ਤਿਨਾੜਾ ਹਾਲੁ ਕਉਣੁ, ਹੇ ਮੇਰੇ ਮਾਲਕ ਜੀ! ਜਿਨ੍ਹਾਂ ਬਦਕਿਸਮਤ ਜੀਵਾਂ ਨੂੰ ਤੇਰਾ ਨਾਮ ਵਿਸਰਿਆ ਰਹਿੰਦਾ ਹੈ, ਉਨ੍ਹਾਂ ਦਾ ਹਾਲ ਕੀ ਹੋਵੇਗਾ, ਇਹ ਤੂੰ ਹੀ ਜਾਣਦਾ ਹੈਂ।

ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ॥
ਨਾਨਕ ਬੰਧਨ ਕਾਟਿ
ਮਿਲਾਵਹੁ ਆਪਿ ਪ੍ਰਭ॥੪॥

ਸ਼ਬਦ ਦੇ ਅਖੀਰ 'ਚ ਗੁਰਦੇਵ ਉਪਦੇਸ਼ ਕਰਦੇ ਹਨ, ਹੇ ਭਾਈ! ਜਿਵੇਂ ਕਿੱਲੇ ਅਤੇ ਰੱਸੇ ਤੋਂ ਬਿਨਾਂ ਖੁੱਲ੍ਹਾ ਫਿਰਦਾ ਪਸ਼ੂ ਹਰੀਆਂ ਖੇਤੀਆਂ ਚੁਗਦਾ ਫਿਰਦਾ ਹੈ, ਤੇ ਅਵਾਰਾ ਹੀ ਇੱਧਰ-ਉੱਧਰ ਭਟਕਦਾ ਰਹਿੰਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਇਹ ਸਾਰਾ ਸੰਸਾਰ ਮਾਇਆ ਮੋਹ ਅਤੇ ਵਿਕਾਰਾਂ ਦੇ ਪਿੱਛੇ ਲੱਗ ਕੇ ਸਾਰਾ ਜੀਵਨ ਖੁਆਰ ਹੁੰਦਾ ਫਿਰਦਾ ਹੈ; ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ, ਨਾਨਕ ਆਖਦਾ ਹੈ, ਹੇ ਪ੍ਰਭੂ ਜੀਓ! ਮੇਰੇ ਵੀ ਮਾਇਆ ਮੋਹ ਦੇ ਬੰਧਨ ਕੱਟ ਕੇ ਆਪਣੇ ਚਰਨਾਂ ਨਾਲ ਜੋੜ ਲੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

## ਪੰਜਾਬੀ ਦਾ ਭਵਿੱਖ-1

# ਪੰਜਾਬੀ ਦੀਆਂ ਪੱਕੀਆਂ ਬੁਨਿਆਦਾਂ

***ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ***

ਮਨੁੱਖ ਲਈ ਭਾਸ਼ਾ ਦਾ, ਇਸ ਕਰਕੇ ਪੰਜਾਬੀਆਂ ਲਈ ਪੰਜਾਬੀ ਦਾ ਮਹੱਤਵ ਏਨਾ ਉਜਾਗਰ ਹੈ ਕਿ ਇਸ ਦੀ ਵਿਆਖਿਆ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਜੰਗਲੀ ਮਨੁੱਖ ਨੇ ਵਰਤਮਾਨ ਪੜਾਅ ਤੱਕ ਜੋ ਪੰਧ ਮੁਕਾਇਆ ਹੈ, ਉਹ ਕਿਰਤ ਅਤੇ ਭਾਸ਼ਾ ਦੇ ਦੋ ਪੈਰਾਂ ਉਤੇ ਤੁਰ ਕੇ ਹੀ ਮੁਕਾਇਆ ਹੈ। ਅੱਜ ਦੇ ਕੰਪਿਊਟਰੀ ਜੁੱਗ ਵਾਲੀ ਵਿਕਸਿਤ ਭਾਸ਼ਾ ਦਾ ਮੁੱਢ ਉਸ ਸਮੇਂ ਬੱਝਿਆ ਜਦੋਂ ਚਾਰ ਪੈਰਾਂ ਵਾਲੇ ਪਸ਼ੂ ਨੇ ਸਿੱਧਾ ਤਣ ਕੇ ਪਿਛਲੇ ਦੋ ਨੂੰ ਪੈਰ ਰਖਦਿਆਂ ਅਗਲੇ ਦੋ ਨੂੰ ਹੱਥ ਬਣਾ ਲਿਆ ਅਤੇ ਉਚੀ ਥਾਂ ਖਲੋ ਕੇ ਦੂਰ ਦੂਰ ਤੱਕ ਪਸਰੀ ਹੋਈ ਕੁਦਰਤ ਨੂੰ ਨਿਹਾਰਦਿਆਂ ਤੇ ਮਹਿਸੂਸਦਿਆਂ ਅਚੰਭੇ ਤੇ ਅਨੰਦ ਨਾਲ ਲੰਮੀ ਤੇ ਉਚੀ ਕਿਲਕਾਰੀ ਮਾਰੀ। ਬਿਨਾਂ-ਸ਼ੱਕ ਜੇ ਧੁਨੀਆਂ ਅਤੇ ਸ਼ਬਦ ਉਹਦੇ ਵੱਸ ਵਿਚ ਹੁੰਦੇ, ਉਹਨੇ ਇਸ ਕਿਲਕਾਰੀ ਦੀ ਭਾਵਨਾ ਨੂੰ ਉਸੇ ਰੂਪ ਵਿਚ ਪ੍ਰਗਟ ਕਰਨਾ ਸੀ ਜਿਵੇਂ ਲੱਖਾਂ ਸਾਲ ਮਗਰੋਂ ਬਾਬਾ ਨਾਨਕ ਨੇ ਵਿਸਮਾਦੀ ਖ਼ੁਮਾਰੀ ਨਾਲ ਕਿਹਾ ਸੀ, "ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ॥"

ਇਸ ਕਿਲਕਾਰੀ ਦੇ ਰੂਪ ਵਿਚ ਪ੍ਰਗਟ ਹੋਈ ਬੋਲੀ ਮਨੁੱਖ ਲਈ ਇਕ ਵਰ ਸਿੱਧ ਹੋਈ ਤਾਂ ਬਾਕੀ ਚਾਰ ਉਂਗਲਾਂ ਨਾਲੋਂ ਨਿੱਖੜ ਕੇ ਹੌਲੀ ਹੌਲੀ 90 ਦਰਜੇ ਉਤੇ ਪੁੱਜਿਆ ਅੰਗੂਠਾ ਦੂਜਾ ਵਰ ਸਿੱਧ ਹੋਇਆ। ਉਂਗਲਾਂ ਨਾਲੋਂ ਹਟ ਕੇ ਖਲੋਤੇ ਇਸ ਅੰਗੂਠੇ ਨੇ ਸਭ ਪ੍ਰਾਣੀਆਂ ਵਿਚੋਂ ਇਕੋ-ਇਕ ਮਨੁੱਖ ਨੂੰ ਪਕੜ ਦੀ ਅਤੇ ਇਸ ਕਰਕੇ ਕਿਰਤ ਦੀ ਸਮਰੱਥਾ ਦਿੱਤੀ। ਇਹ ਮਨੁੱਖ ਦੇ ਵਿਕਾਸ ਵਿਚ ਅਤੇ ਉਹਦੇ ਭਾਸ਼ਾਈ, ਸਮਾਜਕ ਤੇ ਆਰਥਕ ਇਤਿਹਾਸ 'ਚ ਬਹੁਤ ਵੱਡਾ ਇਨਕਲਾਬ ਸੀ। ਕਿਰਤ ਨਵੇਂ ਨਵੇਂ ਵਿਚਾਰਾਂ ਨੂੰ ਜਨਮ ਦਿੰਦੀ ਗਈ ਅਤੇ ਉਨ੍ਹਾਂ ਵਿਚਾਰਾਂ ਨੂੰ ਸਾਂਝਾ ਕਰਨ ਲਈ ਭਾਸ਼ਾ ਨੂੰ ਵਿਕਸਿਤ ਕਰਦੀ ਗਈ। ਵਿਚਾਰਾਂ ਨੂੰ ਪ੍ਰਗਟਾਉਂਦੀ ਭਾਸ਼ਾ ਸਮਾਜਕ ਵਿਚਾਰ-ਵਟਾਂਦਰੇ ਰਾਹੀਂ ਕਿਰਤ ਦੇ ਵਿਕਾਸ ਦਾ ਆਧਾਰ ਬਣੀ।

ਜਦੋਂ ਹਾਕਮ ਜਮਾਤ ਦੇ ਅੰਗ ਗੁਰੂ ਦਰੋਣਾਚਾਰੀਆ ਨੇ ਇਕਲੱਵਿਅ ਤੋਂ ਅੰਗੂਠੇ ਦੀ ਗੁਰੂ-ਦੱਛਣਾ ਮੰਗੀ ਸੀ, ਉਹ ਉਸ ਨੂੰ ਸਿਰਫ਼ ਹੱਥ ਦੇ ਇਕ ਹਿੱਸੇ ਤੋਂ ਵਿਰਵਾ ਹੀ ਨਹੀਂ ਸੀ ਕਰਨਾ ਚਾਹੁੰਦਾ, ਸਗੋਂ ਅੰਗੂਠੇ ਨੂੰ ਕਿਰਤ, ਭਾਸ਼ਾ ਤੇ ਸਭਿਆਚਾਰ ਦਾ ਪ੍ਰਤੀਕ ਮੰਨਦਿਆਂ ਉਹਦੀ ਜਾਤ-ਜਮਾਤ ਨੂੰ ਇਨ੍ਹਾਂ ਦੇ ਹਰ ਹੱਕ ਤੋਂ ਵਿਰਵਾ ਕਰਨ ਦਾ ਅਣਮਨੁੱਖੀ ਅਤੇ ਅਸਫਲ ਜਤਨ ਕਰ ਰਿਹਾ ਸੀ। ਪਰ ਸੂਰਮੇ ਇਕਲੱਵਿਅ ਨੇ ਦਰੋਣਾਚਾਰੀਆ ਦੇ ਖੋਹੇ ਅੰਗੂਠੇ ਤੋਂ ਬਿਨਾਂ ਵੀ ਬਾਕੀ ਚਾਰ ਉਂਗਲਾਂ ਦੇ ਸਹਾਰੇ ਹੀ ਉਹਦੇ ਲਾਡਲੇ ਸ਼ਿਸ਼ ਅਰਜੁਨ ਨੂੰ ਤੀਰਬਾਜ਼ੀ ਦੇ ਗਹਿਗੱਚ ਟਾਕਰੇ ਵਿਚ ਮੁੜ੍ਹਕੋ-ਮੁੜ੍ਹਕੀ ਕਰ ਦਿੱਤਾ ਸੀ। ਇਉਂ ਉਹਨੇ ਆਮ ਲੋਕਾਂ ਦੀਆਂ ਭਵਿੱਖੀ ਨਸਲਾਂ ਦੇ ਕਿਰਤ, ਭਾਸ਼ਾ ਅਤੇ ਸਭਿਆਚਾਰ ਦੇ ਹੱਕ ਦਾ ਪਰਚਮ ਬੁਲੰਦ ਕਰ ਦਿਖਾਇਆ ਸੀ।

ਭਾਸ਼ਾ ਦੇ ਮਹੱਤਵ ਬਾਰੇ ਏਨੀ ਗੱਲ ਕਰਨ ਪਿਛੋਂ ਆਓ ਆਪਣੀ ਪੰਜਾਬੀ ਦੀ ਗੱਲ ਕਰੀਏ। ਪੰਜਾਬੀ ਦੇ ਭਵਿੱਖ ਸਬੰਧੀ ਚਰਚਾ ਹੁਣ ਫੇਰ ਭਖੀ ਹੋਈ ਹੈ। ਇਸ ਦਾ ਇਕ ਕਾਰਨ ਕੁਝ ਸਮਾਂ ਪਹਿਲਾਂ ਫੈਲੀ ਇਹ ਅਫ਼ਵਾਹ ਹੈ ਕਿ ਯੂਨੈਸਕੋ ਅਨੁਸਾਰ ਪੰਜਾਬੀ ਆਉਂਦੇ ਪੰਜਾਹ ਸਾਲਾਂ ਵਿਚ ਲੋਪ ਹੋ ਜਾਵੇਗੀ। ਯੂਨੈਸਕੋ ਦੇ ਦਿੱਲੀ ਦਫ਼ਤਰ ਨੇ ਪੁੱਛ-ਗਿੱਛ ਦੇ ਜਵਾਬ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਅਜਿਹਾ ਕੋਈ ਨਿਰਨਾ ਨਹੀਂ ਦਿੱਤਾ। ਪਰ ਸਾਡਾ ਵਰਤਮਾਨ ਭਾਸ਼ਾਈ ਮਾਹੌਲ ਘੱਟ ਪੜ੍ਹਨ, ਸੋਚਣ ਅਤੇ ਵਿਚਾਰਨ ਪਰ ਵਿਦਵਤਾ ਦਾ ਬਹੁਤਾ ਵਿਖਾਲਾ ਪਾਉਣ ਵਾਲਾ ਬਣ ਚੁੱਕਿਆ ਹੈ। ਇਸ ਕਰਕੇ ਅਖ਼ਬਾਰਾਂ-ਰਸਾਲਿਆਂ ਵਿਚ ਅਨਗਿਣਤ ਲੇਖ ਲਗਾਤਾਰ ਛਪਦੇ ਰਹਿੰਦੇ ਹਨ ਜਿਨ੍ਹਾਂ ਦਾ ਪਹਿਲਾ ਵਾਕ ਹੁੰਦਾ ਹੈ, "ਸੰਯੁਕਤ ਰਾਸ਼ਟਰ ਦੇ ਇਕ ਸਰਵੇ ਅਨੁਸਾਰ ਪੰਜਾਬੀ ਪੰਜਾਹ ਸਾਲਾਂ ਵਿਚ ਮਰ ਜਾਵੇਗੀ।"

ਜਦੋਂ ਅਸੀਂ ਵਰਤਮਾਨ ਦੌਰ ਵਿਚ ਅਨੇਕ ਭਾਸ਼ਾਵਾਂ ਦੀ ਨਿਰਬਲ ਹੁੰਦੀ ਜਾਂਦੀ ਹਾਲਤ ਦੀ ਗੱਲ ਕਰਦੇ ਹਾਂ, ਸਾਨੂੰ ਇਨ੍ਹਾਂ ਨੂੰ ਬਲ ਦੇਣ ਵਾਲੇ ਪੱਖ ਵੀ ਚੇਤੇ ਰੱਖਣੇ ਚਾਹੀਦੇ ਹਨ। ਭਾਸ਼ਾਵਾਂ ਦੇ ਨਿਰਬਲ ਅਤੇ ਸ਼ਕਤੀਸ਼ਾਲੀ, ਦੋਵੇਂ ਪੱਖ ਧਿਆਨ ਵਿਚ ਰੱਖ ਕੇ ਹੀ ਸੰਤੁਲਿਤ ਸੋਚ-ਵਿਚਾਰ ਸੰਭਵ ਹੋ ਸਕਦੀ ਹੈ। 'ਪੀਪਲਜ਼ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਦੇ ਮੁਖੀ ਪ੍ਰੋ. ਜੀ. ਐਨ. ਦੇਵੀ ਨੇ ਇਨ੍ਹਾਂ ਪੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਇਸ ਪ੍ਰਸੰਗ ਵਿਚ ਇਹ ਤੱਥ ਚਿਤਾਰਨਾ ਜ਼ਰੂਰੀ ਹੈ ਕਿ ਪਿਛਲੀ, ਵੀਹਵੀਂ ਸਦੀ ਵਿਚ ਸ਼ੁਰੂ ਹੋਏ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤੇਜ਼ ਤਰੱਕੀ ਦੇ ਦੌਰ ਤੋਂ ਪਹਿਲਾਂ ਵੀ ਇਹ ਜਿਵੇਂ-ਕਿਵੇਂ ਜੀਵਤ ਰਹੀ ਕੋਈ ਨਿਆਸਰੀ ਭਾਸ਼ਾ ਨਹੀਂ ਸੀ। ਇਸ ਦੇ ਅਰੰਭ ਤੋਂ ਹੀ ਸਮੇਂ ਸਮੇਂ ਇਹਦੀ ਬੁਨਿਆਦ ਵਿਚ ਅਜਿਹੇ ਮਜ਼ਬੂਤ ਪੱਥਰ ਟਿਕਦੇ ਰਹੇ ਜਿਨ੍ਹਾਂ ਸਦਕਾ ਭਵਿੱਖ ਵਿਚ ਉਸ ਉਤੇ ਸ਼ਾਨਦਾਰ ਉਸਾਰੀ ਦੀ ਸੰਭਾਵਨਾ ਬਣ ਸਕੀ। ਇਸੇ ਪੱਕੀ ਬੁਨਿਆਦ ਸਦਕਾ ਹੀ ਇਹ ਅੱਗੇ ਚੱਲ ਕੇ ਆਏ ਫ਼ਿਰਕੂ ਅਤੇ ਸਰਕਾਰੀ ਝੱਖੜਾਂ-ਤੂਫ਼ਾਨਾਂ ਵਿਚੋਂ ਵੱਡੀ ਹੱਦ ਤੱਕ ਬਚਦੀ ਰਹੀ।

ਪਹਿਲੀ ਗੱਲ, ਭਾਸ਼ਾਈ ਕਾਰਨ ਦੇ ਨਾਲ ਨਾਲ ਸਮਾਜਕ, ਇਤਿਹਾਸਕ ਅਤੇ ਧਾਰਮਿਕ ਕਾਰਨਾਂ ਸਦਕਾ ਗਿਆਰਵੀਂ ਸਦੀ ਦੇ ਨੇੜੇ-ਤੇੜੇ ਹੁਣ ਵਾਲੀ ਪੰਜਾਬੀ ਨੇ (ਤੇ ਇਹਦੇ ਨਾਲ ਹੀ ਬੰਗਲਾ, ਮਰਾਠੀ, ਗੁਜਰਾਤੀ, ਉੜੀਆ, ਮਲਿਆਲਮ, ਤੈਲਗੂ, ਆਦਿ ਨੇ) ਸਾਹਿਤ ਸਿਰਜਣ ਦੇ ਸਮਰੱਥ ਭਾਸ਼ਾ ਵਜੋਂ ਸ਼ਕਲ ਫੜਨੀ ਸ਼ੁਰੂ ਕੀਤੀ। ਇਕ ਪਾਸੇ ਇਹ ਲੋਕ-ਬੋਲੀ ਤੇ ਲੋਕ-ਸਭਿਆਚਾਰ ਵਿਚ ਆਇਆ ਇਕ ਨਵਾਂ ਪੜਾਅ ਸੀ, ਦੂਜੇ ਪਾਸੇ ਇਹਦੀਆਂ ਜੜ੍ਹਾਂ ਵੇਦਾਂ-ਸ਼ਾਸਤਰਾਂ ਜਿਹੇ ਸਦੀਆਂ ਪੁਰਾਣੇ ਉਚਕੋਟੀ ਦੇ ਲਿਪੀਬੱਧ ਗਿਆਨ ਤੱਕ ਪੁਜਦੀਆਂ ਸਨ। ਇਥੇ ਇਹ ਵੀ ਸਪੱਸ਼ਟ ਕਰ ਦੇਵਾਂ ਕਿ ਮੈਂ ਇਸ ਨੂੰ 'ਹੁਣ ਵਾਲੀ ਪੰਜਾਬੀ' ਕਿਉਂ ਕਿਹਾ ਹੈ। ਜੇ ਨਿਰੋਲ ਭਾਸ਼ਾ-ਵਿਗਿਆਨਕ ਨਜ਼ਰੀਏ ਤੋਂ ਦੇਖੀਏ ਤਾਂ ਪੰਜਾਬ ਦੇ ਭੂਗੋਲਿਕ ਖੇਤਰ ਵਿਚ ਸੰਸਕ੍ਰਿਤ ਸਮੇਤ ਯੁਗੋ-ਯੁਗ, ਸਮਾਜਕ-ਭਾਸ਼ਾਈ ਕਾਰਨਾਂ ਕਰਕੇ ਰੂਪ ਬਦਲਦੀਆਂ, ਜੋ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਰਹੀਆਂ, ਉਨ੍ਹਾਂ ਸਭਨਾਂ ਨੂੰ ਆਪਣੇ ਆਪਣੇ ਦੌਰ ਦੀ ਪੰਜਾਬੀ ਹੀ ਮੰਨਿਆ-ਕਿਹਾ ਜਾਣਾ ਚਾਹੀਦਾ ਹੈ।

ਪੁਰਾਤਨ ਭਾਸ਼ਾਈ, ਸਾਹਿਤਕ ਤੇ ਸਭਿਆਚਾਰਕ ਖ਼ਜ਼ਾਨੇ ਨਾਲ ਇਸ ਨਾਤੇ ਦਾ ਸੁਖਾਵਾਂ ਅਸਰ ਤਾਂ ਇਹ ਹੋਇਆ ਕਿ ਇਹ ਗਿਆਨ ਪੰਜਾਬੀ ਦੇ ਵਿਕਾਸ ਵਾਸਤੇ ਇਕ ਵੱਡੀ ਟੇਕ ਬਣਿਆ ਪਰ ਨਾਲ ਹੀ ਪੰਜਾਬੀ ਨੂੰ (ਤੇ ਹੋਰ ਨਵੀਆਂ ਜਨਮੀਆਂ ਭਾਸ਼ਾਵਾਂ ਨੂੰ ਵੀ) ਸ਼ਕਤੀਸ਼ਾਲੀ ਸੰਸਕ੍ਰਿਤ ਦੇ ਸਮਾਜਕ, ਸਭਿਆਚਾਰਕ ਅਤੇ ਭਾਸ਼ਾਈ ਦਾਬੇ ਦਾ ਟਾਕਰਾ ਵੀ ਕਰਨਾ ਪਿਆ। ਇਸ ਟਾਕਰੇ ਵਿਚੋਂ ਸਹੀ-ਸਲਾਮਤ ਬਚ ਨਿਕਲਣ ਨੇ ਬਿਨਾਂ-ਸ਼ੱਕ ਪੰਜਾਬੀ ਨੂੰ ਆਸ ਵੀ ਦਿੱਤੀ ਅਤੇ ਵਿਸ਼ਵਾਸ ਵੀ। ਇਸੇ ਕਰਕੇ ਇਹ ਅੱਗੇ ਚੱਲ ਕੇ ਇਸ ਤੋਂ ਵੀ ਵੱਧ ਸ਼ਕਤੀਸ਼ਾਲੀ ਤੇ ਕਰੂਰ ਅਰਬੀ-ਫ਼ਾਰਸੀ ਦੇ ਦਾਬੇ ਵਿਚੋਂ ਅਤੇ ਫੇਰ ਆਧੁਨਿਕ ਭਾਸ਼ਾਈ ਜੁਗਤਾਂ ਨਾਲ ਲੈਸ ਹੋਰ ਵੀ ਵੱਧ ਸ਼ਕਤੀਸ਼ਾਲੀ ਅੰਗਰੇਜ਼ੀ ਦੇ ਦਾਬੇ ਵਿਚੋਂ ਬਚੀ ਰਹਿਣ ਵਿਚ ਸਫਲ ਹੁੰਦੀ ਰਹੀ।

> ***ਪੁਰਾਤਨ ਭਾਸ਼ਾਈ, ਸਾਹਿਤਕ ਤੇ ਸਭਿਆਚਾਰਕ ਖ਼ਜ਼ਾਨੇ ਨਾਲ ਇਸ ਨਾਤੇ ਦਾ ਸੁਖਾਵਾਂ ਅਸਰ ਤਾਂ ਇਹ ਹੋਇਆ ਕਿ ਇਹ ਗਿਆਨ ਪੰਜਾਬੀ ਦੇ ਵਿਕਾਸ ਵਾਸਤੇ ਇਕ ਵੱਡੀ ਟੇਕ ਬਣਿਆ ਪਰ ਨਾਲ ਹੀ ਪੰਜਾਬੀ ਨੂੰ (ਤੇ ਹੋਰ ਨਵੀਆਂ ਜਨਮੀਆਂ ਭਾਸ਼ਾਵਾਂ ਨੂੰ ਵੀ) ਸ਼ਕਤੀਸ਼ਾਲੀ ਸੰਸਕ੍ਰਿਤ ਦੇ ਸਮਾਜਕ, ਸਭਿਆਚਾਰਕ ਅਤੇ ਭਾਸ਼ਾਈ ਦਾਬੇ ਦਾ ਟਾਕਰਾ ਵੀ ਕਰਨਾ ਪਿਆ। ਇਸ ਟਾਕਰੇ ਵਿਚੋਂ ਸਹੀ-ਸਲਾਮਤ ਬਚ ਨਿਕਲਣ ਨੇ ਬਿਨਾਂ-ਸ਼ੱਕ ਪੰਜਾਬੀ ਨੂੰ ਆਸ ਵੀ ਦਿੱਤੀ ਅਤੇ ਵਿਸ਼ਵਾਸ ਵੀ। ਇਸੇ ਕਰਕੇ ਇਹ ਅੱਗੇ ਚੱਲ ਕੇ ਇਸ ਤੋਂ ਵੀ ਵੱਧ ਸ਼ਕਤੀਸ਼ਾਲੀ ਤੇ ਕਰੂਰ ਅਰਬੀ-ਫ਼ਾਰਸੀ ਦੇ ਦਾਬੇ ਵਿਚੋਂ ਅਤੇ ਫੇਰ ਆਧੁਨਿਕ ਭਾਸ਼ਾਈ ਜੁਗਤਾਂ ਨਾਲ ਲੈਸ ਹੋਰ ਵੀ ਵੱਧ ਸ਼ਕਤੀਸ਼ਾਲੀ ਅੰਗਰੇਜ਼ੀ ਦੇ ਦਾਬੇ ਵਿਚੋਂ ਬਚੀ ਰਹਿਣ ਵਿਚ ਸਫਲ ਹੁੰਦੀ ਰਹੀ।***

ਸਾਨੂੰ ਪੰਜਾਬੀ ਦੀ ਇਹ ਅੰਦਰੂਨੀ ਸ਼ਕਤੀ ਪਛਾਣਨ ਅਤੇ ਉਜਾਗਰ ਕਰਨ ਦੀ ਲੋੜ ਹੈ। ਇਹਦੇ ਨਾਲ ਹੀ ਪੰਜਾਬੀ ਸਾਹਿਤ-ਸਭਿਆਚਾਰ ਦੇ ਸਬੰਧ ਵਿਚ ਬਾਬਾ ਫ਼ਰੀਦ ਤੋਂ ਪਿੱਛੇ ਲਕੀਰ ਮਾਰਨਾ ਛੱਡ ਕੇ ਅਜੋਕੇ ਪੰਜਾਬੀ ਬੋਲਦੇ ਇਲਾਕੇ ਦੇ ਅਤੀਤ ਵਾਲੇ ਭੂਗੋਲਿਕ ਖੇਤਰ ਦੇ ਨਰੋਏ ਵਿਰਸੇ ਨੂੰ ਅਪਨਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਜਦੋਂ ਭਾਈ ਗੁਰਦਾਸ ਨੇ ਬਾਬਾ ਨਾਨਕ ਦੇ ਪ੍ਰਗਟ ਹੋਇਆਂ ਧੁੰਦ ਮਿਟਣ ਦੀ ਗੱਲ ਕੀਤੀ ਸੀ, ਉਹ ਮੱਧਕਾਲੀ ਹਨੇਰ ਦਾ ਜ਼ਿਕਰ ਕਰ ਰਹੇ ਸਨ। ਉਨ੍ਹਾਂ ਦਾ ਇਹ ਭਾਵ ਨਹੀਂ ਸੀ ਕਿ ਉਸ ਤੋਂ ਪਹਿਲਾਂ ਇਥੇ ਸਦਾ ਤੋਂ ਧੁੰਦ ਹੀ ਸੀ। ਮੱਧਕਾਲੀ ਧੁੰਦ ਤੋਂ ਪਹਿਲਾਂ ਦੇ ਚਾਨਣ ਦਾ ਗੂੜ੍ਹਾ ਪ੍ਰਭਾਵ ਤਾਂ ਭਾਈ ਗੁਰਦਾਸ ਸਮੇਤ ਰਚਨਾਕਾਰਾਂ ਅਤੇ ਬਾਣੀਕਾਰਾਂ ਦੀਆਂ ਕਿਰਤਾਂ ਵਿਚ ਸਾਫ਼ ਝਲਕਦਾ ਹੈ।

ਦੂਜੀ ਗੱਲ, ਇਹਦੇ ਨਾਲੋ-ਨਾਲ ਹੀ ਪੰਜਾਬੀ ਦੀ ਆਪਣੀ ਲਿਪੀ ਗੁਰਮੁਖੀ ਦਾ ਸਹਿਜ-ਵਿਕਾਸ ਸੀ। ਚੰਗੀ ਗੱਲ ਇਹ ਹੋਈ ਕਿ ਗੁਰਮੁਖੀ ਲਿਪੀ ਦੇ ਮੁੱਢਲੇ ਦੌਰ ਵਿਚ ਹੀ ਉਹਨੂੰ ਬਾਣੀ ਲਈ ਵਰਤੋਂ ਵਿਚ ਲਿਆਂਦਾ ਗਿਆ। ਇਸ ਤੱਥ ਨੇ ਉਸ ਨੂੰ ਅਮਰਤਾ ਬਖ਼ਸ਼ ਦਿੱਤੀ। ਭਾਵੇਂ ਸਦੀਆਂ ਮਗਰੋਂ ਵੱਖ ਵੱਖ ਧਿਰਾਂ ਨੇ ਆਪਣੇ ਰਾਜਨੀਤਕ ਅਤੇ ਧਾਰਮਿਕ ਹਿਤਾਂ ਲਈ ਪੰਜਾਬੀ ਭਾਈਚਾਰੇ ਦੀ ਫ਼ਿਰਕੂ ਆਧਾਰ ਉਤੇ ਭਾਸ਼ਾਈ ਵੰਡ ਖ਼ਾਤਰ ਇਸ ਤੱਥ ਦੀ ਦੁਰਵਰਤੋਂ ਕੀਤੀ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਾਣੀ ਲਈ ਗੁਰਮੁਖੀ ਦੀ ਵਰਤੋਂ ਪੰਜਾਬੀ ਵਾਸਤੇ ਜੀਵਨਦਾਤੀ ਸ਼ਕਤੀ ਸਿੱਧ ਹੋਈ।

ਇਹ ਗੱਲ ਧਿਆਨਯੋਗ ਹੈ ਕਿ ਲਿਪੀ ਦੇ ਹੋਂਦ ਵਿਚ ਆ ਜਾਣ ਦੇ ਬਾਵਜੂਦ ਸਾਹਿਤ, ਗਿਆਨ ਅਤੇ ਅਧਿਆਤਮ ਦੀਆਂ ਪੁਸਤਕਾਂ ਤੇ ਪੋਥੀਆਂ ਕੋਈ ਬਹੁਤੇ ਪਾਠਕਾਂ ਤੱਕ ਨਹੀਂ ਸਨ ਪੁੱਜ ਰਹੀਆਂ। ਲਿਖੀ ਸ਼ਬਦ ਦੇ ਪਸਾਰ ਦਾ ਇਕੋ-ਇਕ ਵਸੀਲਾ ਹੱਥੀਂ ਉਤਾਰਾ ਕਰਨਾ ਸੀ। ਸਾਫ਼ ਸੋਹਣੀ ਲਿਖਾਈ ਕਰਨ ਦੇ ਸਮਰੱਥ ਉਤਾਰਕ ਵੱਡੀ ਗਿਣਤੀ ਵਿਚ ਮਿਲਣੇ ਤੇ ਹੋਣੇ ਸੰਭਵ ਨਹੀਂ ਸਨ। ਜੋ ਉਤਾਰਕ ਹੁੰਦੇ ਵੀ ਸਨ, ਉਨ੍ਹਾਂ ਦੀ ਇਕ ਦਿਨ ਵਿਚ ਪੰਨੇ ਲਿਖਣ ਦੀ ਸਮਰੱਥਾ ਦਾ ਸੀਮਤ ਹੋਣਾ ਕੁਦਰਤੀ ਸੀ। 18ਵੀਂ-19ਵੀਂ ਸਦੀਆਂ ਵਿਚ ਛਾਪਾਖਾਨੇ ਦੀ ਆਉਂਦ ਨਾਲ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਭਾਸ਼ਾਵਾਂ ਨੂੰ ਅਤੇ ਉਨ੍ਹਾਂ ਵਿਚ ਸਾਹਿਤ-ਰਚਨਾ ਨੂੰ ਵੱਡਾ ਹੁਲਾਰਾ ਮਿਲਿਆ। ਭਾਸ਼ਾਈ ਵਿਕਾਸ ਦੇ ਇਸ ਪੜਾਅ ਉਤੇ ਲਿਪੀਆਂ ਤੋਂ ਵਿਰਵੀਆਂ ਬੋਲੀਆਂ ਪਛੜ ਗਈਆਂ ਅਤੇ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਬੋਲੀਆਂ ਅੱਗੇ ਨਿਕਲਣ ਲੱਗੀਆਂ।

ਤੀਜੀ ਗੱਲ, ਆਜ਼ਾਦ ਭਾਰਤ ਦੀ ਸੰਵਿਧਾਨਸਾਜ਼ ਸਭਾ ਦੇ ਲੰਮੇ ਵਿਚਾਰ-ਵਟਾਂਦਰਿਆਂ ਵਿਚ ਭਾਸ਼ਾਵਾਂ ਦੀ ਸਮੱਸਿਆ ਨਿਰੰਤਰ ਚਰਚਾ ਦਾ ਵਿਸ਼ਾ ਰਹੀ। ਆਖ਼ਰ ਉਨ੍ਹਾਂ ਨੂੰ ਵੱਖ ਵੱਖ ਖੇਤਰਾਂ ਵਿਚ ਸਰਕਾਰੀ ਮਾਨਤਾ ਦੇਣ ਦੇ ਆਸ਼ੇ ਨਾਲ ਅੱਠਵੀਂ ਸੂਚੀ ਪ੍ਰਵਾਨ ਕੀਤੀ ਗਈ। ਉਸ ਵਿਚ 14 ਭਾਸ਼ਾਵਾਂ ਦਰਜ ਕੀਤੀਆਂ ਗਈਆਂ। ਖ਼ੁਸ਼ਕਿਸਮਤੀ ਨੂੰ ਪੰਜਾਬੀ ਵੀ ਉਨ੍ਹਾਂ ਵਿਚ ਸ਼ਾਮਲ ਸੀ। ਇਸ ਸੂਚੀ ਵਿਚੋਂ ਬਾਹਰ ਰਹੀ ਹਰ ਭਾਸ਼ਾ ਨੂੰ ਉਸ ਵਿਚ ਸ਼ਾਮਲ ਹੋਣ ਲਈ ਬਹੁਤ ਸੰਘਰਸ਼ ਕਰਨਾ ਪਿਆ। ਇਸੇ ਕਰਕੇ 60 ਸਾਲਾਂ ਤੋਂ ਵੱਧ ਦੇ ਸਮੇਂ ਵਿਚ ਕੁੱਲ 8 ਹੋਰ ਭਾਸ਼ਾਵਾਂ ਹੀ ਇਸ ਵਿਚ ਸ਼ਾਮਲ ਹੋ ਸਕੀਆਂ ਹਨ। ਇਕ ਵਾਰ ਫੇਰ ਪੰਜਾਬੀ ਸਮੇਤ ਸੂਚੀਬੱਧ ਭਾਸ਼ਾਵਾਂ ਦੇ ਵਿਕਾਸ ਵਾਸਤੇ ਗ਼ੈਰ-ਸੂਚੀਬੱਧ ਭਾਸ਼ਾਵਾਂ ਦੇ ਟਾਕਰੇ ਸਹਾਈ ਮਾਹੌਲ ਪੈਦਾ ਹੋ ਗਿਆ।

ਚੌਥੀ ਗੱਲ, ਜੋ ਤੀਜੀ ਨਾਲ ਜੁੜੀ ਹੋਈ ਹੀ ਹੈ, ਸੂਚੀਬੱਧ ਭਾਸ਼ਾਵਾਂ ਦੇ ਆਧਾਰ ਉਤੇ ਸੂਬਿਆਂ ਦੀ ਹੱਦਬੰਦੀ ਸੀ। ਇਸ ਸਮੇਂ ਤੱਕ ਭਾਸ਼ਾ ਵਿਚ ਫ਼ਿਰਕੂ-ਸਿਆਸੀ ਦਖ਼ਲ ਬਹੁਤ ਤਕੜਾ ਹੋ ਗਿਆ ਹੋਣ ਕਰਕੇ ਕਈ ਸੂਰਤਾਂ ਵਿਚ ਭਾਸ਼ਾਈ ਸੂਬਿਆਂ ਲਈ ਭਾਰੀ ਜਦੋਜਹਿਦ ਕਰਨੀ ਪਈ। ਤਾਂ ਵੀ ਇਕ ਇਕ ਕਰਕੇ ਆਖ਼ਰ ਉਹ ਹੋਂਦ ਵਿਚ ਆ ਹੀ ਗਏ। ਪੰਜਾਬੀ ਦਾ ਸੂਬਾ ਭਾਵੇਂ ਵੱਖ ਵੱਖ ਬਹਾਨਿਆਂ ਨਾਲ ਇਲਾਕਾਈ ਪੱਖੋਂ ਬੁਰੀ ਤਰ੍ਹਾਂ ਛਾਂਗ ਦਿੱਤਾ ਗਿਆ, ਫੇਰ ਵੀ ਇਹਨੂੰ ਭਾਸ਼ਾਈ-ਭੂਗੋਲਿਕ ਆਧਾਰ ਤਾਂ ਮਿਲ ਹੀ ਗਿਆ।

ਪੰਜਾਬੀ ਦੀਆਂ ਪੱਕੀਆਂ ਬੁਨਿਆਦਾਂ ਬਾਰੇ ਇਹ ਨੁਕਤੇ ਭਾਸ਼ਾਈ ਅਧਿਕਾਰ ਦੀ ਸੰਪੂਰਨ ਪ੍ਰਾਪਤੀ ਲਈ ਸੰਘਰਸ਼ ਨੂੰ ਬਲ ਦੇਣ ਦੇ ਸਮਰੱਥ ਹੋਣ ਕਰਕੇ ਚੇਤੇ ਰੱਖਣੇ ਜ਼ਰੂਰੀ ਹਨ।

***(ਚਲਦਾ)***

## ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ



ਤੂੰ ਸ਼ਬਦ ਗੁਰੂ, ਅਟੱਲ ਗੁਰੂ,
ਤੂੰ ਸਤਿ ਰੂਪ, ਨਿਰੰਕਾਰ ਗੁਰੂ।
ਤੂੰ ਆਦਿ ਗੁਰੂ, ਜੁਗਾਦਿ ਗੁਰੂ,
ਤੂੰ ਸੱਚ ਦਾ ਪਹਿਰੇਦਾਰ ਗੁਰੂ।
ਤੂੰ ਨਿਰਭਉ, ਨਿਰਵੈਰ, ਸੈਭੰ ਗੁਰੂ,
ਅਕਾਲ, ੧ਓਂਕਾਰ ਗੁਰੂ।
ਤੂੰ ਅਗੰਮ, ਅਗੋਚਰ, ਅਥਾਹ ਗੁਰੂ,
ਸਮਰੱਥ, ਬੇਸ਼ੁਮਾਰ ਗੁਰੂ।
ਤੂੰ ਮਾਨ ਗੁਰੂ, ਤੂੰ ਤਾਨ ਗੁਰੂ,
ਦਿਲ ਦੀਆਂ ਜਾਣਨਹਾਰ ਗੁਰੂ।
ਤੂੰ ਅੰਮ੍ਰਿਤ ਮਿੱਠੀ ਬਾਣੀ ਦਾ,
ਅਤੁੱਟ, ਅਖੁੱਟ ਭੰਡਾਰ ਗੁਰੂ।

ਇਹ ਅਜ਼ਮਤ ਏਸੇ ਦਰ ਦੀ ਏ,
ਰਹਿਮਤ ਏਸੇ ਘਰ ਦੀ ਏ।
ਠੱਗ, ਕਾਤਲਾਂ, ਪਾਪੀਆਂ ਨੂੰ
ਭਵਸਾਗਰੋਂ ਲਾਉਂਦੈ ਪਾਰ ਗੁਰੂ।
ਵਿਸ਼ੇ-ਵਿਕਾਰਾਂ ਦੀ ਅਗਨ ਦੇ,
ਭਾਂਬੜ ਉਸ ਨੂੰ ਪੋਂਹਦੇ ਨਹੀਂ।
ਅੰਮ੍ਰਿਤ ਬਾਣੀ, ਜਿਸ ਪ੍ਰਾਣੀ ਵੀ,
ਹਿਰਦੇ ਲਈ ਉਤਾਰ ਗੁਰੂ।
ਖ਼ੁਦਗਰਜ਼ੀ, ਲਾਲਚ, ਹਉਮੈ ਦਾ,
ਪੱਲਾ ਹੱਥ 'ਚੋਂ ਛੁੱਟ ਜਾਂਦੈ।

ਕ੍ਰਿਤ ਕਰਕੇ, ਵੰਡ ਛਕਣ ਦੀ,
ਕਰਦੈ ਮਿਹਰ ਕਰਤਾਰ ਗੁਰੂ।
ਦੂਈ-ਦਵੈਤ, ਕਲਾ-ਕਲੇਸ਼,
ਦੁਬਿਧਾ, ਭਟਕਣ ਮੁੱਕ ਜਾਵੇ।

ਸੇਵਾ, ਸਿਮਰਨ, ਦਯਾ, ਨਾਮ ਦੀ,
ਕ੍ਰਿਪਾ ਕਰੇ ਦਾਤਾਰ ਗੁਰੂ।
ਜਨਮ, ਮਰਨ, ਚੌਰਾਸੀ ਦੇ
ਚੱਕਰਾਂ ਤੋਂ ਮੁਕਤੀ ਪਾ ਲੈਂਦਾ ਏ।
ਮਨ-ਤਨ ਅਰਪਣ ਕਰਕੇ ਪ੍ਰਾਣੀ
ਸਿਮਰੇ ਨਿਹਚਾ ਧਾਰ ਗੁਰੂ।
ਉਜਾੜਾਂ, ਜੰਗਲਾਂ, ਬੀਆਬਾਨਾਂ ਦੇ
ਵਿਚ ਲੁਕ ਕੇ ਨਹੀਂ ਬੈਠਾ।
ਖੋਹਲ ਕਿਵਾੜ ਮਨ ਦੇ,
ਅੰਦਰ ਵੇਖ ਲਉ, ਝਾਤੀ ਮਾਰ ਗੁਰੂ।

ਕਿਉਂ ਬਾਬੇ, ਸੰਤਾਂ, ਸਾਧਾਂ ਪਿਛੇ
ਐਵੇਂ ਭੱਟਕਦੇ ਫਿਰਦੇ ਓਂ।
ਇਸ ਦਰ 'ਤੇ ਆ ਕੇ ਵੇਖੋ,
ਕਿੰਜ ਦੇਂਦਾ ਏ ਹਿਰਦਾ ਠਾਰ ਗੁਰੂ।

ਅਹਿਲੇ-ਕਰਮ ਦੀ ਰਜ਼ਾ ਵਿਚ,
ਸੁਖ ਨੇ ਸਾਰੀ ਦੁਨੀਆਂ ਦੇ।
'ਵਾਜਾਂ ਮਾਰ ਮਾਰ ਪਿਆ ਆਖੇ,
ਉਚੀ ਪੁਕਾਰ, ਪੁਕਾਰ ਗੁਰੂ।
ਵਿੱਤਕਰੇ ਜਾਤਾਂ-ਪਾਤਾਂ ਦੇ,
ਇਹ ਝਗੜੇ-ਝਾਂਜੇ ਮਜ਼ਹਬਾਂ ਦੇ।
ਇਕ ਨੂਰ ਤੇ ਜੱਗ ਉਪਜਿਆ,
ਕਹਿ ਕੇ ਦਿੱਤੇ ਨਕਾਰ ਗੁਰੂ।

ਰੰਕੋ ਰਾਜਾ, ਰਾਜਿਉਂ ਰੰਕ,
ਕਰ ਦੇਵੇਂ ਅੱਖ ਪਲਕਾਰੇ ਵਿਚ।
ਤੂੰ ਤਾਜ਼ ਮਿਲਾਵੇਂ ਮਿੱਟੀ 'ਚ,
ਤੇਰਾ ਅੰਤ ਨਾ ਪਾਰਾਵਾਰ ਗੁਰੂ।
ਭਰਮਾਂ-ਵਹਿਮਾਂ, ਕਰਮ-ਕਾਂਡਾਂ,
ਨਿੰਦਿਆ, ਭੇਖ-ਪਖੰਡਾਂ ਦੇ।
ਦਾਵਾਨਲ ਦੇ ਪੁਰ-ਸਲਾਤ ਤੋਂ,
ਬਾਂਹ ਫੜ ਉਤਾਰੇ ਪਾਰ ਗੁਰੂ।
ਨਫਰਤ, ਹਉਮੈ, ਈਰਖਾ ਦਾ,
ਇਹ ਰੋਗ ਜੋ ਸਾਨੂੰ ਲੱਗਾ ਏ।
ਸ਼ਾਂਤੀ, ਪ੍ਰੇਮ, ਪਿਆਰ ਦੇ ਛੱਟੇ,
ਮਾਰ ਕੇ ਦੇਵੇ ਨਿਵਾਰ ਗੁਰੂ।

ਤਪ, ਧੂਣੀਆਂ, ਭੇਖ-ਪਖੰਡਾਂ,
ਬੁੱਤ ਪੂਜਿਆਂ ਨਹੀਂ ਮਿਲਦਾ।
ਲੱਭਾ ਪਾਇਆ ਜਿਸ ਪ੍ਰਾਣੀ ਵੀ,
ਲੱਭਾ ਨਾਲ ਪਿਆਰ ਗੁਰੂ।
ਅਸੀਂ ਭੁੱਲੇ, ਭੱਟਕੇ ਬੇਵੱਸ ਹੋ ਕੇ
ਜਦ ਵੀ ਦਰ 'ਤੇ ਆਏ ਹਾਂ।
ਭੱਜ ਕੇ ਗਲ ਨਾਲ ਲਾ ਲੈਂਦਾ ਏ
ਸਦਾ ਹੀ ਬਖਸ਼ਣਹਾਰ ਗੁਰੂ।
ਤੂੰ ਗੁਣ ਨਿਧਾਣ, ਦਿਆਲ-ਬਖਸ਼ੰਦ,
੧ਓਂਕਾਰ ਪਰਮ ਪਿਤਾ।
ਅਸੀਂ ਬੁੱਧ ਹੀਣ, ਮੂੜ੍ਹ ਮੱਤ,
ਤੇਰੀ ਮਹਿਮਾ ਅਪਰੰਪਾਰ ਗੁਰੂ।

***-ਚੰਨ, ਫੋਨ: 908-788-8427***

# ਮੋਦੀ ਦੀ ਬਿੱਲੀ ਥੈਲਿਓਂ ਬਾਹਰ

***ਭਾਰਤ ਵਿਚ ਸੱਤਾ ਹਾਸਲ ਕਰਨ ਤੋਂ ਬਾਅਦ ਭਗਵਾਂ ਬ੍ਰਿਗੇਡ ਦੀ ਮਸ਼ੀਨਰੀ ਵਿਚ ਬਹੁਤ ਤੇਜ਼ੀ ਆ ਗਈ ਹੈ। ਅਹਿਮ ਅਹੁਦਿਆਂ ਲਈ ਨਵੀਆਂ ਨਿਯੁਕਤੀਆਂ ਅਤੇ ਪ੍ਰਸ਼ਾਸਨ ਦੀਆਂ ਹੋਰ ਕਾਰਵਾਈਆਂ ਇਸੇ ਦਿਸ਼ਾ ਵਿਚ ਹੋ ਰਹੀਆਂ ਹਨ। ਸਾਡੇ ਕਾਲਮਨਵੀਸ ਸ. ਮਝੈਲ ਸਿੰਘ ਸਰਾਂ ਨੇ ਭਗਵੇਂ ਬ੍ਰਿਗੇਡ ਦੇ ਇਸ ਹਿੰਦੂਤਵੀ ਏਜੰਡੇ ਬਾਰੇ ਕੁਝ ਕੁ ਗੱਲਾਂ ਸਪਸ਼ਟ ਰੂਪ ਵਿਚ ਨਿਤਾਰੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ, ਤਾਂ ਕਿ ਅਜਿਹੇ ਮਸਲਿਆਂ ਬਾਰੇ ਪਹਿਲਾਂ ਨਾਲੋਂ ਹੋਰ ਸੌਖੇ ਹੋਇਆ ਜਾ ਸਕੇ ਅਤੇ ਅਜਿਹੇ ਪਿਛਾਖੜੀ ਹੱਲਿਆਂ ਨੂੰ ਹੋਰ ਗਹਿਰਾਈ ਨਾਲ ਸਮਝਿਆ ਜਾ ਸਕੇ। -ਸੰਪਾਦਕ***

ਭਾਰਤ ਵਿਚ ਲੋਕ ਸਭਾ ਚੋਣਾਂ ਤੋਂ ਤਕਰੀਬਨ ਸਾਲ ਡੇਢ ਸਾਲ ਪਹਿਲਾਂ ਭਾਰਤੀ ਮੀਡੀਆ ਨੇ ਪੂਰਾ ਜ਼ੋਰ ਲਾ ਦਿਤਾ ਸੀ ਕਿ 'ਵਿਕਾਸ' ਦਾ ਨਾਂ ਹੀ 'ਮੋਦੀ' ਹੈ। ਇਸ ਤੋਂ ਬਗੈਰ ਲੋਕਾਂ ਦਾ ਕਾਇਆ-ਕਲਪ ਕਰਨ ਵਾਲਾ ਹੋਰ ਕੋਈ ਨਹੀਂ ਹੋ ਸਕਦਾ। ਸਾਧਾਂ-ਸੰਤਾਂ ਤੋਂ ਲੈ ਕੇ ਕਈ ਹਾਕਮਾਂ ਨੇ ਵੀ 'ਨਮੋ ਨਮੋ ਮੋਦੀ' ਦਾ ਜਾਪ ਬਹੁਤ ਜਪਿਆ। ਇਸ ਜਾਪ ਵਿਚ ਮੋਹਰੀ ਰਹੇ ਪੰਜਾਬ ਦੇ ਹਾਕਮ। ਮੋਦੀ ਦੀ ਤਾਜਪੋਸ਼ੀ ਤਾਂ ਪਿਛਲੇ ਸਾਲ ਮੁਲਕ ਦੇ ਸਭ ਤੋਂ ਵੱਡੇ ਧਾਰਮਿਕ ਮੇਲੇ ਕੁੰਭ ਵਿਚ ਸਮੂਹ ਸੰਤਾਂ ਨੇ ਹੀ ਕਰ ਦਿਤੀ ਸੀ। ਉਸ ਤੋਂ ਬਾਅਦ ਮੋਦੀ ਦਾ ਹਰ ਕਦਮ ਪ੍ਰਧਾਨ ਮੰਤਰੀ ਦੀ ਕੁਰਸੀ ਵਲ ਵਧਦਾ

**ਮਝੈਲ ਸਿੰਘ ਸਰਾਂ**

ਗਿਆ ਅਤੇ ਉਹ ਪਿੱਛੇ ਛੱਡਦਾ ਗਿਆ ਅਡਵਾਨੀ ਵਰਗੇ ਘੋਟ ਕਹਾਉਣ ਵਾਲੇ ਹਿੰਦੂਤਵੀ ਸ਼੍ਰੇਣੀ ਵਾਲੇ ਆਪਣੀ ਹੀ ਪਾਰਟੀ ਦੇ ਲੀਡਰਾਂ ਨੂੰ; ਪਿੱਛੇ ਕਾਹਨੂੰ ਛੱਡੇ, ਸਗੋਂ ਖੂੰਜੇ ਲਾ'ਤੇ ਅਤੇ ਖੁਦ ਬਹਿ ਗਿਆ ਮੁਲਕ ਦੇ ਰਾਜ ਸਿੰਘਾਸਣ ਉਤੇ, ਅਡਵਾਨੀ ਨੂੰ ਰੋਂਦਾ-ਭੁਸਕਦਾ ਛੱਡ ਕੇ।

ਸਵਾਲ ਹੈ ਕਿ ਨਰਿੰਦਰ ਮੋਦੀ ਦਾ ਗੁਣਾ ਕਿੰਦਾਂ ਪੈ ਗਿਆ ਇਸ ਉਚੇ ਅਹੁਦੇ ਲਈ? ਕਿਹੜੀ ਕਾਬਲੀਅਤ ਹੋਵੇਗੀ ਕਿ ਚਾਰੇ ਪਾਸੇ 'ਨਮੋ ਨਮੋ' ਹੋ ਗਈ। ਜਿਸ ਤੌਰ-ਤਰੀਕੇ ਨਾਲ ਉਹਨੂੰ ਪੇਸ਼ ਕੀਤਾ ਸੀ, ਉਹ ਹੈ ਤਾਂ ਉਹਦਾ ਗੁਜਰਾਤ ਦਾ ਵਿਕਾਸ ਮਾਡਲ ਹੀ ਸੀ। ਕਿਹਾ ਗਿਆ ਕਿ ਉਹਨੇ ਉਥੇ ਜੋ ਕਰ ਦਿਤਾ, ਮੁਲਕ ਦੀ ਕਿਸੇ ਹੋਰ ਸਟੇਟ ਵਿਚ ਨਹੀਂ ਹੋਇਆ। ਚਲੋ ਹੋਇਆ ਵੀ ਹੋਣਾ, ਇਹ ਫਰਜ਼ ਹੀ ਬਣਦਾ ਸੀ। ਉਂਜ, ਗੁਜਰਾਤ ਵਿਕਾਸ ਮਾਡਲ ਦੀਆਂ ਢਿੱਲੀਆਂ ਚੂਲਾਂ ਬਾਰੇ ਗੱਲਾਂ ਅਕਸਰ ਹੁੰਦੀਆਂ ਰਹੀਆਂ ਹਨ। ਪੰਜਾਬ ਦੇ ਹਾਕਮਾਂ, ਖਾਸ ਕਰ ਕੇ ਨੂੰਹ ਬੀਬਾ ਹਰਸਿਮਰਤ ਕੌਰ ਬਾਦਲ ਨੇ ਤਾਂ ਮੋਦੀ ਦੇ ਵਿਕਾਸ ਮਾਡਲ ਦੇ ਰੱਜ ਕੇ ਸੋਹਲੇ ਗਾਏ। ਬੀਬਾ ਜੀ ਮੋਦੀ ਤੋਂ ਐਨੇ ਪ੍ਰਭਾਵਤ ਹੋਏ ਕਿ ਪੈਰੀਂ ਹੱਥ ਵੀ ਲਾਏ। ਇਥੇ ਪੰਜਾਬ ਦੇ ਹਾਕਮਾਂ ਲਈ ਇਕ ਸਵਾਲ ਹੈ ਕਿ ਜੇ ਮੋਦੀ, ਗੁਜਰਾਤ ਵਿਚ ਕੇਂਦਰ ਦੀ ਕਾਂਗਰਸ ਪਾਰਟੀ ਦੀ ਮੁਖਾਲਫ ਸਰਕਾਰ (ਜਿਸ ਉਤੇ ਬਾਦਲਾਂ ਵਲੋਂ ਇਹ ਦੋਸ਼ ਮੜ੍ਹਿਆ ਜਾਂਦਾ ਰਿਹਾ ਕਿ ਇਹ ਗੈਰ-ਕਾਂਗਰਸੀ ਸਟੇਟਾਂ ਨੂੰ ਬਣਦੀ ਮਾਲੀ ਸਹਾਇਤਾ ਨਹੀਂ ਦਿੰਦੀ) ਵਿਕਾਸ ਦੀਆਂ 'ਹਨੇਰੀਆਂ' ਲਿਆ ਸਕਦਾ ਹੈ ਤਾਂ ਇਹੋ ਵਿਕਾਸ ਪੰਜਾਬ ਵਿਚ ਕਿਉਂ ਨਹੀਂ ਹੋਇਆ?

ਮੋਦੀ ਦਾ ਪ੍ਰਧਾਨ ਮੰਤਰੀ ਲਈ ਨਾਮਜ਼ਦ ਹੋਣਾ ਉਹਦੀਆਂ ਕੁਝ ਖਾਸ ਕਾਬਲੀਅਤਾਂ ਕਰ ਕੇ ਹੋਇਆ; ਮਸਲਨ ਉਹਦਾ ਕੰਮ ਕਰਨ ਦਾ ਅੰਦਾਜ਼ ਜਿਸ ਨੇ ਉਹਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਅੱਗੇ ਲਿਆਂਦਾ। ਹੋਰ ਕਿਹੜੀਆਂ ਕਾਬਲੀਅਤਾਂ ਹੋਈਆਂ ਕਿ ਕੋਈ ਮਾਮੂਲੀ ਪਾਰਟੀ ਵਰਕਰ ਐਨੇ ਉਚੇ ਅਹੁਦੇ 'ਤੇ ਪਹੁੰਚ ਗਿਆ, ਉਹ ਵੀ ਉਦੋਂ ਜਦੋਂ ਪਾਰਟੀ ਦੇ ਸੀਨੀਅਰ ਲੀਡਰ ਸਿਆਸਤ ਵਿਚ ਪੂਰੀ ਤਰ੍ਹਾਂ ਸਰਗਰਮ ਹੋਣ। ਇਹ ਕਾਬਲੀਅਤਾਂ ਉਦੋਂ ਤਕ ਉਜਾਗਰ ਨਹੀਂ ਹੋਣਗੀਆਂ, ਜਦੋਂ ਤਕ ਅਸੀਂ ਮੁਲਕ ਦੇ ਪਿਛਲੇ ਪੌਣੀ ਕੁ ਸਦੀ ਦੇ ਇਤਿਹਾਸ ਨੂੰ, ਖਾਸ ਕਰ ਕੇ ਮੁਲਕ ਦੀ ਵੰਡ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਨਹੀਂ ਸਮਝਾਂਗੇ।

ਮੁਲਕ ਦੀ ਆਜ਼ਾਦੀ ਲਈ ਹਰ ਤਬਕੇ ਦੇ ਲੋਕਾਂ ਨੇ ਬਣਦਾ ਸਰਦਾ ਯੋਗਦਾਨ ਪਾਇਆ; ਮਤਲਬ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ, ਪਰ ਆਜ਼ਾਦੀ ਵਾਲੇ ਸਾਲ 1947 ਤੋਂ ਪਹਿਲੇ ਕੁਝ ਸਾਲਾਂ ਵਿਚ ਇਨ੍ਹਾਂ ਤਿੰਨਾਂ ਹੀ ਗੁਲਾਮ ਤਬਕਿਆਂ ਵਿਚੋਂ ਇਕ ਵੱਡਾ ਤਬਕਾ ਜਾਂ ਉਹਦੇ ਲੀਡਰ ਆਪਣੇ ਆਪ ਨੂੰ ਮੁਲਕ ਦਾ ਹੋਣ ਵਾਲਾ ਹਾਕਮ ਸਮਝਣ ਲੱਗ ਪਏ ਸਨ। ਇਹੀ ਨਹੀਂ, ਦੂਜੇ ਦੋ ਤਬਕਿਆਂ ਜਿਹੜੇ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਹੋ ਕੇ ਲੜ ਰਹੇ ਸਨ, ਨੂੰ ਅਹਿਸਾਸ ਹੋਣ ਲੱਗ ਪਿਆ ਕਿ ਉਨ੍ਹਾਂ ਨੂੰ ਅਣਗੌਲੇ ਕੀਤਾ ਜਾ ਰਿਹਾ ਹੈ। ਇਸ ਖਤਰੇ ਨੂੰ ਮਹਿਸੂਸ ਕਰ ਕੇ ਸਭ ਤੋਂ ਪਹਿਲਾਂ ਮੁਸਲਿਮ ਲੀਗ ਨੇ ਵੱਖਰੇ ਮੁਲਕ ਦੀ ਗੱਲ ਕੀਤੀ, ਪਰ ਬਹੁ-ਗਿਣਤੀ ਤਬਕਾ (ਹਿੰਦੂ) ਇਸ 'ਤੇ ਖਫਾ ਹੋ ਗਿਆ। ਮੁਲਕ ਆਜ਼ਾਦ ਹੁੰਦਿਆਂ ਹੀ ਇਹਦੀ ਵੰਡ ਵੀ ਹੋ ਗਈ। ਮੁਸਲਮਾਨਾਂ ਨੇ ਆਪਣਾ ਵੱਖਰਾ ਮੁਲਕ ਪਾਕਿਸਤਾਨ ਬਣਾ ਲਿਆ। ਵੱਡੇ ਤਬਕੇ ਦੇ ਲੀਡਰਾਂ ਦੇ ਸੰਘ 'ਚੋਂ ਇਹ ਹਕੀਕਤ ਥੱਲੇ ਨਹੀਂ ਸੀ ਉਤਰਦੀ ਕਿ ਜਿਹੜੇ ਮੁਸਲਮਾਨ ਕਰੀਬ ਹਜ਼ਾਰ ਕੁ ਸਾਲ ਪਹਿਲਾਂ ਅਰਬ ਵੱਲੋਂ ਹਮਲਾਵਰ ਹੋ ਕੇ ਆਏ ਸੀ, ਤੇ ਇਕ ਲੰਮਾ ਅਰਸਾ ਇਸ ਮੁਲਕ 'ਤੇ ਹਕੂਮਤ ਵੀ ਕੀਤੀ, ਹੁਣ ਜਦੋਂ ਮੁਲਕ ਆਜ਼ਾਦ ਹੋ ਗਿਆ ਤਾਂ ਇਹ ਵਿਦੇਸ਼ੀ ਲੋਕ ਮੁਲਕ ਦਾ ਵੱਡਾ ਹਿੱਸਾ ਵੰਡਾ ਕੇ ਬਰਾਬਰ ਦਾ ਮੁਲਕ ਕਿਉਂ ਬਣਾ ਕੇ ਬਹਿ ਗਏ! ਇਹ ਸ਼ਰੀਕੇਬਾਜ਼ੀ ਵੱਡੇ ਤਬਕੇ ਦੀ ਬਰਦਾਸ਼ਤ ਤੋਂ ਬਾਹਰ ਸੀ, ਕਿਉਂਕਿ ਇਹ ਲੀਡਰ ਮੁਲਕ ਦੀ ਆਜ਼ਾਦੀ ਉਪਰੰਤ ਜਿਹੜਾ ਭਾਰਤ ਚਿਤਵ ਰਹੇ ਸਨ, ਉਹ ਮੱਧਕਾਲ ਵਾਲਾ ਵਿਸ਼ਾਲ ਹਿੰਦੂ ਸਾਮਰਾਜ ਸੀ ਜਿਸ ਵਿਚ ਘੱਟ-ਗਿਣਤੀ ਧਾਰਮਿਕ ਤਬਕਿਆਂ ਦੀ ਹੋਂਦ ਬਹੁ-ਗਿਣਤੀ ਹਿੰਦੂ ਧੌਂਸ ਥੱਲੇ ਰੱਖਣ ਦੀ ਤਜਵੀਜ਼ ਸੀ; ਜਿਨ੍ਹਾਂ ਨੂੰ ਹੌਲੀ-ਹੌਲੀ ਖਤਮ ਕਰ ਕੇ ਆਪਣੇ ਵਿਚ ਹੀ ਜਜ਼ਬ ਕਰਨਾ ਸੀ।

ਵੀਰ ਸਾਵਰਕਰ ਜਿਹੜਾ ਹਿੰਦੂ ਮਹਾਂ ਸਭਾ ਦਾ ਮੁਖੀ ਵੀ ਰਿਹਾ, ਦੀਆਂ ਲਿਖਤਾਂ ਦਾ ਬੜਾ ਪ੍ਰਭਾਵ ਸੀ। ਕਾਂਗਰਸ ਪਾਰਟੀ ਨੇ ਭਾਵੇਂ ਸਾਵਰਕਰ ਤੋਂ ਦੂਰੀ ਰੱਖੀ ਹੋਈ ਸੀ, ਪਰ ਇਹਦੇ ਕਈ ਵੱਡੇ ਲੀਡਰ ਹਿੰਦੂ ਮਹਾਂ ਸਭਾ ਤੇ ਸਾਵਰਕਰ ਦੇ ਪ੍ਰਭਾਵ ਵਿਚ ਸਨ ਜਿਵੇਂ ਤਿਲਕ, ਲਾਲਾ ਲਾਜਪਤ ਰਾਏ ਤੇ ਪਟੇਲ ਵੀ। ਇਹ ਸਾਵਰਕਰ ਆਰ.ਐਸ.ਐਸ. ਦਾ ਸੂਤਰਧਾਰ ਸੀ। ਇਹ ਸਿਰਫ ਹਿੰਦੂ ਨੂੰ ਹੀ ਮੁਲਕ ਦਾ ਅਸਲੀ ਬਾਸ਼ਿੰਦਾ ਮੰਨਦਾ ਸੀ। ਉਹ ਇੰਨਾ ਕੱਟੜ ਸੀ ਕਿ ਜਿਹੜਾ ਹਿੰਦੂ ਲੀਡਰ ਦੂਜੇ ਤਬਕਿਆਂ ਬਾਰੇ ਮਾੜੀ ਜਿਹੀ ਵੀ ਫਰਾਖਦਿਲੀ ਦਿਖਾ ਦੇਵੇ, ਉਹ ਵੀ ਉਹਦੇ ਲਈ ਹਿੰਦੂ ਸਾਮਰਾਜ ਦੇ ਰਾਹ ਦਾ ਰੋੜਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਤਮਾ ਗਾਂਧੀ ਕੱਟੜ ਹਿੰਦੂ ਸੀ, ਪਰ ਦੇਸ਼ ਦਾ ਸਭ ਤੋਂ ਉਭਰਵਾਂ ਲੀਡਰ ਹੋਣ ਕਰ ਕੇ ਉਹ ਮੁਸਲਮਾਨਾਂ ਦੀ ਵੀ ਦੱਬਵੀਂ ਜੀਭ ਨਾਲ ਹਾਮੀ ਭਰਦਾ ਸੀ। ਉਹਦੀ ਇਹ ਮਜਬੂਰੀ ਸਮਝੀ ਜਾ ਸਕਦੀ ਹੈ। ਬੱਸ ਇੰਨੀ ਕੁ ਹੀ ਗੱਲ ਨੇ ਉਹਨੂੰ ਕੱਟੜ ਹਿੰਦੂ ਜਮਾਤ ਆਰ.ਐਸ.ਐਸ. ਦੀ ਹਿੱਟ ਲਿਸਟ 'ਤੇ ਲੈ ਆਂਦਾ, ਤੇ ਉਸ ਉਤੇ ਹਮਲੇ 1934 ਤੋਂ ਹੀ ਸ਼ੁਰੂ ਕਰ ਦਿਤੇ ਗਏ ਸਨ। ਪਾਕਿਸਤਾਨ ਬਣਾਉਣ ਵਿਚ ਕੱਟੜ ਹਿੰਦੂਤਵ ਦੀ ਦੂਜੇ ਮਜ਼ਹਬਾਂ ਬਾਰੇ ਅਸਹਿਣਸ਼ੀਲਤਾ ਦਾ ਮੁੱਖ ਰੋਲ ਬਣਿਆ, ਪਰ ਉਹ ਇਹਦਾ ਭਾਂਡਾ ਗਾਂਧੀ 'ਤੇ ਭੰਨਣ ਲੱਗ ਪਏ ਤੇ ਸਾਲ ਦੇ ਅੰਦਰ-ਅੰਦਰ ਗਾਂਧੀ ਦਾ ਕਤਲ ਇਸੇ ਆਰ.ਐਸ.ਐਸ. ਨੇ ਕਰ ਦਿਤਾ ਜਿਸ ਵਿਚ ਵੀਰ ਸਾਵਰਕਰ ਦੀ ਮੁੱਖ ਭੂਮਿਕਾ ਸੀ। ਇਹਨੂੰ ਗਾਂਧੀ ਕਤਲ ਕੇਸ 'ਚ ਫੜਿਆ ਵੀ ਗਿਆ, ਮੁਕੱਦਮਾ ਵੀ ਚੱਲਿਆ; ਪਰ ਕੋਰਟ 'ਚ ਗਵਾਹੀਆਂ ਦੀ ਅਣਹੋਂਦ ਕਰ ਕੇ ਬਰੀ ਹੋ ਗਿਆ।

ਉਦੋਂ ਤੋਂ ਹੀ ਹਿੰਦੂ ਸਾਮਰਾਜ ਦਾ ਸੁਪਨਾ ਸਿਰਜੀ ਬੈਠੀ ਚਾਣਕਿਆ ਨੀਤੀ ਕਿਸੇ ਅਜਿਹੇ ਲੀਡਰ ਦੀ ਭਾਲ ਵਿਚ ਲੱਗੀ ਰਹੀ ਜਿਹੜਾ ਮੁਸਲਮਾਨਾਂ ਨੂੰ ਸਬਕ ਸਿਖਾਵੇ, ਕਿਉਂਕਿ ਪਾਕਿਸਤਾਨ ਆਜ਼ਾਦ ਇਸਲਾਮਿਕ ਦੇਸ਼ ਬਣ ਚੁੱਕਾ ਸੀ ਤੇ ਭਾਰਤ ਦੇ ਹਿੰਦੂ ਸਾਮਰਾਜ ਤੋਂ ਬਾਹਰ ਹੋ ਗਿਆ ਸੀ। ਹੁਣ ਸਾਰਾ ਨਜ਼ਲਾ ਡਿੱਗਣਾ ਸੀ ਭਾਰਤ ਵਿਚ ਰਹਿ ਗਏ ਮੁਸਲਮਾਨਾਂ ਉਤੇ। ਨਹਿਰੂ ਵੱਡੇ ਫੈਸਲੇ ਕਰਨ ਵਿਚ ਥੋੜ੍ਹਾ ਕਮਜ਼ੋਰ ਸੀ, ਪਰ ਉਹਦੀ ਅੰਗਰੇਜ਼ਾਂ ਨਾਲ ਨੇੜਤਾ ਉਹਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਨ ਤੋਂ ਰੋਕ ਨਾ ਸਕੀ, ਜਦੋਂਕਿ ਚਾਣਕਿਆ ਨੀਤੀ ਦੀ ਪਹਿਲੀ ਪਸੰਦ ਪਟੇਲ ਸੀ। ਆਜ਼ਾਦ ਭਾਰਤ ਵਿਚ ਪਟੇਲ ਦੀ ਉਮਰ ਲੰਮੀ ਨਹੀਂ ਹੋਈ, ਨਹੀਂ ਤਾਂ ਸ਼ਾਇਦ ਉਹਨੂੰ ਹਿੰਦੂ ਸਾਮਰਾਜੀ ਤਾਕਤਾਂ ਨੇ ਵੱਡੇ ਤਖਤ 'ਤੇ ਬਿਠਾਉਣਾ ਜ਼ਰੂਰ ਸੀ। ਮੁਲਕ ਦਾ ਗ੍ਰਹਿ ਮੰਤਰੀ ਹੁੰਦਿਆਂ ਪਟੇਲ ਨੇ ਪੈਂਦੀ ਸੱਟੇ ਹੀ ਸਿੱਖਾਂ ਜਿਨ੍ਹਾਂ ਨੂੰ ਮੁਲਕ ਦੀ ਵੰਡ ਦਾ ਸੇਕ ਸਭ ਤੋਂ ਵੱਧ ਲੱਗਾ, ਨੂੰ ਘਰੋਂ-ਬੇਘਰ ਹੋਇਆਂ ਨੂੰ ਮੁੜ ਵਸਾਉਣ ਹਿੱਤ ਜਿਹੜਾ ਸਰਕਾਰੀ ਤਖਤਲਸ ਦਿਤਾ, ਉਹ ਸੀ 'ਜਰਾਇਮ ਪੇਸ਼ਾ ਕੌਮ'; ਪਰ ਜਿਸ ਕਾਰਵਾਈ ਨੇ ਉਹਨੂੰ ਲੋਹ-ਪੁਰਸ਼ ਦਾ ਖਿਤਾਬ ਦਿਤਾ, ਉਹ ਹੈ ਉਹਦਾ 1948 ਵਿਚ ਹੈਦਰਾਬਾਦ ਦੇ ਨਿਜ਼ਾਮ ਉਤੇ ਫੌਜੀ ਹਮਲਾ ਕਰਵਾ ਕੇ ਕੋਈ ਇਕ ਲੱਖ ਮੁਸਲਮਾਨਾਂ ਦਾ ਕਤਲ ਕਰਵਾਉਣਾ, ਤੇ ਇਸ ਘਿਨਾਉਣੀ ਕਾਰਵਾਈ ਦੀ ਥਹੁ ਤਕ ਨਾ ਨਿਕਲਣ ਦੇਣਾ। ਅਸਲ ਵਿਚ ਆਹ ਕੁਝ ਚਾਹੁੰਦੀ ਸੀ ਭਾਰਤ ਦੀ ਚਾਣਕਿਆ ਨੀਤੀ ਜਿਸ 'ਤੇ ਪਟੇਲ ਖਰਾ ਉਤਰਿਆ। ਭਾਰਤੀ ਹਿੰਦੂ ਸਾਮਰਾਜ ਨੇ ਅੱਜ ਤਕ ਇਹ ਇਤਿਹਾਸਕ ਤੱਥ ਲੁਕਾਈ ਰੱਖਿਆ ਕਿ



*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਕਾਸ਼ ਸਿੰਘ ਬਾਦਲ*

1947 ਵਿਚ ਭਾਰਤ ਅਤੇ ਪਾਕਿਸਤਾਨ ਨਾਲ ਤੀਜਾ ਆਜ਼ਾਦ ਮੁਲਕ ਹੈਦਰਾਬਾਦ ਬਣਿਆ ਸੀ। ਇਹ ਮੁਲਕ ਪੂਰਾ ਇਕ ਸਾਲ ਆਜ਼ਾਦ ਰਿਹਾ ਅਤੇ ਯੂ.ਐਨ.ਓ. ਵਿਚ ਨਿਜ਼ਾਮ ਨੇ ਅਰਜ਼ੀ ਪਾ ਕੇ ਕਿਹਾ ਸੀ ਕਿ ਹੈਦਰਾਬਾਦ ਨੂੰ ਭਾਰਤ ਤੋਂ ਖਤਰਾ ਹੈ। ਅੱਜ ਤਕ ਇਹੋ ਦੱਸਿਆ ਜਾਂਦਾ ਕਿ ਮਾੜਾ ਜਿਹਾ ਪੁਲਿਸ ਐਕਸ਼ਨ ਕੀਤਾ ਗਿਆ, ਜਦੋਂਕਿ ਹੈਦਰਾਬਾਦ ਕੋਲ ਪੂਰੀ ਫ਼ੌਜ ਸੀ।

ਸਾਲ 1950 ਵਿਚ ਪਟੇਲ ਦੀ ਮੌਤ ਨੇ ਹਿੰਦੂ ਸਾਮਰਾਜ ਦੀਆਂ ਗੋਂਦਾਂ ਨੂੰ ਬਰੇਕ ਲਾ ਦਿੱਤੀ। ਉਹਦੀ ਮੌਤ ਤੋਂ ਬਾਅਦ ਅਜਿਹੇ ਲੀਡਰ ਦੀ ਭਾਲ ਸ਼ੁਰੂ ਕਰ ਦਿਤੀ ਗਈ ਜਿਹੜਾ ਪਟੇਲ ਦੇ ਨਕਸ਼ੇ-ਕਦਮਾਂ 'ਤੇ ਚੱਲੇ ਅਤੇ ਭਾਰਤ ਵਿਚ ਵਸਦੀ ਹਰ ਘੱਟ-ਗਿਣਤੀ ਨੂੰ ਬਹਾਨਾ ਬਣਾ ਕੇ ਜਿੰਨਾ ਮਰਜ਼ੀ ਉਸ ਉਤੇ ਅੱਤਿਆਚਾਰ ਕਰੇ; ਪਰ ਪ੍ਰਚਾਰ ਇਹ ਕਰੇ ਕਿ ਇਹ ਤਬਕੇ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਕਰਨ ਵਾਲੇ ਹਨ। ਚਾਣਕਿਆ ਨੀਤੀ ਉਹਦੀ ਪਿੱਠ 'ਤੇ ਖੜ੍ਹਦੀ ਹੈ। ਇਸ ਚਾਣਕਿਆ ਨੀਤੀ ਨੂੰ 1984 ਵਿਚ ਪਟੇਲ ਵਰਗੇ ਨੈਣ-ਨਕਸ਼ ਇੰਦਰਾ ਗਾਂਧੀ ਵਿਚੋਂ ਦਿਸਣ ਲੱਗ ਪਏ ਸਨ। ਜੇ ਪਟੇਲ ਨੂੰ ਹੈਦਰਾਬਾਦ ਵਿਚ ਫੌਜੀ ਹਮਲਾ ਕਰ ਕੇ ਮੁਸਲਮਾਨਾਂ ਦਾ ਕਤਲੇਆਮ ਕਰ ਕੇ ਲੋਹ-ਪੁਰਸ਼ ਦਾ ਖਿਤਾਬ ਦਿਤਾ, ਤਾਂ ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰਵਾ ਕੇ ਸਿੱਖਾਂ ਦਾ ਕਤਲੇਆਮ ਕਰ ਕੇ 'ਦੁਰਗਾ ਮਾਤਾ' ਦਾ ਖਿਤਾਬ ਦਿਤਾ ਗਿਆ, ਸਮੇਤ ਲਾਲ ਝੰਡੇ ਵਾਲਿਆਂ ਦੇ। ਉਸੇ ਸਾਲ ਉਹਦੀ ਮੌਤ ਉਪਰੰਤ ਉਹਦੇ ਪੁੱਤ ਰਾਜੀਵ ਗਾਂਧੀ ਨੂੰ ਥਾਪੜਾ ਦਿੱਤਾ ਕਿ ਕਹਿ, 'ਜਬ ਬੜਾ ਪੇੜ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ'... ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਅੱਜ ਤਕ ਇਸ ਕਾਰਵਾਈ ਨੂੰ ਸਿੱਖ ਦੰਗੇ ਕਹਿ ਕੇ ਪ੍ਰਚਾਰਿਆ ਜਾਂਦਾ ਹੈ।

ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਚਾਣਕਿਆ ਨੀਤੀ ਨੇ ਆਪਣਾ ਰੁਖ ਭਗਵਾਂ ਪਾਰਟੀ ਵੱਲ ਕੀਤਾ ਕਿ ਇਹਦੇ ਵਿਚੋਂ ਪਟੇਲ ਵਰਗੇ ਨੇਤਾ ਲੱਭੇ ਜਾਣ। ਅਡਵਾਨੀ ਵਿਚ ਭਾਵੇਂ ਇਹੋ ਜਿਹੇ ਗੁਣ ਸਨ ਪਰ ਉਹ ਪੂਰੀ ਪੈਂਠ ਨਹੀਂ ਪਾ ਸਕਿਆ, ਕਿਉਂਕਿ ਹਿੰਦੂਤਵ ਨੀਤੀ ਬਿਆਨਬਾਜ਼ੀ ਨਾਲੋਂ ਜ਼ਿਆਦਾ ਯਕੀਨ ਐਕਸ਼ਨ 'ਚ ਰੱਖਦੀ ਹੈ, ਤੇ ਨਰਿੰਦਰ ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਿਸ ਤਰ੍ਹਾਂ ਗੋਧਰਾ ਕਾਂਡ 'ਚ ਮੁਸਲਮਾਨਾਂ ਦੇ ਕਤਲੇਆਮ ਨਾਲ ਨਜਿੱਠਿਆ... ਬੱਸ ਉਹ ਭਾਅ ਗਿਆ ਚਾਣਕਿਆ ਨੀਤੀ ਨੂੰ; ਤੇ ਉਹਦਾ ਆਧਾਰ ਹੋਰ ਮਜ਼ਬੂਤ ਕਰਨ ਲਈ ਕਾਰਵਾਈਆਂ ਕੀਤੀਆਂ ਗਈਆਂ। ਵੱਡੇ ਕਾਰਪੋਰੇਟ ਘਰਾਣਿਆਂ ਨਾਲ ਉਹਦੀ ਦੋਸਤੀ ਕਰਵਾਈ ਗਈ ਤੇ 'ਵਿਕਾਸ' ਦਾ ਮਾਡਲ ਪ੍ਰਚਾਰਨ ਹਿੱਤ ਮੁਲਕ ਦੇ ਸਮੁੱਚੇ ਮੀਡੀਆ ਨੂੰ ਤੋਰਿਆ। ਹਿੰਦੂਤਵੀ ਸਾਧਾਂ-ਸੰਤਾਂ ਤਕ ਰਸਾਈ ਕਰ ਕੇ ਉਹਦੀ ਤਾਜਪੋਸ਼ੀ ਕਰਵਾ ਕੇ ਉਹਨੂੰ ਵਾਹਦ ਦਾਅਵੇਦਾਰ ਬਣਾ ਦਿੱਤਾ ਪ੍ਰਧਾਨ ਮੰਤਰੀ ਦੀ ਕੁਰਸੀ ਦਾ। ਹਿੰਦੂ ਸਾਮਰਾਜ ਲਈ ਜੋ ਕੁਝ ਪਟੇਲ ਨਾ ਕਰ ਸਕਿਆ, ਉਹ ਹੁਣ ਮੋਦੀ ਤੋਂ ਕਰਵਾਏ ਜਾਣ ਦਾ ਤਰੱਦਦ ਸ਼ੁਰੂ ਹੋ ਗਿਆ।

ਹੁਣ ਸਵਾਲ ਹੈ ਕਿ ਮੋਦੀ ਦੀ ਪਟੇਲ ਲਈ ਐਨੀ ਸ਼ਰਧਾ ਪਿਛਲੇ ਸਾਲ ਤੋਂ ਕਿੰਦਾਂ ਬਣ ਗਈ, ਜਦੋਂਕਿ ਭਾਜਪਾ ਦੇ ਲੀਡਰ ਕਿਸੇ ਵੀ ਕਾਂਗਰਸੀ ਦਾ ਨਾਂ ਨਫਰਤ ਨਾਲ ਲੈਂਦੇ ਹਨ? ਉਦਾਂ ਵੀ ਮੋਦੀ ਦੀ ਉਮਰ ਉਨੀ ਕੁ ਹੈ ਜਿੰਨਾ ਕੁ ਸਮਾਂ ਪਟੇਲ ਦੀ ਮੌਤ ਨੂੰ ਹੋਇਆ ਹੈ। ਮੋਦੀ ਪਟੇਲ ਦਾ ਲੋਹੇ ਦਾ ਬੁੱਤ ਕਿਉਂ ਦੁਨੀਆਂ ਭਰ ਵਿਚ ਸਭ ਤੋਂ ਉਚਾ ਬਣਾਉਣਾ ਚਾਹੁੰਦਾ ਹੈ? ਇਸ ਕੰਮ ਲਈ ਉਸ ਨੇ ਆਪਣੇ ਪਲੇਠੇ ਬਜਟ ਵਿਚ 200 ਕਰੋੜ ਰੁਪਿਆ ਦੇ ਵੀ ਦਿੱਤਾ ਹੈ। ਇਹ ਤੰਦ ਹੋਰ ਕੋਈ ਨਹੀਂ, ਬਸ ਘੱਟ-ਗਿਣਤੀਆਂ ਨਾਲ ਨਜਿੱਠਣ ਦੀ ਸਾਂਝ ਵਿਚੋਂ ਜੁੜੀ ਹੈ। ਇਹੀ ਇਕ ਕਾਬਲੀਅਤ ਸਦਕਾ ਮੋਦੀ ਬਹਿ ਗਿਆ ਭਾਰਤ ਦੇ ਤਖਤ 'ਤੇ।

ਬਤੌਰ ਪ੍ਰਧਾਨ ਮੰਤਰੀ ਮੋਦੀ ਨੇ ਜਿਨ੍ਹਾਂ ਤਾਕਤਾਂ ਦੀ ਤਰਜਮਾਨੀ ਕਰਨੀ ਹੈ, ਉਹ 'ਅੱਛੇ ਦਿਨ' ਆਉਣ ਵੱਲ ਇਸ਼ਾਰਾ ਨਹੀਂ ਕਰਦੇ। ਹੁਣ ਭਾਰਤੀ ਹਕੂਮਤ ਦਾ ਹਰ ਫੈਸਲਾ ਭਗਵਾਂ ਬ੍ਰਿਗੇਡ ਤੋਂ ਬਿਨਾਂ ਨਹੀਂ ਹੋਇਆ ਕਰੇਗਾ। ਗੱਦੀ-ਨਸ਼ੀਨੀ ਤੋਂ ਲੈ ਕੇ ਹੁਣ ਤਕ ਉਹ ਸਾਫ ਤਸਵੀਰ ਦੱਸਣ ਤੇ ਦਿਖਾਉਣ ਲੱਗ ਪਿਆ 'ਅੱਛੇ ਦਿਨਾਂ' ਦੀ! ਬੱਸ ਦੋ-ਚਾਰ ਕੁ ਮਿਸਾਲਾਂ ਹੀ ਇਥੇ ਆਪਾਂ ਸਾਂਝੀਆ ਕਰਾਂਗੇ 'ਅੱਛੇ ਦਿਨਾਂ' ਦੀਆਂ।

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਜਮਹੂਰੀਅਤ ਪਸੰਦ ਮੁਲਕ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਪਹਿਲੇ ਦਿਨ ਹੀ ਸਹੁੰ ਚੁੱਕ ਸਮਾਗਮ ਵਿਚ ਇਹਦੀਆਂ ਧੱਜੀਆਂ ਉਡਾਈਆਂ। ਜਮਹੂਰੀਅਤ ਦਾ ਮਤਲਬ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਲੋਕਾਂ ਦੀਆਂ ਵੋਟਾਂ ਨਾਲ ਬਣੀ ਸਰਕਾਰ। ਜਿਸ ਨੂੰ ਲੋਕ ਵੋਟਾਂ ਨਾ ਪਾ ਕੇ ਹਰਾ ਦੇਣ, ਉਹਨੇ ਹਾਕਮ ਨਹੀਂ ਬਣਨਾ ਹੁੰਦਾ, ਇਹ ਸਿੱਧਾ ਜਿਹਾ ਫਾਰਮੂਲਾ ਹੈ। ਅੰਮ੍ਰਿਤਸਰ ਤੋਂ ਲੋਕਾਂ ਨੇ ਅਰੁਣ ਜੇਤਲੀ ਨੂੰ ਘਰ ਬੈਠਣ ਦਾ ਫਤਵਾ ਦਿੱਤਾ, ਪਰ ਹੋਇਆ ਇਹ ਕਿ ਉਸੇ ਹੀ ਅਰੁਣ ਜੇਤਲੀ ਨੂੰ ਹਕੂਮਤ ਦੇ ਸਭ ਤੋਂ ਉਚੇ ਅਹੁਦਿਆਂ ਨਾਲ ਨਿਵਾਜਿਆ ਗਿਆ। ਪੰਜਾਬੀਆਂ ਨਾਲ ਜਮਹੂਰੀਅਤ ਦੇ ਨਾਂ 'ਤੇ ਮਜ਼ਾਕ ਕੀਤਾ ਮੋਦੀ ਦੇ 'ਅੱਛੇ ਦਿਨਾਂ' ਨੇ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੇ ਹਾਕਮ ਹੁੱਬਦੇ ਫਿਰਦੇ ਆ। ਕਾਰਨ? ਇਹ ਬਿੱਲੀ ਦੀ ਮਿਆਉਂ ਵਿਚ ਮਿਆਉਂ ਕਰਨ ਵਾਲੇ ਬਣ ਚੁੱਕੇ ਹਨ। ਇਨ੍ਹਾਂ ਦਾ ਪੰਜਾਬ ਨਾਲ ਕੋਈ ਬਹੁਤਾ ਸਰੋਕਾਰ ਨਹੀਂ। ਇਹ ਹਾਕਮ ਟੱਬਰ ਤਾਂ ਨਿੱਤ ਦਿਨ ਪੰਜਾਬੀਆਂ ਦਾ ਜਲੂਸ ਕੱਢੀ ਫਿਰਦਾ ਦਿੱਲੀ ਵਿਚ... ਹੱਥ ਵਿਚ ਠੂਠਾ ਫੜ ਕੇ ਹਰ ਮੰਤਰੀ ਦੇ ਦਰ 'ਤੇ ਪੰਜਾਬ ਦੇ ਨਾਂ ਭੀਖ ਮੰਗ ਕੇ। ਓ ਭਰਾਵੋ! ਸੈਂਟਰ ਤੋਂ ਬਣਦੀਆਂ ਗ੍ਰਾਂਟਾਂ ਦਾ ਹੱਕ ਹਰ ਸੂਬੇ ਦਾ ਬਣਦਾ; ਇਹ ਮਿਲਣਾ ਹੀ ਮਿਲਣਾ, ਕਾਨੂੰਨਨ ਕੋਈ ਨਹੀਂ ਰੋਕ ਸਕਦਾ। ਫਿਰ ਖੈਰਾਤ ਮੰਗਣੀ ਕਿਵੇਂ ਜਾਇਜ਼ ਹੈ? ਤੇ ਸੱਚੀ ਗੱਲ ਇਹ ਵੀ ਹੈ ਕਿ ਅਗਲਿਆਂ ਨੇ ਲੇਲ੍ਹੜੀਆਂ ਕੱਢਣ ਦੇ ਬਾਵਜੂਦ ਦੇਣਾ ਕੁਝ ਵੀ ਨਹੀਂ। ਸ਼ਾਇਦ ਉਹ ਵੀ ਸਮਝ ਗਏ ਹਨ ਇਸ ਟੱਬਰ ਦੀ ਨਬਜ਼ ਨੂੰ, ਕਿ ਬੜਾ ਵੱਡਾ ਹਾਜ਼ਮਾ ਇਨ੍ਹਾਂ ਦਾ। ਵੈਸੇ ਵੀ ਸਰਕਾਰ ਬਣਾਉਣ ਵਕਤ ਜਿਹੜਾ ਸਮਝੌਤਾ ਹੋਇਆ ਹਾਕਮਾਂ ਨਾਲ, ਉਸ ਮੁਤਾਬਕ ਨੂੰਹ ਰਾਣੀ ਨੂੰ ਦਿੱਲੀ ਕੁਰਸੀ ਦੇਣੀ ਸੀ, ਸੋ ਅਗਲਿਆਂ ਨੇ ਦੇ ਦਿੱਤੀ। ਉਸ ਸਮਝੌਤੇ ਵਿਚ ਪੰਜਾਬ ਗਾਇਬ ਹੈ।

ਸਾਰੇ ਮੰਤਰੀਆਂ ਨੇ ਈਸ਼ਵਰ ਦੇ ਨਾਂ 'ਤੇ ਸਹੁੰ ਚੁੱਕ ਕੇ ਕਿਹਾ ਕਿ 'ਮੈਂ ਭਾਰਤ ਦੇ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਤੇ ਨਿਸ਼ਠਾ ਰੱਖੂੰਗਾ... ਇਹ ਸਹੁੰ 26 ਮਈ ਨੂੰ ਚੁੱਕੀ, ਤੇ 27 ਮਈ ਨੂੰ ਜੰਮੂ ਕਸ਼ਮੀਰ ਦੇ ਪਹਿਲੀ ਵਾਰੀ ਜਿੱਤੇ ਭਾਜਪਾ ਆਗੂ ਜਿਸ ਨੂੰ ਮੰਤਰੀ ਵੀ ਬਣਾਇਆ ਗਿਆ, ਨੇ ਬਿਆਨ ਦਿੱਤਾ ਕਿ ਸੰਵਿਧਾਨ ਦੀ ਧਾਰਾ 370 ਖ਼ਤਮ ਕੀਤੀ ਜਾਊਗੀ। ਸੰਵਿਧਾਨ ਕੀ ਹੈ? ਇਹ ਇਸ ਵਿਚ ਦਰਜ ਕੀਤੀਆਂ ਧਾਰਾਵਾਂ ਦੀ ਕਾਨੂੰਨੀ ਕਿਤਾਬ ਹੀ ਹੈ ਜਿਸ ਵਿਚ ਧਾਰਾ 370 ਵੀ ਸ਼ਾਮਲ ਹੈ; ਫਿਰ ਤਾਂ ਉਸ ਮੰਤਰੀ ਨੂੰ ਧਾਰਾ 370 ਪ੍ਰਤੀ ਵੀ ਪੂਰੀ ਸ਼ਰਧਾ ਰੱਖਣੀ ਬਣਦੀ ਹੈ, ਪਰ ਨਹੀਂ। ਭਗਵੀਂ ਬਿੱਲੀ ਨੂੰ ਕਿਉਂਕਿ ਇਸ ਵਿਚੋਂ ਮੁਸਲਮਾਨਾਂ ਦਾ ਅਕਸ ਦਿਸਦਾ ਹੈ, ਤੇ ਇਹਨੇ ਪ੍ਰਣ ਕੀਤਾ ਹੋਇਆ ਹੈ ਕਿ ਕਸ਼ਮੀਰ ਵਿਚੋਂ ਮੁਸਲਮਾਨਾਂ ਨੂੰ ਆਨੇ-ਬਹਾਨੇ ਖਦੇੜਨਾ ਹੈ। ਉਂਜ, ਜਿੰਨਾ ਫਾਇਦਾ ਇਸ ਧਾਰਾ 370 ਦਾ ਕਸ਼ਮੀਰ ਦੇ ਹਿੰਦੂਆਂ ਨੇ ਲਿਆ, ਮੁਸਲਮਾਨਾਂ ਨੇ ਨਹੀਂ। ਜੇ ਮੁਸਲਮਾਨਾਂ ਨੂੰ ਫਾਇਦਾ ਮਿਲਿਆ ਹੁੰਦਾ ਤਾਂ ਕਸ਼ਮੀਰ ਦੇ ਸਾਰੇ ਮੁਸਲਮਾਨ ਬਹੁਤ ਅਮੀਰ ਹੁੰਦੇ, ਪਰ ਉਹ ਤਾਂ ਅੱਜ ਵੀ ਪੰਜਾਬ ਵਿਚ ਲੱਕੜਾਂ ਪਾੜ ਕੇ ਅਤੇ ਕੰਬਲ ਵੇਚ ਕੇ ਗੁਜ਼ਾਰਾ ਕਰਦੇ ਹਨ। ਬੱਸ, ਇਹ ਧਾਰਾ 370 ਇਕ ਵੱਖਰੀ ਪਛਾਣ ਹੈ ਕਸ਼ਮੀਰ ਦੀ ਭਾਰਤੀ ਸੰਵਿਧਾਨ ਵਿਚ, ਜਿਹੜੀ ਬੜੀ ਚੁੱਭਦੀ ਹੈ ਹਿੰਦੂ ਸਾਮਰਾਜ ਦੀ ਭਗਵੀਂ ਬਿੱਲੀ ਨੂੰ। ਇਹ ਹਰ ਹੀਲੇ ਇਸ ਵੱਖਰੀ ਪਛਾਣ ਨੂੰ ਤਹਿਸ-ਨਹਿਸ ਕਰਨ ਲਈ ਹਮਲਾ ਕਰਦੀ ਹੈ। ਫੌਜ ਤੋਂ ਹਰ ਜ਼ੁਲਮ ਕਰਵਾਇਆ ਜਾ ਰਿਹਾ ਹੈ ਏਕਤਾ ਤੇ ਅਖੰਡਤਾ ਦੇ ਨਾਂ 'ਤੇ। ਇਹ ਹੈ 'ਅੱਛੇ ਦਿਨਾਂ' ਦਾ ਆਗਾਜ਼!


ਮੋਦੀ ਦੀ ਭਗਵੀਂ ਬਿੱਲੀ ਦਾ ਅਗਲਾ ਹਮਲਾ ਹੋਇਆ ਮਨੁੱਖੀ ਵਸੀਲੇ ਵਿਕਾਸ ਮੰਤਰੀ ਸਮ੍ਰਿਤੀ ਜ਼ੁਬਿਨ ਈਰਾਨੀ ਵੱਲੋਂ ਜਿਸ ਦੀ ਮਨਿਸਟਰੀ ਹੇਠ ਮੁਲਕ ਦਾ ਸਿੱਖਿਆ ਮੰਤਰਾਲਾ ਵੀ ਆਉਂਦਾ ਹੈ। ਉਹਨੇ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਸਕੂਲਾਂ-ਕਾਲਜਾਂ ਵਿਚ ਹੁਣ ਹਿੰਦੂਤਵੀ ਪ੍ਰਾਚੀਨ ਸਿੱਖਿਆ ਦੇਣੀ ਵੀ ਲਾਜ਼ਮੀ ਕੀਤੀ ਜਾਵੇਗੀ ਜਿਸ ਵਿਚ ਜੋਤਿਸ਼, ਵਾਸਤੂ ਸ਼ਾਸਤਰ, ਮਿਥਿਹਾਸਕ ਕਥਾ-ਕਹਾਣੀਆਂ, ਦੇਵੀ-ਦੇਵਤਿਆਂ ਦੀਆਂ ਕਥਾਵਾਂ ਸ਼ਾਮਲ ਹੋਣਗੀਆਂ। ਨਾਲ ਹੀ ਸਰਕਾਰੀ ਹੁਕਮ ਵੀ ਜਾਰੀ ਕਰ ਦਿੱਤਾ ਕਿ ਗੈਰ-ਹਿੰਦੀ ਸੂਬਿਆਂ ਲਈ ਹਿੰਦੀ ਦੀ ਸਿਖਿਆ ਸਕੂਲਾਂ ਅਤੇ ਸਰਕਾਰੀ ਕੰਮ-ਕਾਜ ਵਿਚ ਲਾਜ਼ਮੀ ਕੀਤੀ ਜਾਵੇਗੀ। ਇਸ 'ਤੇ ਭਾਵੇਂ ਹਾਲ ਦੀ ਘੜੀ ਅਮਲ ਰੋਕ ਲਿਆ

(ਬਾਕੀ ਅਗਲੇ ਸਫੇ 'ਤੇ)

***ਪੰਜਾਬ ਦੇ ਹਾਕਮਾਂ ਲਈ ਇਕ ਸਵਾਲ ਹੈ ਕਿ ਜੇ ਮੋਦੀ, ਗੁਜਰਾਤ ਵਿਚ ਕੇਂਦਰ ਦੀ ਕਾਂਗਰਸ ਪਾਰਟੀ ਦੀ ਮੁਖਾਲਫ ਸਰਕਾਰ (ਜਿਸ ਉਤੇ ਬਾਦਲਾਂ ਵਲੋਂ ਇਹ ਦੋਸ਼ ਮੜ੍ਹਿਆ ਜਾਂਦਾ ਰਿਹਾ ਕਿ ਇਹ ਗੈਰ-ਕਾਂਗਰਸੀ ਸਟੇਟਾਂ ਨੂੰ ਬਣਦੀ ਮਾਲੀ ਸਹਾਇਤਾ ਨਹੀਂ ਦਿੰਦੀ) ਵਿਕਾਸ ਦੀਆਂ 'ਹਨੇਰੀਆਂ' ਲਿਆ ਸਕਦਾ ਹੈ ਤਾਂ ਇਹੋ ਵਿਕਾਸ ਪੰਜਾਬ ਵਿਚ ਕਿਉਂ ਨਹੀਂ ਹੋਇਆ?***

ਗਿਆ ਹੈ ਪਰ ਇਹ ਦੇਰ-ਸਵੇਰ ਹੋਣਾ ਜ਼ਰੂਰ ਹੈ। ਹੈਰਾਨੀ ਦੀ ਗੱਲ ਹੋਈ ਕਿ ਭਗਵੀਂ ਬਿੱਲੀ ਨੇ ਅਜੇ ਮਿਆਊਂ ਕੀਤੀ ਹੀ ਸੀ, ਤੇ ਪੰਜਾਬ ਦੇ ਹਾਕਮਾਂ ਨੇ ਸਭ ਤੋਂ ਪਹਿਲਾਂ ਫੁਰਤੀ ਦਿਖਾਈ। ਸੜਕਾਂ 'ਤੇ ਬੋਰਡ ਹਿੰਦੀ ਵਿਚ ਕਰਨੇ ਸ਼ੁਰੂ ਕਰ ਦਿੱਤੇ। ਚਾਣਕਿਆ ਨੀਤੀ ਨੂੰ ਪਤਾ ਹੈ ਕਿ ਜੇ ਹਿੰਦੂ ਸਾਮਰਾਜ ਨੂੰ ਮਜ਼ਬੂਤ ਕਰਨਾ ਹੈ ਤਾਂ ਹੋਰ ਬੋਲੀਆਂ ਨੂੰ ਰੋਕਣਾ ਪੈਣਾ ਹੈ, ਤੇ ਇਹ ਕੰਮ ਸਕੂਲਾਂ ਤੋਂ ਹੀ ਹੋ ਸਕਦਾ। ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਭੁਲਾ ਦਿਓ!... 90 ਫ਼ੀਸਦੀ ਕੰਮ ਬਿਨਾਂ ਕਿਸੇ ਹੀਲ-ਹੁਜਤ ਦੇ ਹੋ ਜਾਵੇਗਾ, ਕਿਉਂਕਿ ਮਾਂ ਬੋਲੀ ਸਭ ਨੂੰ ਸਦਾ ਵਿਰਸੇ ਨਾਲ ਜੋੜੀ ਰੱਖਦੀ ਹੈ। ਮਾਂ ਬੋਲੀ ਤੋਂ ਭਟਕੇ ਬੰਦੇ ਨੂੰ ਜਿੱਧਰ ਮਰਜ਼ੀ ਲਾ ਦਿਓ। ਅਜਿਹਾ ਬੰਦਾ ਤਾਂ ਸਮਾਂ ਪਾ ਕੇ ਆਪਣਿਆਂ ਖਿਲਾਫ ਖੜਨ ਤੋਂ ਵੀ ਗੁਰੇਜ਼ ਨਹੀਂ ਕਰੇਗਾ! ਇਸ ਨੀਤੀ 'ਤੇ ਚੱਲ ਰਹੀ ਹੈ 'ਅੱਛੇ ਦਿਨਾਂ' ਵਾਲੀ ਸਰਕਾਰ।

ਮਾਂ ਬੋਲੀ ਦੀ ਅਹਿਮੀਅਤ ਸਬੰਧੀ 'ਮੇਰਾ ਦਾਗਿਸਤਾਨ' ਦੇ ਲੇਖਕ ਰਸੂਲ ਹਮਜ਼ਾਤੋਵ ਵੱਲੋਂ ਸੁਣਾਈ ਕਹਾਣੀ ਚੇਤੇ ਆ ਗਈ ਹੈ। ਕਹਾਣੀ ਦਾ ਸਾਰ-ਤੱਤ ਇਹ ਹੈ ਕਿ ਦੂਜੀ ਵੱਡੀ ਜੰਗ ਵਿਚ ਰੂਸ ਦੇ ਕਿਸੇ ਪੇਂਡੂ ਇਲਾਕੇ ਜਿਥੋਂ ਦੀ ਬੋਲੀ 'ਅਵਾਰ' ਹੈ, ਦਾ ਫੌਜੀ ਨੌਜਵਾਨ ਜਰਮਨ ਵਿਚ ਹੀ ਰਹਿ ਗਿਆ, ਤੇ ਉਥੋਂ ਦੀ ਬੋਲੀ ਸਿੱਖ ਗਿਆ, ਤੇ ਨਾਲ ਰਹਿਣ-ਸਹਿਣ ਵੀ। ਉਹਦੇ ਪਿੰਡ ਉਹਦੀ ਮਾਂ ਰਹਿੰਦੀ ਸੀ ਜਿਹੜੀ ਉਹਨੂੰ ਅੰਤਾਂ ਦਾ ਮੋਹ



ਜਵਾਹਰ ਲਾਲ ਨਹਿਰੂ

ਕਰਦੀ ਸੀ। ਸਾਲਾਂ ਬੱਧੀ ਮਾਂ ਉਹਨੂੰ ਰੋਜ਼ ਯਾਦ ਕਰਦੀ ਰਹੀ, ਉਧਰ ਜਰਮਨੀ ਰਹਿ ਗਏ ਪੁੱਤ ਨੂੰ ਵੀ ਕਦੇ-ਕਦੇ ਮਾਂ ਦਾ ਹੇਰਵਾ ਮਹਿਸੂਸ ਹੁੰਦਾ। ਕਈ ਸਾਲਾਂ ਬਾਅਦ ਪੁੱਤ ਨੂੰ ਜਰਮਨੀ ਵਿਚ ਆਪਣੇ ਹੀ ਇਲਾਕੇ ਦਾ ਬੰਦਾ ਮਿਲਿਆ, ਤਾਂ ਉਹਨੇ ਕਿਹਾ ਕਿ ਜਦੋਂ ਉਹ ਵਾਪਸ ਦੇਸ਼ ਜਾਵੇ ਤਾਂ ਉਹਦੇ ਪਿੰਡ ਉਹਦੀ ਮਾਂ ਨੂੰ ਜ਼ਰੂਰ ਮਿਲ ਕੇ ਉਹਦੇ ਬਾਰੇ ਦੱਸੇ। ਆਪਣੇ ਇਲਾਕੇ ਵਾਲੇ ਉਸ ਬੰਦੇ ਨੇ ਹਾਮੀ ਭਰ ਦਿੱਤੀ। ਕੁਝ ਦੇਰ ਬਾਅਦ ਉਹ ਬੰਦਾ ਦੇਸ਼ ਪਰਤਿਆ ਤਾਂ ਉਹ ਉਸ ਦੀ ਮਾਂ ਨੂੰ ਮਿਲਣ ਉਹਦੇ ਪਿੰਡ ਗਿਆ। ਮਾਂ ਨੂੰ ਮਿਲ ਕੇ ਦੱਸਿਆ ਕਿ 'ਤੇਰਾ ਪੁੱਤ ਜਰਮਨ ਵਿਚ ਬਿਲਕੁਲ ਠੀਕ-ਠਾਕ ਹੈ, ਤੇ ਵੱਡਾ ਆਦਮੀ ਬਣ ਗਿਆ ਹੈ, ਉਹ ਤੈਨੂੰ ਬਹੁਤ ਯਾਦ ਕਰਦਾ ਹੈ।' ਮਾਂ ਨੇ ਬੜੀ ਖੁਸ਼ ਹੋ ਕੇ ਪੁੱਛਿਆ, 'ਤੂੰ ਸੱਚੀਂ ਮੇਰੇ ਪੁੱਤ ਨੂੰ ਅੱਖੀਂ ਦੇਖ ਕੇ ਮਿਲਿਆ ਹੈਂ...।' ਮਾਂ ਬੜਾ ਚਿਰ ਆਪਣੇ ਪੁੱਤ ਦੀਆਂ ਗੱਲਾਂ ਉਸ ਬੰਦੇ ਨਾਲ ਕਰਦੀ ਰਹੀ ਅਤੇ ਪੁੱਤ ਬਾਰੇ ਉਸ ਤੋਂ ਪੁੱਛਦੀ ਰਹੀ। ਚਾਣਚੱਕ ਮਾਂ ਨੇ ਪੁੱਛਿਆ, 'ਤੂੰ ਮੇਰੇ ਪੁੱਤ ਨਾਲ ਸਾਰੀ ਗੱਲ 'ਅਵਾਰ' ਵਿਚ ਹੀ ਕਰਦਾ ਹੁੰਨਾਂ? ਉਸ ਬੰਦੇ ਨੇ ਕਿਹਾ, 'ਮੈਂ ਤਾਂ ਅਵਾਰ ਵਿਚ ਹੀ ਬੋਲਦਾਂ, ਪਰ ਤੇਰਾ ਪੁੱਤ ਜੁਆਬ ਜਰਮਨ ਬੋਲੀ ਵਿਚ ਦਿੰਦਾ ਹੈ।' ਮਾਂ ਇਕਦਮ ਗਮਗੀਨ ਹੋ ਗਈ। ਫਿਰ ਹੌਲੀ ਜਿਹੀ ਉਠਦੀ ਬੋਲੀ, 'ਨਹੀਂ, ਤੂੰ ਮੇਰੇ ਪੁੱਤ ਨੂੰ ਨਹੀਂ ਮਿਲਿਆ ਹੋਣਾ। ਉਹ ਤਾਂ ਕਈ ਵਰ੍ਹੇ ਪਹਿਲਾਂ ਦਾ ਮਰ ਚੁੱਕਾ।'

ਇਹ ਕਹਾਣੀ ਇਥੇ ਇਸ ਕਰ ਕੇ ਸਾਂਝੀ ਕੀਤੀ ਤਾਂ ਕਿ ਮਾਂ ਬੋਲੀ ਦੇ ਸਤਿਕਾਰ ਅਤੇ ਉਹਦੀ ਮਹੱਤਤਾ ਦਾ ਪਤਾ ਰਹੇ ਮਾਪਿਆਂ ਨੂੰ। ਪੰਜਾਬੀ ਨੂੰ ਐਵੇਂ ਬੁੱਢਿਆਂ ਦੀ ਬੋਲੀ ਹੀ ਨਾ ਸਮਝੀ ਜਾਇਓ। ਇਹ ਮਾਂ ਬੋਲੀ ਦੇ ਨਾਲ-ਨਾਲ ਸਾਡੀ ਗੁਰੂ ਬੋਲੀ ਵੀ ਹੈ। ਇਸ 'ਤੇ ਹੁੰਦੇ ਭਗਵੇਂ ਵਾਰ ਨੂੰ ਪੰਜਾਬ ਦੇ ਮੌਜੂਦਾ ਹਾਕਮਾਂ ਨੇ ਨਹੀਂ ਰੋਕਣਾ, ਖੁਦ ਹਿੰਮਤ ਕਰਨੀ ਪੈਣੀ ਹੈ।

ਅਗਲਾ ਕਾਰਨਾਮਾ ਦੇਖੋ ਇਸ ਭਗਵੀਂ ਬ੍ਰਿਗੇਡ ਦਾ। ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਵਜੋਂ ਸ਼ਿਵ ਸੈਨਾ ਦੇ ਇਕ ਐਮ.ਪੀ. ਨੇ ਲੋਕ ਸਭਾ 'ਚ ਕਿਹਾ ਕਿ ਅਗਾਂਹ ਤੋਂ 15 ਅਗਸਤ ਨੂੰ ਲਾਲ ਕਿਲ੍ਹੇ 'ਤੇ ਤਿਰੰਗੇ ਦੀ ਬਜਾਏ ਭਗਵਾਂ ਝੰਡਾ ਝੁਲਾਇਆ ਜਾਵੇ। ਸ਼ਿਵ ਸੈਨਾ, ਮੋਦੀ ਦੀ ਸੱਜੀ ਬਾਂਹ ਮੰਨੀ ਜਾਂਦੀ ਹੈ। ਸਿਤਮਜ਼ਰੀਫ਼ੀ ਦੇਖੋ ਕਿ ਇਸ ਭਗਵੀਂ ਬ੍ਰਿਗੇਡ ਨੂੰ ਤਿਰੰਗੇ ਵਿਚਲੇ ਹਰੇ ਅਤੇ ਸਫੈਦ ਰੰਗ ਤੋਂ ਕਿੰਨੀ ਨਫਰਤ ਹੈ, ਕਿਉਂਕਿ ਦੋਵੇਂ ਰੰਗ ਇਸਲਾਮ ਤੇ ਈਸਾਈ ਧਰਮ ਦੇ ਹਨ। ਕੋਈ ਪੁੱਛੇ ਕਿ ਇਹ ਤਿਰੰਗੇ ਦਾ ਅਪਮਾਨ ਨਹੀਂ? ਪਰ ਕੌਣ ਕਹੇ ਕਿਉਂਕਿ ਇਹੋ ਤਾਂ ਭਗਵੀਂ ਬਿੱਲੀ ਚਾਹੁੰਦੀ ਹੈ। ਜੇ ਇਹੀ ਲਫ਼ਜ਼ ਕਿਸੇ ਮੁਸਲਮਾਨ, ਸਿੱਖ ਜਾਂ ਇਸਾਈ ਦੇ ਮੂੰਹੋਂ ਨਿਕਲ ਜਾਂਦੇ ਤਾਂ ਪਤਾ ਨਹੀਂ ਕਿੰਨੀਆਂ ਕੁ ਸੰਵਿਧਾਨਕ ਧਾਰਾਵਾਂ ਲਾ ਕੇ ਅਤਿਵਾਦੀ, ਵੱਖਵਾਦੀ, ਰਾਸ਼ਟਰ ਵਿਰੋਧੀ, ਏਕਤਾ ਤੇ ਅਖੰਡਤਾ ਦਾ ਮਹਾਂ ਦੁਸ਼ਮਣ ਗਰਦਾਨ ਕੇ ਕਿਸੇ ਅਦਾਲਤ ਵਿਚੋਂ ਗੈਰ-ਜ਼ਮਾਨਤੀ ਵਾਰੰਟ ਕਢਵਾ ਕੇ ਕਿਸੇ ਜੇਲ੍ਹ 'ਚ ਸੁੱਟ ਦੇਣਾ ਸੀ। ਇਹਨੂੰ ਕਹਿੰਦੇ ਆ 'ਅੱਛੇ ਦਿਨ ਆ ਗਏ।'

ਗੱਲ ਤਾਂ ਇਹ ਇਕ ਆਮ ਕਤਲ ਦੀ ਹੈ ਪਰ ਇਸ ਦਾ ਸਬੰਧ 'ਅੱਛੇ ਦਿਨ ਆਉਣ ਵਾਲੇ ਹਨ' ਨਾਲ ਕਰਨਾ ਜ਼ਰੂਰੀ ਹੈ। ਪਿੱਛੇ ਜਿਹੇ ਫੇਸਬੁੱਕ 'ਤੇ ਸ਼ਿਵ ਸੈਨਾ ਦੇ ਮਰਹੂਮ ਮੁਖੀ ਬਾਲ ਠਾਕਰੇ ਤੇ ਸ਼ਿਵਾ ਜੀ ਬਾਰੇ ਕੁਝ ਗਲਤ ਢੰਗ ਦੇ ਕੁਮੈਂਟ ਕਿਸੇ ਨੇ ਪਾ ਦਿਤੇ। ਕੁਦਰਤੀ ਹੈ ਕਿ ਉਸ ਧਿਰ ਨਾਲ ਸਬੰਧਤ ਲੋਕਾਂ ਨੂੰ ਗੁੱਸਾ ਆਉਣਾ ਹੁੰਦਾ ਹੈ। ਹਿੰਦੂ ਰੱਖਿਆ ਸੈਨਾ ਦੇ ਮਨ ਵਿਚ ਰੋਹ ਆ ਗਿਆ ਤੇ ਪੂਨੇ ਵਿਚ 24 ਸਾਲ ਦੇ ਇੰਜੀਨੀਅਰ ਮੋਹਸਿਨ ਸਾਦਿਕ ਸ਼ੇਖ ਨੂੰ ਉਹਦੀ ਦਾੜ੍ਹੀ ਰੱਖੀ ਦੇਖ ਕੇ ਕੁੱਟ-ਕੁੱਟ ਕੇ ਮਾਰ ਦਿਤਾ। ਇਹ ਕੁਮੈਂਟ ਕਿਸੇ ਹੋਰ ਮੁਸਲਮਾਨ ਦੇ ਹੋ ਸਕਦੇ ਹਨ, ਜਦੋਂ ਕਿ ਇਸ ਇੰਜੀਨੀਅਰ ਦਾ ਉਸ ਕੁਮੈਂਟ ਨਾਲ ਕੋਈ ਵੀ ਲੈਣਾ-ਦੇਣਾ ਨਹੀਂ ਸੀ। ਅੱਛੇ ਦਿਨ ਲਿਆਉਣ ਵਾਲੀ ਮੋਦੀ ਸਰਕਾਰ ਨੇ ਇਸ ਬਾਰੇ ਚੁੱਪ ਵੱਟੀ ਰੱਖੀ, ਕਿਉਂ ਭਲਾ? ਕਿਉਂਕਿ ਭਗਵੀਂ ਬਿੱਲੀ ਦੀ ਮਿਆਊਂ ਇਹੋ ਚਾਹੁੰਦੀ ਹੈ।

ਅੱਛੇ ਦਿਨਾਂ ਵਾਲੀ ਸਰਕਾਰ ਬਣੀ ਨੂੰ ਦੋ ਕੁ ਮਹੀਨੇ ਹੋ ਗਏ ਹਨ ਅਤੇ ਹਰ ਰੋਜ਼ ਕਦੇ ਹਿੰਦੂ ਸੁਰੱਖਿਆ ਸਮਿਤੀ, ਕਦੇ ਸ਼ਿਵ ਸੈਨਾ, ਕਦੇ ਖੁਦ ਭਾਜਪਾ, ਕਦੇ ਆਰ.ਐਸ.ਐਸ. ਵਲੋਂ ਮੁਸਲਮਾਨਾਂ ਸਮੇਤ ਸਾਰੀਆਂ ਘੱਟ-ਗਿਣਤੀਆਂ ਨੂੰ ਧਮਕੀ ਭਰੇ ਲਹਿਜੇ ਵਿਚ ਸਿੱਖਿਆ ਦਿਤੀ ਜਾਂਦੀ ਹੈ ਕਿ ਮੁਲਕ ਵਿਚ ਰਹਿਣਾ ਹੈ ਤਾਂ ਹਿੰਦੂ ਸਾਮਰਾਜ ਦੀ ਧੌਂਸ ਮੰਨ ਕੇ; ਨਹੀਂ ਤਾਂ ਭਗਵੀਂ ਬਿੱਲੀ ਦਾ ਪੰਜਾ ਬੜਾ ਖਤਰਨਾਕ ਹੈ। ਅੱਛੇ ਦਿਨਾਂ ਵਾਲੀ ਸਰਕਾਰ ਨੇ ਅਜੇ ਛੱਤੀਸਗੜ੍ਹ ਤੇ ਹੋਰ ਪੂਰਬੀ ਰਾਜਾਂ ਵਿਚਲੇ ਆਦਿਵਾਸੀਆਂ ਦੀ ਖ਼ਬਰ ਲੈਣੀ ਹੈ। ਬੜੀ ਛੇਤੀ ਬਿੱਲੀ ਨੇ ਵੱਡਾ ਝਪਟਾ ਮਾਰਨਾ ਉਨ੍ਹਾਂ 'ਤੇ; ਕਿਉਂਕਿ ਜਿਨ੍ਹਾਂ ਕਾਰਪੋਰੇਟ ਘਰਾਣਿਆਂ ਨੇ ਵੋਟਾਂ ਵਿਚ ਪੈਸਾ ਲਾਇਆ, ਉਨ੍ਹਾਂ ਨੇ ਹੀ ਉਥੇ ਕੁਦਰਤੀ ਸਾਧਨਾਂ 'ਤੇ ਕਬਜ਼ੇ ਕਰਵਾਏ ਹੋਏ ਹਨ।

'ਵਿਕਾਸ' ਬਾਰੇ ਜਾਂ 'ਅੱਛੇ ਦਿਨਾਂ' ਬਾਰੇ ਤਾਂ ਕੋਈ ਗਾਰੰਟੀ ਨਹੀਂ ਦਿਤੀ ਜਾ ਸਕਦੀ ਪਰ ਇਕ ਗੱਲ ਦੀ ਗਾਰੰਟੀ ਪੱਕੀ ਹੈ ਕਿ ਇਨ੍ਹਾਂ ਪੰਜਾਂ ਸਾਲਾਂ ਵਿਚ ਭਾਰਤ ਦੇਸ਼ ਸਾਰੇ ਦਾ ਸਾਰਾ 'ਭਗਵੇਂ' ਵਿਚ ਵਟਾ ਦਿਤਾ ਜਾਵੇਗਾ। ਕਵਾਇਦ ਤਾਂ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਚੁੱਕੀ ਹੈ। ਮੋਦੀ ਦੇ ਸਲਾਹਕਾਰ ਉਹ ਲਾਏ ਜਾ ਰਹੇ ਹਨ ਜਿਨ੍ਹਾਂ ਨੇ ਘੱਟ-ਗਿਣਤੀਆਂ ਦੀ ਸਦਾ ਜਾਸੂਸੀ ਕੀਤੀ। ਸੁਪਰੀਮ ਕੋਰਟ ਵਿਚ ਆਰ.ਐਸ.ਐਸ. ਪਿਛੋਕੜ ਵਾਲੇ ਜੱਜ ਨਿਯੁਕਤ

**ਸਿੱਖਾਂ ਪ੍ਰਤੀ ਮੋਦੀ ਦੀ ਭਗਵੀਂ ਬਿੱਲੀ ਦੀ ਮਿਆਊਂ ਨੀਤੀ ਮੁਸਲਮਾਨ ਭਾਈਚਾਰੇ ਨਾਲੋਂ ਥੋੜ੍ਹੀ ਵੱਖ ਹੈ। ਮੁਸਲਮਾਨ ਨੂੰ ਜਿਥੇ ਇਹ ਝਪਟ ਮਾਰ ਕੇ ਸਿੱਧਾ ਜਿਸਮਾਨੀ ਨੁਕਸਾਨ ਪਹੁੰਚਾਉਣ ਦੇ ਹੱਕ 'ਚ ਹੈ, ਉਥੇ ਸਿੱਖਾਂ ਨੂੰ ਪਲੋਸ ਕੇ ਜਿਸਮਾਨੀ ਨਾਲੋਂ ਵਿਚਾਰਕ ਤੇ ਸਿਧਾਂਤਕ ਪੱਖ ਤੋਂ ਖੋਖਲਾ ਕਰ ਕੇ ਮਾਰਨ ਨਾਲੋਂ ਜਜ਼ਬ ਕਰਨ ਨੂੰ ਇਹ ਤਰਜੀਹ ਦਿੰਦੀ ਹੈ। ਇਸ ਦਾ ਇਕ ਵੱਡਾ ਕਾਰਨ ਖੁਦ ਸਿੱਖ ਹਨ, ਕਿਉਂਕਿ ਅਸੀਂ ਆਪ ਉਤਾਵਲੇ ਬੜੇ ਹਾਂ ਜਜ਼ਬ ਹੋਣ ਨੂੰ।**

ਕੀਤੇ ਜਾ ਰਹੇ ਹਨ। ਫ਼ੌਜ ਦੇ ਮੁਖੀ ਬਾਰੇ ਕਿਆਸ-ਅਰਾਈਆਂ ਵੀ ਇੱਦਾਂ ਦੀਆਂ ਹੀ ਹੋਣਗੀਆਂ। ਸੂਬਿਆਂ ਦੇ ਗਵਰਨਰ ਭਗਵੇਂ ਰੂਪ ਵਾਲੇ ਲੱਗ ਰਹੇ ਹਨ ਤੇ ਅਗਾਂਹ ਰਾਸ਼ਟਰਪਤੀ ਵੀ ਅਡਵਾਨੀ ਵਰਗਾ ਕੱਟੜ ਹਿੰਦੂ ਸਾਮਰਾਜਵਾਦੀ ਹੀ ਬਣੇਗਾ। ਇਥੇ ਹੀ ਬੱਸ ਨਹੀਂ, ਬਾਹਰਲੇ ਮੁਲਕਾਂ ਵਿਚ ਸਰਕਾਰ ਦੇ ਨੁਮਾਇੰਦੇ ਵੀ ਮਿਆਊਂ ਭਗਵੀਂ ਬਿੱਲੀ ਵਾਲੀ ਹੀ ਬੋਲਣਗੇ, ਖਾਸ ਕਰ ਕੇ ਉਨ੍ਹਾਂ ਮੁਲਕਾਂ ਵਿਚ ਜਿਥੇ ਸਿੱਖ ਕੁਝ ਜ਼ਿਆਦਾ ਰਹਿੰਦੇ ਹਨ। ਬਾਹਰਲੇ ਗੁਰਦੁਆਰਿਆਂ ਵਿਚ ਸਾਧਾਂ-ਸੰਤਾਂ ਦੀ ਆਵਾਜਾਈ ਵਧਾਈ ਜਾਵੇਗੀ। ਉਹੋ ਜਿਹੇ ਪ੍ਰਚਾਰਕ ਸਿੱਖ ਲਿਬਾਸ ਵਿਚ ਭੇਜੇ ਜਾਣਗੇ ਜਿਨ੍ਹਾਂ ਦਾ ਸਿੱਖ ਧਰਮ ਨਾਲ ਕੋਈ ਲਾਗਾ-ਦੇਗਾ ਵੀ ਨਹੀਂ ਹੋਵੇਗਾ। ਗੁਰਮਤਿ ਦੀ ਆੜ ਵਿਚ ਬਿਪਰ ਦੀ ਗੁੜਤੀ ਦਿਤੀ ਜਾਵੇਗੀ। ਸਿੱਖ ਇਤਿਹਾਸ ਨੂੰ ਦੇਵੀ-ਦੇਵਤਿਆਂ ਨਾਲ ਜੋੜ ਕੇ ਰੋਲ-ਘਚੋਲਾ ਪੁਆਇਆ ਜਾਵੇਗਾ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿਚ ਮਿਆਊਂ ਕਰਨ ਵਾਲੇ ਸਿੱਖ ਏਜੰਟ ਫਿੱਟ ਕੀਤੇ ਜਾਣਗੇ ਜਿਹੜੇ ਹਰ ਕੋਸ਼ਿਸ਼ ਕਰਨਗੇ ਕਿ ਗੁਰਦੁਆਰੇ ਵਿਚ ਸਿੱਖ ਭਾਈਚਾਰਾ ਅਮਨ-ਅਮਾਨ ਨਾਲੋਂ ਮਹਾਂਭਾਰਤ ਛੇੜੀ ਰੱਖੇ। ਸਿੱਖ ਰਹਿਤ ਮਰਿਆਦਾ ਵਿਚ ਗੁਰੂਆਂ ਦੇ ਨਾਮ 'ਤੇ ਹੀ ਮਨਮਤਿ ਦੀ ਐਸੀ ਭਗਵੀਂ ਘੁਸਪੈਠ ਕਰਵਾਈ ਜਾਵੇਗੀ ਕਿ ਸ਼ਰਧਾਵਾਨ ਸਿੱਖਾਂ ਨੂੰ ਪਤਾ ਵੀ ਨਹੀਂ ਲੱਗਣ ਦੇਣਾ।

ਸਿੱਖਾਂ ਪ੍ਰਤੀ ਮੋਦੀ ਦੀ ਭਗਵੀਂ ਬਿੱਲੀ ਦੀ ਮਿਆਊਂ ਨੀਤੀ ਮੁਸਲਮਾਨ ਭਾਈਚਾਰੇ ਨਾਲੋਂ ਥੋੜ੍ਹੀ ਵੱਖ ਹੈ। ਮੁਸਲਮਾਨ ਨੂੰ ਜਿਥੇ ਇਹ ਝਪਟ ਮਾਰ ਕੇ ਸਿੱਧਾ ਜਿਸਮਾਨੀ ਨੁਕਸਾਨ ਪਹੁੰਚਾਉਣ ਦੇ ਹੱਕ 'ਚ ਹੈ, ਉਥੇ ਸਿੱਖਾਂ ਨੂੰ ਪਲੋਸ ਕੇ ਜਿਸਮਾਨੀ ਨਾਲੋਂ ਵਿਚਾਰਕ ਤੇ ਸਿਧਾਂਤਕ ਪੱਖ ਤੋਂ ਖੋਖਲਾ ਕਰ ਕੇ ਮਾਰਨ ਨਾਲੋਂ ਜਜ਼ਬ ਕਰਨ ਨੂੰ ਇਹ ਤਰਜੀਹ ਦਿੰਦੀ ਹੈ। ਇਸ ਦਾ ਇਕ ਵੱਡਾ ਕਾਰਨ ਖੁਦ ਸਿੱਖ ਹਨ, ਕਿਉਂਕਿ ਅਸੀਂ ਆਪ ਉਤਾਵਲੇ ਬੜੇ ਹਾਂ ਜਜ਼ਬ ਹੋਣ ਨੂੰ। ਕਿੰਨੀ ਵਾਰੀ ਪੰਜਾਬ ਦੇ ਪੰਥਕ ਹਾਕਮ ਕਹਿ ਚੁਕੇ ਹਨ ਕਿ ਸਾਡਾ ਰਿਸ਼ਤਾ ਨਹੁੰ-ਮਾਸ ਦਾ, ਘਿਉ-ਖਿਚੜੀ ਵਰਗਾ, ਹੋਰ ਵੀ ਕਈ ਕੁਝ। ਕੋਈ ਉਂਗਲੀ ਰੱਖ ਕੇ ਕਹਿ ਸਕਦਾ ਕਿ ਪੰਜਾਬ ਦਾ ਆਹ ਪਾਸਾ ਬਚਿਆ ਹੋਇਆ ਜਿਥੇ ਭਗਵੀਂ ਬਿੱਲੀ ਦੀ ਮਿਆਊਂ ਨਹੀਂ ਹੁੰਦੀ। ਸਬੂਤੀ ਪੰਜਾਬ ਸਰਕਾਰ 'ਤੇ ਇਹਦਾ ਐਨਾ ਅਸਰ ਹੈ ਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਤੋਂ ਤਾਂ ਘੇਸਲ ਮਾਰ ਜਾਂਦੀ ਹੈ ਪਰ ਗਊ ਰੱਖਿਆ ਬੋਰਡ ਬਾਰੇ ਬਿੱਲ ਪਾਸ ਕਰਨ ਤੋਂ ਨਹੀਂ ਖੁੰਝੀ, ਤੇ ਅਗਾਂਹ ਗਊ ਰੱਖਿਆ ਟੈਕਸ ਵੀ ਲੱਗ ਜਾਵੇਗਾ। ਸਿੱਖਾਂ ਦਾ ਸਰਬਉਚ ਤਖ਼ਤ, ਅਕਾਲ ਤਖ਼ਤ ਹੈ ਜਿਹੜਾ ਦੁਨੀਆਂਦਾਰੀ ਤੋਂ ਉਪਰ ਸੱਚਾ ਤਖ਼ਤ ਹੈ। ਇਸ 'ਤੇ ਬਿਰਾਜਮਾਨ ਸ਼ਖ਼ਸੀਅਤ ਦਾ ਸਿੱਖਾਂ ਵਿਚ ਬਹੁਤ ਅਹਿਮ ਥਾਂ ਇਸ ਕਰ ਕੇ ਹੈ ਕਿ ਇਥੇ ਸੱਚ ਬੋਲਿਆ ਜਾਂਦਾ ਹੈ, ਪਰ ਮੌਜੂਦਾ ਹਾਲਾਤ ਇਹੋ ਜਿਹੇ ਹਨ ਕਿ ਭਗਵੀਂ ਬਿੱਲੀ ਦੀ ਮਿਆਊਂ ਸੁਣ ਕੇ ਸੱਚ ਨੂੰ ਅਣਗੌਲਿਆ ਕਰਨਾ ਹੁਣ ਆਮ ਜਿਹੀ ਗੱਲ ਹੋ ਗਈ ਹੈ। ਮਿਸਾਲਾਂ ਤਾਂ ਬਥੇਰੀਆਂ ਹਨ ਪਰ ਸਾਂਝੀ ਇਕੋ ਹੀ ਕਰਨੀ ਹੈ।

ਇਸੇ ਸਾਲ 6 ਜੂਨ ਨੂੰ ਅਕਾਲ ਤਖ਼ਤ 'ਤੇ 1984 ਵਿਚ ਫ਼ੌਜ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੌਰਾਨ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸਿੱਖਾਂ ਦਾ ਵੱਡਾ ਇਕੱਠ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਹੋਇਆ। ਇਹ ਵੱਖਰੀ ਗੱਲ ਹੈ ਕਿ ਅਕਾਲ ਤਖ਼ਤ ਦੀ ਸਰਬਉਚਤਾ ਦਾ ਸਭ ਤੋਂ ਵੱਧ ਰਾਗ ਅਲਾਪਣ ਵਾਲੇ ਬਾਦਲ ਅਕਾਲੀ ਦਲ ਦਾ ਕੋਈ ਵੀ ਲੀਡਰ ਇਸ ਰੋਸ ਸਮਾਗਮ ਵਿਚ ਸ਼ਾਮਲ ਨਹੀਂ ਹੋਇਆ। ਉਦਾਂ ਇਨ੍ਹਾਂ ਦਾ ਸ਼ਾਮਲ ਹੋਣਾ ਬਣਦਾ ਵੀ ਨਹੀਂ ਸੀ, ਕਿਉਂਕਿ 1984 ਦੇ ਸ਼ਹੀਦਾਂ ਦੀਆਂ ਰੂਹਾਂ ਨੂੰ ਪਛਾਣ ਹੈ ਕਿ ਹਮਲਾ ਕਰਵਾ ਕੇ ਸ਼ਹੀਦ ਕਹਾਉਣ ਵਾਲੇ ਚਿਹਰੇ ਕਿਹੜੇ ਹਨ।

ਸੱਚ, ਗੱਲ ਆਪਾਂ ਸਾਂਝੀ ਕਰਨ ਲੱਗੇ ਸੀ ਕਿ ਭਗਵੀਂ ਬਿੱਲੀ ਦੀ ਮਿਆਊਂ ਦਾ ਕਿੰਨਾ ਵੱਡਾ ਅਸਰ ਕਬੂਲਿਆ ਜਾਂਦਾ ਸਾਡੇ ਸੱਚੇ ਤਖ਼ਤ 'ਤੇ। ਉਸ ਦਿਨ ਯਾਨਿ 6 ਜੂਨ ਨੂੰ ਕੁਝ ਕਾਰਨਾਂ ਕਰ ਕੇ ਇਕੱਠੇ ਹੋਏ ਸਿੱਖਾਂ ਵਿਚ ਜੋਸ਼, ਉਤਸ਼ਾਹ ਤੇ ਰੋਸ ਇੰਨਾ ਇਕੱਠਾ ਹੋ ਚੁੱਕਾ ਸੀ ਕਿ ਮਿਆਊਂ ਕਰਨ ਵਾਲਿਆਂ ਤੋਂ ਜ਼ਰਿਆ ਨਾ ਗਿਆ ਅਤੇ ਸੱਚੇ ਤਖ਼ਤ 'ਤੇ ਜਥੇਦਾਰ ਦੀ ਮੌਜੂਦਗੀ ਵਿਚ ਕੁਝ ਸਿੱਖਾਂ ਨੂੰ ਬੇਇੱਜ਼ਤ ਕੀਤਾ ਗਿਆ ਤੇ ਕੁੱਟਿਆ ਗਿਆ। ਨੌਬਤ ਗਾਲ੍ਹਾਂ ਤੇ ਨੰਗੀਆਂ ਤਲਵਾਰਾਂ ਤਕ ਲੈ ਆਂਦੀ। ਇਕਦਮ ਸਿਮਰਨਜੀਤ ਸਿੰਘ ਮਾਨ 'ਤੇ ਦੋਸ਼ ਮੜ੍ਹ ਦਿਤਾ ਗਿਆ; ਪਰ ਇਹ ਸਾਰਾ ਕੁਝ ਕਿਉਂਕਿ ਜਥੇਦਾਰ ਦੀ ਮੌਜੂਦਗੀ ਵਿਚ ਹੋਇਆ ਸੀ, ਸੋ ਉਨ੍ਹਾਂ ਨੇ ਜੋ ਅੱਖੀਂ ਵੇਖਿਆ, ਉਹ ਮੀਡੀਆ ਵਿਚ ਕਹਿ ਦਿਤਾ ਕਿ ਸ. ਮਾਨ ਸਾਹਿਬ ਤਾਂ ਜਾ ਚੁੱਕੇ ਸਨ ਜਦੋਂ ਤਲਵਾਰਾਂ ਚੱਲੀਆਂ; ਤੇ ਨਾਲ ਹੀ ਉਨ੍ਹਾਂ ਕਿਹਾ ਕਿ ਇਹ ਕਾਰਵਾਈ ਏਜੰਸੀਆਂ ਨੇ ਕਰਵਾਈ ਹੈ। ਇਹ ਦੋਵੇਂ ਗੱਲਾਂ ਉਨ੍ਹਾਂ ਦੀਆਂ ਸੱਚੀਆਂ ਸਨ ਪਰ ਜਦੋਂ ਜਥੇਦਾਰ ਦੇ ਕੰਨਾਂ ਵਿਚ ਫੂਕ ਵੱਜ ਗਈ ਕਿ ਇਹੋ ਏਜੰਸੀਆਂ ਹੀ ਤਾਂ ਭਗਵੀਂ ਬਿੱਲੀ ਹੈ ਜਿਹਦੀ ਬਦੌਲਤ ਤੁਸੀਂ ਜਥੇਦਾਰ ਹੋ, ਬੱਸ ਕੱਟ ਲਿਆ ਜਥੇਦਾਰ ਨੇ ਕੂਹਣੀ ਮੋੜ, ਤੇ ਮਿਆਊਂ ਕਰਨ ਵਾਲਿਆਂ ਦੀ ਬਣਾ'ਤੀ ਇਕ ਕਮੇਟੀ ਕਿ ਲੈ ਦਿਓ ਮਾਨ ਸਾਹਿਬ ਦੇ ਬੰਦਿਆਂ ਦਾ ਨਾਂ! ਬੱਸ ਫੜ ਲਏ ਪੁਲਿਸ ਨੇ ਸਾਬਤ ਸੂਰਤ ਨੌਜਵਾਨ। ਜਿਹੜੇ ਉਸ ਦਿਨ ਉਥੇ ਨਹੀਂ ਵੀ ਸਨ, ਉਨ੍ਹਾਂ ਉਤੇ ਵੀ ਕੇਸ ਪਾ ਦਿਤੇ। ਇਹ ਸਾਰਾ ਕੁਝ ਆਉਣ ਵਾਲੇ ਸਾਲਾਂ ਵਿਚ 6 ਜੂਨ ਨੂੰ ਭੁਲਾਉਣ ਦੀ ਕਵਾਇਦ ਸ਼ੁਰੂ ਕੀਤੀ ਹੈ ਬਿੱਲੀ ਦੀ ਮਿਆਊਂ ਨੇ; ਹੋ ਸਕਦਾ ਕਿ ਆਉਣ ਵਾਲੇ ਵਰ੍ਹਿਆਂ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਤੋਂ ਹੀ ਹੁਕਮਨਾਮਾ ਨਾ ਕਢਵਾ ਦੇਵੇ ਕਿ ਹੁਣ 6 ਜੂਨ ਦੀਆਂ ਸ਼ਹਾਦਤਾਂ ਸਿੱਖ ਕੌਮ ਨਹੀਂ ਮਨਾਇਆ ਕਰੇਗੀ।

ਮੋਦੀ ਦੀ ਬਿੱਲੀ ਪੰਜਾਬ ਦੇ ਉਨ੍ਹਾਂ ਸਿੱਖਾਂ ਨੂੰ ਜਿਹੜੇ ਮਿਆਊਂ ਵਿਚ ਮਿਆਊਂ ਨਹੀਂ ਮਿਲਾਉਂਦੇ, ਬੜਾ ਸਾਫ਼ ਤੇ ਸਪਸ਼ਟ ਸੁਨੇਹਾ ਦੇ ਗਈ ਕਿ ਹੁਣ ਰਾਜ ਭਾਗ ਦੀ ਅਸਲ ਵਾਗਡੋਰ ਭਗਵੀਂ ਬਿੱਲੀ ਦੇ ਪੰਜਿਆਂ ਵਿਚ ਹੈ ਜਿਹਨੂੰ ਆਪਣੀ ਮਰਜ਼ੀ ਮੁਤਾਬਕ ਮਿਆਊਂ ਦੀ ਸੁਰ ਕਢਵਾਉਣੀ ਆਉਂਦੀ ਹੈ। ਜੇ ਨਹੀਂ ਕੱਢਣੀ ਤਾਂ ਐਨੀ ਤਾਕਤ ਦੀ ਮਾਲਕ ਵੀ ਬਣ ਚੁੱਕੀ ਹੈ ਕਿ ਉਹਦੀ ਕੱਢੀ ਮਿਆਊਂ ਦੀ ਮੁਖਾਲਫ਼ਤ ਕਰਨ ਵਾਲੀ ਆਵਾਜ਼ ਬੰਦ ਕਿਵੇਂ ਕਰਨੀ ਹੈ, ਉਹ ਵੀ ਤਰੀਕਾ ਆਉਂਦਾ। ਜਿਸ ਸ਼ਾਨੋ-ਸ਼ੌਕਤ ਨਾਲ ਪਿਛੇ ਜਿਹੇ ਆਰ.ਐਸ.ਐਸ. ਨੇ ਹਥਿਆਰਾਂ ਨਾਲ ਲੈਸ ਹੋ ਕੇ ਪੰਜਾਬ ਸਰਕਾਰ




ਵੀਰ ਸਾਵਰਕਰ

ਦੀ ਸਰਪ੍ਰਸਤੀ ਹੇਠ ਮਲੇਰਕੋਟਲੇ ਵਿਚ ਰੈਲੀ ਕੀਤੀ, ਉਹ ਇਹ ਦੱਸਣ ਲਈ ਹੈ ਕਿ ਭਗਵੀਂ ਬਿੱਲੀ ਸਿਰਫ਼ ਭਾਰਤ ਦੇ ਹੀ ਨਹੀਂ, ਪੰਜਾਬ ਦੇ ਤਖ਼ਤ 'ਤੇ ਵੀ ਉਨੀ ਹੀ ਮਜ਼ਬੂਤ ਪਕੜ ਵਾਲੀ ਹੈ। ਆਉਣ ਵਾਲੇ ਸਮੇਂ ਨੂੰ ਵਿਚਾਰ ਕੇ ਚੱਲਿਓ, ਤੁਹਾਡੇ ਗੁਰਦੁਆਰਿਆਂ ਵਿਚ ਵੀ ਜੇ ਭਗਵੀਂ ਬਿੱਲੀ ਘੁੰਮੇ ਤਾਂ ਉਜ਼ਰ ਨਾ ਕਰਿਓ, ਬੱਸ ਉਹਦੀ ਮਿਆਊਂ 'ਤੇ ਜੈਕਾਰਾ ਛੱਡਿਓ, ਜੇ ਆਪਣਾ ਭਲਾ ਚਾਹੁੰਦੇ ਹੋ ਤਾਂ!

ਜਾਂਦੇ-ਜਾਂਦੇ ਇਕ ਗੱਲ ਹੋਰ ਸਾਂਝੀ ਕਰ ਲਈਏ ਕਿ ਇਸ ਜ਼ੋਰਾਵਰ ਭਗਵੀਂ ਬਿੱਲੀ ਲਈ ਬਾਦਲ ਸਾਹਿਬ ਦੀ ਮਿਆਊਂ ਪਹਿਲੇ ਨੰਬਰ ਤੋਂ ਖਿਸਕ ਕੇ ਥੱਲੇ ਵੱਲ ਤੁਰ ਪਈ ਹੈ ਕਿਉਂਕਿ ਇਹਨੇ ਜਿੰਨਾ ਕੁ ਇਹਨੂੰ ਸਿੱਖਾਂ ਵਿਰੁਧ ਵਰਤਣਾ ਸੀ, ਉਹ ਵਰਤ ਚੁੱਕੀ ਹੈ। ਹੁਣ ਇਹ ਬਿੱਲੀ ਪੰਜਾਬ ਵਿਚ ਹੀ ਕਿਸੇ ਵੱਡੇ ਡੇਰੇਦਾਰ ਦੀ ਭਾਲ ਵਿਚ ਜੁਟ ਗਈ ਹੈ ਜਿਹੜਾ ਸਿੱਖੀ ਸਿਧਾਂਤ ਨੂੰ ਮਲੀਆਮੇਟ ਕਰ ਕੇ ਸਿੱਖ ਸਮਾਜ ਵਿਚ ਖਾਲਸੇ ਦੇ ਬੋਲ-ਬਾਲੇ ਉਤੇ ਬਿਪਰ ਦਾ ਲੇਪ ਕਰ ਦੇਵੇ। ਇਸ ਮਕਸਦ ਖਾਤਰ ਇਸ ਭਗਵੀਂ ਬਿੱਲੀ ਨੇ ਪਿੱਛੇ ਜਿਹੇ ਚੁੱਪ-ਚਪੀਤੇ ਬਿਆਸ ਵਾਲੇ ਡੇਰੇ ਵਿਚ ਫੇਰਾ ਪਾ ਦਿਤਾ। ਉਥੇ ਕਿਹੜੀਆਂ ਗੋਂਦਾਂ ਗੁੰਦੀਆਂ, ਉਹ ਆਉਣ ਵਾਲੇ ਵਕਤ ਨੇ ਜ਼ਾਹਿਰ ਕਰਨੀਆਂ ਕਿਉਂਕਿ ਸਿੱਖਾਂ ਨੇ ਮਿੱਠੀਆਂ ਗੋਲੀਆਂ ਬੜੇ ਚਾਅ ਨਾਲ ਖਾ ਲੈਣੀਆਂ, ਕਿਉਂਕਿ ਵਿਚਾਰਿਆਂ ਨੂੰ ਭੇਤ ਨਹੀਂ ਲੱਗਣ ਦੇਣਾ ਕਿ ਕਦੋਂ ਮਿੱਠੀਆਂ ਗੋਲੀਆਂ 'ਚ ਜ਼ਹਿਰ ਭਰ ਦਿੱਤਾ।

ਇਸ ਲੇਖ ਵਿਚ ਕੀਤੀਆਂ ਗੱਲਾਂ ਤਾਂ ਸਿਰਫ ਟ੍ਰੇਲਰ ਹੀ ਹੈ, ਅਸਲ ਫਿਲਮ ਦੇ ਸੀਨ ਤਾਂ ਅਜੇ ਦੇਖਣੇ ਹਨ ਆਪਾਂ ਨੇ। ਮੋਦੀ ਦੀ ਬਿੱਲੀ ਤਾਂ ਅਜੇ ਥੈਲਿਓਂ ਬਾਹਰ ਨਿਕਲੀ ਹੀ ਹੈ, ਅਜੇ ਇਸ ਨੇ ਵੱਡੇ-ਵੱਡੇ ਅਣਚਿਤਵੇ ਕਾਰਨਾਮਿਆਂ ਨੂੰ ਅੰਜਾਮ ਦੇਣਾ। ਇਸ ਘਟ-ਗਿਣਤੀ ਤਬਕੇ ਤਿਆਰ ਰਹਿਣ, ਇਨ੍ਹਾਂ ਦੇ ਆਪਸੀ ਭੇੜ ਕਰਵਾਉਣ ਦੇ ਵੀ ਪੂਰੀ ਸਮਰੱਥ ਹੈ ਮੋਦੀ ਦੀ ਬਿੱਲੀ ਕਿਉਂਕਿ ਪਟੇਲ-ਇੰਦਰਾ-ਮੋਦੀ ਨਾਮ ਹੀ ਵੱਖਰੇ ਹਨ, ਇਹ ਮਿੱਟੀ ਇਕ ਦੇ ਹੀ ਬਣੇ ਹੋਏ ਹਨ।

#




ਸਰਦਾਰ ਪਟੇਲ ਦਾ ਬੁੱਤ



ਮੋਦੀ ਦੇ ਪੈਰੀਂ ਹੱਥ ਲਾਉਂਦੀ ਹੋਈ ਹਰਸਿਮਰਤ ਬਾਦਲ



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

# ਬੱਸ ਏਨੀ ਕੁ ਅੰਮ੍ਰਿਤਾ

*ਐਤਕੀਂ ਕਾਨਾ ਸਿੰਘ ਨੇ ਆਪਣੇ ਚਿੱਤ-ਚੇਤੇ ਦੇ ਬੋਹੀਏ ਵਿਚੋਂ ਉਘੀ ਲੇਖਕਾ ਅੰਮ੍ਰਿਤਾ ਪ੍ਰੀਤਮ (31 ਅਗਸਤ 1919-31 ਅਕਤੂਬਰ 2005) ਦੇ ਨਾਂ ਦੀ ਪੂਣੀ ਕੱਤੀ ਹੈ। ਕਾਨਾ ਸਿੰਘ ਨੇ ਅੰਮ੍ਰਿਤਾ ਦੀਆਂ ਕੁਝ ਕਾਵਿ-ਸਤਰਾਂ ਨੂੰ ਆਧਾਰ ਬਣਾ ਕੇ ਆਪਣੇ ਦਿਲ ਦੀਆਂ ਗੱਲਾਂ ਆਪਣੇ ਇਸ ਲੰਮੇ ਲੇਖ 'ਬੱਸ ਏਨੀ ਕੁ ਅੰਮ੍ਰਿਤਾ' ਵਿਚ ਕੀਤੀਆਂ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਲੇਖ ਵਿਚ ਉਸ ਨੇ ਅੰਮ੍ਰਿਤਾ ਪ੍ਰੀਤਮ ਜਿਸ ਦਾ ਜਨਮ ਦਿਨ 31 ਅਗਸਤ ਨੂੰ ਹੈ, ਦੇ ਨਾਂ ਦੇ ਨਾਲ-ਨਾਲ ਆਪਣੇ ਨਾਂ 'ਕਾਨਾ ਸਿੰਘ' ਬਾਰੇ ਵੀ ਖੁਲਾਸਾ ਕੀਤਾ ਹੈ। ਉਸ ਦੇ ਇਸ ਖੁਲਾਸੇ ਵਿਚ ਜਿੰਨੀ ਉਤਸੁਕਤਾ ਝਲਕਦੀ ਹੈ, ਉਤਨਾ ਹੀ ਸਹਿਜ ਝਾਤੀਆਂ ਮਾਰਦਾ ਹੈ। -ਸੰਪਾਦਕ*

ਚਰਨ ਤੇਰੇ ਸੁੱਚੇ, ਹੋਠ ਮੇਰੇ ਜੂਠੇ
ਅੱਜ ਛੁਹਣਗੇ।
ਹੋਠ ਮੇਰੇ ਸੁੱਚੇ, ਚਰਨ ਤੇਰੇ ਜੂਠੇ
ਅੱਜ ਹੋਣਗੇ...।

ਗਿਆਨੀ ਅਤੇ ਫਿਰ ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ.ਏ. ਦੇ ਇਮਤਿਹਾਨ ਪੱਖੋਂ ਜਿੰਨਾ ਕੁਝ ਜ਼ਰੂਰੀ ਸੀ, ਉਨਾ ਹੀ ਪੜ੍ਹਿਆ ਗੁੜ੍ਹਿਆ ਮੈਂ ਪੰਜਾਬੀ ਸਾਹਿਤ। ਅੰਮ੍ਰਿਤਾ ਦਾ ਉਪਰੋਕਤ ਬੰਦ ਇਸੇ ਦੌਰਾਨ ਮੇਰੀਆਂ ਨਜ਼ਰਾਂ ਸਾਹਵਿਓਂ ਗੁਜ਼ਰਿਆ। ਗੁਜ਼ਰਿਆ ਕਿੱਥੇ? ਉਥੇ ਦਾ ਉਥੇ। ਮਾਨੋ ਮੇਰੀ ਜੀਵਨ-ਘੜੀ ਦੀਆਂ ਦੋਵੇਂ ਸੂਈਆਂ ਇਕੋ ਹਿੰਦਸੇ ਉਤੇ ਆ ਕੇ ਟਿਕ ਗਈਆਂ ਹੋਣ।

ਉਠਦਿਆਂ ਬੈਠਦਿਆਂ, ਤੁਰਦਿਆਂ ਫਿਰਦਿਆਂ, ਮੇਰੇ ਹੋਠ ਫਰਕਦੇ ਰਹਿੰਦੇ, 'ਚਰਨ ਤੇਰੇ ਸੁੱਚੇ, ਹੋਠ ਮੇਰੇ ਜੂਠੇ...।'

ਉਫ਼! ਇਹ ਸ਼ਿੱਦਤ ਦੀ ਇੰਤਹਾ ਹੈ ਕਿ ਇਬਾਦਤ ਦੀ?

ਮਸਤੀ ਵਿਚ ਮੈਂ ਜਿਹੀ ਗੜੂੰਦ ਹੋਈ ਕਿ ਇਸ ਤੋਂ ਅੱਗੇ ਅੰਮ੍ਰਿਤਾ ਨੂੰ ਪੜ੍ਹ ਹੀ ਨਾ ਸਕੀ। ਇਸ ਤੋਂ ਅਗਲੇਰੇ ਅਨੁਭਵ ਦੀ ਨਾ ਤਾਂ ਮੇਰੇ ਵਿਚ ਸਮਰਥਾ ਹੀ ਸੀ ਤੇ ਨਾ ਹੀ ਲਾਲਸਾ। ਅੰਮ੍ਰਿਤਾ ਨੇ ਮੇਰੀ ਚਾਹਤ ਨੂੰ ਬੋਲ ਦਿੱਤੇ ਸਨ ਜੋ ਹੁਣ ਮੇਰੇ ਆਪਣੇ ਸਨ। 'ਚਰਨ ਤੇਰੇ ਸੁੱਚੇ, ਹੋਠ ਮੇਰੇ ਜੂਠੇ...।' ਇਸੇ ਤਰ੍ਹਾਂ ਅੰਮ੍ਰਿਤਾ ਦੀ ਇਕ ਹੋਰ ਨਜ਼ਮ ਵੀ ਮੇਰੇ ਚੇਤੇ ਵਿਚ ਸਦਾ ਸ਼ਾਮਿਲ ਰਹੀ। ਸ਼ਾਮਿਲ ਹੀ ਨਹੀਂ, ਜੀਵਨ ਦਾ ਅੰਗ ਹੀ ਬਣ ਗਈ ਸਮਝੋ। ਉਹ ਸੀ,

ਜੇ ਕੋਈ ਸੁਹਣਾ/ਮੋਮੋਠਗਣਾ
ਆਪਹੁਦਰੀਆਂ/ਭੁੱਲਾਂ ਕਰ ਕੇ
ਲੀਕਾਂ ਕੱਢੇ/ਮੱਥੇ ਰਗੜੇ
ਪਾਠ ਨਮਾਜ਼ਾਂ/ਰੋਜ਼ੇ ਨਿਆਜ਼ਾਂ
ਸੇਵਾ ਪੂਜਾ/ਮਾਲਾ ਫੜ ਕੇ
ਲੱਖ ਕਰੇ ਇਕਰਾਰ
ਕੌਣ ਕਰੇ ਇਤਬਾਰ...

ਇਹ ਨਜ਼ਮ ਕਿਉਂ ਮੇਰੇ ਬੁੱਲ੍ਹਾਂ ਉਤੇ ਅਕਸਰ ਹੀ ਫੜਕਦੀ ਰਹਿੰਦੀ ਜਦ ਕਿ ਉਦੋਂ ਤਕ ਕਿਸੇ ਸੋਹਣੇ ਮੋਮੋਠਗਣੇ ਤੋਂ ਠੱਗੇ ਜਾਣ ਦਾ ਕੋਈ ਤਜ਼ਰਬਾ ਹੀ ਨਹੀਂ ਸੀ ਹੋਇਆ?... ਤਦਬੀਰ ਤੇ ਤਕਦੀਰ ਸ਼ਾਇਦ ਅਨਿੱਖੜ ਹਨ।

ਸੋਚਦੀ ਹਾਂ ਕਿ ਬਚਪਨ ਤੋਂ ਹੀ ਕਿਉਂ ਮੈਨੂੰ ਡਿੰਗ ਫੜਿੰਗੇ, ਰੁੰਡ-ਮਰੁੰਡ, ਨਿਪੱਤਰੇ ਬਿਰਛ ਅਜਿਹੀ ਧੂਅ ਪਾਉਂਦੇ ਸਨ ਕਿ ਮੇਰੇ ਪੈਰ ਮੰਜ਼ਿਲ ਭੁੱਲ, ਖੇਡ ਵਿਸਾਰ ਉਨ੍ਹਾਂ ਨੂੰ ਇਕ ਟੱਕ ਨਿਹਾਰਨ ਨੂੰ ਰੁਕ ਜਾਂਦੇ?

ਉਜਾੜ ਰੁੱਖਾਂ ਉਤੇ ਬੈਠੀਆਂ ਗਿਰਝਾਂ ਦੇ ਝੁੰਡ ਕਿਉਂ ਮੈਨੂੰ ਆਕਰਸ਼ਿਤ ਕਰਦੇ ਸਨ?

ਇਤਿਹਾਸਕ ਇਮਾਰਤਾਂ ਵਿਚੋਂ ਖੂਬਸੂਰਤ, ਲਾਸਾਨੀ ਤੇ ਮੁਕੰਮਲ ਮੰਦਰਾਂ ਮਹੱਲਾਂ ਦੀ ਥਾਂਵੇਂ ਢਠਵਾਣਾ ਤੇ ਖੰਡਰ ਕਿਉਂ ਮੇਰੇ ਪੈਰ ਕੀਲ ਲੈਂਦੇ?

ਕੀ ਮੇਰੇ ਬਾਲ ਮਨ ਨੂੰ ਵੀਰਾਨ ਭਵਿੱਖ ਦਾ ਪੂਰਵ ਬੋਧ ਸੀ ਜਾਂ ਉਜਾੜਾਂ ਪ੍ਰਤੀ ਮੇਰੀ ਧੂਅ ਨੇ ਹੀ ਮੇਰੇ ਮਸਤਕ 'ਤੇ ਭਟਕਣ ਦੀ ਰੇਖਾ ਉਲੀਕ ਦਿੱਤੀ?... ਹਮੇਸ਼ਾ ਚਿੱਟੇ, ਮੱਖਣੀ, ਪੀਲੇ ਜਾਂ ਨਸਵਾਰੀ ਭਾਅ ਮਾਰਦੇ ਬਸਤਰ ਕਿਉਂ ਪਹਿਨਦੀ ਸਾਂ ਮੈਂ? ਮੇਰੇ ਘਰ ਦੀਆਂ ਕੰਧਾਂ ਅਤੇ ਫਰਨਿਸ਼ਿੰਗ ਵੀ ਕਿਉਂ ਇਨ੍ਹਾਂ ਰੰਗਾਂ ਤਕ ਹੀ ਸੀਮਿਤ ਰਹੀ; ਮਨੋਵਿਗਿਆਨ ਅਨੁਸਾਰ ਤਾਂ ਇਹ ਸਾਰੇ ਰੰਗ ਉਦਾਸੀ, ਵਿਛੋੜੇ ਅਤੇ ਉਡੀਕ ਦੇ ਸੂਚਕ ਨੇ?

---

ਮੁੰਬਈ ਦੇ ਫਿਲਮ ਖੇਤਰ ਨਾਲ ਸਬੰਧਤ ਇਕ ਪ੍ਰਸਿੱਧ ਫਲੋਰਿਸਟ ਨੇ ਫਿਲਮ ਅਭਿਨੇਤਾਵਾਂ ਅਤੇ ਸਿਤਾਰਿਆਂ ਦੇ ਮਨਭਾਉਂਦੇ ਫੁੱਲਾਂ ਦਾ ਜ਼ਿਕਰ ਕਰਦਿਆਂ ਇਕ ਥਾਂ ਜ਼ਿਕਰ ਕੀਤਾ ਸੀ ਕਿ ਫਿਲਮ ਨਿਰਦੇਸ਼ਕ ਗੁਲਜ਼ਾਰ ਕਿਸੇ ਦਾ ਵਿਆਹ ਹੋਵੇ ਜਾਂ ਜਨਮ ਦਿਨ, ਹਮੇਸ਼ਾ ਪੀਲੇ ਗੁਲਾਬਾਂ ਦੀਆਂ ਹੀ ਟੋਕਰੀਆਂ ਜਾਂ ਬੁੱਕੇ ਭੇਜਦਾ ਹੈ।

ਪੀਲੇ ਫੁੱਲ ਪੱਛਮੀ ਸਮਾਜ ਵਿਚ ਸੋਗ ਮੌਕਿਆਂ ਉਤੇ ਹੀ ਭੇਟਾ ਕੀਤੇ ਜਾਂਦੇ ਹਨ।

ਗੁਲਜ਼ਾਰ ਨੇ ਆਪਣੇ ਹੀ ਰੰਗ ਦੀਆਂ ਖੂਬਸੂਰਤ, ਪ੍ਰਤੀਕਾਤਮਕ ਪਿਕਚਰਾਂ ਦਿੱਤੀਆਂ ਤੇ 'ਅੰਗੂਰ' ਵਰਗੀਆਂ ਲੋਟਪੋਟ, ਵੱਖੀ-ਤੋੜ ਕਾਮੇਡੀਆਂ ਵੀ, ਪਰ ਸਿਨੇ-ਜਗਤ ਵਿਚ ਉਸ ਤੋਂ ਵੱਧ ਇਕੱਲਾ ਭਲਾ ਹੋਰ ਕੌਣ ਹੈ?... ਗੁਲਜ਼ਾਰ ਦੀ ਸਮੁੱਚੀ ਸ਼ਖਸੀਅਤ 'ਉਦਾਸ ਚਿੰਤਕ' ਆਖ ਕੇ ਸ਼ਬਦ-ਬੱਧ ਕੀਤੀ ਜਾ ਸਕਦੀ ਹੈ।

'ਚਰਨ ਤੇਰੇ ਸੁੱਚੇ...' ਅਤੇ 'ਜੇ ਕੋਈ ਸੁਹਣਾ ਮੋਮੋਠਗਣਾ...', ਇਨ੍ਹਾਂ ਦੋਹਾਂ ਨਜ਼ਮਾਂ ਦੀ ਪਟੜੀ ਉਤੇ ਮੈਂ ਆਪਣੀ ਜੀਵਨ-ਗੱਡੀ ਠੇਲ੍ਹ ਦਿੱਤੀ। ਠੇਲ੍ਹੀ ਕਿੱਥੇ, ਠੇਲ੍ਹ ਹੋ ਗਈ। ਮੇਰੇ ਵੱਸ ਵਿਚ ਕੀ ਸੀ? ਨਾ ਪਟੜੀ, ਨਾ ਕਾਂਟਾ, ਨਾ ਗੱਡੀ, ਨਾ ਸਵਾਰ! ਮਾਨੋ ਮੇਰਾ ਸਾਰਾ ਆਪਾ ਹੀ ਕਿਸੇ ਦੇ ਚਰਨ-ਸਪਰਸ਼ ਲਈ ਦੋ ਹੋਠਾਂ ਵਿਚ ਬੰਦ ਹੋ ਗਿਆ ਹੋਵੇ। ਸ਼ਾਇਦ ਇਸੇ ਹੀ ਸ਼ਿੱਦਤ ਵਿਚ ਮੈਥੋਂ ਕਹਿ ਗਿਆ ਹੋਣੈ,

ਕਿੰਜ ਸੀਵਾਂ/ਤੇ ਕੀਕਣ ਮੀਟਾਂ
ਮੁਸਮੁਸ ਕਰਦੇ/ਫੁੱਲ ਜਿਹੇ ਬੁੱਲ੍ਹ
ਨੈਣਾਂ ਅੰਦਰ/ਨੀਝਾਂ ਅੰਦਰ
ਟੱਪ-ਟਪੋਸਣ/ਗੁੱਲ ਜਿਹੇ ਬੁੱਲ੍ਹ
... ... ...
ਅਤੇ ਅੰਤ ਵਿਚ...
ਥਾਲ ਧਰਤ ਦਾ/ਪੈ ਗਿਆ ਸੌੜਾ
ਕੁਲ ਬ੍ਰਹਿਮੰਡ ਵਿਚ/ਡੁੱਲ੍ਹ ਗਏ ਬੁੱਲ੍ਹ
... ... ...
ਹੋਰ ਨਾ ਤੱਕੋ/ਹੋਰ ਨਾਲ ਬੋਲੋ
ਖੁੱਲ੍ਹਣ ਨੂੰ ਕਿਧਰੋਂ/ਆਣਗੇ ਬੁੱਲ੍ਹ
ਜੇ ਬ੍ਰਹਿਮੰਡ ਵੀ/ਪੈ ਗਿਆ ਥੋੜ੍ਹਾ
ਖੁੱਲ੍ਹ ਕੇ ਕਿਧਰ/ਜਾਣਗੇ ਬੁੱਲ੍ਹ!

ਹੁਣ ਤਾਂ ਮੇਰੇ ਨਾਲ ਵੀ ਕੁਝ ਅਜਿਹਾ ਵਾਪਰ ਗਿਆ ਸੀ ਕਿ ਪ੍ਰੀਤਮ, ਚੁੰਮਣ ਤੇ ਹੋਠ ਸਭ ਇਕ ਹੋ ਗਏ ਸਨ।

ਚੰਨ ਜੀ ਤੁਸੀਂ ਹੋ ਚੁੰਮਣ ਚੁੰਮਣ
ਚੁੰਮ ਜਿਸ ਨੂੰ ਕਾਇਨਾਤਾਂ ਘੁੰਮਣ
... ... ...
ਚੰਨ ਜੀ ਤੁਸੀਂ ਹੋ ਲੰਮ-ਸਲੰਮੇ
ਚੁੰਮ ਜਾਵਣ ਨੂੰ ਸਰੂ ਪਲੰਮੇ
.. ... ...
ਚੰਨ ਜੀ ਤੁਸੀਂ ਹੋ ਸੁੱਚੇ ਸੁੱਚੇ
ਸਤਿ ਸ਼ਿਵ ਸੁੰਦਰ ਸਰੂਪ ਸਮੁੱਚੇ

---

'ਚੰਨ ਗਰੀ ਦਾ ਟੋਟਾ' ਅੰਮ੍ਰਿਤਾ ਦੀ ਕਿਸੇ ਨਜ਼ਮ ਦਾ ਸ਼ਬਦ-ਚਿਤਰ ਮੇਰੇ ਅਚੇਤ ਮਨ ਦੀ ਤਖ਼ਤੀ 'ਤੇ ਕਿਤੇ ਉਕਰਿਆ ਰਹਿ ਗਿਆ ਹੋਣੈ ਜੋ ਤੀਹ ਵਰ੍ਹਿਆਂ ਦੇ ਲੰਮੇ ਅਰਸੇ ਮਗਰੋਂ,

ਚੰਨ ਗਰੀ ਦਾ ਟੋਟਾ ਭੰਨ ਕੇ ਖਾ ਲਾਂਗੀ
ਚੰਨੋ ਲੱਗੇ ਚੰਨੇਰਾ ਚਿੱਥ ਚਬਾ ਲਾਂਗੀ

...ਦੇ ਰੂਪ ਵਿਚ ਇਕ ਪ੍ਰਗੀਤ ਦੇ ਮੁਖੜੇ ਵਜੋਂ ਮੈਥੋਂ ਸਿਰਜ ਹੋ ਗਿਆ।

ਸ੍ਰੇਸ਼ਠ ਸਾਹਿਤ ਨੂੰ ਪੜ੍ਹਦਿਆਂ-ਮਾਣਦਿਆਂ ਮੈਂ ਉਚੇਚੇ ਤੌਰ 'ਤੇ ਕਦੇ ਵੀ ਯਾਦ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਕਦੋਂ, ਕਿਸ ਨੇ, ਕਿਹੜੀ ਰਚਨਾ ਵਿਚ ਕੀ ਕਿਹਾ। ਅੱਜ ਜਦੋਂ ਸਾਹਿਤ ਸਭਾਵਾਂ, ਸਮਾਗਮਾਂ ਜਾਂ ਗੋਸ਼ਟੀਆਂ ਵਿਚ ਬੁੱਧੀਜੀਵੀਆਂ ਨੂੰ ਸੁਣਨ ਦਾ ਅਵਸਰ ਮਿਲਦਾ ਹੈ ਅਤੇ ਉਹ '... ਨੇ ਫਲਾਣੀ ਥਾਂ 'ਤੇ ... ਕਿਹਾ ਹੈ' ਵਰਗੇ ਹਵਾਲਿਆਂ ਨਾਲ ਆਪਣੀ ਗੱਲ ਕਰਦੇ ਹਨ ਤੇ ਜਦੋਂ ਮੈਨੂੰ ਵੀ ਉਹ ਹਵਾਲੇ ਪੜ੍ਹੇ, ਸੁਣੇ, ਮਾਣੇ ਜਾਪਦੇ ਹਨ ਤਾਂ ਮੈਂ ਸੋਚਦੀ ਹਾਂ ਕਿ ਉਹ ਟੂਕਾਂ ਜੋ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਕੇ ਹਮੇਸ਼ਾ ਮੈਨੂੰ ਸੇਧ ਦਿੰਦੀਆਂ ਰਹੀਆਂ, ਉਨ੍ਹਾਂ ਦੇ ਰਚੇਤੇ, ਸਿਰਜਕਾਂ ਦੇ ਨਾਂ ਮੈਨੂੰ ਕਿਉਂ ਨਾ ਯਾਦ ਰਹੇ?

ਮਾਨਸਰੋਵਰ 'ਚੋਂ ਉਗੀ ਨਦੀ, ਪਹਾੜਾਂ ਦੀਆਂ ਚੱਟਾਨਾਂ ਨਾਲ ਖਹਿੰਦੀ ਢਲਾਨਾਂ ਤੇ ਮੈਦਾਨਾਂ ਵਿਚੋਂ ਵਿਚਰਦੀ, ਰਾਹ ਕੱਢਦੀ, ਬਦਲਦੀ, ਸਿਰਜਦੀ ਕੀ ਕੀ ਛੱਡਦੀ ਤੇ ਕੀ ਕੀ ਨਾਲ ਸਮੇਟਦੀ, ਵਿਗਸ ਵਿਗਸ ਮਹਾਂਸਾਗਰ ਵਿਚ ਲੀਨ ਹੋ ਜਾਂਦੀ ਹੈ। ਕੀ ਚੱਟਾਨਾਂ ਰੌਲਾ ਪਾਉਂਦੀਆਂ ਨੇ 'ਇਹ ਪੱਥਰ ਸਾਡੇ ਸਨ' ਜਾਂ ਪਰਬਤ ਕੂਕਦੇ ਨੇ 'ਮੇਰੀ ਰੇਤ ਮੇਰੀ ਮਿੱਟੀ...।'

ਚਰਨ ਤੇਰੇ ਸੁੱਚੇ, ਹੋਠ ਮੇਰੇ ਜੂਠੇ... ਦਾ ਅੰਮ੍ਰਿਤਾ ਦਾ ਅਹਿਸਾਸ ਮੇਰੀ ਕਵਿਤਾ ਦਾ ਪ੍ਰਧਾਨ ਸੁਰ ਹੁੰਦਾ ਹੋਇਆ ਵੀ ਮੇਰਾ ਨਿੱਜੀ ਅਨੁਭਵ ਹੈ। ਆਪਣੀ ਹੀ ਰੂਹ-ਕਾਇਆ 'ਤੇ ਹੰਢਾਇਆ ਹੋਇਆ...

ਕਿਹੜਾ ਕਿਸ ਨੂੰ/ਕਦੋਂ ਕੀਕਰ/ਛੁਹਿਆ।
ਕਿਓਂ ਕਰ ਛੁਹਿਆ?
ਕਿਹੜਾ ਪਾਰਸ/ਕਿਹੜਾ ਲੋਹਾ
ਲੋਹਿਓਂ ਪਾਰਸ/ਹੋਇਆ...

'ਵੀਰ ਜੀ, ਇਹ ਅੰਮ੍ਰਿਤਾ ਪ੍ਰੀਤਮ ਕਿੱਦਾਂ ਦਾ ਨਾਂ ਹੈ?'

ਉਦੋਂ ਇਸਤਰੀ ਨਾਂਵਾਂ ਨਾਲ ਕੌਰ, ਦੇਵੀ, ਕੁਮਾਰੀ ਜਾਂ ਬੇਗਮ ਆਦਿ ਲਾਜ਼ਮੀ ਤੌਰ 'ਤੇ ਲੱਗੇ ਹੋਣ ਦਾ ਹੀ ਮੈਨੂੰ ਪਤਾ ਸੀ। ਬਾਲੜੀ ਹੀ ਸਾਂ ਜਦੋਂ ਘਰ ਵਿਚ ਅੰਮ੍ਰਿਤਾ ਪ੍ਰੀਤਮ, ਮੋਹਣ ਸਿੰਘ ਤੇ ਈਸ਼ਰ ਸਿੰਘ ਭਾਈਆ ਦੀਆਂ ਨਜ਼ਮਾਂ ਵੱਡੇ ਭੈਣਾਂ ਭਰਾਵਾਂ ਦੇ ਮੂੰਹੋਂ ਸੁਣਦੀ। ਮੈਂ ਤੀਜੀ ਚੌਥੀ ਵਿਚ ਹੀ ਪੜ੍ਹਦੀ ਸਾਂ ਜਦੋਂ ਵੀਰ ਜੀ ਇੰਜੀਨੀਅਰਿੰਗ ਕਰ ਰਹੇ ਸਨ। ਉਨ੍ਹਾਂ ਦੀ ਸਾਹਿਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਕਵਿਤਾ ਵਿਚ ਖ਼ਾਸ ਰੁਚੀ ਸੀ।



ਅੰਮ੍ਰਿਤਾ ਪ੍ਰੀਤਮ: ਸਿਰਜਣਾ ਦੇ ਪਲ...

'ਅੰਮ੍ਰਿਤ ਕੌਰ ਉਸ ਦਾ ਨਾਂ ਏ ਤੇ ਪ੍ਰੀਤਮ ਸਿੰਘ ਉਸ ਦੇ ਪਤੀ ਦਾ।' ਵੀਰ ਜੀ ਨੇ ਦੱਸਿਆ।

ਅੰਮ੍ਰਿਤਾ ਪ੍ਰੀਤਮ! ਬੜਾ ਹੀ ਸੰਗੀਤਕ ਅਤੇ ਮਨਮੋਹਣਾ ਲੱਗਦਾ ਮੈਨੂੰ ਉਸ ਦਾ ਨਾਂ।

ਮੇਰੀ ਪਹਿਲੀ ਕਹਾਣੀ 'ਤਾਂਡਵ ਨਾਚ' ਮੇਰੇ ਅਸਲੀ ਨਾਂ 'ਕਲਿਆਨ' ਦੇ ਨਾਂ ਹੇਠਾਂ ਹੀ ਛਪੀ ਸੀ, ਪਰ ਮੈਨੂੰ ਆਪਣਾ ਇਹ ਨਾਂ ਚੰਗਾ ਨਹੀਂ ਸੀ ਲੱਗਦਾ। ਭਾਰਾ ਭਾਰਾ, ਖੁਰਦਰਾ ਤੇ ਮਰਦਾਵਾਂ ਜਿਹਾ। ਸ਼ਾਇਦ ਇਸ ਲਈ ਵੀ ਕਿ ਇਸ ਨਾਂ ਨਾਲ ਕੇਵਲ ਪੁਰਸ਼ ਹਸਤੀਆਂ ਦੇ ਸਬੰਧਤ ਹੋਣ ਦਾ ਹੀ ਮੈਨੂੰ ਪਤਾ ਸੀ।

ਸਾਡੇ ਸ਼ਹਿਰ ਵਿਚ ਕਲਿਆਨ ਸਿੰਘ ਸੀ, ਸੀਮਿੰਟ ਦਾ ਵਪਾਰੀ। ਮੇਰੇ ਪੜਦਾਦੇ ਦਾ ਨਾਂ ਵੀ ਕਲਿਆਨ ਦਾਸ ਸੀ।

ਇਤਨੇ ਸੋਹਲ ਤੇ ਸੂਖ਼ਮ ਸਰੀਰ ਨਾਲ ਮੈਨੂੰ ਕਲਿਆਨ ਨਾਂ ਅਢੁਕਵਾਂ ਜਾਪਦਾ। ਹਾਈ ਸਕੂਲ ਵਿਚ ਮੇਰੀ ਬੰਗਾਲੀ ਜਮਾਤਣ ਕਲਿਆਨੀ ਤਾਂ ਸੀ ਪਰ ਸਾਡੇ ਉਦੋਂ ਦੇ ਪੰਜਾਬੀ ਤੇ ਸਿੱਖ ਸਭਿਆਚਾਰ ਵਿਚ ਕਲਿਆਨੀ ਕੋਈ ਨਾਂ ਨਹੀਂ ਸੀ। ਘਰ ਵਿਚ ਮੈਨੂੰ ਸਭ 'ਕਾਨਾ' ਬੁਲਾਉਂਦੇ ਸਨ, ਕਲਿਆਨ ਦਾ ਛੋਟਾ ਰੂਪ। ਮੈਂ ਆਪਣਾ ਕਲਮੀ ਨਾਂ ਵੀ 'ਕਾਨਾ' ਰੱਖਣ ਦਾ ਫੈਸਲਾ ਕੀਤਾ; ਲੇਕਿਨ ਇਸ ਨਾਂ ਦੇ ਨਾਲ ਕੀ ਲਗਾਵਾਂ। ਹਾਲੇ ਤਾਂ ਕਿਸ਼ੋਰੀ ਹੀ ਸਾਂ, ਗਿਆਨੀ ਵਿਚ ਪੜ੍ਹਦੀ ਤੇ ਪਤੀ ਦਾ ਪਤਾ ਹੀ ਨਹੀਂ ਸੀ ਕਿ ਕੌਣ ਹੋਵੇਗਾ। ਮੇਰੀ ਉਦੋਂ ਦੀ ਸਮਝ ਮੁਤਾਬਕ ਕਿਸੇ ਲੇਖਕਾ ਦੇ ਨਾਂ ਨਾਲ ਪਤੀ ਦਾ ਨਾਂ ਹੋਣਾ ਜ਼ਰੂਰੀ ਸੀ, ਜਿਵੇਂ ਉਸ ਦਾ ਆਪਣਾ ਕੋਈ ਵਜੂਦ ਹੀ ਨਾ ਹੋਵੇ।

ਚਲੋ ਉਸ ਦਾ ਨਾਂ ਕੁਝ ਵੀ ਹੋਇਆ, ਅੰਤ ਵਿਚ ਜੀਤ ਤਾਂ ਹੋਵੇਗਾ ਹੀ। ਉਨ੍ਹੀਂ ਦਿਨੀਂ ਜਗਜੀਤ, ਇੰਦਰਜੀਤ, ਮਨਜੀਤ ਆਦਿ ਨਾਂ ਹੀ ਆਧੁਨਿਕ ਸਨ। ਵੀਰ ਜੀ ਦਾ ਨਾਂ ਵੀ ਸੁਰਜੀਤ ਸੀ ਤੇ ਉਨ੍ਹਾਂ ਤੋਂ ਵੱਧ ਚੰਗਾ ਤੇ ਪਿਆਰਾ ਮੇਰੇ ਲਈ ਕੋਈ ਹੋਰ ਨਹੀਂ ਸੀ। 'ਜੀਤ' ਨਾਂ ਵਿਚ ਵੀਰ ਜੀ ਨੇ ਵੀ ਸ਼ਾਮਿਲ ਰਹਿਣਾ ਸੀ, ਤੇ ਮੇਰੀ ਕਲਪਨਾ ਦੇ ਹੋਣ ਵਾਲੇ ਪਤੀ ਨੇ ਵੀ।

ਮੈਂ ਸੋਚਿਆ ਕਿ ਮੈਂ ਕਿਸੇ 'ਜੀਤ' ਨਾਂ ਵਰਗੇ ਬੰਦੇ ਨਾਲ ਹੀ ਵਿਆਹ ਕਰਾਵਾਂਗੀ, ਤੇ ਜੇ ਉਸ ਦਾ ਨਾਂ ਕੋਈ ਹੋਰ ਵੀ ਹੋਇਆ ਤਾਂ ਵੀ ਮੈਂ ਮਗਰ ਜੀਤ ਲਗਾ ਲਵਾਂਗੀ। ਉਦੋਂ ਲੱਗਦਾ ਸੀ ਕਿ ਸਭ ਕੁਝ ਮੇਰੇ ਵੱਸ ਹੈ। ਸੋ, ਮੈਂ ਆਪਣਾ ਕਲਮੀ ਨਾਂ 'ਕਾਨਾ ਜੀਤ' ਸੋਚਿਆ। ਹੁਣ ਡਰ ਸੀ ਕਿ ਇਸ ਤਰ੍ਹਾਂ ਕਿਤੇ 'ਕਾਨਾ ਦੀ ਥਾਂ 'ਤੇ ਕਾਣਾ ਜੀਤ' ਹੀ ਨਾ ਅਖਵਾਣ ਲੱਗਾਂ। ਸੋ, ਮੈਂ ਤੱਤੇ ਨੂੰ ਬਿਹਾਰੀ ਲਾ ਕੇ 'ਕਾਨਾ ਜੀਤੀ' ਬਣ ਗਈ।

ਸੰਨ 1954 ਤੋਂ 1962 ਤਕ ਮੇਰੇ ਪਹਿਲੇ ਦੌਰ ਦੀਆਂ ਰਚਨਾਵਾਂ ਪੰਜਾਬੀ ਦੇ ਮਾਸਿਕ ਪੱਤਰਾਂ ਵਿਚ ਇਸੇ ਨਾਂ ਨਾਲ ਛਪੀਆਂ। ਇੱਦਾਂ ਮੇਰੀ ਮੁੱਢਲੀ ਸਾਹਿਤਕ ਪਛਾਣ ਵਿਚ ਵੀ ਅਸਿੱਧੇ ਤੌਰ 'ਤੇ ਅੰਮ੍ਰਿਤਾ ਪ੍ਰੀਤਮ ਹੀ ਸੀ।

ਜੀਤ, ਮੇਰਾ ਪਤੀ ਪਹਿਲੀ ਨਜ਼ਰੇ ਮੈਨੂੰ ਬੜਾ ਹੀ ਸਾਧਾਰਨ, ਆਮ ਨਾਲੋਂ ਘੱਟ ਆਕਰਸ਼ਕ, ਮੋਟਾ ਢਿੱਲਾ, ਕੁਝ ਤੰਗਦਿਲ ਤੇ ਗਲਾਧੜ ਜਿਹਾ ਲੱਗਿਆ ਸੀ। ਰਿਸ਼ਤੇ ਦੀ ਗੱਲ ਮੇਰੇ ਮੁੰਬਈ ਪੁੱਜਣ ਤੋਂ ਪਹਿਲਾਂ ਹੀ ਉਥੇ ਰਹਿੰਦੀ ਮੇਰੀ ਭੈਣ ਵਲੋਂ ਚੱਲ ਚੁੱਕੀ ਸੀ। ਮੈਂ ਪਹਿਲੀ ਤੱਕਣੀ ਉਤੇ ਨਾਂਹ ਕਰ ਦਿੱਤੀ, ਪਰ ਅਗਲੇ ਛੇ ਮਹੀਨਿਆਂ ਵਿਚ ਵੀਰ ਜੀ ਦੀ ਸ਼ਾਦੀ ਅਤੇ ਉਸ ਉਪਰੰਤ ਸੱਤਾਂ ਦਿਨਾਂ ਵਿਚ ਹੀ ਸੜਕ ਹਾਦਸੇ ਨਾਲ ਅਚਾਨਕ ਉਨ੍ਹਾਂ ਦੀ ਮੌਤ ਅਤੇ ਉਧਰ ਡਾਕਟਰ ਮਨਜੀਤ ਦਾ ਆਦਰਸ਼ਵਾਦ, ਭਾਵੁਕਤਾ, ਉਸ ਦੀ ਮਰੀਜ਼ਾਂ ਨਾਲ ਹੱਦੋਂ ਬਾਹਰੀ ਹਮਦਰਦੀ, ਸੇਵਾ ਭਾਵ ਵਾਲੇ ਕੁਝ ਅਜਿਹੇ ਮਾਨਵੀ ਪੱਖ, ਵੀਰ ਜੀ ਦੀ ਮੌਤ ਕਾਰਨ ਹਿੱਲ ਗਈ ਮੇਰੀ ਹਾਲਤ ਦੇ ਸਾਹਮਣੇ ਆਏ ਕਿ ਮੇਰੀ ਨਾਂਹ, ਹਾਂ ਵਿਚ ਬਦਲ ਗਈ, ਤੇ ਹਾਂ ਵੀ ਉਹ ਕੋਈ ਮਾਮੂਲੀ ਨਹੀਂ ਸੀ। ਕਹਿਰਾਂ ਦੀ ਸ਼ਿੱਦਤ!

ਮੰਗਣੀ ਅਤੇ ਵਿਆਹ ਵਿਚਲੇ ਇਕ ਮਹੀਨੇ ਦੇ ਵਕਫ਼ੇ ਵਿਚ ਅਸੀਂ ਇਕ ਦੂਜੇ ਦੇ ਪੂਰੇ ਦੀਵਾਨੇ ਹੋ ਚੁੱਕੇ ਸਾਂ।

'ਮਾਂ ਜੀ ਉਹ ਹਿਤਨੇ ਸੁਹਣੇ ਨੁ, ਵਕਤ ਰੁੱਕ ਕਿਉਂ ਨਹੀਂ ਜਾਨਾ, ਧਰਤੀ ਖਲੋ ਕਿਉਂ ਨਹੀਂ ਜਾਨੀ, ਹਾਏ ਮੈਂ ਨਹੀਂ ਜੀ ਸਕਣਾ ਉਨ੍ਹਾਂ ਬਗੈਰ...।'

ਯਾਦ ਹੈ ਲਾਵਾਂ ਤੋਂ ਕੁਝ ਛਿਣ ਪਹਿਲਾਂ ਸ਼ੀਸ਼ੇ ਵਿਚੋਂ ਆਪਣੇ ਅਕਸ ਵਿਚੋਂ ਜੀਤ ਦਾ ਦੀਦਾਰ ਕਰਦੀ ਮੈਂ ਕੂਕ ਉਠੀ ਸਾਂ।

ਕਾਹਦੀ ਨੱਥ ਤੇ ਕੇਹੇ ਕਲੀਰੇ
ਕਾਹਦੇ ਝੁੰਬਰ ਕਾਹਦੇ ਬੀੜੇ
ਸੋਨਾ ਭਿਟਿਆ ਚਾਂਦੀ ਬਾਸੀ
ਸੁੱਚਾ ਨਾ ਹਾਥੀ ਦੰਦ ਸੱਜਣ ਜੀ
ਦੱਸ ਕਾਹਦਾ ਮੈਂ ਚੂੜਾ ਚਾੜ੍ਹਾਂ
ਜੇ ਤੂੰ ਤੋੜੇਂ ਵੰਗ ਸੱਜਣ ਜੀ...।

ਵਿਆਹ ਹੋ ਗਿਆ ਸੀ, ਤੇ ਜੀਤ ਸਾਹਾਂ ਦਾ ਸਾਹ ਹੋ ਗਿਆ ਸੀ। ਦੋ ਮੀਲਾਂ ਦੀ ਵਿੱਥ ਉਤੇ ਮੁੰਬਈ ਦੀ ਚਾਰ ਬੰਗਲਾ ਬਸਤੀ ਦੇ ਮੋੜ ਉਤੇ ਵੀ ਉਸ ਦਾ ਸਕੂਟਰ ਨਹੀਂ ਸੀ ਅੱਪੜਦਾ ਕਿ ਮੇਰੇ ਅੰਦਰਲੇ ਕੰਨਾਂ ਨੂੰ ਖ਼ਬਰ ਹੋ ਜਾਂਦੀ ਤੇ ਬਾਹਰਲੇ ਖੜ੍ਹੇ ਹੋ ਜਾਂਦੇ। ਮੈਂ ਸਟੋਵ ਉਤੇ ਗਰਮ ਹੋਣ ਲਈ ਪਾਣੀ ਰੱਖ ਦਿੰਦੀ। ਘਰ ਵਿਚ ਪ੍ਰਵੇਸ਼ ਕਰਦੇ ਦੇ ਹੀ ਬੂਟ ਉਤਾਰ, ਜੁਰਾਬਾਂ ਲਾਹ, ਗਰਮ ਪਾਣੀ ਦੀ ਚਿਲਮਚੀ ਵਿਚ ਕਦੇ ਤੇਲ ਜਾਂ ਡਿਟੋਲ ਪਾ ਅਤੇ ਕਦੇ ਗੁਲਾਬ ਜਲ ਜਾਂ ਗਲਿਸਰੀਨ ਪਾ, ਜੀਤ ਦੇ ਉਜਲੇ-ਸੁੱਥਰੇ ਪੈਰਾਂ ਨੂੰ ਧੋਂਦੀ, ਥਪਥਪਾਂਦੀ, ਸਹਿਲਾਂਦੀ ਟਕੋਰਦੀ ਤੇ ਪੂੰਝਦੀ ਦੇ ਹੋਠ ਆਪ ਮੁਹਾਰੇ ਹੀ ਉਸ ਦੀਆਂ ਅੱਡੀਆਂ, ਤਲੀਆਂ ਅਤੇ ਪੈਰ-ਪੋਟਿਆਂ ਉਤੇ ਫਿਰਨ ਲੱਗਦੇ, ਮਾਨੋ ਸਗਲੀ ਹਸਤੀ ਹੀ ਪਿਆਸ ਬਣ ਜਾਂਦੀ, ਡੀਕੋ ਡੀਕ, ਅਰ ਮਨ ਦੀ ਵੀਣਾ ਗੂੰਜ ਉਠਦੀ,

ਚਰਨ ਤੇਰੇ ਸੁੱਚੇ ਹੋਠ ਮੇਰੇ ਜੂਠੇ...

ਸ਼ਾਇਦ ਇਸੇ ਵਜਦ ਦੇ ਆਲਮ ਵਿਚ ਹੀ ਮੈਥੋਂ ਕਹਿ ਗਿਆ ਹੋਣੈ,

ਚੰਨ ਲੱਸੀ ਦਾ ਛੰਨਾ/ਤੇ ਡੀਕ ਲਗਾਵਾਂਗੀ
ਭਰੇ-ਭਕੁੰਨੇ ਰਹਿਣਾ/ਪੀਂਦੀ ਜਾਵਾਂਗੀ...।

ਮੇਰੇ ਆਗੋਸ਼ ਵਿਚ ਪਏ ਜੀਤ ਦੇ ਬੁੱਲ੍ਹ ਗੱਲ ਕਰਨ ਲਈ ਖੁੱਲ੍ਹੇ ਨਹੀਂ ਕਿ ਚੁੰਮਣਾਂ ਨਾਲ ਸੀ ਦਿੰਦੀ ਸਾਂ ਮੈਂ,

ਚੰਨ ਜੀ ਤੁਸੀਂ ਹੋ ਸਾਗਰ ਸਾਗਰ
ਭਵ ਸਾਗਰ ਸਾਨੂੰ ਜਾਪੇ ਗਾਗਰ

ਸਾਲ ਵਿਚ ਮਸਾਂ ਦਸ ਪੰਦਰਾਂ ਦਿਨਾਂ ਲਈ ਹੀ ਦਿੱਲੀ ਜਾਣਾ ਹੁੰਦਾ ਸੀ। ਏਦੂੰ ਵੱਧ ਦਾ ਵਿਛੋੜਾ ਨਾ ਜੀਤ ਸਹਾਰ ਸਕਦਾ, ਤੇ ਨਾ ਹੀ ਮੈਂ। ਪੇਕੇ ਘਰ ਬੈਠੀ ਦੇ ਨੈਣ ਡਾਕੀਏ ਦੀ ਉਡੀਕ ਵਿਚ ਵਿਛੇ ਰਹਿੰਦੇ। ਡਾਕ ਵੀ ਉਦੋਂ ਦਿਨ ਵਿਚ ਦੋ ਵੇਰਾਂ ਆਉਂਦੀ ਸੀ।

'ਬੱਚੀਏ, ਹਿਤਨਾ ਮੋਹ ਚੰਗਾ ਨਹੀਂ ਹੋਨਾ। ਹੋਰ ਵੀ ਤੈ ਧੀਆਂ ਨੁ। ਸਾਰੀਆਂ ਛੇ ਛੇ ਮਹੀਨੇ ਰਹਿ ਜਾਨੀਆਂ। ਹਸਨੀਆਂ ਖੇਡਨੀਆਂ ਰਹਿਨੀਆਂ ਤੈ ਜਾਣੇ ਨਾ ਨਾਂ ਨਾ ਲੈਨੀਆਂ। ਕਿਸੈ ਵਿਚ ਨਹੀਂ ਤੱਕੀ ਜਿਹੀ ਤੜਫ਼।' ਮਾਂ ਆਖਦੀ।

'ਤੜਫ਼ ਕਿ ਆਖ਼ਰ ਹੀ ਆਈ ਹੋਈ ਸੁ। ਪਿਆਰ ਵੀ ਰਾਹੇ ਰੰਗੈ ਨਾ ਸੋਭਨੈ। ਹੇ ਤੈ ਬਿਨ ਪਾਣੀਏ ਮੱਛੀ ਹਾਰ ਵਿਲਕਨੀ ਹੈ।' ਬੇਜੀ ਆਖਦੇ।

'ਨਾਂਹ ਜੀ ਸਕਨੀ ਮੈਂ ਜੀਤ ਬਗੈਰ, ਮਾਂਜੀ। ਖ਼ਤ ਨਹੀਂ ਪਤਰ ਨਹੀਂ ਸੁਖੇ-ਸਾਂਦੀ ਨੀ ਕੋਈ ਖ਼ਬਰ ਨਹੀਂ। ਉਹ ਵੱਲ ਹੋਣ ਸਹੀ। ਮੈਨ ਵਾਪਸ ਭੇਜੋ।'

ਜੀਤ ਨੂੰ ਚਿੱਠੀ ਲਿਖਣ ਦੀ ਘੱਟ ਹੀ ਆਦਤ ਸੀ। ਮੈਂ ਬਹਿਬਲ ਹੋ ਉਠਦੀ।

ਛੁਹ ਅਗੰਮੜੀ ਲੋਚ ਲੋਚ ਕੇ
ਕੜ ਕੜਕੇਣ ਕਲਾਈਆਂ
ਨੀਝ ਧੁੰਦੇਰੀ ਲੰਮੀਆਂ ਵਾਟਾਂ
ਮੁਕਸਣ ਕਦ ਜੁਦਾਈਆਂ
'ਆਵਾਂਗੇ, ਮੁੜ ਆਵਾਂਗੇ'
ਮੁੜ ਪੈਸੀ ਕਦ ਕੁ ਫੇਰਾ
ਦੂਰ ਸੱਜਣ ਦਾ ਡੇਰਾ!

ਜੀਤ ਦੇ ਪੈਰ ਸੁਹਣੇ ਸਨ ਜਾਂ ਮੇਰੀ ਦ੍ਰਿਸ਼ਟੀ, ਇਹ ਨਿਰਣਾ ਕਰਨਾ ਤਾਂ ਮੁਸ਼ਕਿਲ ਹੈ ਪਰ ਇਹ ਸੱਚ ਹੈ ਕਿ ਬਚਪਨ ਵਿਚ ਕਿਤੇ ਮੈਂ ਗੁਰੂ ਨਾਨਕ ਦੇ ਜੁਆਨ ਰੂਪ ਦੀ ਕੋਈ ਤਸਵੀਰ ਵੇਖੀ ਸੀ।

ਸਿਖਰ ਦੁਪਹਿਰੀਂ ਸੁੱਤੇ ਪਏ ਨਾਨਕ ਦੇ ਸਿਰ ਉਪਰ ਸੱਪ ਦੀ ਛਾਂ ਤੇ ਗੁਲਾਬੀ ਪੈਰਾਂ ਵਿਚ ਪਦਮ ਰੇਖਾਵਾਂ। ਉਹ ਚਰਨ ਮੇਰੇ ਅਚੇਤ ਮਨ ਵਿਚ ਉਸੇ ਤਰ੍ਹਾਂ ਟਿਕ ਗਏ ਤੇ ਇੱਦਾਂ ਹੀ ਪੰਜਾ ਸਾਹਿਬ ਵਿਚ ਗੁਰੂ ਨਾਨਕ ਦੇ ਹੱਥ-ਪੰਜੇ ਦਾ ਨਿਸ਼ਾਨ ਜਿਸ ਨਾਲ ਆਪਣੇ ਬਾਲ ਹੱਥ ਮੇਚ-ਮੇਚ ਮੈਂ ਰਜਦੀ ਨਾ। ਸਾਰਾ ਸਾਰਾ ਦਿਨ ਸਰੋਵਰ ਵਿਚ ਵੜੇ ਰਹਿਣਾ ਅਤੇ ਪਲ ਪਲ ਮਗਰੋਂ ਗੁਰੂ ਨਾਨਕ ਦੇ ਪੰਜੇ ਨਾਲ ਆਪਣੇ ਹੱਥ ਛੁਹਣੇ-ਮੇਚਣੇ ਤੇ ਰੇਖਾਵਾਂ ਮਿਲਾਣੀਆਂ।

ਉਹ ਹੱਥ ਤੇ ਪੈਰ ਅਚੇਤ ਹੀ ਮੇਰੇ ਅੰਤਹਿਕਰਨ ਵਿਚ ਵਸ ਗਏ ਸਨ।

*(ਬਾਕੀ ਅਗਲੇ ਸਫੇ 'ਤੇ)*

ਮੇਰਾ ਪਤੀ ਜਿਸ ਦਾ ਨਾਂ ਜੀਤ ਹੋਣਾ ਮੇਰੇ ਲਈ ਨਿਸ਼ਚਿਤ ਹੀ ਸੀ, ਉਸ ਦੀ ਕਾਇਆ ਗੁਰੂ ਨਾਨਕ ਦੇ ਉਸ ਜੁਆਨ ਰੂਪ ਵਰਗੀ ਹੀ ਹੋਵੇਗੀ ਤੇ ਸੁੱਤੇ ਪਏ ਦੇ ਪੈਰ ਵੀ ਉਂਜ ਦੇ ਉਂਜ ਗੁਰੂ ਨਾਨਕ ਦੇ ਚਰਨਾਂ ਵਰਗੇ।

ਮੈਂ ਇੱਦਾਂ ਹੀ ਕਲਪਿਆ ਚਿਤਵਿਆ ਸੀ, ਤੇ ਹੁਣ ਮੈਨੂੰ ਇੰਜ ਹੀ ਮਹਿਸੂਸ ਹੁੰਦਾ ਸੀ।

ਅੱਜ ਸੋਚਦੀ ਹਾਂ ਕਿ ਮੈਂ ਹਮੇਸ਼ਾਂ ਆਪਣੇ ਪਤੀ ਦੀ ਖੁਦ ਵੱਲ ਪਿੱਠ ਹੀ ਕਿਉਂ ਸੋਚੀ, ਕਲਪੀ?

ਪੈਰ ਜੀਤ ਦੇ ਸੁਹਣੇ ਸਨ, ਅੰਤਾਂ ਦੇ ਤੇ ਸਾਰੇ ਦੇ ਸਾਰੇ ਮੇਰੇ, ਮੇਰੀ ਗੋਦ ਵਿਚ! ਇਹ ਸੱਚ ਹੈ ਕਿ ਸੁਪਨਾ? ਇਹ ਜਾਣਨ ਲਈ ਮੈਂ ਆਪਣੀ ਰੂਹ ਨੂੰ ਚੂੰਢੀਆਂ ਵੱਢ ਵੱਢ ਪਰਤਾਲਦੀ। ਸਰੀਰ ਹੁਣ ਰਿਹਾ ਹੀ ਕਿੱਥੇ ਸੀ, ਮੇਰੇ ਕੋਲ? ਜੀਤ ਸੀ, ਉਸ ਦੇ ਪੈਰ ਸਨ, ਮੇਰੇ ਹੋਠ ਸਨ ਤੇ ਬਸ।

... ਕੇਤੇ ਰਾਂਝਣ/ਕੇਤੇ ਮਿਰਜ਼ੇ
ਲਟ ਲਟ ਬਲਦੇ/ਚੌਂਕੀ ਭਰਦੇ
ਦੀਵੇਂ ਦੀਵੀ/ਧੂਪੋ ਧੂਪੀ
ਬਲਿਹਾਰਨ ਨੂੰ/ਫਿਰਨ ਚੌਗਿਰਦੇ
ਭੀ ਨਾ ਤੇਰੀ/ਆਰਤੀ ਪੂਰੀ
ਥਾਲ ਧਰਤ ਦਾ/ਤੰਗ ਸੱਜਣ ਜੀ
ਜੇ ਖੇਡਾਂ/ਰਸ ਰੰਗ ਸੱਜਣ ਜੀ...।

ਮੈਨੂੰ ਇੰਜ ਵੀ ਲੱਗਦਾ ਹੈ ਕਿ ਮੇਰੀ ਉਹ ਸਿਖ਼ਰ ਦੀ ਨਿਸ਼ਠਾ ਵਿਅਕਤੀ-ਵਿਸ਼ੇਸ਼ ਜੀਤ ਲਈ ਨਹੀਂ ਸੀ।

ਮੇਰਾ ਪਤੀ ਜੀਤ ਨਾ ਹੋ ਕੇ ਜੇ ਕੋਈ ਹੋਰ ਵੀ ਹੁੰਦਾ ਤਾਂ ਵੀ ਮੇਰੇ ਹੋਠ ਉਸ ਦੇ ਪੈਰਾਂ ਨਾਲ ਇਸੇ ਤਰ੍ਹਾਂ ਜੁੜਦੇ। ਮੇਰਾ ਪਾਲਣ-ਪੋਸ਼ਣ ਹੀ ਅਜਿਹਾ ਹੋਇਆ ਸੀ। ਪਤੀਬ੍ਰਤਾ, ਭਾਰਤੀ ਨਾਰੀ, ਸਗਲੀ ਸਗਵੀਂ ਇਕੋ ਪੁਰਸ਼ ਦੀ। ਮਾਂ ਨੂੰ ਇੰਜ ਹੀ ਪਿਆਰ-ਵਿਗੁੱਤੀ ਵੇਖਿਆ ਸੀ। ਵੱਡੇ ਭੈਣ-ਭਰਾਵਾਂ ਤੇ ਮਾਸੀਆਂ-ਚਾਚਿਆਂ ਦੇ ਦੰਪਤੀ ਰਿਸ਼ਤਿਆਂ ਵਿਚ ਵੀ ਮੈਂ ਪੂਰਾ ਸੁਖਾਵਾਂ ਤਾਲਮੇਲ ਵੇਖਿਆ ਸੀ।

ਪਹਿਲੇ ਪਿਆਰ ਦੀ ਅਸਫ਼ਲਤਾ ਦੇ ਬਾਵਜੂਦ ਅਥਾਹ ਚਾਅ ਸੀ ਕਿਸੇ ਦੀ ਪੂਰੀ ਸੂਰੀ ਹੋਣ ਦਾ ਅਤੇ ਸ਼ਾਦੀ ਮਗਰੋਂ ਕੇਵਲ ਤੇ ਕੇਵਲ ਪਤੀ ਦੀ ਹੀ ਤਨੋਂ ਮਨੋਂ ਤੇ ਰੂਹੋਂ ਸਾਰੀ ਸਮੁੱਚੀ ਹੋਣ ਦਾ।

ਕੁਝ ਰੂਹਾਂ ਜਨਮਦੀਆਂ ਹੀ ਇਸ਼ਕ ਲਈ ਹਨ। ਉਹ ਜਿਸ ਤੋਂ ਜਦੋਂ ਵੀ ਕੁਰਬਾਨ ਹੁੰਦੀਆਂ ਹਨ, ਇੱਦਾਂ ਜਿਵੇਂ ਪਹਿਲਾਂ ਕਦੇ ਨਾ ਹੋਈਆਂ ਹੋਣ।

ਜੀਤ ਲਈ ਮੈਂ ਨਾ ਪੂਰੀ ਰੱਦ ਸਾਂ ਤੇ ਨਾ ਮਨਜ਼ੂਰ। ਸੱਚ ਤਾਂ ਇਹ ਹੈ ਕਿ ਕਦੇ ਇੰਨੀ ਪਰਵਾਨ ਹੁੰਦੀ ਸਾਂ ਕਿ ਮੇਰੇ ਪੈਰਾਂ ਉਤੇ ਉਸ ਦੇ ਵੀ ਬੁੱਲ੍ਹ ਹੁੰਦੇ। ਸਾਰੀ ਸਾਰੀ ਰਾਤ ਮੈਨੂੰ ਅਪਲਕ ਨਿਹਾਰਦਾ ਨਾ ਥੱਕਦਾ। ਤਲੀ ਦਾ ਛਾਲਾ, ਗਲੇ ਦਾ ਹਾਰ ਤੇ ਸਿਰ ਦਾ ਤਾਜ ਬਣਾ ਰੱਖਦਾ ਤੇ ਫਿਰ ਅਚਾਨਕ ਹੀ ਇਸ ਤਾਜ ਨੂੰ ਮਣਾ-ਮੂੰਹੀਂ ਭਾਰੀ ਪੰਡ ਜਾਣ ਭੁੰਜੇ ਵਗਾਹ ਮਾਰਦਾ, ਤ੍ਰਿਸਕਾਰ ਨਾਲ।

ਕਸੂਰ ਜੀਤ ਦਾ ਨਹੀਂ ਸੀ। ਕਸੂਰ ਸੀ ਸ਼ਾਇਦ ਮੇਰੀ ਪਾਗਲ ਪ੍ਰੀਤ ਦਾ ਜਿਸ ਦੀ ਜਕੜ ਉਸ ਨੂੰ ਅਸਕਤ ਕਰ ਦਿੰਦੀ। ਉਕਤਾਅ ਦਿੰਦੀ। ਪਿਆਰ ਦਾ ਇਹੀ ਦੁਖਾਂਤ ਹੈ।

ਪਿਆਰ ਪੂਜਾ ਬਣ ਕੇ ਬੰਦੇ ਨੂੰ ਦੇਵਤਾ ਬਣਾ ਦਿੰਦਾ ਹੈ ਤੇ ਫਿਰ ਦੇਵਤੇ ਨੂੰ ਪੱਥਰ। ਦੇਵਤੇ ਪੱਥਰ ਨਹੀਂ ਹੁੰਦੇ। ਭਗਤੀ ਹੀ ਸਿਰਜਦੀ ਹੈ ਮੂਰਤੀ ਨੂੰ, ਤੇ ਫਿਰ ਉਸ ਵਿਚੋਂ ਜਾਨ ਟਟੋਲਦੀ, ਧੜਕਣ ਲੱਭਦੀ ਤੇ ਰੂਹ ਭਾਲਦੀ ਹੈ ਜੋ ਅਸੰਭਵ ਹੈ।

ਹੋਠ ਚਰਨਾਂ ਨਾਲ ਜੁੜੇ ਮਸਤੀ ਵਿਚ ਗੜੂੰਦ ਹੁੰਦੇ ਕਿ ਅਚਾਨਕ ਚਰਨ ਠੋਕਰ ਮਾਰ ਜਾਂਦੇ। ਸੁਪਨਾ ਬਿਖਰ ਜਾਂਦਾ, ਖੇਰੂੰ ਖੇਰੂੰ।

ਜੀਤ ਚਲਾ ਜਾਂਦਾ ਛੱਡ ਕੇ
ਸਾਗਰ ਕੰਢੇ ਕਲ-ਮੁਕੱਲੀ ਨੂੰ!

'ਅਸੀਂ ਹੋਰ ਇਕੱਠੇ ਨਹੀਂ ਰਹਿ ਸਕਦੇ।'...ਗੁੱਸਾ, ਗਾਹਲਾਂ, ਤਲਾਕ ਦੀਆਂ ਧਮਕੀਆਂ।... ਜੀਤ ਤੁਰ ਜਾਂਦਾ। ਕਿੰਨੇ ਕਿੰਨੇ ਦਿਨ ਘਰ ਨਾ ਪਰਤਦਾ।

ਡੁਸਕਦੇ ਹੋਠ, ਛਲਕਦੇ ਨੈਣ ਖੁੱਲ੍ਹੇ ਦੇ ਖੁੱਲ੍ਹੇ ਹੀ ਰਹਿ ਜਾਂਦੇ। ਬਿਨ ਪਾਣੀਏ ਮੱਛਲੀ! ਸਾਕਾਰ ਉਡੀਕ, ਮੂਧੀ ਪਈ ਹੁੰਦੀ ਮੈਂ ਕਿ ਉਹ ਪਰਤਦਾ।

'ਮੈਨੂੰ ਮਾਫ਼ ਕਰ ਦੇਹ... ਤੇਰੀਆਂ ਜੁੱਤੀਆਂ ਤੇ ਮੇਰਾ ਸਿਰ... ਮੈਂ ਤੇਰਾ ਦੋਸ਼ੀ... ਸਹੁੰ ਰੱਬ ਦੀ, ਸਹੁੰ ਮਾਂ ਦੀ, ਸਹੁੰ ਬੱਚਿਆਂ ਦੀ...।'

ਸਿਰ ਉਤੇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਚੁੱਕ ਕੇ ਮੁੜ ਕਦੇ ਨਾ ਜਾਣ ਦੀਆਂ ਕਸਮਾਂ ਖਾਂਦਾ। ਮੇਰੀਆਂ ਚੱਪਲਾਂ ਚੁੱਕ ਕੇ ਆਪਣੇ ਸਿਰ 'ਤੇ ਮਾਰਦਾ, ਰੋਂਦਾ ਪਛਤਾਂਦਾ, ਹਾੜੇ ਤਰਲੇ... 'ਇਕ ਵੇਰਾਂ, ਬਸ ਇਕੋ ਵੇਰਾਂ ਮਾਫ਼ ਕਰ ਦੇਹ, ਮੁੜ ਕਦੇ ਨਹੀਂ ਜਾਵਾਂਗਾ ਤੈਨੂੰ ਛੱਡ ਕੇ...। ਤੇ ਫਿਰ ਸਹਿਜ ਸੁਭਾਅ ਹੀ ਮੇਰੇ ਹੰਝੂ-ਭਿੱਜੇ ਹੋਠ ਫਰਕ ਉਠਦੇ,

... ਜੇ ਕੋਈ ਸੁਹਣਾ/ਮੋਮੋਠਗਣਾ
ਆਪਹੁਦਰੀਆਂ/ਭੁੱਲਾਂ ਕਰ ਕੇ
ਲੀਕਾਂ ਕੱਢੇ/ਮੱਥੇ ਰਗੜੇ
... ... ...
ਆਖੇ ਈਹੋ ਵਾਰ
ਕੌਣ ਕਰੇ ਇਤਬਾਰ

---

ਨਵਜੰਮੇ ਸੰਨੀ ਪੁੱਤਰ ਦਾ ਚਿਹਰਾ ਸੁੰਦਰ ਨਹੀਂ ਸੀ। ਪੀਲਾ ਭੂਕ, ਸੁੱਜਿਆ ਹੋਇਆ ਤੇ ਸਿਰ ਫਾੜੀਓ-ਫਾੜੀ, ਇਕ ਇਕ ਹੱਡੀ ਵੱਖ ਦਿਸਦੀ। ਮਸਾਂ ਚਾਰ ਪੌਂਡ ਵਜ਼ਨ ਅਤੇ ਫਾਰਸੈਪ ਡਿਲਿਵਰੀ।

'ਹਾਇ ਮਾਂ ਜੀ, ਹੇ ਤੈ ਭੋਰਾ ਨਹੀਂ ਸੁਹਣਾ। ਪਤਾ ਨਹੀਂ ਜੀਤ ਇਸ ਕੀ ਪਿਆਰ ਵੀ ਕਰਸੀ ਕਿ ਨਾ...।'

ਡਰ ਨਾਲ ਸਹਿਮ ਗਈ ਸਾਂ ਮੈਂ ਪਰ ਪੈਰ ਸੰਨੀ ਦੇ ਬਹੁਤ ਸੁਹਣੇ ਸਨ।

ਪੰਖੜੀਆਂ ਗੁਲਾਬ ਦੀਆਂ
ਟੁਕੜੀਆਂ ਚੰਨ ਦੀਆਂ

ਮੇਰੀ ਮਮਤਾ ਸੰਨੀ ਦੇ ਪੈਰ ਵੇਖ ਕੇ ਹੀ ਜਾਗੀ ਸੀ, ਮੁੱਖ ਤੱਕ ਕੇ ਨਹੀਂ।

ਉਸ ਰੁੰਡ-ਮਰੁੰਡ/ਬੇਰੀ ਦੀ ਕੰਨੀਏ
ਇਕ ਚਿੜੀ ਚਹਿਕੀ/ਇਕ ਕੋਂਪਲ ਫੁੱਟੀ
ਉਸ ਜਿੰਦ ਨਿਸੱਤੀ/ਦੀ ਕੁੱਖੜੀ ਫੁੱਟੀ
ਇਕ ਨੂਰ ਦੀ ਖਿੱਟੀ/ਇਕ ਤੇਜ ਦੀ ਫੁੱਟੀ
... ... ...
ਇਕ ਨੇ ਅੱਖ ਪੁੱਟੀ/ਇਕ ਨਿਸੱਲ ਸੁੱਤੀ।

...ਤੇ ਮੇਰੇ ਹੋਠ ਉਨ੍ਹਾਂ ਬਾਲ ਚਰਨਾਂ ਨਾਲ ਜਿਹੇ ਜੁੜੇ ਕਿ ਰੂਹ ਫਿਰ ਅਲਾਪ ਕਰ ਉਠੀ,

ਚਰਨ ਤੇਰੇ ਸੁੱਚੇ/ਹੋਠ ਮੇਰੇ ਜੂਠੇ...

ਮਾਲਿਸ਼ ਕਰਦਿਆਂ, ਨਹਿਲਾਉਂਦਿਆਂ, ਖਿਡਾਉਂਦਿਆਂ ਜਾਂ ਸੁਲਾਉਂਦਿਆਂ ਮੈਂ ਸੰਨੀ ਦੇ ਚੰਨ-ਪੈਰਾਂ ਨੂੰ ਚੁੰਮਦੀ ਨਾ ਥੱਕਦੀ। ਸੰਨੀ ਵੀ ਪੈਰ ਚੁੰਮਾਉਣ ਦਾ ਇੰਨਾ ਆਦੀ ਹੋ ਗਿਆ ਕਿ ਮੰਜੇ ਉਤੇ ਲੇਟਦਿਆਂ ਹੀ ਉਹ ਆਪਣੇ ਪੈਰ ਮੇਰੇ ਹੋਠਾਂ ਉਤੇ ਰੱਖ ਦਿੰਦਾ। ਚੁੰਮਣ-ਲੋਰ ਵਿਚ ਗੜੂੰਦ ਹੋਏ ਦੇ ਨੈਣ ਜਦੋਂ ਨੀਂਦ ਨਾਲ ਬੋਝਲ ਹੋ ਜਾਂਦੇ ਤਾਂ ਹੀ ਉਹ ਸੌਂ ਸਕਦਾ। ਬਿਨਾਂ ਪੈਰ ਚੁੰਮਾਏ ਤਾਂ ਜਿਵੇਂ ਉਸ ਨੂੰ ਨੀਂਦ ਹੀ ਨਾ ਆਉਂਦੀ। ਸੰਨੀ ਦੇ ਪੈਰ ਮੈਂ ਚੁੰਮ ਚੁੰਮ ਵੱਡੇ ਕੀਤੇ ਤੇ ਇਸੇ ਤਰ੍ਹਾਂ ਹੀ ਉਸ ਤੋਂ ਨਿੱਕੜੇ ਦੀਪੀ ਦੇ ਵੀ। ਅੱਜ ਵੀ ਘੂਕ ਸੁੱਤੇ ਪਏ ਜੁਆਨ ਪੁੱਤਰਾਂ ਦੇ ਸੁਡੌਲ ਪੈਰਾਂ ਉਤੇ ਨਜ਼ਰ ਪੈਂਦਿਆਂ ਹੀ ਮੇਰਾ ਮਨ ਚੁੰਮਣ ਲਈ ਅਧੀਰ ਹੋ ਉਠਦਾ ਹੈ ਅਤੇ ਅਚੇਤ ਹੀ ਬੁੱਲ੍ਹ ਫਰਕ ਉਠਦੇ ਹਨ- ਚਰਨ ਤੇਰੇ ਸੁੱਚੇ...।

ਸੋਚਦੀ ਹਾਂ ਕਿ ਆਪਣੇ ਬੱਚਿਆਂ ਦੇ ਅੰਗਾਂ ਵਿਚੋਂ ਸਭ ਤੋਂ ਵੱਧ ਮੈਨੂੰ ਪੈਰ ਹੀ ਕਿਉਂ ਆਕਰਸ਼ਿਤ ਕਰਦੇ ਹਨ। ਇਹ ਕੁਦਰਤ ਦੀ ਦੇਣ ਹੈ ਜਾਂ ਮੇਰੀ ਚੁੰਮਣ ਸਿਰਜਣਾ?

ਪੈਰ!.../ਗੁਰੂ ਨਾਨਕ ਦੇ ਪੈਰ,
ਜੀਤ ਦੇ ਪੈਰ/ਸੰਨੀ ਦੇ ਪੈਰ/ਦੀਪੀ ਦੇ ਪੈਰ
ਕਿਹੜੇ ਰੱਬੀ/ਕਿਹੜੇ ਦੁਨਿਆਵੀ?

ਮੇਰੀ ਹਾਲਤ ਤਾਂ ਭਾਈ ਘਨੱਈਆ ਜੀ ਵਰਗੀ ਹੀ ਰਹੀ ਜਿਨ੍ਹਾਂ ਨੂੰ ਦੁਸ਼ਮਣ ਤੇ ਮਿੱਤਰ ਫੱਟੜਾਂ ਵਿਚ ਕਦੇ ਕੋਈ ਅੰਤਰ ਨਹੀਂ ਸੀ ਲੱਗਿਆ।

ਮੇਰੇ ਪਿਆਰ ਦੀ ਸ਼ਿੱਦਤ ਵਿਚ ਚਰਨ-ਚੁੰਮਣ ਦਾ ਅਹਿਸਾਸ ਇੰਨਾ ਤੀਬਰ ਹੈ ਕਿ ਸਾਜਣ-ਸੱਜਣ, ਮਿੱਤਰ ਸਨੇਹੀ, ਪੰਛੀ-ਜਨੌਰ, ਵਣ-ਤ੍ਰਿਣ, ਸਗਲੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ ਮੈਨੂੰ ਕਿਸੇ ਸਰਬਵਿਆਪੀ ਅਦਿੱਖ ਸੂਰਤ ਦਾ ਮਹਾਨ ਚਰਨ ਪ੍ਰਤੀਤ ਹੁੰਦਾ ਹੈ ਅਤੇ ਮੇਰੀ ਸਮੁੱਚੀ ਹੋਂਦ ਇਕ ਅਨੰਤ ਚੁੰਮਣ ਹੋਣ-ਥੀਣ ਦੀ ਲੋਚਾ!

---

ਅੰਮ੍ਰਿਤਾ ਦਾ ਨਾਂ ਲੈਣਾ ਸਾਡੇ ਇਸ ਘਰ ਵਿਚ ਵਰਜਿਤ ਸੀ।... 'ਲੇਖਕ ਬਦਮਾਸ਼ ਹੁੰਦੇ ਹਨ ਤੇ ਲੇਖਕਾਵਾਂ ਘਟੀਆ। ...ਉਹ ਸਿਗਰਟ ਪੀਂਦੀ ਹੈ, ਇਸ਼ਕੀਆ ਨਜ਼ਮਾ ਲਿਖਦੀ ਹੈ... ਪਤੀ ਨੂੰ ਛੱਡ ਕੇ...' ਆਦਿ ਆਦਿ।

ਇਹੋ ਜਿਹੇ ਕੋਝੇ ਸ਼ਬਦ ਹੀ ਨਿਕਲਦੇ ਸਨ ਜੀਤ ਦੇ ਮੂੰਹੋਂ। ਸੱਚ ਤਾਂ ਇਹ ਹੈ ਕਿ ਉਹ ਅੰਮ੍ਰਿਤਾ ਦੇ ਪੱਜ ਨਾਲ ਮੈਨੂੰ ਦੁਰਕਾਰਦਾ ਸੀ, ਨਹੀਂ ਤਾਂ ਅੰਮ੍ਰਿਤਾ ਨੇ ਉਸ ਦਾ ਕੀ ਵਿਗਾੜਿਆ ਸੀ? ਵੈਰ ਤਾਂ ਉਸ ਦਾ ਸੀ ਮੇਰੇ ਅੰਦਰ ਦੀ ਹਸਾਸ ਔਰਤ ਨਾਲ ਜਿਸ ਦੇ ਸਿਰੜ ਤੋਂ ਉਸ ਨੂੰ ਭੈਅ ਲੱਗਦਾ ਸੀ। ਆਪਣੇ ਮਾਨਸਿਕ ਰੋਗ ਦੇ ਉਲਾਰ ਅਤੇ ਜਬਰ ਕਾਰਨ ਸ਼ਾਇਦ ਉਸ ਨੂੰ ਮੇਰੇ ਸਬਰ ਦੇ ਪਿਆਲੇ ਦੇ ਛਲਕ ਜਾਣ ਦਾ ਹਮੇਸ਼ਾ ਤੌਖਲਾ ਰਹਿੰਦਾ ਸੀ।

ਮੇਰੇ ਲਈ ਸਿਰਫ਼ ਪੰਜਾਬੀ ਦੀ ਕਿਤਾਬ ਹੀ ਪੜ੍ਹਨ ਦੀ ਮਨਾਹੀ ਨਹੀਂ ਸੀ, ਸਗੋਂ ਬੱਚਿਆਂ ਨਾਲ ਪੰਜਾਬੀ ਵਿਚ ਗੱਲ ਕਰਨੀ ਵੀ ਜੀਤ ਨੂੰ ਅੱਖਰਦੀ ਸੀ। ਮੇਰੀ ਮਾਂ ਬੋਲੀ ਪੋਠੋਹਾਰੀ ਤਾਂ ਉਸ ਵਾਸਤੇ ਅਸਲੋਂ ਹੀ ਗੰਵਾਰ ਅਤੇ ਉਜੱਡ ਭਾਸ਼ਾ ਸੀ। ਬੇਜੀ ਕਹਿੰਦੇ ਹੁੰਦੇ ਸਨ,

ਜਾਤ ਵਟਾਈ ਚੰਗੀ
ਤੈ ਬੋਲੀ ਵਟਾਈ ਮੰਦੀ।

ਮਜਬੂਰ ਸਾਂ ਮੈਂ। ਬੋਲੀ ਕੀ, ਮੇਰੀ ਤਾਂ ਹੋਂਦ ਹੀ ਵੱਟ ਚੁੱਕੀ ਸੀ, ਅਣਹੋਂਦ ਵਿਚ!

ਕਦੇ ਕਦਾਈਂ ਕਿਸੇ ਵਿਆਹ-ਸ਼ਾਦੀ, ਦਿਨ-ਦਿਹਾੜੇ ਜਾਂ ਗੁਰਪੁਰਬ ਆਦਿ 'ਤੇ ਹੀ ਗੁਰਦੁਆਰੇ ਜਾਈਦਾ ਸੀ। ਮੱਥਾ ਟੇਕਦੀ ਨੂੰ ਪੰਜਾਬੀ ਵਿਚ ਲਿਖਿਆ ਕੋਈ ਇਸ਼ਤਿਹਾਰ ਜਾਂ ਸਿੱਖਿਆ ਸਿਹਰਾ ਪਿਆ ਮਿਲਦਾ ਤਾਂ ਇੱਦਾਂ ਬੋਚਦੀ ਮਾਨੋ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਵਾਰ ਵਾਰ ਪੜ੍ਹਦੀ। ਜੀਤ ਮਸਾਂ ਹੀ ਪੰਜਾਬੀ ਅੱਖਰ ਉਠਾਅ ਸਕਦਾ ਸੀ। ਉਹ ਤਾਂ ਪਾਠ ਵੀ ਫਾਰਸੀ ਲਿੱਪੀ ਵਾਲੇ ਗੁਟਕੇ ਤੋਂ ਕਰਦਾ ਸੀ।

'ਮੈਂ ਤਾਂ ਸੋਚਿਆ ਸੀ ਕਿ ਮੇਰੀ ਬੀਵੀ ਪੰਜਾਬੀ ਦੀ ਐਮ.ਏ. ਪਾਸ ਹੈ। ਇਸ ਨੂੰ ਸਾਰਾ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਯਾਦ ਹੋਣੈਂ, ਪਰ ਇਹ ਤਾਂ ਨਿਰੀ ਨਾਸਤਕ...' ਜਦੋਂ ਜੀਤ ਕਹਿੰਦਾ ਤਾਂ ਮੈਨੂੰ ਆਪਣੀ ਦਾਦੀ ਦੀ ਗੱਲ ਯਾਦ ਆ ਜਾਂਦੀ।...

---

ਉਦੋਂ ਮੈਂ ਐਮ.ਏ. ਵਿਚ ਸਾਂ। ਯੂਨੀਵਰਸਿਟੀਓਂ ਪਰਤ ਕੇ ਰਾਤੀ ਚੌਂਕੇ ਵਿਚ ਰੋਟੀ ਖਾਣ ਬੈਠੀ ਹੀ ਸਾਂ ਕਿ ਪੁੱਛਣ ਲੱਗੇ,

'ਬੱਚੀਏ, ਪਹਿਲੀ ਦੂਜੀ ਜਮਾਤ ਵਿਚ ਤੈ ਗਿਣਤੀ ਪੜ੍ਹਾਨੇ ਨੁ ਨਾ ਤੈ ਅੱਗੈ ਜਾ ਕੈ ਤ੍ਰੀਈ ਚੌਥੀ ਵਿਚ ਪਹਾੜੇ। ਫਿਰ ਜਿੰਝ ਜਿੰਝ ਜਮਾਤਾਂ ਵਧਨੀਆਂ ਜਾਨੀਆਂ ਨ ਤਾਂ ਸਵਾਏ ਡੇਢੇ ਤੈ ਪੌਣਿਆਂ ਨੇ ਪਹਾੜੇ। ਅਠਵੀਂ ਨੌਵੀਂ ਵਿਚ ਤੇਰੇ ਭਰਾਵਾਂ ਬੱਟੇ ਤੈ ਤਜਾਰਤਾਂ ਸਿੱਖੀਆਂ। ਹਿੱਥੈ ਤੱਕ ਤੈ ਮੈਨ ਉਨ੍ਹਾਂ ਸਭ ਕੁਝ ਸਮਝਾਇਆ ਤੈ ਦੱਸਿਆ ਵੈ ਪਰ ਤੂੰ ਤੈ ਸੋਲ੍ਹਵੀਂ ਜਮਾਤ ਵਿਚ ਏਂ। ਹੈਡੀ ਵੱਡੀ ਜਮਾਤ! ਤੇਰੀ ਗਿਣਤੀ ਤਾਂ ਬਹੂੰ ਬਰੀਕੀ ਤੱਕ ਵੱਧ ਗਈ ਹੋਸੀ। ਤੂੰ ਤਾਰੇ ਗਿਣਨੀ ਏਂ ਕਿ ਰੇਤੂ ਨੇ ਕਿਣਕੇ...?'

ਬੇਜੀ ਹਰ ਨਵੀਂ ਗੱਲ ਜਾਣਨ ਲਈ ਉਤਸੁਕ ਰਹਿੰਦੇ ਸਨ। ਖਾਣਾ ਪਰੋਸਦਿਆਂ ਅਕਸਰ ਗੱਲਾਂ ਲਾ ਲੈਂਦੇ। ਇਕ ਦਿਨ ਮੈਂ ਬੇਜੀ ਨੂੰ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਲੋਕ-ਧਾਰਾ ਅਨੁਸਾਰ ਪ੍ਰਚਲਿਤ ਛੰਦਾਂ ਵਿਚ ਹੀ ਜਪੁਜੀ ਸਾਹਿਬ ਦੀ ਰਚਨਾ ਕੀਤੀ। ਜਿਵੇਂ,

ਥਾਲ ਪਾਵਾਂ ਥਾਲ ਪਾਵਾਂ
ਗੱਲ ਵੀਰੇ ਦੇ ਹਾਰ ਪਾਵਾਂ
ਦੀ ਧਾਰਨਾ ਉਤੇ ਮਾਨੋ:
ਸੁਣੀਐ ਸਿਧ ਪੀਰ ਸੁਰਨਾਥ
ਸੁਣੀਐ ਧਰਤ ਧਵਲ ਆਕਾਸ

'... ਦੁਰ ਫਿੱਟੇ ਮੂੰਹ, ਪਾਠੈ ਨੀ ਬੇਅਦਬੀ ਕਰਨੀ ਏਂ... ਤੈਨ ਤੈ ਘੋਰ ਪਾਪ ਲਗਸੀ...।'

ਬੇਜੀ ਗਰਜੇ ਸਨ ਤੇ ਹੁਣ ਜੀਤ ਵੀ ਇਸੇ ਤਰ੍ਹਾਂ ਗੁੱਸਾ ਕਰਦਾ।

'ਮੈਂ ਤੇ ਸੋਚਿਆ ਸੀ ਪੰਜਾਬੀ ਦੀ ਐਮ.ਏ. ਪਾਸ ਹੈ, ਗੁਰਸਿੱਖ ਹੋਵੇਗੀ ਪਰ ਇਹ ਤਾਂ ਆਪਣੇ ਨਾਲ ਮੈਨੂੰ ਵੀ ਨਰਕਾਂ ਵਿਚ ਲੈ ਜਾਏਗੀ।'

ਭੂਤ-ਪ੍ਰੇਤਾਂ ਅਤੇ ਵਹਿਮਾਂ-ਭਰਮਾਂ ਨੂੰ ਨਾ ਮੰਨਣ ਅਤੇ ਤਰਕ ਨਾਲ ਕੀੜ ਨਗਰ ਵਰਗੀਆਂ ਸਾਖੀਆਂ ਨੂੰ ਮਿਥਿਹਾਸਕ ਆਖ ਕੇ ਪ੍ਰਚਲਿਤ ਧਾਰਨਾਵਾਂ ਦਾ ਦਲੀਲਾਂ ਨਾਲ ਖੰਡਨ ਕਰਨ ਵਾਲੀ ਪਤਨੀ ਜੀਤ ਨੂੰ ਨਾਸਤਕ ਜਾਪਦੀ ਸੀ।

(ਬਾਕੀ ਅਗਲੇ ਅੰਕ 'ਚ)

# ਤੂੰਬੀ, ਯਮਲਾ ਤੇ ਤੱਖਰ ਦਾ ਲੇਖ

(ਸਫਾ 14 ਦੀ ਬਾਕੀ)

ਆਦਮੀ ਦੇ ਮੂੰਹ ਦਾ ਸਵਾਦ ਬਿਮਾਰੀ ਕਰ ਕੇ ਕੌੜਾ, ਫਿੱਕਾ ਅਤੇ ਬੇਸਵਾਦ ਹੋ ਜਾਂਦਾ ਹੈ; ਇਸ ਲਈ ਉਸ ਨੂੰ ਸਵਾਦੀ ਤੋਂ ਸਵਾਦੀ ਪਕਵਾਨ ਵੀ ਕੌੜਾ ਹੀ ਲੱਗੇਗਾ। ਹੁਣ ਜੇ ਬਿਮਾਰ ਆਦਮੀ ਇਹ ਕਹੀ ਜਾਵੇ ਕਿ ਪਕਵਾਨ ਸਵਾਦੀ ਨਹੀਂ ਸਗੋਂ ਕੌੜੇ ਹਨ, ਤਾਂ ਇਹ ਪਕਵਾਨਾਂ ਦਾ ਦੋਸ਼ ਨਹੀਂ ਹੈ। ਤੱਖਰ ਸਾਹਿਬ ਦੀ ਵੀ ਇਹੀ ਸਮੱਸਿਆ ਲੱਗਦੀ ਹੈ।

ਯਮਲਾ ਸਾਹਿਬ ਨੂੰ ਦੇਸ਼-ਵਿਦੇਸ਼ ਵਿਚ ਸਭਾ-ਸੁਸਾਇਟੀਆਂ ਵੱਲੋਂ ਮਾਣ-ਸਨਮਾਨ ਮਿਲਣ ਤੋਂ ਇਲਾਵਾ ਦਿੱਲੀ ਦੀ ਕੌਮੀ ਪੱਧਰ ਦੀ ਸੰਗੀਤ ਕਲਾ ਅਕੈਡਮੀ ਵੱਲੋਂ ਵੀ ਵੱਕਾਰੀ ਐਵਾਰਡ ਮਿਲ ਚੁੱਕਾ ਹੈ। ਸਰਕਾਰੀ ਸਕੂਲਾਂ ਦੀ ਪੰਜਾਬੀ ਪਾਠ-ਪੁਸਤਕ ਵਿਚ ਉਨ੍ਹਾਂ ਦੇ ਜੀਵਨ ਅਤੇ ਗਾਇਨ ਕਲਾ ਉਪਰ ਪਾਠ ਸ਼ਾਮਿਲ ਹੈ। ਆਪਣੇ ਸਮਿਆਂ ਵਿਚ ਯਮਲੇ ਜੱਟ ਦਾ ਸਿੱਕਾ ਰੇਡੀਓ, ਟੈਲੀਵਿਜ਼ਨ ਅਤੇ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ.ਐਮ.ਟੀ. ਵਿਚ ਵੀ ਚੱਲਦਾ ਸੀ। ਲੰਮਾ ਸਮਾਂ ਉਨ੍ਹਾਂ ਪੰਜਾਬ ਦੇ ਵੱਡੇ-ਛੋਟੇ ਮੇਲਿਆਂ ਅਤੇ ਅਖਾੜਿਆਂ ਰਾਹੀਂ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕੀਤਾ। ਜਿਹੜੇ ਗੀਤ ਉਨ੍ਹਾਂ ਸਿੱਖ ਗੁਰੂਆਂ ਦੀ ਮਹਿਮਾ ਵਿਚ ਗਾਏ, ਉਨ੍ਹਾਂ ਦਾ ਕੋਈ ਮੁਕਾਬਲਾ ਹੀ ਨਹੀਂ। ਨਿਰੋਲ ਆਪਣੀ ਕਲਾ ਜ਼ਰੀਏ ਲੋਕ ਗਾਇਕ ਦਾ ਰੁਤਬਾ ਪ੍ਰਾਪਤ ਕਰਨ ਵਾਲੇ ਕਲਾਕਾਰ ਨੂੰ ਇੱਦਾਂ ਭੰਡਣਾ ਜਾਇਜ਼ ਨਹੀਂ। ਨਾਲੇ ਉਨ੍ਹਾਂ ਨੂੰ ਮਾਣ-ਸਨਮਾਨ ਦੇਣ ਵਾਲੇ ਕੀ ਸਾਰੇ ਹੀ ਬੰਦੇ ਕਲਾ ਤੋਂ ਕੋਰੇ ਸਨ/ਹਨ? ਜੇ ਯਮਲਾ, ਮੁਹੰਮਦ ਰਫੀ ਦੇ ਅਖਾੜੇ ਦੀ ਸਾਰੀ ਭੀੜ ਆਪਣੇ ਅਖਾੜੇ ਵੱਲ ਖਿੱਚ ਸਕਦਾ ਹੈ ਅਤੇ ਅੱਜ ਵੀ ਜੇ ਅਮਰੀਕਾ, ਇੰਗਲੈਂਡ, ਕੈਨੇਡਾ ਵਿਚ ਉਹਦੇ ਨਾਂ 'ਤੇ ਮੇਲੇ ਲੱਗਦੇ ਹਨ, ਫਿਰ ਕੁਝ ਨਾ ਕੁਝ ਤਾਂ ਉਹਦੀ ਕਲਾ ਵਿਚ ਹੋਵੇਗਾ ਹੀ।

ਤੱਖਰ ਸਾਹਿਬ ਨੇ ਅਗਲਾ ਨੁਕਤਾ ਸੰਗੀਤ ਦੀ ਰੂਹ 'ਅਲਾਪ' ਬਾਰੇ ਲਿਖਿਆ ਹੈ ਕਿ ਤੂੰਬੀ ਵਾਲੇ ਅਲਾਪ ਨਹੀਂ ਲਾਉਂਦੇ ਜਾਂ ਲਾ ਨਹੀਂ ਸਕਦੇ। ਮੈਂ ਸਾਰੇ ਤੂੰਬੀ ਵਾਲਿਆਂ ਦੀ ਗੱਲ ਨਹੀਂ ਕਰਦਾ ਪਰ ਯਮਲਾ ਸਾਹਿਬ ਆਪਣੇ ਹਰ ਗੀਤ ਦੇ ਅਰੰਭ ਵਿਚ ਵੀ ਅਤੇ ਦਰਮਿਆਨ ਵਿਚ ਵੀ ਅਲਾਪ ਲਾਉਂਦੇ ਹਨ। ਯਮਲਾ ਸਾਹਿਬ ਦਾ ਇਕ ਸ਼ਾਗਿਰਦ ਹੋਇਆ ਹੈ ਅਮਰਜੀਤ ਗੁਰਦਾਸਪੁਰੀ ਜਿਹੜਾ ਹੈ ਤਾਂ ਤੂੰਬੀ ਗਾਇਕ ਸੀ ਪਰ ਉਹ ਆਪਣੇ ਸਮਿਆਂ ਵਿਚ ਆਪਣੇ ਕਮਾਲ ਦੇ ਅਲਾਪ ਕਰ ਕੇ ਮਸ਼ਹੂਰ ਸੀ। ਉਹਦੇ ਵਰਗਾ ਅਲਾਪ ਅੱਜ ਤੱਕ ਪੰਜਾਬੀ ਗਾਇਨ ਜਗਤ ਵਿਚ ਕੋਈ ਨਹੀਂ ਲਾ ਸਕਿਆ।

ਲੋਕ ਗਾਇਨ ਅਤੇ ਪੱਕੇ ਰਾਗਾਂ ਦੇ ਅਲਾਪ ਵਿਚ ਫਰਕ ਹੁੰਦਾ ਹੈ। ਮੇਰੇ ਇਲਾਕੇ ਵਿਚ ਦਸਵੇਂ ਗੁਰੂ ਜੀ ਦੇ ਪੁਰਬ ਦਾ ਸਮਾਗਮ ਸੀ। ਉਥੇ ਸਭ ਵੰਨਗੀਆਂ ਦੇ ਰਾਗੀ ਪਹੁੰਚੇ ਹੋਏ ਸਨ। ਸਟੇਜ ਉਪਰ ਪੱਕੇ ਰਾਗ ਵਾਲੇ ਰਾਗੀ ਦੁਆਰਾ ਲਾਇਆ ਅਲਾਪ ਸੁਣ ਕੇ ਕੋਈ ਪੇਂਡੂ ਜੱਟ ਆਖਦਾ ਸੀ, 'ਯਾਰ ਸਾਡੇ ਕੱਟੇ ਨੇ ਮਰਨ ਤੋਂ ਪਹਿਲਾਂ ਇਸੇ ਤਰ੍ਹਾਂ ਬਹੁਤ ਅੜਾਟ ਪਾਇਆ ਸੀ।' ਹੁਣ ਇਥੇ ਗੱਲ ਫਿਰ ਸਮਝ ਦੀ ਹੀ ਹੈ, ਕੀਤਾ ਕੀ ਜਾਵੇ? ਅੱਗੇ ਚੱਲ ਕੇ ਤੱਖਰ ਸਾਹਿਬ ਨੈਤਕੋਟੀਏ ਦੀਆਂ ਸਿਫ਼ਤਾਂ ਕਰਦੇ ਹਨ ਅਤੇ ਤੂੰਬੀ ਨੂੰ ਪੱਠੇ ਕੁਤਰਨ ਵਾਲੀ ਮਸ਼ੀਨ ਸਮਝਦੇ ਹਨ। ਨੈਤਕੋਟੀਆ, ਮੱਟੀਆਂ (ਅਲਗੋਜ਼ੇ) ਨਾਲ ਗਾਉਂਦਾ ਸੀ। ਅਲਗੋਜ਼ੇ ਵੀ ਤੂੰਬੀ ਵਾਂਗ ਕਾਹਲੀ ਨਾਲ ਹੀ ਵਗਦੇ ਹਨ। ਪੰਜਾਬ ਦੀ ਲੋਕ ਗਾਇਕੀ ਜ਼ਰਾ ਤੇਜ਼-ਤਰਾਰ ਅਤੇ ਜੋਸ਼ੀਲੀ ਜਿਹੀ ਹੈ ਜਿਸ ਕਰ ਕੇ ਇਹ ਦੋਵੇਂ ਸਾਜ਼ ਵੀ ਇਸੇ ਪਿੱਚ 'ਤੇ ਹੀ ਵੱਜਦੇ ਹਨ। ਜੇ ਸ੍ਰੀ ਤੱਖਰ ਬਹੁਤ ਵੱਡੇ ਰਾਗ ਗਿਆਤਾ ਹਨ ਤਾਂ ਫਿਰ ਦੱਸ ਦੇਣ ਕਿ ਨੈਤਕੋਟੀਆ ਕਿਹੜੇ ਰਾਗਾਂ ਵਿਚ ਗਾਉਂਦਾ ਸੀ? ਆਪਣੇ ਲੇਖ ਵਿਚ ਬਹੁਤੀ ਥਾਂਈਂ ਸ੍ਰੀ ਤੱਖਰ ਆਪਾ-ਵਿਰੋਧੀ ਵੀ ਹਨ, ਜਿਵੇਂ ਉਹ ਕਿਸੇ ਤੂੰਬੀ ਗਾਇਕ ਦਾ ਸਿਆਪਾ ਕਰਨ ਵਾਲੀਆਂ ਬੀਬੀਆਂ ਨੂੰ ਇਹ ਸਿੱਖਿਆ ਦਿੰਦੇ ਹਨ ਕਿ ਜਾਂ ਤਾਂ ਇਨ੍ਹਾਂ ਲੋਕਾਂ ਨੂੰ ਕੋਸਣਾ ਛੱਡ ਦੇਵੋ, ਜਾਂ ਫਿਰ ਇਨ੍ਹਾਂ ਨੂੰ ਸੁਣਨਾ ਛੱਡ ਦੇਵੋ; ਪਰ ਆਪ ਉਹ ਆਪਣੇ ਇਸ ਸਿਧਾਂਤ 'ਤੇ ਅਮਲ ਨਹੀਂ ਕਰਦੇ। ਉਨ੍ਹਾਂ ਆਪ ਤੂੰਬੀ ਵਾਲਿਆਂ ਨੂੰ ਸੁਣਨਾ ਤਾਂ ਛੱਡ ਦਿੱਤਾ ਹੈ ਪਰ ਕੋਸਣਾ ਨਹੀਂ ਛੱਡ ਰਹੇ।

ਤੱਖਰ ਸਾਹਿਬ ਹਾਰਮੋਨੀਅਮ ਦੀ ਜ਼ੋਰਦਾਰ ਵਕਾਲਤ ਕਰਦੇ ਹਨ। ਇਹ ਭਾਰਤੀ ਸੰਗੀਤ ਪਰੰਪਰਾ ਦਾ ਸਾਜ਼ ਨਹੀਂ। ਇਹ ਪੱਛਮੀ ਸਾਜ਼ ਹੈ। ਹਾਰਮੋਨੀਅਮ ਲਫ਼ਜ਼ ਵੀ ਅੰਗਰੇਜ਼ੀ ਦਾ ਹੈ ਅਤੇ ਇਸ ਨੂੰ ਅੰਗਰੇਜ਼ ਹੀ ਭਾਰਤ ਵਿਚ ਲਿਆਏ ਸਨ। ਹਾਰਮੋਨੀਅਮ ਤੋਂ ਪਹਿਲਾਂ ਤਾਰਾਂ ਵਾਲੇ ਸਾਜ਼ਾਂ ਨਾਲ ਹੀ ਗਾਇਆ ਜਾਂਦਾ ਸੀ। ਗੁਰਬਾਣੀ ਕੀਰਤਨ ਵੀ ਤਾਰਾਂ ਵਾਲੇ ਸਾਜ਼ਾਂ ਨਾਲ ਹੀ ਹੁੰਦਾ ਸੀ। ਗੁਰੂ ਸਾਹਿਬਾਨ ਵੀ ਬਾਣੀ ਗਾਇਨ ਤੰਤੀ ਸਾਜ਼ਾਂ ਨਾਲ ਹੀ ਕਰਦੇ ਸਨ। ਸ੍ਰੀ ਤੱਖਰ ਨੂੰ ਵੀ ਸ਼ਾਇਦ ਜਾਣਕਾਰੀ ਹੋਵੇ ਕਿ ਅੱਜ ਕੱਲ੍ਹ ਤੂੰਬੀਆਂ ਵਾਲੇ ਵੀ ਹਾਰਮੋਨੀਅਮ ਨਾਲ ਹੀ ਆਪਣੀ ਤੂੰਬੀ ਸੁਰ ਕਰ ਕੇ ਗਾਉਂਦੇ ਹਨ। ਯਮਲਾ ਸਾਹਿਬ ਦੱਸਦੇ ਸਨ ਕਿ ਇਕ ਵਾਰ ਉਨ੍ਹਾਂ ਨੂੰ ਪਟਨਾ ਸਾਹਿਬ ਦੀ ਸੰਗਤ ਨੇ ਦਸਵੇਂ ਪਾਤਸ਼ਾਹ ਦੇ ਪੁਰਬ 'ਤੇ ਆਪਣਾ ਕਲਾਮ ਪੇਸ਼ ਕਰਨ ਲਈ ਸੱਦਿਆ। ਜਦੋਂ ਉਹ ਤੂੰਬੀ ਸੁਰ ਕਰ ਰਹੇ ਸਨ ਤਾਂ ਪ੍ਰਬੰਧਕਾਂ ਨੇ ਰੋਕ ਦਿੱਤਾ। ਯਮਲਾ ਜੀ ਨੇ ਬੇਨਤੀ ਕੀਤੀ ਕਿ ਤੂੰਬੀ ਵਿਚ ਕੀ ਦੋਸ਼ ਏ? ਜੇ ਤੂੰਬੀ ਅਤੇ ਗਾਇਨ ਵਿਚ ਇਕਸੁਰਤਾ ਨਾ ਹੋਈ, ਤਾਂ ਉਹ ਉਥੇ ਹੀ ਬੋਲਣਾ ਬੰਦ ਕਰ ਦੇਣਗੇ। ਤੱਖਰ ਸਾਹਿਬ ਨੂੰ ਬੇਨਤੀ ਹੈ ਕਿ ਉਹ ਆਪਣੇ ਮਿੱਤਰ ਮੀਸ਼ੇ ਅਤੇ ਫਿਰ ਬੀਬੀ ਆਸ਼ਾ ਕੋਲੋਂ ਝਾੜ-ਝੰਬ ਕਰਵਾ ਬੈਠੇ ਹਨ; ਹੁਣ ਛੱਡੋ ਪਰ੍ਹਾਂ! ਤੂੰਬੀ ਨਾਲ ਐਵੇਂ ਇੰਨੀ ਨਫ਼ਰਤ ਨਾ ਪਾਲੋ।

# ਤੂੰਬੀ ਦੀਆਂ ਤੰਦਾਂ

ਪੰਜਾਬ ਟਾਈਮਜ਼ ਦੇ 16 ਅਗਸਤ ਦੇ ਅੰਕ ਵਿਚ 'ਤੂੰਬੀ, ਸੁਰ ਤੇ ਸੰਗੀਤ' ਦੇ ਲਿਖਾਰੀ ਕੁਲਦੀਪ ਤੱਖਰ ਨੇ ਇਕ ਵਿਛੜੀ ਰੂਹ ਨੂੰ ਖੰਜਰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਸ਼ਾਇਦ ਕੁਲਦੀਪ ਮਾਣਕ ਵੀ ਕੁਰਲਾ ਉਠਿਆ ਹੋਵੇ। ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਨੂੰ ਧੁਰ ਤੱਕ ਪ੍ਰਨਾਏ ਲਾਲ ਚੰਦ ਯਮਲਾ ਜੱਟ ਨੇ ਪੰਜਾਬੀ ਸ਼ਬਦਾਂ ਰਾਹੀਂ ਅਜਿਹੀਆਂ ਕੜੀਆਂ ਜੋੜ-ਜੋੜ ਹੀਰਿਆਂ ਦੇ ਹਾਰ ਬਣਾਏ ਜਿਨ੍ਹਾਂ ਦੀ ਚਮਕ-ਦਮਕ ਅਮਾਵਸ ਦੀ ਰਾਤ ਨੂੰ ਵੀ ਨਿਖਾਰ ਦਿੰਦੀ ਏ।

ਧਰਤੀ ਦੀ ਹਿੱਕ 'ਤੇ ਉਗੇ ਬੂਟੇ ਅਤੇ ਖੇਤ ਵਿਚ ਉਗੀ ਵੇਲ 'ਚ ਯਮਲਾ ਜੱਟ ਨੇ ਪੱਥਰ ਯੁੱਗ ਵਿਚ ਪੈਦਾ ਹੋਈ ਅੱਗ ਦੀ ਯਾਦ ਕਰਵਾਈ। ਪਹਿਲਾਂ ਪੱਥਰ ਦੇ ਪਹੀਏ ਬਣੇ, ਫਿਰ ਲੱਕੜ ਦੇ ਪਹੀਏ ਨਾਲ ਗੱਡੇ ਤੁਰੇ ਅਤੇ ਫਿਰ ਲੋਹੇ ਦੇ ਪਹੀਆਂ ਨਾਲ ਰੇਲਾਂ ਚੱਲੀਆਂ। ਮਨੁੱਖ ਨੇ ਹਰ ਯੁੱਗ ਵਿਚ ਆਪਣੇ-ਆਪਣੇ ਵਰਤਾਰੇ ਨਾਲ ਕੁਦਰਤ ਵੱਲੋਂ ਦਿੱਤੀਆਂ ਨਿਆਮਤਾਂ ਨੂੰ ਵਰਤਿਆ। ਯਮਲੇ ਹੁਰਾਂ ਆਪਣਾ ਹਿੱਸਾ ਪਾਇਆ ਅਤੇ ਨਾਲ ਹੀ ਲੋਕ ਗੀਤਾਂ ਨੂੰ ਬਹੁਤ ਹੀ ਸਾਧਾਰਨ ਸੁਰ ਨਾਲ ਵਿਆਹ ਦਿੱਤਾ। ਅਜਿਹਾ ਚਿਰਜੀਵੀ ਵਿਆਹ ਹੋਇਆ ਜਿਸ ਤੋਂ ਅੱਜ ਪਤਾ ਨਹੀਂ ਕਿੰਨੇ ਘਰਾਂ ਅੰਦਰ ਰੋਟੀਆਂ ਪੱਕ ਰਹੀਆਂ ਹਨ।

ਲੇਖ ਦੇ ਲੇਖਕ ਨੇ ਠੀਕ ਹੀ ਲਿਖਿਆ ਕਿ 'ਯਮਲੇ ਨੂੰ ਕਿਹੜਾ ਰਾਗ ਆਉਂਦਾ ਸੀ?' ... ਹਾਂ! ਯਮਲੇ ਨੂੰ ਹਕੀਕੀ ਸੱਚਾਈ ਦਾ ਰਾਗ ਆਉਂਦਾ ਸੀ। ਉਸ ਨੂੰ ਤਾਂ ਤੱਪੜ ਸਕੂਲ ਵੀ ਨਸੀਬ ਨਹੀਂ ਸੀ ਹੋਇਆ, ਪਰ ਅੱਜ ਦੇ ਪੜ੍ਹੇ-ਲਿਖੇ ਤੇ ਪੀਐਚ.ਡੀ. ਵਾਲਿਆਂ ਨਾਲੋਂ ਉਹ ਬਹੁਤ ਅੱਗੇ ਸੀ। ਮੇਰੇ ਪਿੰਡ ਜਦੋਂ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ' ਸੁਣੀਂਦਾ ਸੀ ਤਾਂ ਆਪ ਮੁਹਾਰੇ ਹੀ ਲਹਿੰਦੇ ਪਾਸੇ ਕਰੀਬ 3 ਮੀਲ ਦੀ ਦੂਰੀ 'ਤੇ ਕਰਤਾਰਪੁਰ ਸਾਹਿਬ ਗੁਰਦੁਆਰੇ (ਪਾਕਿਸਤਾਨ) ਵੱਲ ਨਜ਼ਰ ਘੁੰਮ ਜਾਂਦੀ ਸੀ। ਹਰ ਇਕ ਮਨ ਮਸਤਕ ਅੰਦਰ ਵਾਹਿਗੁਰੂ ਵਾਹਿਗੁਰੂ ਹੋ ਉਠਦਾ ਸੀ। 'ਕਹਿੰਦੇ ਨੇ ਸਿਆਣੇ ਗੱਲਾਂ ਸੱਚੀਆਂ ਜ਼ੁਬਾਨੀ', 'ਜੱਗ ਦਿਆ ਚਾਨਣਾ, ਤੂੰ ਮੁੱਖ ਨਾ ਲੁਕਾ ਵੇ', 'ਜੰਗਲ ਦੇ ਵਿਚ ਖੂਹਾ ਲਵਾ ਦੇ', 'ਮੰਗ ਸਾਂ ਮੈਂ ਤੇਰੀ ਹਾਣੀਆ', 'ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ', 'ਸਤਿਗੁਰ ਨਾਨਕ ਆ ਜਾ, ਸੰਗਤ ਪਈ ਪੁਕਾਰਦੀ'... ਕਦੇ ਇਨ੍ਹਾਂ ਗੀਤਾਂ ਨੂੰ ਕੰਨ ਲਾ ਕੇ ਧੁਰ ਅੰਦਰ ਦੀ ਆਪਣੀ ਸੁਰ ਨਾਲ ਸੁਣੋਗੇ, ਤਾਂ ਇਕ ਅਜਬ ਤੇ ਵਿਲੱਖਣ ਅਵਸਥਾ ਵਿਚ ਚਲੇ ਜਾਉਗੇ। ਪਿਛਲੀ ਅੱਧੀ ਸਦੀ ਤੋਂ ਤੂੰਬੀ ਦੇ ਰਾਗ ਨੇ ਪੰਜਾਬ ਦੇ ਪਿੰਡਾਂ ਵਿਚ ਨਵੀਂ ਰੂਹ ਭਰੀ। ਉਸਤਾਦ ਦੀ ਗੱਲ ਕਰੀਏ ਤਾਂ ਇਕੱਲੇ ਗੁਰਦਾਸਪੁਰ ਜ਼ਿਲ੍ਹੇ ਅੰਦਰ ਕਰੀਬ ਇਕ ਦਰਜਨ ਲੋਕਾਂ ਨੇ ਯਮਲਾ ਜੱਟ ਨੂੰ ਉਸਤਾਦ ਧਾਰਿਆ, ਉਨ੍ਹਾਂ ਤੋਂ ਤੂੰਬੀ ਦਾ ਰਾਗ ਸਿੱਖਿਆ। ਉਨ੍ਹਾਂ ਵਿਚੋਂ ਕੁਝ ਕੁ ਨਾਂ ਹਨ: ਜਗੀਰ ਸਿੰਘ ਤਾਲਬ, ਅਮਰਜੀਤ ਗੁਰਦਾਸਪੁਰੀ, ਚਮਨ ਲਾਲ ਗੁਰਦਾਸਪੁਰੀ, ਮਰਹੂਮ ਹਰਦੇਵ ਖੁਸ਼ਦਿਲ, ਸਵਰਨ ਆਪਣਾ ਅਤੇ ਅਮਰੀਕ ਗਾਜ਼ੀ ਨੰਗਲ।

ਵਾਰੇ ਜਾਈਏ ਅੱਜ ਦੇ 'ਪੰਜਾਬੀ ਮਾਂ ਬੋਲੀ ਦੀ ਸੇਵਾ' ਕਰਨ ਵਾਲੇ ਕਲਾਕਾਰਾਂ ਦੇ ਜੋ ਆਏ ਦਿਨ ਪੰਜਾਬ ਦੇ ਸਭਿਆਚਾਰ ਨੂੰ ਮੰਡੀ ਵਿਚ ਵੇਸਵਾ ਦੀ ਤਰ੍ਹਾਂ ਨੰਗਾ ਕਰ ਰਹੇ ਹਨ ਅਤੇ ਸਾਨੂੰ ਆਲਮ ਲੁਹਾਰ, ਯਮਲਾ ਜੱਟ ਬੇਸੁਰੇ, ਬੇਤਾਲੇ ਅਤੇ ਉਜੱਡ ਲੱਗ ਰਹੇ ਹਨ। ਯਾਦ ਰੱਖੋ, ਹੀਰੇ ਹਮੇਸ਼ਾ ਆਮ ਲੋਕਾਂ ਵਿਚੋਂ ਹੀ ਪੈਦਾ ਹੁੰਦੇ ਹਨ ਤੇ ਉਨ੍ਹਾਂ ਵਿਚੋਂ ਯਮਲਾ ਜੱਟ ਅਤੇ ਆਲਮ ਲੁਹਾਰ ਸਦਾ ਜਿਉਂਦੇ ਰਹਿਣਗੇ।

-ਧਰਮ ਸਿੰਘ ਗੋਰਾਇਆ, ਫੋਨ: 301-653-7029

## ਕਹਾਣੀ

# ਬੁੱਢਾ ਬੋਹੜ

**ਇੰਗਲੈਂਡ ਵੱਸਦੀ ਲੇਖਕਾ ਨੁਜ਼ਹਤ ਅੱਬਾਸ ਦੀ ਇਹ ਕਹਾਣੀ ਇਕੋ ਵੇਲੇ ਦਿਲ ਨੂੰ ਉਦਾਸ ਵੀ ਕਰਦੀ ਹੈ ਅਤੇ ਦਿਲਾਸਾ ਵੀ ਦਿੰਦੀ ਹੈ। ਉਦਾਸੀ ਬਜ਼ੁਰਗ ਦੇ ਮੌਤ ਵੱਲ ਜਾਂਦੇ ਕਦਮਾਂ ਦੀ ਆਹਟ ਦੀ ਹੈ ਅਤੇ ਦਿਲਾਸਾ ਉਸ ਸਹਿਜ ਕਿਰਤ ਦਾ ਹੈ ਜੋ ਇਸ ਕਹਾਣੀ ਵਿਚ ਲੇਖਕਾ ਨੇ ਥਾਂ-ਥਾਂ ਭਰ ਦਿੱਤਾ ਹੈ। ਇਹ ਕਹਾਣੀ ਅਸਲ ਵਿਚ ਸਾਂਝ ਦੀ ਬਾਤ ਬਹੁਤ ਸਾਦਗੀ ਅਤੇ ਸਿਦਕ ਨਾਲ ਸੁਣਾਉਂਦੀ ਹੈ। -ਸੰਪਾਦਕ**

**ਨੁਜ਼ਹਤ ਅੱਬਾਸ**

ਅੱਜ ਜੈਨ ਨਾਲ ਬੜੇ ਦਿਨਾਂ ਪਿੱਛੋਂ ਮੇਲ ਹੋਇਆ। ਉਹ ਆਪਣੇ ਖਾਵੰਦ ਸਾਇਮਨ ਨੂੰ ਕਿਧਰੇ ਬਾਹਰ ਤਾਜ਼ਾ ਹਵਾ ਲਈ ਸੈਰ ਵਾਸਤੇ ਲੈ ਕੇ ਚੱਲੀ ਸੀ। ਮੈਂ ਸਾਇਮਨ ਨੂੰ ਵੇਖ ਕੇ ਹੈਰਾਨ ਰਹਿ ਗਈ। ਕੁਝ ਵਰ੍ਹੇ ਪਹਿਲਾਂ ਉਹ ਭਲਾ ਚੰਗਾ ਤਕੜਾ ਹੱਸਦਾ ਬੋਲਦਾ ਤੇ ਜਵਾਨ ਦਿਸਦਾ ਸੀ ਪਰ ਪਿਛਲੇ ਵਰ੍ਹੇ ਤੋਂ ਬਿਮਾਰੀ ਨੇ ਉਹਨੂੰ ਘੁਣ ਵਾਂਗ ਖਾ ਲਿਆ। ਸਾਹ ਦੀ ਬਿਮਾਰੀ ਤੇ ਫੇਫੜਿਆਂ ਦੇ ਰੋਗ ਨੇ ਉਹਨੂੰ ਹਰ ਵੇਲੇ ਆਕਸੀਜਨ ਦਾ ਸਿਲੰਡਰ ਲਾਈ ਰੱਖਣ ਅਤੇ ਚੁੱਕੀ ਫਿਰਨ 'ਤੇ ਮਜਬੂਰ ਕਰ ਦਿੱਤਾ ਏ। ਜੈਨ ਤੇ ਸਾਇਮਨ ਸਾਡੇ ਬੜੇ ਚੰਗੇ ਗੁਆਂਢੀ ਨੇ। ਅਸੀਂ ਜਦੋਂ ਵੀ ਕਦੇ ਦੂਜੇ ਸ਼ਹਿਰ ਜਾਣਾ ਹੁੰਦਾ ਏ, ਸਾਡੇ ਘਰ ਦੀ ਚਾਬੀ ਇਨ੍ਹਾਂ ਕੋਲ ਹੁੰਦੀ ਏ। ਜੈਨ ਸਾਡੇ ਘਰ ਦਾ ਧਿਆਨ ਵੀ ਰੱਖਦੀ ਏ, ਤੇ ਬਿੱਲੀ ਨੂੰ ਟੁੱਕਰ ਵੀ ਪਾਉਂਦੀ ਏ। ਜੈਨ ਹਮੇਸ਼ਾ ਹੱਸਦੀ ਰਹਿੰਦੀ ਏ ਪਰ ਅੱਜ ਉਹ ਮੇਰੇ ਕੋਲੋਂ ਅੱਖੀਆਂ ਪਿੱਛੇ ਲੁਕੇ ਹੰਝੂ ਲੁਕੋ ਨਾ ਸਕੀ ਤੇ ਆਖਣ ਲੱਗੀ, "ਇਸ ਐਤਵਾਰ ਸਾਡੇ ਵਿਆਹ ਦੀ 46ਵੀਂ ਸਾਲ-ਗਿਰ੍ਹਾ ਏ। ਤੂੰ ਦੁਆ ਕਰੀਂ ਕਿ ਸਾਇਮਨ ਦੀ ਹਾਲਤ ਸੰਭਲੀ ਰਹੇ। ਦਿਲ ਤਾਂ ਸੀ ਕਿ ਅਸੀਂ 50ਵੀਂ ਸਾਲ-ਗਿਰ੍ਹਾ ਇਕੱਠੇ ਮਨਾਉਂਦੇ ਪਰ ਡਾਕਟਰ ਆਖਦੇ ਨੇ ਇਹਦੀ ਹਯਾਤੀ ਦੇ ਦਿਨ ਥੋੜ੍ਹੇ ਨੇ।"

ਇਹ ਸੁਣ ਕੇ ਮੇਰੇ ਦਿਲ ਨੂੰ ਹੌਲ ਪੈ ਗਿਆ, ਤੇ ਜੈਨ ਦੇ ਹੰਝੂ ਮੈਂ ਆਪਣੇ ਹੱਥੀਂ ਪੂੰਝੇ ਪਰ ਮੂੰਹ ਤੋਂ ਮੈਂ ਇਕ ਬੋਲ ਵੀ ਨਾ ਕਹਿ ਸਕੀ।

ਜੈਨ ਹੱਸਦੀ ਆਖਣ ਲੱਗੀ, "ਤੂੰ ਕੀਹਦੇ-ਕੀਹਦੇ ਹੰਝੂ ਪੂੰਝੇਂਗੀ। ਅੱਜ ਕੱਲ੍ਹ ਸੈਲੀ ਦੀਆਂ ਅੱਖੀਆਂ ਇਕਲਾਪੇ ਦੇ ਡਰ ਨਾਲ ਭਿੱਜੀਆਂ ਰਹਿੰਦੀਆਂ ਨੀਂ, ਤੈਨੂੰ ਖ਼ੌਰੇ ਪਤਾ ਨਹੀਂ ਕਿ ਪੀਟਰ ਮੁੜ ਤੋਂ ਹਸਪਤਾਲ ਦਾਖ਼ਲ ਏ। ਐਸ ਵਾਰੀ ਉਹਦਾ ਹਾਲ ਮੰਦਾ ਈ ਲਗਦਾ ਏ।"

ਪੀਟਰ ਤੇ ਸੈਲੀ ਦੇ ਘਰ ਦੀ ਤੇ ਸਾਡੇ ਘਰ ਦੀ ਕੰਧ ਸਾਂਝੀ ਏ। ਪੀਟਰ 85 ਵਰ੍ਹਿਆਂ ਦਾ ਬੁੱਢਾ ਅੰਗਰੇਜ਼ ਏ, ਤੇ ਕੁਝ ਵਰ੍ਹਿਆਂ ਤੋਂ ਕੈਂਸਰ ਦਾ ਮਰੀਜ਼ ਏ। ਇਹ ਬੜੇ ਦੁੱਖ ਦੀ ਗੱਲ ਏ ਕਿ ਸਾਡੇ ਇਹ ਦੋਵੇਂ ਅੰਗਰੇਜ਼ ਗੁਆਂਢੀ ਇਕੋ ਹਾਲਾਤ ਦਾ ਸ਼ਿਕਾਰ ਨੇ। ਇਨ੍ਹਾਂ ਬਜ਼ੁਰਗ ਜੋੜਿਆਂ ਦੀ ਹਯਾਤੀ ਐਸੇ ਦੋਰਾਹੇ 'ਤੇ ਆਣ ਖੜ੍ਹੀ ਹੋਈ ਏ ਕਿ ਹਯਾਤੀ ਦੀ ਆਸ ਟੁੱਟਦੀ ਤੇ ਮੁੱਕਦੀ ਵੇਖੀ ਨਹੀਂ ਜਾਂਦੀ।

ਜੈਨ ਤੇ ਸੈਲੀ ਜਾਣਦੀਆਂ ਨੇ ਕਿ ਇਸ ਸੱਚੇ ਸਫ਼ਰ 'ਤੇ ਸਭ ਨੇ ਇਕ ਦਿਨ ਜਾਣਾ ਐ, ਪਰ ਉਮਰ ਭਰ ਦੇ ਸਾਥ ਤੋਂ ਇਕਲਾਪੇ ਦਾ ਡਰ ਇਨ੍ਹਾਂ ਨੂੰ ਅੰਦਰੋ-ਅੰਦਰੀ ਖਾਈ ਜਾਂਦਾ ਏ।

ਸੱਤ ਵਰ੍ਹੇ ਪਹਿਲੇ ਜਦੋਂ ਅਸੀਂ ਇਹ ਘਰ ਲਿਆ, ਉਦੋਂ ਮੇਰੇ ਬੈਡਰੂਮ ਦੀ ਬਾਰੀ ਵਿਚੋਂ ਪੀਟਰ ਨਾਲ ਸਲਾਮ ਦੁਆ ਹੋਈ ਸੀ। ਉਹ ਅਕਸਰ ਆਪਣੇ ਬਾਗ਼ ਦੇ ਫੁੱਲਾਂ ਬੂਟਿਆਂ ਨੂੰ ਸਜਾਉਂਦਾ ਤੇ ਪੰਖੂਆਂ ਨੂੰ ਦਾਣਾ ਪਾਉਂਦਾ ਨਜ਼ਰੀਂ ਆਉਂਦਾ ਸੀ। ਉਹਦਾ ਬਾਗ਼ ਜੰਨਤ ਵਰਗਾ ਲਗਦਾ ਸੀ ਜੀਹਦੇ ਵਿਚ ਰੰਗ-ਬਰੰਗੇ ਫੁੱਲਾਂ ਦੀ ਬਹਾਰ ਤੇ ਵੰਨ-ਸਵੰਨੇ ਪੰਖੂਆਂ ਦੀ ਚਹਿ-ਚਹਾਟ ਹਰ ਵੇਲੇ ਰੌਣਕ ਲਾਈ ਰੱਖਦੀ।

ਸ਼ੁਰੂ-ਸ਼ੁਰੂ ਵਿਚ ਅਸੀਂ ਜਦੋਂ ਵੀ ਮਿਲਦੇ, ਸਲਾਮ ਦੁਆ 'ਤੇ ਗੱਲ ਮੁੱਕ ਜਾਂਦੀ। ਪੀਟਰ ਬਹੁਤੀ ਗੱਲਬਾਤ ਨਾ ਕਰਦਾ ਪਰ ਆਪਣੀਆਂ ਗਹਿਰੀਆਂ ਅੱਖਾਂ ਨਾਲ ਮੈਨੂੰ ਬੜੇ ਗ਼ੌਰ ਨਾ਼ਲ ਵੇਖਦਾ ਤੇ ਨਿੰਮੇ ਜਿਹੇ ਹਾਸੇ ਨਾਲ 'ਬਾਏ' ਕਹਿ ਕੇ ਮੁੜ ਗੋਡੀ ਵਿਚ ਰੁੱਝ ਜਾਂਦਾ, ਪਰ ਜੇ ਕਦੀ ਸੈਲੀ ਨਾਲ ਟਾਕਰਾ ਹੋ ਜਾਂਦਾ, ਤਾਂ ਜਾਨ ਛੁਡਾਉਣੀ ਔਖੀ ਹੋ ਜਾਂਦੀ। ਇੰਜ ਜਾਪਦਾ, ਪਈ ਵਿਚਾਰੀ ਗੱਲਾਂ ਕਰਨ ਨੂੰ ਤਰਸਦੀ ਏ।

ਕਈ ਵਰ੍ਹਿਆਂ ਤੋਂ ਮੈਂ ਇਸ ਬੁੱਢੇ ਅੰਗਰੇਜ਼ ਨੂੰ ਕੰਮਾਂ ਵਿਚ ਰੁਝਿਆਂ ਤੱਕਿਆ ਏ। ਅਸਲ ਵਿਚ ਮੈਨੂੰ ਇਹਦੀ ਇਹੋ ਗੱਲ ਭਾਉਂਦੀ ਏ, ਤੇ ਉਹਦਾ ਹਰ ਵੇਲੇ ਫੁੱਲਾਂ, ਬੂਟਿਆਂ ਤੇ ਪੰਛੀਆਂ ਨਾਲ ਜੁੜੇ ਰਹਿਣਾ ਬਾਗ਼ ਵਿਚ ਨਿੱਘ ਜਿਹਾ ਕਰੀ ਰੱਖਦਾ ਸੀ।



ਇਕ ਦਿਨ ਸੈਲੀ ਨੇ ਮੈਨੂੰ ਦੱਸਿਆ ਸੀ ਕਿ ਪੀਟਰ ਬੜਾ ਕੌੜਾ ਬੰਦਾ ਏ। ਉਹ ਗੱਲ ਘੱਟ ਈ ਕਰਦਾ ਏ, ਤੇ ਗੁੱਸੇ ਦਾ ਜ਼ਹਿਰੀ ਏ। ਇਹ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ ਸੀ, ਕਿਉਂ ਜੇ ਮੈਨੂੰ ਇਹ ਕਦੀ ਮਹਿਸੂਸ ਈ ਨਹੀਂ ਸੀ ਹੋਇਆ। ਇਹ ਜਾਣਨ ਤੋਂ ਬਾਅਦ ਮੈਂ ਜ਼ਰਾ ਇਹਤਿਆਤੀ ਜਿਹੀ ਹੋ ਗਈ ਸਾਂ ਪਰ ਮੈਂ ਪੀਟਰ ਨੂੰ ਵੇਖ ਕੇ ਦੁਆ-ਸਲਾਮ ਜ਼ਰੂਰ ਕਰ ਲੈਂਦੀ ਸਾਂ, ਤੇ ਉਹ ਵੀ ਸੱਦਾ ਹੱਸ ਕੇ ਜਵਾਬ ਦਿੰਦਾ। ਪੀਟਰ ਅਜਿਹਾ ਬਜ਼ੁਰਗ ਏ ਜੀਹਦੇ ਕੋਲੋਂ ਮੈਂ ਸਬਰ ਅਤੇ ਆਪਣੇ ਉਤੇ ਯਕੀਨ ਕਰਨਾ ਸਿੱਖਿਆ ਏ। ਮੀਂਹ ਹੋਵੇ ਜਾਂ ਹਨ੍ਹੇਰੀ, ਬਰਫ਼ ਹੋਵੇ ਜਾਂ ਕੋਰੇ ਵਾਲੀ ਠੰਢ, ਉਹ ਤੇ ਉਹਦੇ ਕੰਮ ਇਕੋ ਚਾਲ ਚਲਦੇ ਰਹਿੰਦੇ।

ਪਿਛਲੇ ਵਰ੍ਹੇ ਬੜਾ ਅਨੋਖਾ ਵਾਕਿਆ ਹੋਇਆ ਸੀ। ਸਾਡੀ ਇਕ ਹੋਰ ਗਵਾਂਢਣ ਸ਼ੀਲਾ ਨੇ ਮੈਨੂੰ ਦੱਸਿਆ ਸੀ ਕਿ ਪੀਟਰ ਹਸਪਤਾਲ ਵਿਚ ਏ, ਤੇ ਡਾਕਟਰਾਂ ਮੁਤਾਬਿਕ ਉਹਦੀ ਜ਼ਿੰਦਗੀ 48 ਘੰਟਿਆਂ ਤੋਂ ਵੱਧ ਨਹੀਂ। ਇਹ ਸੁਣ ਕੇ ਮੇਰੇ ਹੱਥ ਪੈਰ ਫੁੱਲ ਗਏ ਸਨ। ਦਿਲ ਦੁੱਖ ਨਾਲ ਭਰ ਕੇ ਅੱਖੀਆਂ ਰਾਹੀਂ ਡੁੱਲ੍ਹਣ ਲੱਗ ਪਿਆ ਸੀ। ਮੈਂ ਪੀਟਰ ਨੂੰ ਸਾਹ ਲੈਂਦਿਆਂ ਮਿਲਣਾ ਚਾਹੁੰਦੀ ਸੀ। ਮੇਰੇ ਖ਼ਾਵੰਦ ਤੇ ਬੱਚੀ ਨੇ ਇਹ ਸੁਣ ਕੇ ਸਾਰੇ ਕੰਮ ਛੱਡ ਦਿੱਤੇ। ਅਸੀਂ ਸਾਰੇ ਫੁੱਲਾਂ ਦਾ ਗੁਲਦਸਤਾ ਲੈ ਕੇ ਹਸਪਤਾਲ ਪਹੁੰਚ ਗਏ। ਵਾਰਡ ਤੋਂ ਬਾਹਰ ਈ ਸਾਡੀ ਮੁਲਾਕਾਤ ਸੈਲੀ ਤੇ ਉਹਦੇ ਬੱਚਿਆਂ ਨਾਲ ਹੋ ਗਈ। ਉਹ ਸਭ ਸਾਨੂੰ ਵੇਖ ਕੇ ਘਬਰਾ ਜਿਹੇ ਗਏ ਤੇ ਕਹਿਣ ਲੱਗੇ, "ਆਉਣ ਦੀ ਤਕਲੀਫ਼ ਕਿਉਂ ਕੀਤੀ; ਕਾਰਡ ਲਿਖ ਦਿੰਦੇ, ਕਾਫ਼ੀ ਸੀ।"

ਮੈਂ ਇਹ ਸੁਣ ਕੇ ਰੋ ਪਈ। ਨਾਲ ਆਖ ਦਿੱਤਾ, ਹੁਣ ਤੁਸੀਂ ਦੱਸੋ ਕਿ ਛੇ ਵਰ੍ਹਿਆਂ ਦੇ ਤਾਅਲੁਕ ਨੂੰ ਕਾਰਡ ਵਿਚ ਕਿਵੇਂ ਲਿਖ ਸਕਦੇ ਸੀ। ਫਿਰ ਸੈਲੀ ਸਾਨੂੰ ਦੱਸਿਆ ਕਿ ਅੱਜ ਪੀਟਰ ਬਹੁਤ ਕੌੜ ਵਿਚ ਏ। ਅੱਜ ਸਾਰਾ ਦਿਨ ਨਰਸਾਂ ਨਾਲ ਲੜਦਾ ਰਿਹਾ ਏ। ਸਾਨੂੰ ਡਰ ਏ ਕਿ ਉਹ ਗੁੱਸੇ ਵਿਚ ਤੁਹਾਨੂੰ ਵੀ ਕੁੱਝ ਚੰਗਾ ਮਾੜਾ ਨਾ ਆਖ ਦੇਵੇ। ਇਹ ਸੁਣ ਕੇ ਅਸੀਂ ਹੱਸ ਪਏ, ਸੈਲੀ ਤੇ ਉਹਦੇ ਬੱਚਿਆਂ ਨੂੰ ਤਸੱਲੀ ਦਿੱਤੀ ਕਿ ਅਸੀਂ ਆਪਣੇ ਬਜ਼ੁਰਗਾਂ ਦੀ ਕੌੜ ਨੂੰ ਚੱਖ ਚੁੱਕੇ ਆਂ, ਹੁਣ ਅੰਗਰੇਜ਼ੀ ਕੌੜ ਸਾਡਾ ਕੁੱਝ ਨਹੀਂ ਵਿਗਾੜੇਗੀ।

ਵਾਰਡ ਬੁੱਢੇ ਮਰੀਜ਼ਾਂ ਨਾਲ ਭਰਿਆ ਹੋਇਆ ਸੀ। ਨਰਸ ਸਾਨੂੰ ਪੀਟਰ ਦੇ ਬੈੱਡ ਕੋਲ ਛੱਡ ਗਈ, ਨਾਲੇ ਨਿੰਮਾ ਜਿਹਾ ਹੱਸ ਕੇ ਫੁੱਲਾਂ ਲਈ ਗੁਲਦਾਨ ਵੀ ਦੇ ਗਈ। ਪੀਟਰ ਸੁੱਤਾ ਪਿਆ ਸੀ। ਅਸੀਂ ਉਹਦੇ ਬੈੱਡ ਕੋਲ ਕੁਰਸੀਆਂ 'ਤੇ ਬਹਿ ਗਏ। ਉਹਦਾ ਸੀਨਾ ਸਾਹ ਨਾਲ ਉਤੇ ਥੱਲੇ ਹੁੰਦਾ ਵੇਖ ਕੇ ਅਸੀਂ ਆਪਣੀ ਚੁੱਪ ਵਿਚ ਉਹਦੇ ਸਾਹ ਗਿਣਨ ਲੱਗ ਗਏ। ਕੁੱਝ ਦੇਰ ਪਿੱਛੋਂ ਵਾਰਡ ਵਿਚੋਂ ਕਿਸੇ ਬੁੱਢੇ ਦੀ ਖੰਘ ਨਾਲ ਉਹਦੀ ਅੱਖ ਖੁੱਲ੍ਹ ਗਈ।

ਸਾਨੂੰ ਵੇਖ ਕੇ ਹੈਰਾਨੀ ਨਾਲ ਪੁੱਛਣ ਲੱਗਾ, "ਤੁਸੀਂ ਇਥੇ ਕੀ ਕਰ ਰਹੇ ਓ?"

ਮੇਰੀ ਧੀ ਨੇ ਪੀਟਰ ਨੂੰ ਫੁੱਲ ਦਿੱਤੇ। ਮੈਂ ਹਿੰਮਤ ਕਰ ਕੇ ਆਖਿਆ, "ਅਸੀਂ ਤੈਨੂੰ ਮਿਲਣ ਤੇ ਦੱਸਣ ਆਏ ਸੀ ਕਿ ਤੇਰੇ ਬਾਗ਼ ਦੇ ਸਾਰੇ ਪੰਛੀ ਤੇਰੀ ਰਾਹ ਤੱਕ ਰਹੇ ਨੇ।"

"ਕੋਈ ਕਿਸੇ ਦੀ ਰਾਹ ਨਹੀਂ ਤੱਕਦਾ।"

ਇਹ ਆਖ ਕੇ ਪੀਟਰ ਚੁੱਪ ਕਰ ਗਿਆ। ਫਿਰ ਕੁੱਝ ਦੇਰ ਬਾਅਦ ਫੁੱਲਾਂ ਨੂੰ ਵੇਖ ਕੇ ਆਖਣ ਲੱਗਾ, "ਤੁਸੀਂ ਇਹ ਤਕਲੀਫ਼ ਕਿਉਂ ਕੀਤੀ?"

ਮੇਰੇ ਖ਼ਾਵੰਦ ਨੇ ਆਖਿਆ, "ਜਨਾਬ ਫੁੱਲ ਵੀ ਤੁਹਾਨੂੰ ਦੱਸਣ ਲਈ ਨੇ ਕਿ ਤੁਹਾਡੇ ਬਾਗ਼ ਦੇ ਫੁੱਲ ਵੀ ਰਾਹ ਤੱਕ ਰਹੇ ਨੇ।"

ਐਤਕੀਂ ਪੀਟਰ ਹੱਸ ਪਿਆ। ਫਿਰ ਕੁੱਝ ਇੰਜ ਹੋਇਆ ਜਿਵੇਂ ਉਹਨੇ ਸਾਨੂੰ ਦਿਲੋਂ ਕਬੂਲ ਕਰ ਲਿਆ। ਸਾਡੇ ਨਾਲ ਦੇਰ ਤੀਕਰ ਹੱਸ ਹੱਸ ਕੇ ਗੱਲਾਂ ਕਰਦਾ ਰਿਹਾ। ਇਥੋਂ ਤੱਕ ਕਿ ਉਹਨੇ ਡਾਕਟਰਾਂ, ਨਰਸਾਂ ਤੇ ਹਸਪਤਾਲ ਦੀ ਸਾਰੀ ਕੌੜ ਸਾਡੇ ਨਾਲ ਗੱਲਾਂ ਕਰ ਕੇ ਕੱਢੀ। ਹਯਾਤੀ ਉਹਦੇ ਅੰਦਰ ਠਾਠਾਂ ਮਾਰ ਰਹੀ ਸੀ। ਸਾਨੂੰ ਲੱਗਾ, ਪੀਟਰ 48 ਘੰਟੇ ਕੀ 48 ਮਹੀਨੇ ਹੋਰ ਜੀ ਸਕਦਾ ਏ।

ਸਭ ਹੈਰਾਨ ਸਨ ਜਦ ਪੀਟਰ ਮੌਤ ਨੂੰ ਝਕਾਨੀ ਦੇ ਕੇ ਕੁਝ ਈ ਦਿਨਾਂ ਬਾਅਦ ਬਾਗ਼ ਦੇ ਪੰਖੂਆਂ ਤੇ ਫੁੱਲਾਂ ਕੋਲ ਵਾਪਿਸ ਆ ਗਿਆ। ਉਹਨੂੰ ਮੁੜ ਤੋਂ ਬਾਗ਼ ਵਿਚ ਰੁੱਝਿਆ ਵੇਖ ਕੇ ਨਿੱਘ ਜਿਹਾ ਮਹਿਸੂਸ ਹੁੰਦਾ ਸੀ।

ਇਕ ਦਿਨ ਮੈਂ ਜੈਨ ਨੂੰ ਪੁੱਛ ਈ ਲਿਆ, "ਤੈਨੂੰ ਡਾਕਟਰਾਂ ਦੀ ਗੱਲ 'ਤੇ ਯਕੀਨ ਐਂ? ਤੈਨੂੰ ਯਾਦ ਨਹੀਂ, ਪੀਟਰ ਬਾਰੇ ਉਨ੍ਹਾਂ ਦੀ ਗੱਲ ਗ਼ਲਤ ਸਾਬਿਤ ਹੋਈ ਸੀ।" ਜੈਨ ਨੇ ਲੰਮਾ ਸਾਹ ਲੈ ਕੇ ਜਵਾਬ ਦਿੱਤਾ, "ਡਾਕਟਰ ਠੀਕ ਕਹਿੰਦੇ ਨੇ। ਸਾਇਮਨ ਕੁੱਝ ਦਿਨਾਂ ਦਾ ਪ੍ਰਾਹੁਣਾ ਏ। ਵੈਸੇ ਵੀ ਉਹ ਖ਼ੁਦ ਜ਼ਹਿਨੀ ਤੌਰ 'ਤੇ ਹੁਣ ਤਿਆਰ ਏ। ਪੀਟਰ ਦੀ ਜਾਨ ਵੀ ਮੁੱਕੀ ਪਈ ਏ ਪਰ ਉਹ ਜੀਣਾ ਚਾਹੁੰਦਾ ਏ। ਉਹ ਆਪਣੀਆਂ ਪੀੜਾਂ ਨਾਲ ਖੇਡਣ ਦਾ ਸ਼ੌਕੀਨ ਏ।"

ਇਹ ਸੁਣ ਕੇ ਮੈਂ ਸੋਚੀਂ ਪੈ ਗਈ। ਮੈਨੂੰ ਜੈਨ ਦੀ ਗੱਲ ਵਿਚ ਸੱਚ ਨਜ਼ਰ ਆਉਂਦਾ ਸੀ, ਕਿਉਂ ਜੇ ਪੀਟਰ ਰੰਗ-ਬਰੰਗੇ ਬਾਗ਼ ਵਿਚ ਕੁਦਰਤ ਦੀ ਹਰ ਸ਼ੈਅ ਨਾਲ ਜੁੜਿਆ, ਹਯਾਤੀ ਦੇ ਅਮਲ ਨੂੰ ਰੁਕਣ ਨਹੀਂ ਦਿੰਦਾ ਸੀ। ਅਜੇ ਕੁੱਝ ਵਰ੍ਹੇ ਪਹਿਲਾਂ ਦੀ ਗੱਲ ਏ ਕਿ ਪੀਟਰ ਦੇ ਘਰ ਦੇ ਬਾਰ ਵਾਲੇ ਪਾਸੇ ਕੰਡਿਆਂ ਵਾਲੀ ਵੱਡੀ ਸਾਰੀ ਵਾੜ ਸੀ ਜਿਨ੍ਹੇ ਉਹਦੇ ਘਰ ਦੇ ਰੂਪ ਨੂੰ ਲੁਕੋ ਛੱਡਿਆ ਸੀ। ਇਕ ਦਿਨ ਮੈਂ ਦਫ਼ਤਰ ਤੋਂ ਵਾਪਸ ਆਈ, ਤਾਂ ਪੀਟਰ ਬੇਲਚਾ ਤੇ ਰੰਬਾ ਲਈ ਵਾੜ ਵੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਹੱਸ ਕੇ ਆਖਿਆ, "ਪੀਟਰ, ਤੂੰ ਮੈਨੂੰ ਇਕ ਚੀਨੀ ਕਹਾਣੀ ਯਾਦ ਕਰਾ ਦਿੱਤੀ ਏ।"

ਪੀਟਰ ਕੰਮ ਛੱਡ ਕੇ ਪੁੱਛਣ ਲੱਗਾ, "ਕੀ ਕਹਾਣੀ ਯਾਦ ਆਈ ਏ, ਮੈਨੂੰ ਵੀ ਤਾਂ ਸੁਣਾ।"

ਮੈਂ ਛੇਤੀ ਛੇਤੀ ਉਹਨੂੰ ਬੁੱਢੇ ਤੇ ਪਹਾੜ ਵਾਲੀ ਕਹਾਣੀ ਸੁਣਾ ਦਿੱਤੀ। ਇਸ ਕਹਾਣੀ ਵਿਚ ਇਕ ਪਿੰਡ ਦੇ ਰਹਿਣ ਵਾਲਿਆਂ ਨੂੰ ਪਾਣੀ ਲੈਣ ਲਈ ਪਹਾੜ ਤੋਂ ਗੁਜ਼ਰ ਕੇ ਚਸ਼ਮੇ ਤੀਕਰ ਜਾਣਾ ਪੈਂਦਾ ਸੀ। ਇਸੇ ਕਰ ਕੇ ਪਹਾੜ ਲੋਕਾਂ ਲਈ ਵੱਡੀ ਰੁਕਾਵਟ ਸੀ। ਇਕ ਚੀਨੀ ਸਿਆਣੇ ਬੁੱਢੇ ਨੇ ਪਹਾੜ ਉਤੇ ਚੜ੍ਹ ਕੇ ਉਹਨੂੰ ਪੁੱਟਣਾ ਸ਼ੁਰੂ ਕਰ ਦਿੱਤਾ। ਸਾਰੇ ਲੋਕੀ ਉਹਨੂੰ ਪਾਗਲ ਸਮਝਦੇ, ਤੇ ਉਹਦੇ ਉਤੇ ਬਹੁਤ ਹੱਸੇ। ਬੁੱਢੇ ਚੀਨੀ ਦਾ ਇਰਾਦਾ ਪੱਕਾ ਸੀ ਕਿ ਉਹ ਪਹਾੜ ਵਿਚ ਰਾਹ ਬਣਾ ਕੇ ਆਮ ਲੋਕਾਂ ਦੀ ਔਖ ਨੂੰ ਆਸਾਨ ਕਰਨਾ ਚਾਹੁੰਦਾ ਸੀ। ਪਿੰਡ ਵਾਲਿਆਂ ਨੇ ਬੁੱਢੇ ਨੂੰ ਪੁੱਛਿਆ, "ਤੈਨੂੰ ਲਗਦਾ ਏ ਕਿ ਤੂੰ ਆਪਣੀ ਹਯਾਤੀ ਵਿਚ ਐਡੇ ਵੱਡੇ ਪਹਾੜ ਵਿਚੋਂ ਪਾਣੀ ਲਈ ਰਾਹ ਕੱਢ ਸਕਦੈਂ?" ਬੁੱਢੇ ਨੇ ਜਵਾਬ ਦਿੱਤਾ, "ਅੱਜ ਮੈਂ ਸ਼ੁਰੂ ਕਰਾਂਗਾ, ਕੱਲ੍ਹ ਮੇਰਾ ਪੁੱਤਰ ਤੇ ਫਿਰ ਮੇਰਾ ਪੋਤਾ। ਫਿਰ ਇਕ ਦਿਨ ਜ਼ਰੂਰ ਆਵੇਗਾ ਜਦੋਂ ਇਹ ਪਹਾੜ ਲੋਕਾਂ ਲਈ ਔਖ ਨਹੀਂ ਰਹੇਗਾ।"

ਮੇਰੀ ਕਹਾਣੀ ਸੁਣ ਕੇ ਪੀਟਰ ਨੇ ਫਿੱਕੀ ਜਿਹੀ ਮੁਸਕਰਾਹਟ ਨਾ਼ਲ ਆਖਿਆ, "ਤੇਰੀ ਕਹਾਣੀ ਤਾਂ ਚੰਗੀ ਏ ਪਰ ਮੈਂ ਚੀਨੀ ਨਹੀਂ, ਅੰਗਰੇਜ਼ ਆਂ, ਤੇ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੇਰੇ ਪੁੱਤ ਤੇ ਪੋਤੇ ਨੇ ਇਹ ਕੰਮ ਨਈਂ ਕਰਨਾ। ਇਹ ਵਾੜ ਤਾਂ ਮੈਨੂੰ ਇਕੱਲਿਆਂ ਹੀ ਪੁੱਟਣੀ ਪੈਣੀ ਐ।" ਫਿਰ ਕਈ ਮਹੀਨੇ ਪੀਟਰ ਹੌਲੀ-ਹੌਲੀ ਵਾੜ ਪੁੱਟਣ ਵਿਚ ਰੁੱਝਿਆ ਰਿਹਾ। ਉਹ ਜਿਵੇਂ-ਜਿਵੇਂ ਵਾੜ ਸਾਫ਼ ਕਰਦਾ ਗਿਆ, ਉਥੇ ਨਾਲ-ਨਾਲ ਈ ਫੁੱਲ ਬੂਟੇ ਲਾਉਂਦਾ ਗਿਆ। ਕੰਡਿਆਂ ਵਾਲੀ ਵਾੜ ਦੀ ਜਗ੍ਹਾ ਰੰਗ-ਬਰੰਗੇ ਫੁੱਲਾਂ ਨੇ ਕਦੋਂ ਲੈ ਲਈ, ਕਿਸੇ ਨੂੰ ਪਤਾ ਈ ਨਾ ਲੱਗਿਆ।

ਇਸ ਵਰ੍ਹੇ ਗਰਮੀ ਰੱਜ ਕੇ ਪਈ ਏ। ਲੋਕੀਂ ਧੁੱਪ ਤੋਂ ਘਬਰਾ ਕੇ ਛਾਂ ਲੋੜਦੇ ਨੇ। ਹਰਾ ਘਾਹ ਸੁੱਕ ਕੇ ਪੀਲਾ ਹੋ ਗਿਆ ਏ, ਤੇ ਫੁੱਲ ਗਰਮੀ ਨਾਲ ਮਰ ਜਿਹੇ ਗਏ ਨੇ। ਪੀਟਰ ਵੀ ਚਿਰ ਹੋਇਆ ਬਾਗ਼ ਵਿਚ ਨਜ਼ਰ ਨਹੀਂ ਆਇਆ। ਉਹ ਮੁੜ ਤੋਂ ਹਸਪਤਾਲ ਵਿਚ ਹਯਾਤੀ ਦੇ ਸਾਹ ਗਿਣਦਾ ਪਿਆ ਏ। ਮੇਰਾ ਜੀਅ ਹਸਪਤਾਲ ਜਾਣ ਨੂੰ ਤੜਫ਼ਦਾ ਪਿਆ ਏ, ਪਰ ਫੁੱਲਾਂ ਦਾ ਗੁਲਦਸਤਾ ਕਈ ਵਾਰੀ ਹੱਥ ਵਿਚ ਫੜ ਕੇ ਸੋਚਦੀ ਆਂ ਕਿ ਐਸ ਵਾਰੀ ਮੈਂ ਪੀਟਰ ਨੂੰ ਕੀ ਆਖਾਂਗੀ?

ਉਹਦੇ ਬਾਗ਼ ਵਿਚ ਕੋਈ ਵੀ ਪੰਖੂ ਨਜ਼ਰ ਨਈਂ ਆਉਂਦਾ। ਘਾਹ ਵੀ ਪੀਲ਼ਾ ਏ ਤੇ ਫੁੱਲ ਵੀ ਮੁਰਝਾਏ ਹੋਏ। ਮੇਰੇ ਮਨ ਅੰਦਰ ਵੀ ਇਕ ਅਨੋਖੀ ਜਿਹੀ ਬੇਚੈਨੀ ਏ। ਲਗਦਾ ਏ ਇਸ ਵਰ੍ਹੇ ਗਰਮੀ ਵਾਂਗ ਸਿਆ਼ਲ ਦੀ ਠੰਢ ਵੀ ਡਾਢੀ ਔਖੀ ਹੋਣੀ ਐਂ, ਖ਼ਾਸ ਤੌਰ 'ਤੇ ਮੇਰੇ ਗਵਾਂਢੀਆਂ ਦੇ ਬਾਗ਼ਾਂ ਅੰਦਰ ਰੱਬ ਜਾਣੇ ਕਿਸੇ ਪੰਖੂ ਮੁੜ ਆਉਣਾ ਵੀ ਏ ਕਿ ਨਹੀਂ?

## ਮਿੰਨੀ ਕਹਾਣੀਆਂ

### ਪਛਤਾਵਿਆਂ ਦੀ ਧੂਣੀ

ਬੱਚੇ ਮਾਸੂਮ ਹੁੰਦੇ ਹਨ, ਉਹ ਜ਼ਿਆਦਾ ਲੰਮੀ ਨਹੀਂ ਸੋਚਦੇ। ਕਈ ਵਾਰ ਉਨ੍ਹਾਂ ਦੀ ਇਹ ਮਾਸੂਮੀਅਤ ਕਿਸੇ ਵੱਡੇ ਕਲੇਸ਼ ਤੇ ਮਾਨਸਿਕ ਸੰਕਟ ਦਾ ਕਾਰਨ ਵੀ ਬਣ ਜਾਂਦੀ ਹੈ। ਬਲਵੰਤ ਦੇ ਘਰੇ ਵੀ ਅੱਜ ਇਸੇ ਮਾਸੂਮੀਅਤ ਨੇ ਕਲੇਸ਼ ਦਾ ਝੱਖੜ ਲੈ ਆਦਾ ਸੀ। ਆਮ ਵਾਂਗੂੰ ਹੀ ਜਦੋਂ ਉਹ ਦੋਵੇਂ ਜੀ ਬਹਿਸਦੇ/ਖਹਿਬੜਦੇ ਕੰਮਾਂ ਨੂੰ ਜਾਣ ਲੱਗੇ ਸਨ ਤਾਂ ਬੇਟੀ ਨੇ ਮਾਸੂਮੀਅਤ ਨਾਲ ਬਲਵੰਤ ਨੂੰ ਦੱਸ ਦਿੱਤਾ ਸੀ ਕਿ ਦਾਦੀ ਨੇ ਅੱਜ ਸਵੇਰੇ ਉਸ ਦੇ ਪਰਸ ਵਿਚੋਂ ਸੌ ਰੁਪਏ ਕੱਢੇ ਸਨ।

ਪਤਾ ਨਹੀਂ ਇਹ ਸੱਚ ਸੀ ਜਾਂ ਬੇਟੀ ਦਾ ਭੁਲੇਖਾ ਪਰ ਹੋਣੀ ਤਾਂ ਵਾਪਰ ਗਈ ਸੀ। ਬਲਵੰਤ ਦਾ ਗੁੱਸਾ ਪਲਾਂ ਵਿਚ ਹੀ ਸਿਖਰਾਂ ਨੂੰ ਪਹੁੰਚ ਗਿਆ ਸੀ। ਅੱਖਾਂ ਗਹਿਰੀਆਂ ਹੋ ਗਈਆਂ ਸਨ। ਤਿਓੜੀਆਂ ਚੜ੍ਹ ਗਈਆਂ ਸਨ ਤੇ ਜਿਵੇਂ ਝੁਰੜੀਆਂ ਦੀਆਂ ਲਕੀਰਾਂ ਵੀ ਇੱਕਦਮ ਗਹਿਰੀਆਂ ਹੋ ਗਈਆਂ ਸਨ। ਉਹ ਬੁੜਬੁੜਾ ਰਿਹਾ ਸੀ, "ਵਾੜ ਹੀ ਖੇਤ ਨੂੰ ਖਾਣ ਲੱਗ ਗਈ ਤਾਂ ਫਿਰ ਕੀ ਬਣੂ...ਲੋਕ ਫਾਇਦਾ ਦੇਖੋ ਖੱਟਦੇ...ਊਂ ਤਾਂ ਜਿਵੇਂ ਪੈਸੇ ਮਿਲਦੇ ਈ ਨਹੀਂ!"

ਘਰ ਵਿਚ ਜ਼ਹਿਰ ਭਰੇ ਇਹ ਉਚੇ ਬੋਲ ਗੂੰਜ ਰਹੇ ਸਨ। ਬੀਵੀ ਵੀ ਦੂਰ ਸਹਿਮੀ ਖੜ੍ਹੀ ਸੀ ਤੇ ਮਾਂ ਜਿਵੇਂ ਸੋਚ ਰਹੀ ਸੀ ਕਿ ਕੀ ਉਪਾਅ ਹੋਵੇ ਕਿ ਅੱਜ ਦੀ ਇਹ ਬਲਾ ਟਲ ਜਾਵੇ। ਉਹ ਆਪਣੇ ਪੁੱਤ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਇਹਨੇ ਖਹਿੜਾ ਨਹੀਂ ਛੱਡਣਾ, ਸ਼ਾਇਦ ਉਮਰ ਭਰ ਨਾ ਛੱਡੇ। ਹੁਣ ਪਤਾ ਨਹੀਂ ਕਿੰਨੇ ਦਿਨ ਇਸ ਗੱਲ ਨੂੰ ਰਿੜਕੀ ਜਾਊ। ਬੋਲਦਿਆਂ ਬੋਲਦਿਆਂ ਬਲਵੰਤ ਦੇ ਬੁੱਲ੍ਹ ਸੁੱਕ ਗਏ ਸਨ, ਅੱਖਾਂ ਵਿਚ ਲਰਜ਼ਿਸ਼ ਦੇ ਲਾਲਾ ਡੋਰੇ ਆ ਗਏ ਸਨ ਪਰ ਉਹ ਸਾਂਤ ਨਾ ਹੋ ਸਕਿਆ।

ਬਲਵੰਤ ਲੇਟ ਹੋ ਗਿਆ ਪਰ ਕੰਮ 'ਤੇ ਚਲਾ ਗਿਆ। ਉਸ ਦਾ ਦਿਨ ਬੜੀ ਬੇਚੈਨੀ ਅਤੇ ਕੜਵਾਹਟ 'ਚ ਬੀਤਿਆ। ਘਰਦਿਆਂ ਦਾ ਕਿਵੇਂ ਬੀਤਿਆ ਹੋਣੈ ਸਮਝਿਆ ਜਾ ਸਕਦਾ ਹੈ। ਸ਼ਾਮ ਨੂੰ ਭੂਰੇ ਰੰਗ ਦਾ ਗੇਟ ਫਿਰ ਖੁੱਲ੍ਹਿਆ। ਅੱਜ ਗੇਟ ਦੇ ਖੁੱਲ੍ਹਣ ਵਿਚ ਜਿਵੇਂ ਉਤਸ਼ਾਹ ਨਹੀਂ ਸੀ ਜਿਵੇਂ ਉਹ ਵੀ ਬਲਵੰਤ ਦੇ ਨਾਲ ਉਦਾਸ ਤੇ ਥੱਕਿਆ ਹੋਇਆ ਸੀ। ਬਲਵੰਤ ਉਦਾਸ ਸੀ, ਥੱਕਿਆ ਸੀ ਪਰ ਤਪਿਆ ਵੀ ਸੀ ਤੇ ਮੰਜੇ 'ਤੇ ਲੇਟਦਿਆਂ ਹੀ ਉਸ ਦੀ ਸਵੇਰ ਵਾਲੀ ਕਸੈਲੀ ਯਾਦ ਫਿਰ ਤਾਜ਼ਾ ਹੋ ਗਈ ਸੀ।

"ਤਰਸ ਨਹੀਂ ਆਉਂਦਾ ਇਨ੍ਹਾਂ ਨੂੰ...ਜਿੱਥੇ ਨੀਅਤਾਂ ਈ ਖੋਟੀਆਂ ਨੇ, ਉਥੇ ਕੀ ਹੋਊ!" ਬੀਵੀ ਚਾਹ ਰੱਖ ਗਈ ਪਰ ਉਸ ਨੇ ਉਸ ਵੱਲ ਧਿਆਨ ਨਾ ਦਿੱਤਾ। ਬੁੜਬੜਾਉਂਦਾ ਰਿਹਾ ਤੇ ਥੱਕ ਕੇ ਅੱਖਾਂ ਮੀਚ ਲਈਆਂ। ਹੁਣ ਤੱਕ ਵੀ ਨਾ ਤਾਂ ਬੀਵੀ ਵਿਚ ਹਿੰਮਤ ਸੀ ਉਸ ਦੇ ਕੋਲ ਆਉਣ ਦੀ ਤੇ ਨਾਂ ਹੀ ਮਾਂ ਵਿਚ ਉਸ ਨੂੰ ਵਰਾਉਣ ਦਾ ਹੌਸਲਾ। ਹੌਸਲਾ ਦਿਖਾਇਆ ਫਿਰ ਉਸੇ ਮਾਸੂਮੀਅਤ ਨੇ ਜਿਸ ਨੂੰ ਡਰ ਦਾ ਇਲਮ ਨਹੀਂ, ਤਾਅਨੇ ਮਿਹਣਿਆਂ ਦਾ ਅਸਰ ਨਹੀਂ, ਜ਼ਿਆਦਾ ਲੰਮੀ ਸੋਚ ਨਹੀਂ। "ਪਾਪਾ, ਅੱਜ ਬਿਜਲੀ ਆਲੇ ਆਏ ਸੀ ਤਾਰ ਕੱਟਣ।" ਬੇਟੀ ਨੇ ਫਿਰ ਜਿਵੇਂ ਚਾਬੁਕ ਮਾਰ ਦਿੱਤਾ ਸੀ।

"ਫੇਰ?" ਬਲਵੰਤ ਇੱਕਦਮ ਤਣਾਅ ਵਿਚ ਆ ਗਿਆ ਸੀ। ਪਹਿਲਾਂ ਹੀ ਇੰਨੇ ਸਿਆਪੇ ਐ ਜਾਨ ਨੂੰ, ਇਹ ਇੱਕ ਹੋਰ। ਇਦੂੰ ਤਾਂ ਰੱਬ ਚੱਕ ਕਿਉਂ ਨਹੀਂ ਲੈਂਦਾਂ ਉਹਨੂੰ। ਉਹ ਤ੍ਰੇਲੀਓਂ ਤ੍ਰੇਲੀ ਹੋ ਗਿਆ ਸੀ।

"ਫੇਰ ਕੀ, ਮਾਂ ਨੇ ਦੇ ਦਿੱਤੇ ਸੀ ਸਾਰੇ ਪੈਸੇ ਪੰਜ ਹਜ਼ਾਰ...।" ਮਾਸੂਮੀਅਤ ਨੇ ਆਪਣਾ ਰੰਗ ਬਿਖੇਰਿਆ ਤੇ ਤਿਤਲੀ ਵਾਂਗ ਉਡ ਗਈ ਸੀ। ਫਿਜਾ ਵਿਚ ਗੁੱਗਲ ਦੀ ਧੂਫ ਮਹਿਕ ਰਹੀ ਸੀ ਤਾਂ ਕਿਤੇ ਨਾ ਕਿਤੇ ਬਲਵੰਤ ਦੇ ਅੰਦਰ ਹੁਣ ਪਛਤਾਵਿਆਂ ਦੀ ਧੂਣੀ ਦਾ ਧੂੰਆਂ ਲਪਟਾਂ ਬਣ ਕੇ ਉਸ ਦੀ ਹਸਤੀ ਨੂੰ ਜਲਾ ਦੇਣਾ ਚਾਹੁੰਦਾ ਸੀ। ਹਵਾ ਦਾ ਇੱਕ ਬੁੱਲਾ ਆਇਆ ਤੇ ਤ੍ਰੇਲੀਆਂ ਨਾਲ ਭਿੱਜੇ ਬਲਵੰਤ ਦੀ ਹਸਤੀ ਜਿਵੇਂ ਠੰਢੀ ਸੀਤ ਹੁੰਦੀ ਚਲੀ ਗਈ ਸੀ।

**-ਤਰਸੇਮ ਬਸ਼ਰ, ਬਠਿੰਡਾ**
**ਫੋਨ: 91-99156-20944**

---

### ਟਿਕਾਣਾ ਆ ਗਿਆ

ਸੜਕ 'ਤੇ ਇਕ ਬੰਦਾ ਤੜਫ ਰਿਹਾ ਸੀ ਜਿਸ ਨੂੰ ਦੇਖ ਕੇ ਰਾਹਗੀਰ ਦੂਜੇ ਪਾਸੇ ਨੂੰ ਮੂੰਹ ਫੇਰ ਕੇ ਲੰਘ ਜਾਂਦੇ ਸਨ। ਮੈਂ ਵੀ ਕਿਸੇ ਤੋਂ ਲਿਫਟ ਲੈ ਕੇ ਓਧਰੋਂ ਦੀ ਲੰਘ ਰਿਹਾ ਸੀ। ਮੈਂ ਕਿਹਾ, "ਭਾਈ ਸਾਹਿਬ ਜ਼ਰਾ ਰੁੱਕ ਜਾਓ, ਇਸ ਨੂੰ ਆਪਾਂ ਹਸਪਤਾਲ ਪਹੁੰਚਾ ਦਈਏ।"

"ਓ ਨਹੀਂ, ਬੈਠਾ ਰਹਿ ਚੁੱਪ ਕਰਕੇ, ਜੇ ਇਹਨੂੰ ਅਸੀਂ ਚੁਕਣ ਦੀ ਕੋਸ਼ਿਸ਼ ਕੀਤੀ ਤਾਂ ਸਾਨੂੰ ਲੈਣੇ ਦੇ ਦੇਣੈ ਪੈ ਜਾਣੇ ਨੇ।"

"ਓਹ ਕਿਵੇਂ ਭਾਈ ਸਾਹਿਬ?" ਮੈਂ ਪੁਛਿਆ।

"ਯਾਰ ਡਾਕਟਰਾਂ ਦੀ ਪੁਛ-ਗਿਛ ਤੇ ਉਪਰੋਂ ਪੁਲਿਸ ਦੀ ਕਾਰਵਾਈ ਤੱਕ ਸਾਨੂੰ ਰੁਕਣਾ ਪੈਣਾ ਹੈ।"

"ਫਿਰ ਕਿਆ, ਇਸ ਦੀ ਜਾਨ ਤਾਂ ਬਚ ਜਾਊ!"

"ਨਹੀਂ ਭਰਾਵਾ ਮੈਂ ਪਹਿਲਾਂ ਹੀ ਲੇਟ ਹਾਂ, ਮੇਰੇ ਦੋਸਤ ਇੰਤਜ਼ਾਰ ਕਰਦੇ ਪਏ ਨੇ।"

ਇਹ ਕਹਿ ਕੇ ਉਸ ਨੇ ਮੋਟਰਸਾਈਕਲ ਨੂੰ ਹੋਰ ਰੇਸ ਦੇ ਦਿੱਤੀ। ਕੁਝ ਅੱਗੇ ਜਾ ਕੇ ਉਸ ਨੇ ਇਕ ਢਾਬੇ ਅੱਗੇ ਮੋਟਰਸਾਈਕਲ ਰੋਕ ਦਿੱਤਾ ਤੇ ਕਿਹਾ, "ਲੈ ਬਈ ਆਪਣਾ ਟਿਕਾਣਾ ਤਾਂ ਆ ਗਿਆ।" ਇਹ ਕਹਿ ਕੇ ਉਹ ਅੰਦਰ ਜਾ ਵੜਿਆ ਜਿਥੇ ਉਸ ਦੇ ਦੋਸਤ ਬੈਠੇ ਪਹਿਲਾਂ ਹੀ ਸ਼ਰਾਬ ਪੀ ਰਹੇ ਸਨ।

**-ਨਾਇਬ ਸਿੰਘ ਸੈਂਪਲੇ**
**ਫੋਨ: 91-98724-05203**

*ਪੰਜਾਬੀ ਪੱਤਰਕਾਰੀ ਦੀ ਸਿਰਕੱਢ ਸ਼ਖਸੀਅਤ ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਇਸ ਸਵੈ-ਜੀਵਨੀ ਵਿਚ ਵੀ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਹਰਮਨਪਿਆਰੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੋਈ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਂਅ ਵਿਚ ਧੜਕਣ ਲਗਦਾ ਹੈ। ਐਤਕੀਂ 'ਛੱਪੜ ਵਾਲੀ ਥਾਂ' ਅਧਿਆਇ ਵਿਚ ਉਸ ਨੇ ਛਿੰਝ, ਜਾਤ-ਪਾਤ ਅਤੇ ਕਈ ਹੋਰ ਮਸਲੇ ਛੋਹੇ ਹਨ। -ਸੰਪਾਦਕ*

# ਛੱਪੜ ਵਾਲੀ ਥਾਂ

## ਤੇਰੀਆਂ ਗਲੀਆਂ-6



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਸੁਪਨੀਤ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***



ਸੁਪਨੀਤ ਕੌਰ

ਛੋਟੇ ਅਥਵਾ ਰਵਿਦਾਸ ਗੁਰਦੁਆਰੇ ਦੇ ਸਾਹਮਣੇ ਵਾਲਾ ਛੱਪੜ ਕਿਥੇ ਗਿਆ? ਇਸ ਸਵਾਲ ਦਾ ਜਵਾਬ ਲੱਭਣ ਲਈ ਕਿਸੇ ਨੂੰ ਪੁੱਛਣਾ ਨਹੀਂ ਪਿਆ, ਕਿਉਂਕਿ ਚਾਰ ਦੀਵਾਰੀ ਕਰ ਕੇ ਲਾਏ ਵੱਡੇ ਗੇਟ ਉਤੇ ਗੋਲਾਈਦਾਰ ਮਹਿਰਾਬ ਰੂਪੀ ਲੋਹੇ ਦੀ ਪਲੇਟ ਉਤੇ 'ਦਰਸ਼ਨ ਸਿੰਘ ਯਾਦਗਾਰੀ ਹਾਈ ਸਕੂਲ' ਲਿਖਿਆ ਹੋਇਆ ਹੈ। ਉਹੀ ਦਰਸ਼ਨ ਸਿੰਘ, ਜਿਹੜਾ ਬਾਹਠ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ। ਇਹ ਸਕੂਲ ਐਨ ਉਸੇ ਥਾਂ 'ਤੇ ਬਣਾਇਆ ਗਿਆ ਹੈ, ਜਿਥੇ ਛੱਪੜ ਹੁੰਦਾ ਸੀ। ਇਸ ਛੱਪੜ ਦੇ ਕਿਨਾਰੇ ਬੋਹੜ ਦਾ ਬਹੁਤ ਭਾਰੀ ਦਰੱਖਤ ਹੁੰਦਾ ਸੀ। ਬੋਹੜ ਹਾਲੇ ਵੀ ਕਾਇਮ ਹੈ ਪਰ ਇਸ ਨੂੰ ਸਕੂਲ ਦੇ ਅਹਾਤੇ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਪਿੰਡਾਂ ਵਿਚ ਪਿੱਪਲਾਂ ਅਤੇ ਬੋਹੜ ਦੇ ਦਰੱਖਤਾਂ ਦੀ ਬਹੁਤ ਮਹੱਤਤਾ ਰਹੀ ਹੈ। ਪੰਜਾਬ ਵਿਚ ਸ਼ਾਇਦ ਹੀ ਕੋਈ ਪਿੰਡ ਐਸਾ ਮਿਲੇਗਾ ਜਿਸ ਵਿਚ ਇਨ੍ਹਾਂ ਵਿਚੋਂ ਕੋਈ ਦਰੱਖਤ ਨਾ ਹੋਵੇ। ਹਰ ਪਿੰਡ ਵਿਚ ਹੀ ਬੋਹੜ ਤੋਂ ਇਲਾਵਾ ਪਿੱਪਲ ਹੁੰਦਾ ਸੀ। ਹੁੰਦਾ ਸੀ ਨਹੀਂ, ਸਗੋਂ ਹੁਣ ਹਨ। ਇਹ ਪਿੱਪਲ ਸਾਡੇ ਪਿੰਡ ਦੇ ਦੂਜੇ ਪਾਸੇ ਬਣੇ ਦਰਵਾਜ਼ੇ ਜਾਂ ਡਿਓਢੀ ਦੇ ਬਾਹਰ ਸੀ, ਜਾਂ ਇਉਂ ਕਹਿ ਲਵੋ ਕਿ ਪਿੰਡ ਦਾ ਦਰਵਾਜ਼ਾ ਜਾਂ ਡਿਓਢੀ ਇਸ ਪਿੱਪਲ ਦੇ ਹੇਠ ਬਣਾਈ ਗਈ ਸੀ। ਇਕ ਪਾਸੇ ਪਿੱਪਲ ਸੀ ਅਤੇ ਦੂਜੇ ਪਾਸੇ ਹਰਿਜਨ ਬਸਤੀ ਦੇ ਛੱਪੜ ਦੇ ਕੰਢੇ ਇਹ ਬੋਹੜ ਕਾਇਮ ਸੀ।



ਪਿੰਡ ਨੰਗਲ ਸ਼ਾਮਾ ਵਿਚ ਜ਼ੋਰ-ਅਜ਼ਮਾਈ ਕਰ ਰਹੇ ਨੰਨ੍ਹੇ ਭਲਵਾਨ।

***ਸਾਡੇ ਪਿੰਡ ਦਾ ਬਾਹਮਣਾਂ ਦਾ ਗਿਰਧਾਰੀ ਉਨ੍ਹੀਂ ਦਿਨੀਂ ਇਲਾਕੇ ਦਾ ਮਸ਼ਹੂਰ ਭਲਵਾਨ ਹੁੰਦਾ ਸੀ। ਕਈ ਸਾਲਾਂ ਤਕ ਉਸ ਨੇ ਪਟਕੇ ਦੀ ਝੰਡੀ ਪਿੰਡੋਂ ਬਾਹਰ ਨਹੀਂ ਸੀ ਜਾਣ ਦਿਤੀ। ਦੂਰ-ਦੂਰ ਤੋਂ ਨਾਮੀ ਭਲਵਾਨ ਸਿਰਫ਼ ਗਿਰਧਾਰੀ ਨਾਲ ਟੱਕਰ ਲੈਣ ਲਈ ਛਿੰਝ ਵਿਚ ਆਉਂਦੇ ਸਨ, ਪਰ ਗਿਰਧਾਰੀ ਦੀ ਕੋਈ ਪਿੱਠ ਨਹੀਂ ਸੀ ਲਾ ਸਕਿਆ। ਇਕ ਵਾਰੀ ਲੋਕਾਂ ਨੇ ਉਸ ਨੂੰ ਇੰਨੇ ਇਨਾਮ ਦਿਤੇ ਕਿ ਉਸ ਤੋਂ ਰੁੱਗ ਵਿਚ ਸਾਂਭੇ ਨਹੀਂ ਸੀ ਜਾਂਦੇ।***

ਪਿੰਡ ਦੇ ਲੋਕਾਂ ਵਿਚ ਅੱਜ ਕੱਲ੍ਹ ਹਰਿਜਨਾਂ ਤੇ ਗੈਰ-ਹਰਿਜਨਾਂ ਵਿਚਾਲੇ ਬਹੁਤਾ ਫਰਕ ਨਹੀਂ ਰਹਿ ਗਿਆ। ਸਨਅਤੀਕਰਨ, ਸ਼ਹਿਰੀਕਰਨ, ਗਲੋਬਲੀਕਰਨ ਨੇ ਸਾਰੇ ਸੰਸਾਰ ਨੂੰ ਇਕ ਕਰ ਦਿਤਾ ਹੈ। ਤਾਂ ਫਿਰ ਪਿੰਡ ਕਿਵੇਂ ਬਚਿਆ ਰਹਿੰਦਾ? ਪਰ ਪੰਜਾਹਵਿਆਂ ਅਤੇ ਸੱਠਵਿਆਂ ਦੇ ਦਹਾਕੇ ਵਿਚ ਹਾਲਤ ਇਸ ਤਰ੍ਹਾਂ ਦੀ ਨਹੀਂ ਸੀ। ਉਦੋਂ ਹਾਲੇ ਜਾਤ-ਪਾਤ ਦਾ ਵਖਰੇਵਾਂ ਬਹੁਤ ਹੁੰਦਾ ਸੀ। ਇਸ ਲਈ ਜਿਵੇਂ ਮੇਰੀ ਬੇਟੀ ਇਹ ਸੁਣ ਕੇ ਹੈਰਾਨ ਹੁੰਦੀ ਸੀ ਕਿ ਵੱਡੇ ਗੁਰਦੁਆਰੇ ਵਿਚ ਹਰਿਜਨਾਂ ਜਾਂ ਦਲਿਤਾਂ ਨੂੰ ਜੁੱਤੀਆਂ ਰੱਖਣ ਵਾਲੀ ਥਾਂ ਉਤੇ ਜਾਂ ਜੋੜਿਆਂ ਵਿਚ ਬੈਠਣਾ ਪੈਂਦਾ ਸੀ, ਉਵੇਂ ਹੀ ਉਸ ਲਈ ਗੱਲ ਸਮਝ ਸਕਣੀ ਵੀ ਮੁਸ਼ਕਲ ਸੀ ਕਿ ਹਰਿਜਨਾਂ ਦੀ ਸੱਥ ਵੱਖਰੀ ਹੁੰਦੀ ਸੀ ਅਤੇ ਬਾਕੀ ਦੀਆਂ ਜਾਤਾਂ ਦੇ ਲੋਕਾਂ ਦੀ ਸੱਥ ਵੱਖਰੀ।

ਇਸ ਲਈ ਆਮ ਕਰ ਕੇ ਜੱਟ, ਤਰਖਾਣ, ਲੁਹਾਰ ਅਤੇ ਹੋਰ ਲੋਕ ਤਾਂ ਡਿਓਢੀ ਲਾਗਲੇ ਪਿੱਪਲ ਹੇਠਾਂ ਬਣੇ ਥੜ੍ਹੇ ਉਤੇ ਜਾਂ ਮੀਂਹ ਕਣੀ ਵਾਲੇ ਦਿਨੀਂ ਡਿਓਢੀ ਵਿਚ ਬੈਠ ਕੇ ਦਿਨ ਕਟੀ ਕਰਦੇ ਸਨ ਪਰ ਹਰਿਜਨ ਲੋਕ ਛੱਪੜ ਕਿਨਾਰੇ ਬੋਹੜ ਦੇ ਹੇਠਾਂ ਮੰਜੇ ਡਾਹ ਕੇ ਬੈਠਿਆ ਕਰਦੇ ਸਨ। ਜਦੋਂ ਕਦੇ ਪਿੰਡ ਵਿਚ ਕੋਈ ਐਸਾ ਮਾਮਲਾ ਆ ਜਾਂਦਾ ਸੀ ਜਿਸ ਵਿਚ ਕੋਈ ਹਰਿਜਨ ਵੀ ਮੁਲਜ਼ਮ ਹੋਵੇ, ਤਾਂ ਉਸ ਨੂੰ ਡਿਓਢੀ ਵਿਚ ਹੇਠਾਂ ਫਰਸ਼ 'ਤੇ ਬੈਠਣਾ ਪੈਂਦਾ ਸੀ। ਬਹੁਤੀ ਵਾਰੀ ਉਸ ਨੂੰ ਪੈਰਾਂ ਭਾਰ ਹੀ ਬੈਠਣਾ ਪੈਂਦਾ ਸੀ। ਪਿੱਪਲ ਹੇਠਾਂ ਕੋਈ ਸਿਗਰਟ ਵੀ ਨਹੀਂ ਸੀ ਪੀ ਸਕਦਾ, ਪਰ ਬੋਹੜ ਹੇਠਾਂ ਹਰਿਜਨਾਂ ਦੇ ਹੁੱਕੇ ਮਘਦੇ ਰਹਿੰਦੇ ਸਨ।

ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਜਿਹੜੇ ਲੋਕ ਜੱਟਾਂ ਜਾਂ ਹੋਰ ਕਥਿਤ ਉਚੀਆਂ ਜਾਤਾਂ ਨਾਲ ਸੀਰੀ ਰਲ ਗਏ ਸਨ ਜਾਂ ਗੋਹੇ-ਕੂੜੇ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ ਘਰਾਂ ਦੇ ਬਾਹਰਲੇ ਦਰਵਾਜ਼ੇ ਕੋਲ ਹੀ ਬੈਠਣਾ ਪੈਂਦਾ ਸੀ। ਘਰ ਦੀ ਸੁਆਣੀ ਉਥੇ ਬੈਠੇ ਦੇ ਹੀ ਹੱਥ 'ਤੇ ਰੋਟੀਆ ਧਰ ਦਿੰਦੀ ਸੀ। ਜੇ ਤਾਂ ਹਰਿਜਨਾਂ ਨੇ ਆਪਣੀ ਕੌਲੀ ਜਾਂ ਬਾਟੀ ਆਪਣੇ ਨਾਲ ਲਿਆਂਦੀ ਹੋਵੇ ਤਾਂ ਦਾਲ ਸਬਜ਼ੀ ਉਸ ਵਿਚ ਪਾ ਦਿਤੀ ਜਾਂਦੀ ਸੀ, ਵਰਨਾ ਰੋਟੀਆਂ ਉਤੇ ਹੀ ਦਾਲ ਸਬਜ਼ੀ ਧਰ ਕੇ ਖਾਣੀ ਪੈਂਦੀ ਸੀ। ਕਈ ਵਾਰੀ ਤਰੀ ਵਾਲੀ ਸਬਜ਼ੀ ਜਾਂ ਪਤਲੀ ਦਾਲ ਨੂੰ ਰੋਟੀ 'ਤੇ ਸੰਭਾਲਣਾ ਵੀ ਮੁਸ਼ਕਲ ਹੁੰਦਾ ਸੀ। ਇਸ ਤਰ੍ਹਾਂ ਦਾ ਵਤੀਰਾ ਸੀ ਉਸ ਪਿੰਡ ਵਿਚ ਜਿਹੜਾ ਪਹਿਲਾਂ ਤੋਂ ਹੀ ਅਗਾਂਹਵਧੂ ਸਮਝੇ ਜਾਂਦੇ ਦੋਆਬੇ ਦੇ ਸਭ ਤੋਂ ਵੱਡੇ ਸ਼ਹਿਰ ਜਲੰਧਰ ਦੇ ਮੁੱਢ ਵਿਚ ਵਸਦਾ ਸੀ ਤੇ ਬਹੁਤ ਅਗਾਂਹਵਧੂ ਸਮਝਿਆ ਜਾਂਦਾ ਸੀ।

ਇਸ ਲਈ ਇਹ ਕੋਈ ਅਲੋਕਾਰੀ ਗੱਲ ਨਹੀਂ ਸੀ ਜਾਪਦੀ ਕਿ ਹਰਿਜਨਾਂ ਦੇ ਬੁੱਢੇ ਲੋਕ ਛੱਪੜ ਕੰਢੇ ਖੜ੍ਹੇ ਸਦੀਆਂ ਪੁਰਾਣੇ ਬੋਹੜ ਦੀ ਛਾਵੇਂ ਬੈਠ ਕੇ ਹੁੱਕਾ ਪੀਂਦੇ ਹੋਏ ਦਿਨ ਕੱਟੀ ਕਰਦੇ ਸਨ। ਇਹ ਉਹੀ ਛੱਪੜ ਹੈ ਜਿਸ ਦੇ ਕਿਨਾਰੇ ਲਾਲੀ ਗੋਤ ਦੇ ਜੱਟਾਂ ਦੇ ਜਠੇਰੇ ਵੀ ਹਨ। ਸਾਡੇ ਪਿੰਡ ਦੇ ਲਗਭਗ ਸਾਰੇ ਜੱਟਾਂ ਦਾ ਗੋਤ ਲਾਲੀ ਹੈ। ਇਹ ਲਾਲੀ ਅੰਮ੍ਰਿਤਸਰ ਜ਼ਿਲ੍ਹੇ ਦੇ ਕਿਸੇ ਪਿੰਡ ਵਿਚੋਂ ਉਠ ਕੇ ਕਰੀਬ ਪੰਜ ਸਦੀਆਂ ਪਹਿਲਾਂ ਇਸ ਥਾਂ ਵਸੇ ਸਨ। ਇਲਾਕੇ ਵਿਚ ਕਿਉਂਕਿ ਹੋਰ ਪਿੰਡਾਂ ਵਿਚ ਲਾਲੀ ਗੋਤ ਦੇ ਬਹੁਤੇ ਜੱਟ ਨਹੀਂ ਰਹਿੰਦੇ, ਇਸ ਲਈ ਉਨ੍ਹਾਂ ਨੇ ਪਿੰਡ ਵਿਚ ਹੀ ਆਪਣੇ ਪੁਰਾਣੇ ਪਿੰਡ ਤੋਂ ਮਿੱਟੀ ਲਿਆ ਕੇ ਜਠੇਰੇ ਬਣਾ ਲਏ ਸਨ। ਜਠੇਰੇ ਕਾਹਦੇ ਸਨ, ਮਿੱਟੀ ਦੀ ਢੇਰੀ ਸੀ ਜਿਹੜੀ ਛੱਪੜ ਦੇ ਕਿਨਾਰੇ ਲੱਗੀ ਹੋਈ ਸੀ। ਇਸ ਦੇ ਨਾਲ ਦੀ ਕੱਚੀ ਫਿਰਨੀ ਲੰਘਦੀ ਸੀ। ਮਿਥੇ ਹੋਏ ਦਿਨ 'ਤੇ ਸਾਲ ਵਿਚ ਇਕ ਵਾਰੀ ਪਿੰਡ ਦੇ ਕੁਝ ਜੱਟ (ਲਾਲੀ) ਇਸ ਥਾਂ ਜਠੇਰਿਆਂ ਦੀ ਮਿੱਟੀ ਕੱਢਣ ਲਈ ਆਉਂਦੇ ਸਨ। ਬਾਕੀ ਦਾ ਸਾਰਾ ਸਾਲ ਇਹ ਥਾਂ ਉਜਾੜ ਅਤੇ ਅਣਗੌਲਿਆ ਪਿਆ ਰਹਿੰਦਾ ਸੀ।

ਹੁਣ ਇਸ ਥਾਂ ਦੁਆਲੇ ਲੋਹੇ ਦਾ ਜੰਗਲਾ ਲਾ ਕੇ ਉਸ ਉਤੇ ਰੰਗ-ਬਰੰਗਾ ਰੋਗਨ ਕਰ ਦਿਤਾ ਗਿਆ ਹੈ। ਨਾਲ ਹੀ ਤਖਤੀ ਲਾ ਕੇ 'ਜਠੇਰੇ ਲਾਲੀਆਂ' ਲਿਖ ਦਿਤਾ ਹੈ। ਛੋਟੀ ਜਿਹੀ ਮਟੀ ਵੀ ਬਣਾ ਦਿਤੀ ਹੈ। ਇਹ ਨਹੀਂ ਪਤਾ ਲੱਗਾ ਕਿ ਹੁਣ ਮਿੱਥੇ ਦਿਨ ਉਤੇ ਕਿੰਨੇ ਕੁ ਲੋਕ ਮਿੱਟੀ ਕੱਢਣ ਆਉਂਦੇ ਹਨ।

ਇਸੇ ਛੱਪੜ ਦੀ ਵਰਤੋਂ ਇਕ ਹੋਰ ਕੰਮ ਲਈ ਵੀ ਕੀਤੀ ਜਾਂਦੀ ਸੀ। ਉਹ ਸੀ ਗੁੱਗਾ ਨੌਮੀ ਵਾਲੇ ਦਿਨ ਇਸ ਵਿਚ ਬੇੜਾ ਤਾਰਨ ਦੀ। ਨੰਗਲ ਸ਼ਾਮਾ ਨੂੰ 'ਚੇਲਿਆਂ ਵਾਲਾ' ਨੰਗਲ ਵੀ ਕਿਹਾ ਜਾਂਦਾ ਹੈ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਥਾਂ ਪਰ ਥਾਂ ਗੁੱਗਾ ਜਾਹਿਰ ਪੀਰ ਦੀਆਂ ਥਾਂਵਾਂ ਬਣੀਆਂ ਹੋਈਆਂ ਹਨ। ਇਸੇ ਤਰ੍ਹਾਂ ਦੀ ਇਕ ਮਟੀ ਨੰਗਲ ਸ਼ਾਮਾ ਵਿਚ ਕਾਇਮ ਹੈ। ਇਸ ਮਟੀ ਦੇ ਪ੍ਰਬੰਧਕ ਨੂੰ ਚੇਲਾ ਕਹਿੰਦੇ ਹਨ।

ਗੁੱਗਾ ਨੌਮੀ ਤੋਂ ਕਰੀਬ ਨੌਂ ਦਿਨ ਪਹਿਲਾਂ ਚੇਲਾ ਅਤੇ ਹੋਰ ਸ਼ਰਧਾਲੂ ਇਸ ਮਟੀ (ਮਾੜੀ) 'ਤੇ ਰਾਤ ਨੂੰ ਗੁੱਗੇ ਦੀ ਕਥਾ ਗਾਉਂਦੇ ਹਨ। ਦੇਰ ਰਾਤ ਤਕ ਚੌਂਕੀ ਭਰੀ ਜਾਂਦੀ ਹੈ। ਪਿੰਡ ਦੇ ਲੋਕ ਇਕੱਠੇ ਹੋ ਕੇ ਇਹ ਕਥਾ ਸੁਣਦੇ ਹਨ। ਰਾਤ ਨੂੰ ਚੌਂਕੀ ਭਰਦੇ ਹਨ ਅਤੇ ਦਿਨ ਵੇਲੇ ਇਹ ਸਾਰੇ ਜਣੇ ਰਲ ਕੇ ਪਿੰਡ ਵਿਚ ਦਰ-ਦਰ ਜਾ ਕੇ ਇਹ ਕਥਾ ਸੁਣਾਉਂਦੇ ਹਨ। ਸ਼ਰਧਾਵਾਨ ਲੋਕ ਵਿਤ ਮੁਤਾਬਕ ਦਾਨ ਦਿੰਦੇ ਹਨ।

ਨੌਮੀ ਵਾਲੇ ਦਿਨ ਸਾਰੇ ਪਿੰਡ ਦੀਆਂ ਸੁਆਣੀਆਂ ਆਪਣੇ ਹੱਥੀਂ ਵੱਟੀਆਂ ਸੇਵੀਆਂ ਬਣਾ ਕੇ ਕੱਚੀ ਲੱਸੀ ਲੈ ਕੇ ਪਿੰਡ ਦੇ ਬਾਹਰਵਾਰ ਸਥਿਤ ਕਿਸੇ ਵਣੀ 'ਤੇ ਚੜ੍ਹਾ ਕੇ ਆਉਂਦੀਆਂ ਹਨ। ਦੂਜੇ ਪਾਸੇ ਨੌਮੀ ਤੋਂ ਪਹਿਲੀ ਰਾਤ ਉਸ ਚੇਲੇ ਦੇ ਹਾਲ ਪੈ ਜਾਂਦਾ ਹੈ/ਸੀ ਅਤੇ ਉਹ ਛੁਰੀਆਂ ਲੱਗੇ ਸੰਗਲਾਂ ਨਾਲ ਆਪਣੇ ਆਪ ਨੂੰ ਕੁੱਟ-ਕੁੱਟ ਕੇ ਲਹੂ-ਲੁਹਾਨ ਕਰ ਲੈਂਦਾ ਸੀ; ਐਨ ਉਸ ਤਰ੍ਹਾਂ ਜਿਵੇਂ ਮੁਹੱਰਮ ਦੇ ਦਿਨੀਂ ਮੁਸਲਮਾਨ ਤਾਜੀਆ ਕੱਢਦੇ ਹੋਏ ਕਰਦੇ ਹਨ। ਇਸ ਮਗਰੋਂ ਤੀਲਾਂ ਦਾ ਬੇੜਾ ਬਣਾ ਕੇ ਛੱਪੜ ਵਿਚ ਤਾਰ ਦਿਤਾ ਜਾਂਦਾ ਸੀ। ਇਸ ਬੇੜੇ ਵਿਚ ਦੀਵਾ ਜਗਦਾ ਹੁੰਦਾ ਸੀ। ਬੇੜਾ ਤਾਰਨ ਦੀ ਰਸਮ ਦਾ ਮਤਲਬ ਇਹ ਹੁੰਦਾ ਸੀ ਕਿ ਗੁੱਗੇ ਦੀ ਨੌਂ ਦਿਨ ਦੀ ਪੂਜਾ ਸਮਾਪਤ ਹੋ ਗਈ ਹੈ।

***ਪਿੰਡ ਦੇ ਲੋਕਾਂ ਵਿਚ ਅੱਜ ਕੱਲ੍ਹ ਹਰਿਜਨਾਂ ਤੇ ਗੈਰ-ਹਰਿਜਨਾਂ ਵਿਚਾਲੇ ਬਹੁਤਾ ਫਰਕ ਨਹੀਂ ਰਹਿ ਗਿਆ। ਸਨਅਤੀਕਰਨ, ਸ਼ਹਿਰੀਕਰਨ, ਗਲੋਬਲੀਕਰਨ ਨੇ ਸਾਰੇ ਸੰਸਾਰ ਨੂੰ ਇਕ ਕਰ ਦਿਤਾ ਹੈ। 50ਵਿਆਂ ਅਤੇ 60ਵਿਆਂ ਵਿਚ ਅਜਿਹੇ ਹਾਲਾਤ ਨਹੀਂ ਸਨ। ਉਦੋਂ ਜਾਤ-ਪਾਤ ਦਾ ਵਖਰੇਵਾਂ ਬਹੁਤ ਹੁੰਦਾ ਸੀ। ਮੇਰੀ ਬੇਟੀ ਇਹ ਸੁਣ ਕੇ ਹੈਰਾਨ ਹੁੰਦੀ ਸੀ ਕਿ ਵੱਡੇ ਗੁਰਦੁਆਰੇ ਵਿਚ ਦਲਿਤਾਂ ਨੂੰ ਜੁੱਤੀਆਂ ਰੱਖਣ ਵਾਲੀ ਥਾਂ ਉਤੇ ਜਾਂ ਜੋੜਿਆਂ ਵਿਚ ਬੈਠਣਾ ਪੈਂਦਾ ਸੀ। ਉਸ ਲਈ ਇਹ ਗੱਲ ਸਮਝ ਸਕਣੀ ਵੀ ਮੁਸ਼ਕਲ ਸੀ ਕਿ ਹਰਿਜਨਾਂ/ਦਲਿਤਾਂ ਦੀ ਸੱਥ ਵੱਖਰੀ ਹੁੰਦੀ ਸੀ।***

ਇਸ ਮਗਰੋਂ ਪਿੰਡ ਦੇ ਕਿਸੇ ਨਾ ਕਿਸੇ ਖੇਤਰ ਵਿਚ ਛਿੰਝ ਪੈਂਦੀ ਸੀ। ਕੁਸ਼ਤੀਆਂ ਦੇ ਮੁਕਾਬਲਿਆਂ ਨੂੰ ਛਿੰਝ ਕਿਹਾ ਜਾਂਦਾ ਹੈ। ਲਾਗਲੇ ਪਿੰਡਾਂ ਦੇ ਭਲਵਾਨਾਂ ਦੇ ਇਲਾਵਾ ਪਿੰਡਾਂ ਦੇ ਗੱਭਰੂ ਵੀ ਘੋਲਾਂ ਵਿਚ ਹਿੱਸਾ ਲੈਂਦੇ ਸਨ। ਨੰਗਲ ਸ਼ਾਮਾ ਦੀ ਛਿੰਝ ਲਾਗਲੇ ਪਿੰਡਾਂ ਵਿਚ ਕਾਫ਼ੀ ਮਸ਼ਹੂਰ ਮੰਨੀ ਜਾਂਦੀ ਸੀ, ਪਰ ਇਸ ਲਈ ਕੋਈ ਪੱਕਾ ਪਿੜ ਨਹੀਂ ਸੀ ਰੱਖਿਆ ਜਾਂਦਾ। ਆਮ ਤੌਰ 'ਤੇ ਵਾਢੀਆਂ ਤੋਂ ਬਾਅਦ ਜਿਹੜਾ ਵੀ ਖੇਤ ਠੀਕ ਲੱਗੇ, ਉਸ ਵਿਚ ਅਖਾੜਾ ਬੰਨ੍ਹ ਦਿਤਾ ਜਾਂਦਾ ਸੀ।

ਇਸ ਮੌਕੇ ਲੜਾਈਆਂ ਅਕਸਰ ਹੀ ਹੁੰਦੀਆਂ ਸਨ। ਮੇਰੀ ਆਪਣੀ ਸੁਰਤ ਵਿਚ ਘੱਟੋ-ਘੱਟ ਦਸ ਵਾਰੀ ਲੜਾਈਆਂ ਹੋਈਆਂ ਸਨ। ਇਕ ਵਾਰੀ ਤਾਂ ਜਦੋਂ ਹਾਲੇ ਮੇਰੀ ਉਮਰ ਮਸਾਂ ਦਸਾਂ ਬਾਰਾਂ ਸਾਲਾਂ ਦੀ ਹੋਈ ਹੋਵੇਗੀ, ਗੰਡਾਸੇ ਤੇ ਕਿਰਪਾਨਾਂ ਵੀ ਚੱਲ ਗਈਆਂ ਸਨ। ਦੋ-ਚਾਰ ਬੰਦੇ ਜ਼ਖ਼ਮੀ ਵੀ ਹੋ ਗਏ ਸਨ। 'ਸ਼ਾਮਾ' ਤਖੱਲਸ ਹੇਠ ਕਵਿਤਾ ਲਿਖਣ ਵਾਲਾ ਬਿਊਰਾਂ ਦਾ ਜਗੀਰ ਸਿੰਘ ਮੇਰੀ ਨਜ਼ਰ ਵਿਚ ਹਾਲੇ ਵੀ ਮਿੰਨਤਾਂ ਕਰਦਾ ਲੋਕਾਂ ਨੂੰ ਲੜਨ ਤੋਂ ਹਟਾਉਂਦਾ ਦਿਖਾਈ ਦੇ ਰਿਹਾ ਹੈ, ਪਰ ਗੁੱਸੇ ਵਿਚ ਭਰੇ, ਭੂਤਰੇ ਹੋਏ ਸ਼ਰਾਬੀਆਂ ਨੂੰ ਅਕਲ ਦੀ ਗੱਲ ਕਦੋਂ ਸੁਣਦੀ ਹੈ? ਇਸ ਲਈ ਮਾਮਲਾ ਹਸਪਤਾਲਾਂ ਤੇ ਥਾਣੇ ਤਕ ਪਹੁੰਚ ਗਿਆ ਸੀ।

ਛਿੰਝ ਤੋਂ ਹੀ ਚੇਤੇ ਆਇਆ ਕਿ ਸਾਡੇ ਪਿੰਡ ਦਾ ਬਾਹਮਣਾਂ ਦਾ ਗਿਰਧਾਰੀ ਉਨ੍ਹੀਂ ਦਿਨੀਂ ਇਲਾਕੇ ਦਾ ਮਸ਼ਹੂਰ ਭਲਵਾਨ ਹੁੰਦਾ ਸੀ। ਕਈ ਸਾਲਾਂ ਤਕ ਉਸ ਨੇ ਪਟਕੇ ਦੀ ਝੰਡੀ ਪਿੰਡੋਂ ਬਾਹਰ ਨਹੀਂ ਸੀ ਜਾਣ ਦਿਤੀ। ਦੂਰ-ਦੂਰ ਤੋਂ ਨਾਮੀ ਭਲਵਾਨ ਸਿਰਫ਼ ਗਿਰਧਾਰੀ ਨਾਲ ਟੱਕਰ ਲੈਣ ਲਈ ਛਿੰਝ ਵਿਚ ਆਉਂਦੇ ਸਨ, ਪਰ ਗਿਰਧਾਰੀ ਦੀ ਕੋਈ ਪਿੱਠ ਨਹੀਂ ਸੀ ਲਾ ਸਕਿਆ। ਮੈਨੂੰ ਚੇਤੇ ਹੈ ਕਿ ਇਕ ਵਾਰੀ ਪਟਕੇ ਦਾ ਘੋਲ ਜਿੱਤਣ ਮਗਰੋਂ ਪਿੰਡ ਦੇ ਲੋਕਾਂ ਨੇ ਉਸ ਨੂੰ ਇੰਨੇ ਇਨਾਮ ਦਿਤੇ ਕਿ ਉਸ ਤੋਂ ਰੁੱਗ ਵਿਚ ਸਾਂਭੇ ਨਹੀਂ ਸੀ ਜਾਂਦੇ। ਫਿਰ ਪਿੰਡ ਦੇ ਬਹੁਤੇ ਘਰਾਂ ਨੇ ਉਸ ਦੇ ਘਰ ਪੁੱਜਤ ਮੁਤਾਬਕ ਦੇਸੀ ਘਿਉ ਭੇਜਿਆ ਸੀ। ਮੇਰੇ ਦਾਦਾ ਜੀ ਨੂੰ ਜਵਾਨੀ ਵੇਲੇ ਕੁਸ਼ਤੀ ਕਰਨ ਦਾ ਸ਼ੌਕ ਰਿਹਾ ਸੀ। ਉਨ੍ਹਾਂ ਨੇ ਵੀ ਦੋ ਕਿੱਲੋ ਘਿਉ ਭਿਜਵਾਇਆ ਸੀ। ਗਿਰਧਾਰੀ ਭਲਵਾਨ ਦੀ ਭਰ ਜਵਾਨੀ ਵਿਚ ਹੀ ਟ੍ਰੈਕਟਰ ਉਲਟਣ ਨਾਲ ਉਸ ਦੇ ਹੇਠਾਂ ਮਿੱਧੇ ਜਾਣ ਨਾਲ ਮੌਤ ਹੋ ਗਈ ਸੀ। ਉਦੋਂ ਸਾਰਾ ਪਿੰਡ ਰੋਇਆ ਸੀ।

ਮੇਰੀ ਬੇਟੀ ਨੇ ਕਦੇ ਮਿੱਟੀ ਵਿਚ ਕੁਸ਼ਤੀਆਂ ਨਹੀਂ ਦੇਖੀਆਂ। ਉਸ ਨੇ ਤਾਂ ਸਪੋਰਟਸ ਚੈਨਲਾਂ 'ਤੇ ਆਉਂਦੀਆਂ ਉਹ ਅਮਰੀਕੀ ਬ੍ਰਾਂਡ ਨਾਟਕੀ ਕੁਸ਼ਤੀਆਂ ਹੀ ਦੇਖੀਆਂ ਹਨ ਜਿਨ੍ਹਾਂ ਵਿਚ ਭਲਵਾਨ ਇਕ-ਦੂਜੇ ਨੂੰ ਪਟਕਾ-ਪਟਕਾ ਕੇ ਮਾਰਦੇ ਹਨ, ਫਲਾਇੰਗ ਕਿੱਕਾਂ ਚਲਾਉਂਦੇ ਹਨ, ਬਾਹਾਂ ਮਰੋੜਦੇ ਹਨ ਅਤੇ ਬਾਂਦਰਾਂ ਵਾਂਗ ਚੀਕ-ਚਿਹਾੜਾ ਪਾਉਂਦੇ ਹਨ; ਸਗੋਂ ਉਨ੍ਹਾਂ (ਬਾਂਦਰਾਂ) ਵਾਂਗ ਹੀ ਮੂੰਹਾਂ 'ਤੇ ਰੰਗ-ਬਰੰਗੀ ਕਾਲਖ ਵੀ ਮਲਦੇ ਹਨ। ਵਾਲਾਂ ਦੀ ਬਣਤਰ ਵੀ ਅਜੀਬ ਕਿਸਮ ਦੀ ਹੁੰਦੀ ਸੀ। ਇਸ ਲਈ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਪਿੰਡਾਂ ਵਿਚ ਭਲਵਾਨ ਸਿਰਫ਼ ਲੰਗੋਟੇ ਪਹਿਨ ਕੇ ਰੇਤੇ ਜਾਂ ਮਿੱਟੀ ਵਿਚ ਕੁਸ਼ਤੀਆਂ ਕਿਵੇਂ ਕਰਦੇ ਹੁੰਦੇ ਸਨ/ਹਨ?


ਮੈਂ ਪੱਕੇ ਤੌਰ 'ਤੇ ਨਹੀਂ ਕਹਿ ਸਕਦਾ ਕਿ ਅੱਜ ਕੱਲ੍ਹ ਛਿੰਝ ਪੈਂਦੀ ਹੈ ਕਿ ਨਹੀਂ; ਇਸ ਸ਼ੰਕੇ ਦਾ ਕਾਰਨ ਇਹ ਹੈ ਕਿ ਲੋਕਾਂ ਕੋਲ ਹੁਣ ਸਮਾਂ ਨਹੀਂ ਰਹਿ ਗਿਆ। ਸ਼ਹਿਰ ਨੇ ਇਸ ਦੇ ਜਵਾਨਾਂ ਵਿਚ ਨਾ ਤਾਂ ਮਿਹਨਤ ਕਰਨ ਲਈ ਖੁਰਾਕ ਹੀ ਰਹਿਣ ਦਿਤੀ ਹੈ, ਨਾ ਭਲਵਾਨੀ ਕਰਨ ਦਾ ਸ਼ੌਕ ਰਿਹਾ ਹੈ ਅਤੇ ਨਾ ਹੀ ਭਲਵਾਨੀ ਕੋਈ ਲਾਹੇਵੰਦ ਧੰਦਾ ਹੈ। ਹਾਂ, ਸੁਣਿਆ ਹੈ ਕਿ ਸਿੱਖਾਂ ਦਾ ਜਿਹੜਾ ਤੋਖੀ (ਹੁਣ ਤਰਲੋਕ ਸਿੰਘ) ਮੇਰੇ ਨਾਲ ਚੌਥੀ ਜਮਾਤ ਤਕ ਪੜ੍ਹਦਾ ਰਿਹਾ ਸੀ, ਉਸ ਦੇ ਪੁੱਤਰ ਨੇ ਬਾਡੀ ਬਿਲਡਿੰਗ ਦਾ ਸ਼ੌਕ ਪਾਲਿਆ ਹੈ ਅਤੇ ਇਸ ਖੇਤਰ ਵਿਚ ਕਾਫ਼ੀ ਨਾਂ ਖੱਟਿਆ ਹੈ।

ਜਿਥੋਂ ਤਕ ਰਵਿਦਾਸ ਗੁਰਦੁਆਰੇ ਦੇ ਸਾਹਮਣੇ ਵਾਲੇ ਛੱਪੜ ਦਾ ਸਵਾਲ ਹੈ, ਉਹ ਹੁਣ ਉਥੇ ਨਹੀਂ ਰਿਹਾ। ਉਸ ਥਾਂ 'ਤੇ ਸਕੂਲ ਬਣ ਗਿਆ ਹੈ। ਅੰਗਰੇਜ਼ੀ ਦੇ ਅੱਖਰ 'ਐਲ' ਵਾਂਗ ਕਮਰੇ ਉਸਾਰ ਦਿੱਤੇ ਗਏ ਹਨ। ਛੱਪੜ ਦੀ ਥਾਂ ਮੈਦਾਨ ਬਣ ਗਿਆ ਹੈ, ਪਰ ਬੋਹੜ ਦਾ ਦਰੱਖਤ ਹਾਲੇ ਵੀ ਉਸ ਥਾਂ ਆਪਣੀ ਛਤਰ ਛਾਇਆ ਰੱਖ ਰਿਹਾ ਹੈ।

'ਹੁਣ ਲੋਕ ਬੇੜਾ ਕਿਥੇ ਤਾਰਦੇ ਹਨ?', ਬੇਟੀ ਦੇ ਇਸ ਸਵਾਲ ਦਾ ਜਵਾਬ ਮੇਰੇ ਕੋਲ ਨਹੀਂ ਸੀ। ਮੈਂ ਤਾਂ ਸਿਰਫ਼ ਇਹੀ ਦੁਆ ਕਰ ਰਿਹਾ ਸਾਂ ਕਿ ਸ਼ਾਲਾ ਮੇਰੇ ਪਿੰਡ ਦੇ ਬੋਹੜ ਅਤੇ ਪਿੱਪਲ ਨੂੰ ਸ਼ਹਿਰ ਦੀ ਨਜ਼ਰ ਨਾ ਲੱਗੇ ਅਤੇ ਇਹ ਪਿੰਡ ਇਤਿਹਾਸ ਦੀ ਗਵਾਹੀ ਸਦਾ ਲਈ ਭਰਦੇ ਰਹਿਣ।

(ਚਲਦਾ)

# ਆਇਰਸ਼ ਜੁਝਾਰੂ, ਬੱਬਰ ਅਕਾਲੀ ਅਤੇ 'ਮਾਈਕਲ ਕੋਲਿਨਜ਼'





ਫਿਲਮ 'ਮਾਈਕਲ ਕੋਲਿਨਜ਼' ਦਾ ਪੋਸਟਰ



ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਮਾਈਕਲ ਕੋਲਿਨਜ਼

ਸੰਨ 1996 ਵਿਚ ਪਰਦਾਪੇਸ਼ ਹੋਈ ਫਿਲਮ 'ਮਾਈਕਲ ਕੋਲਿਨਜ਼' ਦੇ ਹਦਾਇਤਕਾਰ ਨੀਲ ਜੌਰਡਨ ਹਨ। ਇਹ ਫਿਲਮ ਆਇਰਸ਼ ਕੌਮ ਦੇ ਮਹਾਨ ਜਰਨੈਲ ਮਾਈਕਲ ਕੋਲਿਨਜ਼ (16 ਅਕਤੂਬਰ 1890-22 ਅਗਸਤ 1922) ਦੀ ਜ਼ਿੰਦਗੀ ਬਾਬਤ ਹੈ। ਫਿਲਮ ਵਿਚ ਮਾਈਕਲ ਦਾ ਕਿਰਦਾਰ, ਆਇਰਸ਼ ਅਦਾਕਾਰ ਲਿਆਮ ਨੀਸਨ ਨੇ ਨਿਭਾਇਆ। ਮਾਈਕਲ ਇਕੱਤੀ ਸਾਲ ਦੀ ਉਮਰ ਵਿਚ ਆਪਣਿਆਂ ਹੱਥੋਂ ਹੀ ਸ਼ਹੀਦ ਹੋ ਗਿਆ। ਉਹ ਆਇਰਸ਼ ਕੌਮੀ ਮੁਕਤੀ ਸੰਗਰਾਮ ਦਾ ਅਦੁੱਤੀ ਨਾਇਕ ਸੀ ਜਿਹਨੇ ਬਰਤਾਨਵੀ ਸਾਮਰਾਜ ਦੀਆਂ ਗੋਡਣੀਆਂ ਲਵਾ ਦਿੱਤੀਆਂ। ਸੱਤ ਸੌ ਸਾਲ ਦੇ ਲੰਬੇ




ਜਤਿੰਦਰ ਮੌਹਰ
ਫੋਨ:91-97799-34747

ਸੰਗਰਾਮ ਵਿਚ ਪਹਿਲੀ ਵਾਰ ਬਰਤਾਨਵੀ ਹਾਕਮਾਂ ਨੇ ਆਇਰਸ਼ ਲੋਕਾਂ ਨਾਲ ਮੇਜ਼ ਸਾਂਝੀ ਕੀਤੀ। ਮਾਈਕਲ ਨੇ 1916 ਦੇ 'ਈਸਟਰ ਉਭਾਰ' ਵਿਚ ਹਿੱਸਾ ਲਿਆ। ਹਥਿਆਰਬੰਦ ਲੜਾਈ ਵਿਚ ਲਹਿਰ ਦੇ ਆਗੂਆਂ ਨੂੰ ਹਾਰ ਤੋਂ ਬਾਅਦ ਆਤਮ-ਸਮਰਪਣ ਕਰਨਾ ਪਿਆ। ਲਹਿਰ ਦੇ ਮੋਹਰੀ ਆਗੂਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ। ਮਾਈਕਲ ਨੂੰ ਜੇਲ੍ਹ ਹੋਈ ਪਰ ਉਹ ਛੇਤੀ ਹੀ ਰਿਹਾ ਹੋ ਕੇ ਵਾਪਸ ਕੌਮੀ ਕਾਰਜ ਵਿਚ ਲੱਗ ਗਿਆ। ਮੋਹਰੀ ਆਗੂਆਂ ਦੇ ਮਾਰੇ ਜਾਣ ਤੋਂ ਬਾਅਦ ਪੈਦਾ ਹੋਏ ਖਲਾਅ ਵਿਚ ਮਾਈਕਲ ਮੋਹਰਲੀਆਂ ਸਫ਼ਾਂ ਵਿਚ ਆ ਗਿਆ। ਸੰਨ 1918 ਦੀਆਂ ਆਮ ਚੋਣਾਂ ਵਿਚ ਸਿੰਨ ਫੇਨ ਪਾਰਟੀ ਨੂੰ ਜਿੱਤ ਹਾਸਲ ਹੋਈ ਅਤੇ ਮਾਈਕਲ ਵੀ ਦੱਖਣੀ-ਕੋਰਕ ਹਲਕੇ ਤੋਂ ਜੇਤੂ ਰਿਹਾ। ਜਨਵਰੀ 1919 ਵਿਚ ਉਨ੍ਹਾਂ ਦੀ ਸਰਕਾਰ ਨੇ ਮੁਕਤੀ ਦਾ ਐਲਾਨ ਕਰ ਦਿੱਤਾ। 'ਏਮਨ ਦੀ ਵਲੇਰਾ' ਦੀ ਅਗਵਾਈ ਵਿਚਲੀ ਇਸ ਸਰਕਾਰ ਵਿਚ ਮਾਈਕਲ ਮੰਤਰੀ ਬਣਿਆ ਪਰ ਮਾਈਕਲ ਨੂੰ ਮੁੱਖ ਤੌਰ ਉਤੇ 'ਮੁਕਤੀ ਦੀ ਲੜਾਈ' ਵਿਚ ਜੰਗੀ ਹੁਨਰ ਲਈ ਜਾਣਿਆ ਜਾਂਦਾ ਹੈ।

ਮਾਈਕਲ ਨੇ ਹਥਿਆਰਬੰਦ ਸੰਗਰਾਮ ਨੂੰ ਨਵੀਂ ਦਿਸ਼ਾ ਦਿੱਤੀ। ਉਹ ਲੜਾਈ ਦੇ ਮੈਦਾਨ ਵਿਚ ਹੁਨਰਮੰਦ ਜਰਨੈਲ ਬਣ ਕੇ ਉਭਰਿਆ। ਉਹਦੀ ਅਗਵਾਈ ਵਿਚ ਗੁਰੀਲਾ ਹਮਲਿਆਂ ਨਾਲ ਬਰਤਾਨਵੀ ਹਾਕਮਾਂ ਦਾ ਜਿਉਣਾ ਹਰਾਮ ਹੋ ਗਿਆ। ਡਬਲਿਨ ਵਿਚ ਹਕੂਮਤ ਦਾ ਸੁਰੱਖਿਆ ਢਾਂਚਾ ਇੱਕ ਕਿਲ੍ਹੇ ਤੋਂ ਕਾਰਵਾਈ ਚਲਾਉਂਦਾ ਸੀ। ਇਹ ਕਿਲ੍ਹਾ ਆਇਰਸ਼ ਇਤਿਹਾਸ ਦਾ ਬਦਨਾਮ ਕਿਲ੍ਹਾ ਮੰਨਿਆ ਜਾਂਦਾ ਹੈ। ਗੁਰੀਲਾ ਹਮਲਿਆਂ ਵਿਚ ਮੁੱਖ ਤੌਰ ਉਤੇ ਬਰਤਾਨਵੀ ਹਕੂਮਤ ਦੇ ਖ਼ੁਫ਼ੀਆ ਅਫ਼ਸਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਹਦੇ ਨਾਲ ਹਕੂਮਤ ਦਾ ਸੁਰੱਖਿਆ ਢਾਂਚਾ ਬੁਰੀ ਤਰ੍ਹਾਂ ਹਿੱਲ ਗਿਆ ਸੀ। ਬਸਤਾਨਾਂ (ਬਸਤੀਵਾਦੀਆਂ) ਨੇ ਇਨ੍ਹਾਂ ਹਮਲਿਆਂ ਦਾ ਬਦਲਾ ਲੈਣ ਲਈ ਕਰੋਕ ਪਾਰਕ ਦੇ ਫੁੱਟਬਾਲ ਸਟੇਡੀਅਮ ਵਿਚ ਬਖ਼ਤਰਬੰਦ ਗੱਡੀਆਂ ਚਾੜ੍ਹ ਦਿੱਤੀਆਂ। ਮੈਚ ਦੇਖ ਰਹੇ ਸੈਂਕੜੇ ਆਮ ਲੋਕਾਂ ਉਤੇ ਅੰਧਾਧੁੰਦ ਗੋਲੀਆਂ ਬਰਸਾਈਆਂ। ਇਸ ਤ੍ਰਾਸਦੀ ਨੂੰ ਆਇਰਲੈਂਡ ਦਾ ਜੱਲ੍ਹਿਆਂ ਵਾਲਾ ਬਾਗ ਕਿਹਾ ਜਾਂਦਾ ਹੈ। ਮਾਈਕਲ ਲੜਾਈ ਦੇ ਜਾਬਰ ਢੰਗ ਬਾਰੇ ਕਹਿੰਦਾ ਸੀ, "ਮੈਂ ਬਰਤਾਨਵੀਆਂ ਨੂੰ ਇਸ ਕਰ ਕੇ ਨਫ਼ਰਤ ਨਹੀਂ ਕਰਦਾ ਕਿ ਉਹ ਬੇਰਹਿਮ ਜਾਂ ਦੂਜੀ ਨਸਲ ਦੇ ਹਨ। ਮੈਂ ਉਨ੍ਹਾਂ ਨੂੰ ਨਫ਼ਰਤ ਇਸ ਕਰ ਕੇ ਕਰਦਾ ਹਾਂ ਕਿ ਉਨ੍ਹਾਂ ਨੇ ਸਾਡੇ ਸਾਹਮਣੇ ਹਿੰਸਾ ਤੋਂ ਬਿਨਾਂ ਕੋਈ ਰਾਹ ਨਹੀਂ ਛੱਡਿਆ। ਮੈਂ ਨਫ਼ਰਤ ਕਰਦਾ ਹਾਂ ਹਰ ਉਸ ਬੰਦੇ ਨੂੰ, ਜੋ ਵਿੰਨੀ ਵਰਗੇ ਅੱਲੜ ਮੁੰਡਿਆਂ ਦੇ ਹੱਥ ਵਿਚ ਹਥਿਆਰ ਦਿੰਦਾ ਹੈ। ਇਹ ਕੰਮ ਬੇਸ਼ੱਕ ਮੈਂ ਆਪ ਵੀ ਕੀਤਾ ਹੈ, ਇਸੇ ਕਰ ਕੇ ਮੈਂ ਆਪਣੇ ਆਪ ਨੂੰ ਵੀ ਨਫ਼ਰਤ ਕਰਦਾ ਹਾਂ। ਮੈਂ ਬਰਤਾਨੀਆ ਨੂੰ ਨਫ਼ਰਤ ਕਰਦਾ ਹਾਂ ਕਿਉਂਕਿ ਉਨ੍ਹਾਂ ਨੇ ਨਫ਼ਰਤ ਜ਼ਰੂਰੀ ਬਣਾ ਦਿੱਤੀ ਹੈ। ਮੈਂ ਨਫ਼ਰਤ ਦੀ ਇਸ ਜੜ੍ਹ ਨੂੰ ਖਤਮ ਕਰਨ ਲਈ ਹਰ ਹੀਲਾ ਵਰਤਾਂਗਾ।"

ਆਇਰਸ਼ ਜੁਝਾਰੂਆਂ ਦੀ ਰਣਨੀਤੀ ਪੰਜਾਬ ਦੇ ਬੱਬਰ ਅਕਾਲੀਆਂ ਨਾਲ ਮਿਲਦੀ-ਜੁਲਦੀ ਸੀ। ਦੋਵੇਂ 20ਵੀਂ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ ਦੀਆਂ ਸਮਕਾਲੀ ਲਹਿਰਾਂ ਸਨ। ਫਿਲਮ ਵਿਚ ਮਾਈਕਲ ਕੋਲਿਨਜ਼ ਆਪਣੀ ਰਣਨੀਤੀ ਬਾਰੇ ਕਹਿੰਦਾ ਹੈ, "ਜਿਹਨੇ ਵੀ ਆਇਰਸ਼ ਇਤਿਹਾਸ ਦੀਆਂ ਸਾਡੇ ਵਰਗੀਆਂ ਲਹਿਰਾਂ ਦਾ ਇਤਿਹਾਸ ਪੜ੍ਹਿਆ ਹੈ, ਉਹ ਜਾਣਦਾ ਹੈ ਕਿ ਇਨ੍ਹਾਂ ਲਹਿਰਾਂ ਨੂੰ ਖਤਮ ਕਰਨ ਵਿਚ ਸਭ ਤੋਂ ਬੜਾ ਹੱਥ ਭਾੜੇ ਦੇ ਟੱਟੂ ਸਿਪਾਹੀਆਂ ਅਤੇ ਮੁਖ਼ਬਰਾਂ ਦਾ ਹੁੰਦਾ ਹੈ। ਅਸੀਂ ਇਹ ਗਲਤੀ ਨਹੀਂ ਕਰਾਂਗੇ। ਅਸੀਂ ਕਿਲ੍ਹੇ ਨੂੰ ਸੂਚਨਾ ਦੇਣ ਵਾਲੇ ਢਾਂਚੇ ਨੂੰ ਹੀ ਖਤਮ ਕਰ ਦਿਆਂਗੇ। ਅਸੀਂ ਜੁਝਾਰੂਆਂ ਨੂੰ ਉਡਣ-ਦਸਤਿਆਂ ਵਿਚ ਜਥੇਬੰਦ ਕਰਾਂਗੇ। ਬਰਤਾਨਵੀ ਕਾਰਿੰਦਿਆਂ ਦੀ ਸ਼ਾਮਤ ਲਿਆਵਾਂਗੇ। ਇਹ ਮੁਖ਼ਬਰ ਸਾਡੇ ਵੱਡੇ ਦੁਸ਼ਮਣ ਹਨ। ਇਹ ਬਰਤਾਨਵੀ ਢਾਂਚੇ ਦੀ ਚੂਲ ਹਨ ਜੋ ਸਾਡੀ ਸਾਰੀ ਖਬਰ ਉਪਰਲਿਆਂ ਤੱਕ ਪਹੁੰਚਾਉਂਦੇ ਹਨ। ਅਸੀਂ ਸੁਰੱਖਿਆ ਕਿਲ੍ਹੇ ਦੇ ਸਾਰੇ ਕਾਰਿੰਦਿਆਂ ਨੂੰ ਸੁਨੇਹਾ ਭੇਜਾਂਗੇ ਕਿ ਜੇ ਉਹ ਹਕੂਮਤ ਦੀ ਮਦਦ ਕਰਦੇ ਹਨ ਤਾਂ ਉਹ ਮਾਰੇ ਜਾਣਗੇ। ਅਸੀਂ ਉਨ੍ਹਾਂ ਨੂੰ ਕਿਲ੍ਹੇ ਤੋਂ ਬਾਹਰ ਪੈਰ ਨਹੀਂ ਧਰਨ ਦਿਆਂਗੇ।"

*ਆਇਰਸ਼ ਜੁਝਾਰੂਆਂ ਦੀ ਰਣਨੀਤੀ ਪੰਜਾਬ ਦੇ ਬੱਬਰ ਅਕਾਲੀਆਂ ਨਾਲ ਮਿਲਦੀ-ਜੁਲਦੀ ਸੀ। ਫਿਲਮ ਵਿਚ ਮਾਈਕਲ ਕੋਲਿਨਜ਼ ਆਪਣੀ ਰਣਨੀਤੀ ਬਾਰੇ ਕਹਿੰਦਾ ਹੈ, "ਲਹਿਰਾਂ ਖਤਮ ਕਰਨ ਵਿਚ ਵੱਡਾ ਹੱਥ ਭਾੜੇ ਦੇ ਟੱਟੂ ਸਿਪਾਹੀਆਂ ਅਤੇ ਮੁਖ਼ਬਰਾਂ ਦਾ ਹੁੰਦਾ ਹੈ। ਅਸੀਂ ਸੂਚਨਾ ਦੇਣ ਵਾਲੇ ਢਾਂਚੇ ਨੂੰ ਹੀ ਖਤਮ ਕਰ ਦਿਆਂਗੇ।"... 'ਬੱਬਰ ਅਕਾਲੀਆਂ*




*ਦਾ ਇਤਿਹਾਸ' ਕਿਤਾਬ ਵਿਚ ਬੱਬਰਾਂ ਦੀ ਰਣਨੀਤੀ ਦਾ ਜ਼ਿਕਰ ਇਉਂ ਹੈ, "ਅੰਗਰੇਜ਼ਾਂ ਵਿਰੁੱਧ ਉੱਠਦੇ ਰੋਹ ਅਤੇ ਬਗ਼ਾਵਤਾਂ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਜ਼ੈਲਦਾਰਾਂ, ਲੰਬੜਦਾਰਾਂ ਅਤੇ ਸਫ਼ੇਦਪੋਸ਼ਾਂ ਦੀ ਪਾਲਤੂ ਜਮਾਤ ਪਾਲ ਰੱਖੀ ਸੀ। ਬੱਬਰ, ਅੰਗਰੇਜ਼ਾਂ ਦੇ ਇਸ ਆਧਾਰ ਨੂੰ ਤੋੜ ਕੇ ਕੌਮੀ ਮੁਕਤੀ ਦੀ ਜੰਗ ਦਾ ਰਾਹ ਪੱਧਰਾ ਕਰਨਾ ਚਾਹੁੰਦੇ ਸਨ।"*

ਇਸੇ ਕੜੀ ਵਿਚ ਬੱਬਰਾਂ ਦੀ ਰਣਨੀਤੀ ਦਾ ਜ਼ਿਕਰ ਕਿਤਾਬ 'ਬੱਬਰ ਅਕਾਲੀਆਂ ਦਾ ਇਤਿਹਾਸ' ਵਿਚ ਇਉਂ ਮਿਲਦਾ ਹੈ, "ਬੱਬਰ ਅਕਾਲੀਆਂ ਦੀ ਸੋਚ ਸੀ ਕਿ ਹਥਿਆਰਬੰਦ ਇਨਕਲਾਬ ਕਿਰਤੀ-ਕਿਸਾਨਾਂ ਨੂੰ ਲਾਮਬੰਦ ਕਰ ਕੇ ਹੀ ਲਿਆਂਦਾ ਜਾ ਸਕਦਾ ਹੈ। ਇਸ ਨਿਸ਼ਾਨੇ ਦੀ ਪੂਰਤੀ ਲਈ ਕੌਮੀ ਮੁਕਤੀ ਸੰਗਰਾਮ ਦਾ ਕੇਂਦਰ ਸ਼ਹਿਰੀ ਖੇਤਰ ਤੋਂ ਦਿਹਾਤੀ ਖੇਤਰ ਵਿਚ ਬਦਲ ਜਾਣਾ ਕੁਦਰਤੀ ਅਤੇ ਲਾਜ਼ਮੀ ਸੀ। ਬੱਬਰਾਂ ਨੇ ਇਸ ਖੇਤਰ ਨੂੰ ਲਾਮਬੰਦ ਕਰਨ ਲਈ ਦੀਵਾਨ ਅਤੇ ਕਾਨਫਰੰਸਾਂ ਕਰ ਕੇ ਪ੍ਰਚਾਰ ਕੀਤਾ। 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਕੱਢ ਕੇ ਪ੍ਰਿੰਟ ਮੀਡੀਆ ਦੀ ਵਰਤੋਂ ਕੀਤੀ। ਸਭ ਧਰਮਾਂ ਦੇ ਲੋਕਾਂ ਨੂੰ ਜਾਬਰ ਅੰਗਰੇਜ਼ੀ ਸਾਮਰਾਜ ਵਿਰੁਧ ਇਕੱਠੇ ਹੋ ਜਾਣ ਦਾ ਹੋਕਾ ਦਿੱਤਾ। ਗ਼ਦਰ ਲਹਿਰ ਦੀ ਤਰਜ਼ ਉਤੇ ਫ਼ੌਜੀ ਛਾਉਣੀਆਂ ਵਿਚ ਪ੍ਰਚਾਰ ਕੀਤਾ। ਦਿਹਾਤੀ ਖੇਤਰ ਵਿਚ ਆਵਾਜਾਈ ਅਤੇ ਸੰਚਾਰ ਦੇ ਵਸੀਲੇ ਵਿਕਸਤ ਨਾ ਹੋਣ ਕਰ ਕੇ ਅੰਗਰੇਜ਼ਾਂ ਦੀ ਪਕੜ ਇਸ ਖੇਤਰ ਵਿਚ ਢਿੱਲੀ ਸੀ। ਇਸ ਖੇਤਰ ਵਿਚ ਅੰਗਰੇਜ਼ਾਂ ਵਿਰੁਧ ਉਠਦੇ ਰੋਹ ਅਤੇ ਬਗ਼ਾਵਤਾਂ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਜ਼ੈਲਦਾਰਾਂ, ਲੰਬੜਦਾਰਾਂ ਅਤੇ ਸਫੈਦਪੋਸ਼ਾਂ ਦੀ ਪਾਲਤੂ ਜਮਾਤ ਪਾਲ ਰੱਖੀ ਸੀ। ਬੱਬਰ ਇਨ੍ਹਾਂ ਨੂੰ ਸਰਕਾਰ ਦੇ ਝੋਲੀ-ਚੁੱਕ ਆਖਦੇ ਸਨ। ਨਾਬਰਾਂ ਦਾ ਇਸ ਜਮਾਤ ਨਾਲ ਟਾਕਰਾ ਹੋਣਾ ਸੁਭਾਵਕ ਸੀ। ਬੱਬਰ ਅੰਗਰੇਜ਼ਾਂ ਦੇ ਇਸ ਆਧਾਰ ਨੂੰ ਤੋੜ ਕੇ ਕੌਮੀ ਮੁਕਤੀ ਦੀ ਜੰਗ ਦਾ ਰਾਹ ਪੱਧਰਾ ਕਰਨਾ ਚਾਹੁੰਦੇ ਸਨ।" ਬੱਬਰਾਂ ਨੂੰ ਬੇਸ਼ੱਕ ਹਾਕਮਾਂ ਨੇ ਸਖਤੀ ਨਾਲ ਦਬਾ ਦਿੱਤਾ ਪਰ ਮੁਲਕ ਦੀ ਕੌਮੀ ਮੁਕਤੀ ਲਹਿਰ ਉਤੇ ਉਨ੍ਹਾਂ ਦਾ ਅਹਿਮ ਅਸਰ ਹੈ। ਬਾਅਦ ਵਿਚ ਬੱਬਰ ਕਿਰਤੀ ਪਾਰਟੀ ਅਤੇ ਕਮਿਊਨਿਸਟ ਲਹਿਰਾਂ ਵਿਚ ਸ਼ਾਮਲ ਹੋਏ। ਬੱਬਰ ਸੁੰਦਰ ਸਿੰਘ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਮੁੱਢਲੇ ਜੋਸ਼ ਤੋਂ ਬਾਅਦ ਉਹ ਲੋਕ ਲਹਿਰਾਂ ਦੀ ਸਮਰੱਥਾ ਤੋਂ ਜਾਣੂ ਹੋਏ।

ਦੂਜੇ ਪਾਸੇ ਮਾਈਕਲ ਦੀ ਰਣਨੀਤੀ ਫੌਰੀ ਤੌਰ ਉਤੇ ਕਾਮਯਾਬ ਹੋਈ ਅਤੇ ਬਰਤਾਨਵੀ ਹਕੂਮਤ ਨੇ ਉਹਦੀ ਪਾਰਟੀ ਨੂੰ ਅਮਨ ਸਮਝੌਤੇ ਲਈ ਲੰਡਨ ਸੱਦ ਲਿਆ। ਮੁਕਤ-ਸਰਕਾਰ ਦੇ ਮੁਖੀ 'ਏਮਨ ਦੀ ਵਲੇਰਾ' ਨੇ ਮਾਈਕਲ ਨੂੰ ਭੇਜਿਆ। ਮਾਈਕਲ ਜਾਣ ਲਈ ਤਿਆਰ ਨਹੀਂ ਸੀ। ਉਹਦਾ ਕਹਿਣਾ ਸੀ ਕਿ ਉਹ ਸਿਆਸਤਦਾਨ ਨਹੀਂ, ਸਗੋਂ ਜੁਝਾਰੂ ਹੈ। ਫਿਲਮ ਦੱਸਦੀ ਹੈ ਕਿ 'ਏਮਨ ਦੀ ਵਲੇਰਾ' ਨੇ ਜਾਣ-ਬੁੱਝ ਕੇ ਮਾਈਕਲ ਨੂੰ ਭੇਜਿਆ, ਕਿਉਂਕਿ ਉਹ ਜਾਣਦਾ ਸੀ ਕਿ ਬਰਤਾਨਵੀ ਹਕੂਮਤ ਉਨ੍ਹਾਂ ਨੂੰ ਬਹੁਤਾ ਕੁਝ ਨਹੀਂ ਦੇਵੇਗੀ। ਨਾ-ਮੰਨਣਯੋਗ ਸੰਧੀ ਨਾਲ ਮਾਈਕਲ ਦੀ ਇੱਜ਼ਤ ਮਿੱਟੀ ਹੋ ਜਾਵੇਗੀ। ਮਾਈਕਲ ਦੀ ਬਰਤਾਨੀਆ ਨਾਲ ਹੋਈ ਸੰਧੀ ਨਾਲ ਆਇਰਲੈਂਡ ਨੂੰ ਡੋਮੀਨੀਅਨ ਦਰਜਾ ਮਿਲ ਗਿਆ ਜਿਹਦੇ ਮੁਤਾਬਕ ਆਇਰਸ਼ਾਂ ਦੀ ਆਪਣੀ ਸਰਕਾਰ ਹੋਵੇਗੀ, ਪਰ ਆਇਰਲੈਂਡ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਿਆ ਰਹੇਗਾ। ਨਾਲ ਹੀ ਮੁਲਕ ਦਾ ਬਟਵਾਰਾ ਕਰ ਦਿੱਤਾ ਗਿਆ। ਮਾਈਕਲ ਨੇ ਇਸ ਸੰਧੀ ਬਾਰੇ ਕਿਹਾ ਸੀ, "ਅਸੀਂ ਮੁਕਤੀ ਦਾ ਇੱਕ ਪੜਾਅ ਪੂਰਾ ਕੀਤਾ ਹੈ। ਹੁਣ ਜੰਗ ਪੂਰੇ ਆਇਰਲੈਂਡ ਦੀ ਆਜ਼ਾਦੀ ਦੀ ਹੋਣੀ ਚਾਹੀਦੀ ਹੈ, ਪਰ ਇਹ ਲੜਾਈ ਚੋਣਾਂ ਰਾਹੀਂ ਲੜੀ ਜਾਣੀ ਚਾਹੀਦੀ ਹੈ।" ਮਾਈਕਲ ਨੇ ਮੰਨਿਆ, "ਮੈਂ ਇਸ ਸੰਧੀ ਉਤੇ ਦਸਤਖਤ ਕਰ ਕੇ ਆਪਣੀ ਮੌਤ ਦੇ ਸੰਮਨ ਉਤੇ ਦਸਤਖਤ ਕਰ ਦਿੱਤੇ ਹਨ। ਮੈਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ।" ... ਤੇ ਉਹਦੇ ਸ਼ਬਦ ਸੱਚੇ ਸਿੱਧ ਹੋਏ। ਇਸ ਸੰਧੀ ਨੇ ਆਇਰਸ਼ ਮੁਕਤੀ ਸੰਗਰਾਮ ਨੂੰ ਦੋਫਾੜ ਕਰ ਦਿੱਤਾ। 'ਏਮਨ ਦੀ ਵਲੇਰਾ' ਦੀ ਅਗਵਾਈ ਵਾਲੀ ਧਿਰ, ਹਥਿਆਰਬੰਦ ਸੰਗਰਾਮ ਦੇ ਹੱਕ ਵਿਚ ਸੀ, ਪਰ ਮਾਈਕਲ ਦੀ ਅਗਵਾਈ ਵਾਲੀ ਧਿਰ ਸਰਕਾਰ ਬਣਾ ਕੇ ਲੜਨ ਦੇ ਹੱਕ ਵਿਚ ਸੀ। ਇਸ ਖਿੱਚੋਤਾਣ ਦਾ ਨਤੀਜਾ ਆਇਰਸ਼ ਖ਼ਾਨਾਜੰਗੀ ਦੇ ਰੂਪ ਵਿਚ ਨਿਕਲਿਆ। ਇਸ ਖ਼ਾਨਾਜੰਗੀ ਵਿਚ ਬਿਨਾਂ ਕੋਈ ਠੋਸ ਨਤੀਜਾ ਨਿਕਲੇ ਮਾਈਕਲ ਆਪਣਿਆਂ ਹੱਥੋਂ ਹੀ ਮਾਰਿਆ ਗਿਆ। ਉਹ ਅੰਤ ਤੱਕ ਆਇਰਸ਼ ਸੰਗਰਾਮ ਵਿਚੋਂ ਬੰਦੂਕ ਨੂੰ ਕੱਢਣ ਦਾ ਮੁੱਦਈ ਰਿਹਾ।








**(ਖੱਬਿਉਂ) ਫਿਲਮ 'ਮਾਈਕਲ ਕੋਲਿਨਜ਼' ਦਾ ਅਸਲ ਹੀਰੋ ਆਇਰਸ਼ ਲੀਡਰ ਮਾਈਕਲ ਕੋਲਿਨਜ਼, ਫਿਲਮ ਦਾ ਡਾਇਰੈਕਟਰ ਨੀਲ ਜੌਰਡਨ ਅਤੇ ਫਿਲਮ ਵਿਚ ਮਾਈਕਲ ਦਾ ਕਿਰਦਾਰ ਨਿਭਾਉਣ ਵਾਲਾ ਆਇਰਸ਼ ਅਦਾਕਾਰ ਲਿਆਮ ਨੀਸਨ। ਇਸ ਫਿਲਮ ਨੇ ਆਇਰਲੈਂਡ ਵਿਚ ਰਿਕਾਰਡ ਕਮਾਈ ਕੀਤੀ ਸੀ। ਸੰਨ 2000 ਵਿਚ ਸਿਰਫ ਇਕ ਫਿਲਮ (ਟਾਇਟੈਨਿਕ) ਹੀ ਇਸ ਤੋਂ ਅੱਗੇ ਲੰਘ ਸਕੀ। ਫਿਲਮ ਦੇ ਰਿਵਿਊ ਵੀ ਫਿਲਮ ਜਿੰਨੇ ਹੀ ਟੁਣਕਵੇਂ ਸਨ।**

WEBSITE: DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

Application for android and iPhone- Dhol Radio

# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

HD IP
Security Solution
ULTRA High Resolution
Gas stations, Liquor Store, Hotel/Motels, Homes
or
Any Kind Of Business

-Cash Register Interface.
-Fully Trained Tech.Staff.
-16 Year Satisfied Custmer.

Licence Plate Reader




2 Year Warranty

Vista CCTV TECHNOLOGY

Call Mr. Sukhpal
1-661-586-5080

California contractor Licensed




Electric SIGN company

Introduced
New Trend LED solution For Gas Stations, Hotel/Motels, Truck Stops and any kind of Business

LED Solutions
1. LED Price changer for Gas station.
2. Hotel Room rates sign.
3. Full color LED sign.
4. Full color window sign

Size Available 8" to 60"

We install any where in CALIFORNIA

We ship any where in USA




Call SUKHPAL for More Information
661-586-1106
Email: esigncompany@gmail.com

## ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
## ਚਾਰ ਮੂਏ ਤਾ ਕਿਆ ਭਯਾ ਜੀਵਤ ਕਈ ਹਜਾਰ॥

# ਇਨ੍ਹਾਂ ਤੁਕਾਂ ਨੂੰ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ ਪੁੱਤਰਾਂ ਵੱਲ ਇਸ਼ਾਰਾ ਕਰਕੇ ਕਿਹਾ ਸੀ!


## ਸਰਦਾਰ ਹਰੀ ਸਿੰਘ ਨਲੂਆ-ਦੁਨੀਆਂ ਦਾ ਨੰਬਰ ਵੰਨ ਜਰਨੈਲ



# ਬਨਾਮ

## ਅੱਜ ਦੇ ਪੰਜਾਬੀ-70% ਤੋਂ ਵੱਧ ਅਮਲੀ/ਨਸ਼ੇੜੀ





# ਜ਼ਰਾ ਸੋਚੋ ਤੇ ਵਿਚਾਰੋ

- ਕੀ ਅੱਜ ਸੋਚਣ ਦੀ ਲੋੜ ਨਹੀਂ ਕਿ ਆਉਣ ਵਾਲੇ 10-20 ਸਾਲ ਬਾਅਦ ਪੰਜਾਬ ਦੀ ਕੀ ਦਸ਼ਾ ਹੋਵੇਗੀ?
- ਮਾਪੇ ਕਦੋਂ ਤੱਕ ਆਪਣੀ ਔਲਾਦ ਦੇ ਭਵਿੱਖ ਬਾਰੇ ਚੁੱਪ ਰਹਿਣਗੇ?
- ਕੀ ਪੰਜਾਬ ਦੇ ਸਿਆਸੀ ਆਗੂਆਂ, ਬਾਬਿਆਂ ਤੇ ਜਥੇਦਾਰਾਂ ਨੂੰ ਪੰਜਾਬ ਦੀ ਹਾਲਤ ਦਾ ਅੰਦਾਜ਼ਾ ਨਹੀਂ?
- ਕੀ ਅਸੀਂ ਪਰਵਾਸੀ ਪੰਜਾਬੀ ਬਾਹਰਲੇ ਮੁਲਕਾਂ ਵਿਚ ਲੀਡਰਾਂ ਦੀਆਂ ਆ ਰਹੀਆਂ ਧਾੜਾਂ ਦੇ ਗਲ ਹਾਰ ਪਾਉਣ ਜਾਂ ਗੋਡੀਂ ਹੱਥ ਲਾਉਣ ਤੱਕ ਹੀ ਸੀਮਤ ਹਾਂ?
- ਕੀ ਅਸੀਂ ਪੰਜਾਬ ਵਾਸੀ ਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਆਉਣ ਵਾਲੀ ਪੀੜ੍ਹੀ ਦੇ ਨੁਕਸਾਨ ਨੂੰ ਸਮਝਦੇ ਹੋਏ ਸੌੜੀ ਸਿਆਸਤ ਤੋਂ ਉਪਰ ਨਹੀਂ ਉਠ ਸਕਦੇ? ਜਿਨ੍ਹਾਂ ਨੇ ਰਾਜ ਕਰਨਾ ਹੈ ਜੇ ਉਹ ਹੀ ਨਾ ਰਹੇ ਤਾਂ ਰਾਜ ਕਿਸ ਨੇ ਕਰਨਾ ਫਿਰ?
- ਕੀ ਨਿਪੁੰਸ਼ਕ ਹੋ ਰਹੀ ਸਾਡੀ ਪੀੜ੍ਹੀ ਨੂੰ ਬਚਾਉਣ ਦੀ ਲੋੜ ਨਹੀਂ ਹੈ?
- ਕੀ ਸਾਡੇ ਧਾਰਮਿਕ ਅਦਾਰੇ ਸਿਰਫ ਸੰਗਮਰਮਰ ਲਾਉਣ ਜਾਂ ਗੋਲਕਾਂ 'ਤੇ ਕਬਜ਼ੇ ਕਰਨ ਲਈ ਹੀ ਲੜਦੇ ਰਹਿਣਗੇ?

**ਜਾਗੋ! ਜਾਗੋ! ਲੋਕੋ ਹੁਣ ਤਾਂ ਜਾਗੋ!**

*ਕਿਰਪਾ ਕਰਕੇ ਵੈਬਸਾਈਟ ਵੇਖੋ: http://www.billionairesaustralia.com/10-greatest-conquerors-history-world/*



| | | | | | | | | | | |
|---|---|---|---|---|---|---|---|---|---|---|
| ਅਮੋਲਕ ਸਿੰਘ ਗਾਖਲ, ਚੇਅਰਮੈਨ 831-247-4637 | ਇਕਬਾਲ ਸਿੰਘ ਗਾਖਲ,ਸੀਨੀਅਰ ਮੀਤ ਪ੍ਰਧਾਨ | ਪਲਵਿੰਦਰ ਸਿੰਘ ਗਾਖਲ ਡਾਇਰੈਕਟਰ | ਦਲਵਿੰਦਰ ਸਿੰਘ ਪੱਡਾ ਉਪ ਖਜ਼ਾਨਚੀ | ਮੱਖਣ ਸਿੰਘ ਬੈਂਸ ਮੀਤ ਚੇਅਰਮੈਨ | ਨਰਿੰਦਰ ਸਿੰਘ ਸਹੋਤਾ ਮੀਤ ਪ੍ਰਧਾਨ | ਜੁਗਰਾਜ ਸਿੰਘ ਸਹੋਤਾ ਖਜ਼ਾਨਚੀ | ਪਰਮਜੀਤ ਸਿੰਘ ਸੰਧੂ, ਮੁੱਖ ਕਬੱਡੀ ਕੋਚ | ਕੁਲਦੀਪ ਸਿੰਘ ਮਾਨ ਡਾਇਰੈਕਟਰ | ਬਲਬੀਰ ਸਿੰਘ ਭਾਟੀਆ ਪ੍ਰਧਾਨ | ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ 510-468-9381 |

# ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ

*Ad Sponsored By: Gakhal Brothers Entertainment Group*